
**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969
CA DRE# 00966763


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ 'ਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

FARMERS INSURANCE
*Auto *Home *Life
*Business *Work Comp

Gurcharan S. Mann
License # 0C70672
Do You Drive with
Uber - Curb – Lyft - SideCar
Need Insurance?
We have Special Coverage for You!!
Call: 510-797-7989
Duabba Insurance Agency
2450 Peralta Blvd, Suite 203
Fremont CA 94536



Sixteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 16, Issue 31, August 1, 2015 20451 N Plum Grove Rd., Palatine, IL 60074 Ph:847-359-0746, Fax:847-705-9388


# ਦੀਨਾਨਗਰ 'ਚ ਦਹਿਸ਼ਤੀ ਹਮਲੇ ਨੇ ਛੇੜੇ ਸਵਾਲ





**ਗੁਰਦਾਸਪੁਰ (ਗੁਰਵਿੰਦਰ ਸਿੰਘ ਵਿਰਕ):** ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਦੀਨਾਨਗਰ ਵਿਚ ਵਾਪਰੀ ਘਟਨਾ ਨੇ ਪੰਜਾਬ ਵਿਚ ਅਤਿਵਾਦ ਬਾਰੇ ਮੁੜ ਚਰਚਾ ਛੇੜ ਦਿੱਤੀ ਹੈ। ਮਾਰੂ ਹਥਿਆਰਾਂ ਨਾਲ ਲੈਸ ਤਿੰਨ ਨੌਜਵਾਨਾਂ ਨੇ ਦੀਨਾਨਗਰ ਦੇ ਥਾਣੇ 'ਤੇ ਹਮਲਾ ਕਰ ਦਿੱਤਾ। ਦਹਿਸ਼ਤਗਰਦਾਂ ਦੀ ਗੋਲੀਬਾਰੀ ਨਾਲ ਗੁਰਦਾਸਪੁਰ ਦੇ ਐਸ.ਪੀ. (ਡੀ.) ਬਲਜੀਤ ਸਿੰਘ ਸਮੇਤ ਸੱਤ ਵਿਅਕਤੀ ਹਲਾਕ ਹੋ ਗਏ ਤੇ ਤਕਰੀਬਨ ਦਰਜਨ ਲੋਕ ਜ਼ਖ਼ਮੀ ਹੋਏ। ਫ਼ੌਜੀ ਵਰਦੀ ਵਿਚ ਆਏ ਤਿੰਨ ਦਹਿਸ਼ਤਗਰਦ ਤਕਰੀਬਨ 12 ਘੰਟੇ ਚੱਲੇ ਮੁਕਾਬਲੇ ਦੌਰਾਨ ਮਾਰੇ ਗਏ। ਇਹ ਹਮਲਾ ਮੁੰਬਈ ਦੇ 26/11 ਹਮਲਿਆਂ ਦੀ ਤਰਜ਼ ਉਤੇ ਕੀਤਾ ਗਿਆ ਸੀ। ਇਸੇ ਦੌਰਾਨ ਇਸ ਹਮਲੇ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਬਣ ਰਹੇ ਸੁਖਾਵੇਂ ਸਬੰਧਾਂ ਨੂੰ ਨਿਸ਼ਾਨਾ ਬਣਾਉਣ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਕ ਵਾਰ ਫਿਰ ਦਹਿਸ਼ਤ ਨਾਲ ਸਾਂਝ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ।

ਤਿੰਨੇ ਦਹਿਸ਼ਤਗਰਦ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਦੱਸੇ ਜਾ ਰਹੇ ਹਨ। ਪੰਜਾਬ ਪੁਲਿਸ ਦੇ ਮੁਖੀ ਨੇ ਖ਼ੁਲਾਸਾ ਕੀਤਾ ਕਿ ਦਹਿਸ਼ਤਗਰਦ ਬਮਿਆਲ ਸੈਕਟਰ ਰਾਹੀਂ ਪਾਕਿਸਤਾਨ ਤੋਂ ਭਾਰਤੀ ਸਰਹੱਦ ਅੰਦਰ ਦਾਖ਼ਲ ਹੋਏ। ਦੀਨਾਨਗਰ ਬੱਸ ਸਟੈਂਡ ਤੋਂ ਇਹ ਇਲਾਕਾ ਸਿਰਫ਼ 20 ਕਿਲੋਮੀਟਰ ਦੂਰ ਪੈਂਦਾ ਹੈ। ਦੱਸਿਆ ਜਾਂਦਾ ਹੈ ਕਿ ਦਹਿਸ਼ਤਗਰਦਾਂ ਦੀ ਯੋਜਨਾ ਅਮਰਨਾਥ ਸ਼ਰਧਾਲੂਆਂ ਨੂੰ ਬੰਦੀ ਬਣਾਉਣ ਦੀ ਸੀ ਪਰ ਕੁਝ ਕਾਰਨਾਂ ਕਰ ਕੇ ਉਨ੍ਹਾਂ ਆਪਣੀ ਯੋਜਨਾ ਆਖਰੀ ਪਲਾਂ ਵਿਚ ਬਦਲ ਲਈ ਤੇ ਪੁਲਿਸ ਸਟੇਸ਼ਨ ਨੂੰ ਨਿਸ਼ਾਨਾ ਬਣਾਇਆ।

ਅਤਿਵਾਦੀਆਂ ਨੇ ਸਵੇਰੇ ਤਕਰੀਬਨ 5.15 ਵਜੇ ਦੀਨਾਨਗਰ ਵਿਚ ਦਾਖ਼ਲ ਹੁੰਦਿਆਂ ਬਿਜਲੀ ਘਰ ਸ਼ਿਕਾਇਤ ਕੇਂਦਰ ਦੇ ਨੇੜੇ ਜੰਮੂ ਜਾ ਰਹੀ ਬੱਸ ਨੂੰ ਰੋਕਣ ਲਈ ਗੋਲੀਆਂ ਚਲਾਈਆਂ। ਗੋਲੀਬਾਰੀ ਦੌਰਾਨ ਕੁਝ ਮੁਸਾਫ਼ਰ ਜ਼ਖ਼ਮੀ ਹੋਏ ਪਰ ਡਰਾਈਵਰ ਨੇ ਹੁਸ਼ਿਆਰੀ ਦਿਖਾਉਂਦਿਆਂ ਬੱਸ ਭਜਾ ਲਈ। ਇਸ ਤੋਂ ਬਾਅਦ ਸੈਵਨ ਸਟਾਰ ਹੋਟਲ ਦੇ ਮਾਲਕ ਕਮਲ ਮਠਾਰੂ ਉਤੇ ਗੋਲੀਆਂ ਚਲਾਈਆਂ ਤੇ ਉਸ ਦੀ ਕਾਰ ਖੋਹ ਕੇ ਬੱਸ ਸਟੈਂਡ ਵੱਲ ਨਿਕਲ ਗਏ। ਇਕ ਦਹਿਸ਼ਤਗਰਦ ਨੇ ਸ਼ਹਿਨਾਈ ਪੈਲੇਸ ਨੇੜੇ ਨਾਨ ਬਣਾਉਣ ਦੀ ਦੁਕਾਨ ਚਲਾਉਣ ਵਾਲੇ ਅਮਰਜੀਤ ਨੂੰ ਗੋਲੀ ਮਾਰ ਕੇ ਉਸ ਦੀ ਜਾਨ ਲੈ ਲਈ। ਉਹ ਲਗਾਤਾਰ ਗੋਲੀਆਂ ਚਲਾਉਂਦੇ ਹੋਏ ਥਾਣੇ ਅੰਦਰ ਦਾਖ਼ਲ ਹੋ ਗਏ। ਉਨ੍ਹਾਂ ਥਾਣੇ ਦੇ ਪਿਛਲੇ ਪਾਸੇ ਹੋਮਗਾਰਡ ਜਵਾਨਾਂ ਦੀ ਤਿੰਨ ਮੰਜ਼ਿਲਾ ਇਮਾਰਤ ਨੂੰ ਛੁਪਣਗਾਹ ਬਣਾ ਲਿਆ। ਥਾਣੇ ਅੰਦਰ ਹੋਮਗਾਰਡ ਦੇ ਤਿੰਨ ਜਵਾਨ ਦਹਿਸ਼ਤਗਰਦਾਂ ਦਾ ਮੁਕਾਬਲਾ ਕਰਦਿਆਂ ਹਲਾਕ ਹੋ ਗਏ। ਸਵਾ ਅੱਠ ਵਜੇ ਦੇ ਕਰੀਬ ਫ਼ੌਜ ਵੀ ਮੌਕੇ ਉਤੇ ਪਹੁੰਚ ਗਈ ਸੀ ਪਰ ਪ੍ਰਸ਼ਾਸਨ ਵੱਲੋਂ ਉਸ ਨੂੰ ਕਾਰਵਾਈ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਬਾਅਦ ਵਿਚ ਹੈਲੀਕਾਪਟਰ ਜ਼ਰੀਏ ਐਨ.ਐਸ.ਜੀ., ਪੰਜਾਬ ਕਮਾਂਡੋ ਅਤੇ ਸਵੈਟ ਅਲਟੀਮੇਟ ਦੇ ਜਵਾਨ ਉਥੇ ਪਹੁੰਚੇ ਤੇ ਉਨ੍ਹਾਂ ਪੁਲਿਸ ਨਾਲ ਮਿਲ ਕੇ ਦਹਿਸ਼ਤਗਰਦਾਂ ਖ਼ਿਲਾਫ਼ ਆਪਰੇਸ਼ਨ ਸ਼ੁਰੂ ਕੀਤਾ।

ਦੀਨਾਨਗਰ ਥਾਣੇ ਦੇ ਮੁਨਸ਼ੀ ਤੇ ਹੈਡ ਕਾਂਸਟੇਬਲ ਰਾਮ ਲਾਲ ਨੇ ਤਕਰੀਬਨ ਅੱਧੇ ਘੰਟੇ ਤੱਕ ਦਹਿਸ਼ਤਗਰਦਾਂ ਦਾ ਮੁਕਾਬਲਾ ਕੀਤਾ

*(ਬਾਕੀ ਸਫਾ 6 'ਤੇ)*

## ਖਾਲਿਸਤਾਨ ਨਾਲ ਸਬੰਧ ਤੋਂ ਇਨਕਾਰ


ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪੁਲਿਸ ਮੁਖੀ ਸੁਮੇਧ ਸੈਣੀ ਨੇ ਖਾਲਿਸਤਾਨ ਪੱਖੀ ਸਰਗਰਮੀਆਂ ਦੇ ਘਟਨਾ ਨਾਲ ਜੁੜੇ ਹੋਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਕਰਦਿਆਂ ਇਸ ਨੂੰ ਸਰਹੱਦ ਪਾਰ ਦੇ ਅਤਿਵਾਦ ਦਾ ਦਖ਼ਲ ਕਰਾਰ ਦਿੱਤਾ। ਉਨ੍ਹਾਂ ਜਿਥੇ ਕੇਂਦਰ ਵੱਲੋਂ ਅਜਿਹੇ ਹਮਲੇ ਦੀ ਕਿਸੇ ਅਗਾਊਂ ਸੂਚਨਾ ਦੇ ਦਾਅਵੇ ਨੂੰ ਨਕਾਰਿਆ, ਉਥੇ ਕੇਂਦਰ ਸਰਕਾਰ ਨੂੰ ਅਤਿਵਾਦ ਦੇ ਖਾਤਮੇ ਲਈ ਠੋਸ ਕੌਮੀ ਨੀਤੀ ਅਪਨਾਉਣ ਦੀ ਸਲਾਹ ਦਿੱਤੀ। ਉਨ੍ਹਾਂ ਕਿਹਾ ਕਿ ਦੇਸ਼ ਵਾਸੀਆਂ ਦੀਆਂ ਜਾਨਾਂ ਅਤਿਵਾਦ ਦੀ ਭੇਟ ਨਹੀਂ ਚੜ੍ਹਨ ਦਿੱਤੀਆਂ ਜਾ ਸਕਦੀਆਂ। ਅਤਿਵਾਦ ਇਕ ਕੌਮੀ ਸਮੱਸਿਆ ਹੈ, ਜੋ ਕੌਮਾਂਤਰੀ ਸਰਹੱਦ ਨਾਲ ਜੁੜੀ ਹੋਣ ਕਾਰਨ ਸੂਬਾ ਸਰਕਾਰ ਦੇ ਵਸੋਂ ਬਾਹਰ ਹੈ। ਮੁੱਖ ਮੰਤਰੀ ਨੇ ਪਾਕਿਸਤਾਨ ਦੇ ਹਾਈ ਕਮਿਸ਼ਨਰ ਅਬਦੁੱਲ ਬਾਸਿਤ ਨਾਲ 29 ਜੁਲਾਈ ਨੂੰ ਹੋਣ ਵਾਲੀ ਮੀਟਿੰਗ ਰੱਦ ਕਰ ਦਿੱਤੀ ਹੈ।

## ਇਸ ਤਰ੍ਹਾਂ ਵਾਪਰਿਆ ਘਟਨਾਕ੍ਰਮ...

5:10- ਸਵੇਰੇ ਫੌਜੀ ਵਰਦੀ ਵਿਚ ਆਏ ਅਤਿਵਾਦੀਆਂ ਨੇ ਚਾਲਕ ਨੂੰ ਗੋਲੀ ਮਾਰ ਕੇ ਕਾਰ ਖੋਹੀ।
5.12- ਅੱਧਾ ਕਿੱਲੋਮੀਟਰ ਅੱਗੇ ਜਾ ਕੇ ਢਾਬੇ ਵਾਲੇ ਨੂੰ ਗੋਲੀ ਮਾਰੀ ਤੇ ਬੱਸ ਅੱਡੇ ਵੱਲ ਵਧੇ।
5.13- ਰੋਡਵੇਜ਼ ਦੀ ਬੱਸ 'ਤੇ ਗੋਲੀਆਂ ਚਲਾ ਕੇ ਚਾਰ ਲੋਕਾਂ ਨੂੰ ਜ਼ਖਮੀ ਕੀਤਾ।
5.15- ਦੀਨਾਨਗਰ ਥਾਣੇ ਵਿਚ ਦਾਖਲ ਹੋਏ ਤੇ ਫਾਇਰਿੰਗ ਸ਼ੁਰੂ ਕਰ ਦਿੱਤੀ।
8:43- ਡੀ.ਸੀ. ਵੱਲੋਂ ਫੌਜ ਬੁਲਾਉਣ ਦਾ ਫ਼ੈਸਲਾ।
11.45- ਐਸ.ਪੀ. ਬਲਜੀਤ ਸਿੰਘ ਦੇ ਸਿਰ ਵਿਚ ਗੋਲੀ ਲੱਗੀ, ਮੌਤ।
2.30- ਹੈਲੀਕੈਪਟਰ ਰਾਹੀਂ ਐਨ.ਐਸ.ਜੀ. ਕਮਾਂਡੋ ਪੁੱਜੇ।
4.45- ਤਿੰਨਾਂ ਅਤਿਵਾਦੀਆਂ ਦੀ ਮੌਤ ਦੀ ਪੁਸ਼ਟੀ।


**We Do Real Estate in Bay Area & Central Valley**
**We do loans anywhere in California**

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011


Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
*Attorny At Law*
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਮਹਾਰਾਜਾ ਫ਼ਰੀਦਕੋਟ ਦੀਆਂ ਜ਼ਮੀਨਾਂ ਦੇ ਕਾਬਜ਼ਕਾਰਾਂ ਨੂੰ ਮਿਲੇ ਮਾਲਕੀ ਦੇ ਹੱਕ

**ਸ੍ਰੀ ਮੁਕਤਸਰ ਸਾਹਿਬ (ਬਿਊਰੋ):** ਮਹਾਰਾਜਾ ਫ਼ਰੀਦਕੋਟ ਹਰਇੰਦਰ ਸਿੰਘ ਬਰਾੜ ਦੀਆਂ ਜ਼ਮੀਨਾਂ 'ਤੇ ਲੰਮੇ ਸਮੇਂ ਤੋਂ ਕਾਬਜ਼ਕਾਰਾਂ ਨੂੰ ਮਾਲਕੀ ਦੇ ਅਧਿਕਾਰ ਮਿਲ ਗਏ ਹਨ ਅਤੇ ਇਸ ਨਾਲ ਪੰਜਾਬ ਸਰਕਾਰ ਦੀ ਮਾਲਕੀ ਵੀ ਖ਼ਤਮ ਹੋ ਗਈ ਹੈ।

ਮੁਕਤਸਰ-ਬਠਿੰਡਾ ਮੁੱਖ ਮਾਰਗ ਸਥਿਤ ਪਿੰਡ ਅਬਲੂ ਜੋ ਪਹਿਲਾਂ ਫ਼ਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਰਿਆਸਤ ਦਾ ਹਿੱਸਾ ਸੀ, ਦੇ ਵਾਸੀਆਂ ਵੱਲੋਂ ਮਹਾਰਾਜਾ ਦੀਆਂ ਜ਼ਮੀਨਾਂ ਉਪਰ ਕਾਫੀ ਲੰਮੇ ਸਮੇਂ ਤੋਂ ਕਾਸ਼ਤ ਕੀਤੀ ਜਾ ਰਹੀ ਹੈ। ਕਾਸ਼ਤਕਾਰ ਖੁਸ਼ਹਾਲ ਕੌਰ ਦੇ ਪੁਰਖੇ ਵੀ ਆਜ਼ਾਦੀ ਤੋਂ ਪਹਿਲਾਂ ਦੇ ਰਾਜੇ ਦੀਆਂ ਜ਼ਮੀਨਾਂ ਉਪਰ ਕਾਸ਼ਤ ਕਰਦੇ ਆ ਰਹੇ ਸਨ। ਇਹ ਜ਼ਮੀਨਾਂ ਰਾਜੇ ਵੱਲੋਂ ਖੁਸ਼ਹਾਲ ਕੌਰ ਦੇ ਪੁਰਖਿਆਂ ਨੂੰ ਬਿਨਾਂ ਕਿਸੇ ਲਗਾਨ ਦੇ ਕਾਸ਼ਤ ਕਰਨ ਲਈ ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ 1950 ਵਿਚ ਭਾਰਤ ਸਰਕਾਰ ਵੱਲੋਂ ਦੇਸ਼ ਭਰ ਵਿਚ ਰਿਆਸਤਾਂ ਖ਼ਤਮ ਕਰਨ ਦੇ ਜਾਰੀ ਕੀਤੇ ਗਏ ਹੁਕਮਾਂ ਅਧੀਨ ਫ਼ਰੀਦਕੋਟ ਰਾਜੇ ਦੀ ਰਿਆਸਤ ਵੀ ਖ਼ਤਮ ਕਰ ਕੇ ਪੰਜਾਬ ਵਿਚ ਸ਼ਾਮਲ ਕਰ ਦਿੱਤੀ ਗਈ ਸੀ। ਇਸ ਕਾਰਨ 1954 ਵਿਚ ਪੰਜਾਬ ਸਰਕਾਰ ਮਹਾਰਾਜੇ ਦੀਆਂ ਜ਼ਮੀਨਾਂ ਦੀ ਮਾਲਕ ਬਣ ਗਈ। ਸਰਕਾਰ ਨੇ ਜ਼ਮੀਨਾਂ ਦਾ ਕਬਜ਼ਾ ਲੈਣ ਲਈ ਕਾਸ਼ਤਕਾਰਾਂ 'ਤੇ ਦਬਾਅ ਪਾਉਂਦਿਆਂ 1990 ਵਿਚ ਇਨ੍ਹਾਂ ਜ਼ਮੀਨਾਂ ਦੀ ਨਿਲਾਮੀ ਕਰਨ ਦੇ ਹੁਕਮ ਜਾਰੀ ਕਰ ਦਿੱਤੇ, ਜਿਸ 'ਤੇ ਖੁਸ਼ਹਾਲ ਕੌਰ ਅਤੇ ਹੋਰਾਂ ਨੇ ਅਦਾਲਤ ਦਾ ਬੂਹਾ ਖੜਕਾਇਆ। ਖੁਸ਼ਹਾਲ ਕੌਰ ਅਨੁਸਾਰ ਅਦਾਲਤ ਨੇ ਅਪੀਲ ਦਾ ਨਿਬੇੜਾ ਕਰਦਿਆਂ ਪੰਜਾਬ ਸਰਕਾਰ ਦੀ ਮਾਲਕੀ ਖਾਰਜ ਕਰਦਿਆਂ ਕਾਗਜ਼ਾਤ ਮਾਲ ਵਿਚ ਇਸ ਜ਼ਮੀਨ ਦੀ ਪਿੰਡ ਵਾਸੀਆਂ ਦੇ ਨਾਮ ਮਾਲਕੀ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਹਨ।

M.K. Nijjar DDS
Ruchi Nijjar DDS


*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?
ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*
Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538

# ਗੁਰਦੁਆਰਾ ਸੈਨ ਹੋਜ਼ੇ ਦੇ ਅਦਾਲਤੀ ਖਰਚਿਆਂ ਦਾ ਵੇਰਵਾ

## ਤਰਲੋਚਨ ਸਿੰਘ ਨਾਹਲ ਤੇ ਉਸ ਦੇ ਸਾਥੀਆਂ ਵਲੋਂ ਗੁਰਦੁਆਰਾ ਸਾਹਿਬ ਤੇ ਸੰਗਤ ਦਾ ਮਾਲੀ ਨੁਕਸਾਨ

**ਸਤਿਕਾਰਯੋਗ ਸਾਧ ਸੰਗਤ ਜੀਓ,**
**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

ਬੇਨਤੀ ਹੈ ਕਿ ਸਥਾਨਕ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਵਲੋਂ ਆਪਣੇ 8 ਜੁਲਾਈ-14 ਜੁਲਾਈ ਦੇ ਅੰਕ ਵਿਚ ਕੀਤੇ ਗਏ ਦਾਅਵੇ ਦੇ ਉਲਟ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੇ ਅਦਾਲਤੀ ਖਰਚੇ ਕਦੇ ਵੀ ਕਿਸੇ ਤੋਂ ਲਕੋਏ ਨਹੀਂ ਗਏ। ਅਸਲੀਅਤ ਤਾਂ ਇਹ ਹੈ ਕਿ ਅਦਾਲਤੀ ਖਰਚੇ ਤਾਂ ਹਰ ਵਰ੍ਹੇ ਇਕ ਸੁਤੰਤਰ ਆਡੀਟਰ ਦੀ ਆਡਿਟ ਕੀਤੀ ਰਿਪੋਰਟ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ ਜਿਸ ਬਾਰੇ ਕਿ 'ਸੁਧਾਰ ਕਮੇਟੀ' ਆਗੂ ਤਰਲੋਚਨ ਸਿੰਘ ਨਾਹਲ ਅਤੇ ਉਸ ਦਾ ਸਲਾਹਕਾਰ ਜਸਜੀਤ ਸਿੰਘ ਚੇਲਾ ਤੁਹਾਨੂੰ ਇਹ ਯਕੀਨ ਕਰਨ ਲਈ ਜ਼ੋਰ ਦੇ ਕੇ ਆਖ ਰਹੇ ਹਨ ਕਿ ਅਜਿਹੀ ਕੋਈ ਚੀਜ਼ ਹੈ ਹੀ ਨਹੀਂ, ਹਾਲਾਂਕਿ ਜਿਵੇਂ ਮੈਂ ਸੰਗਤ ਨੂੰ ਪਹਿਲਾਂ ਦੱਸ ਚੁਕਾ ਹਾਂ, ਇਹ ਆਡੀਟ ਕੀਤੀਆਂ ਰਿਪੋਰਟਾਂ ਦਿੱਤੇ ਗਏ ਵੈਬ ਸਾਈਟ ਲਿੰਕ ਰਾਹੀਂ ਵੇਖੀਆਂ ਜਾ ਸਕਦੀਆਂ ਹਨ।

ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਵਜੋਂ, ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਵੀ ਕਿਤੇ ਕਿਸੇ ਬਾਹਰਲੇ ਬੰਦੇ, ਇਸ ਦੇ ਵੈਂਡਰ ਜਾਂ ਕੰਟਰੈਕਟਰ ਵਲੋਂ, ਅਤੇ ਇਸ ਦੇ ਆਪਣੇ ਮੈਂਬਰਾਂ ਵਲੋਂ ਗੁਰਦੁਆਰਾ ਸਾਹਿਬ ਵਿਰੁਧ ਨਿਰਾਧਾਰ ਜਾਂ ਝੂਠਾ ਦਾਅਵਾ ਦਾਇਰ ਕੀਤਾ ਜਾਵੇ, ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਸਾਹਿਬ ਦੀ ਇਖਲਾਕੀ ਅਤੇ ਕਾਨੂੰਨੀ ਤੌਰ 'ਤੇ ਹਿਫਾਜ਼ਤ ਕਰਨ ਲਈ ਆਖਾਂ। ਜੇ ਗੁਰਦੁਆਰਾ ਅਦਾਲਤ ਵਿਚ ਆਪਣੇ ਆਪ ਦੀ ਹਿਫਾਜ਼ਤ ਨਹੀਂ ਕਰਦਾ ਤਾਂ ਕੁਝ ਹੀ ਸਾਲਾਂ ਵਿਚ ਇਹ ਲੁੱਟਿਆ-ਪੁੱਟਿਆ ਜਾਵੇਗਾ। ਬਦਕਿਸਮਤੀ ਨਾਲ, ਗੁਰਦੁਆਰਾ ਸਾਹਿਬ ਦੀ ਸਹੀ ਤਰ੍ਹਾਂ ਹਿਫਾਜ਼ਤ ਉਪਰ ਲੀਗਲ ਫੀਸ ਖਰਚ ਹੁੰਦੀ ਹੈ ਪ੍ਰੰਤੂ ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਗੁਰਦੁਆਰਾ ਸਾਹਿਬ ਦੇ ਸਿਰ ਹਜ਼ਾਰਾਂ ਡਾਲਰ ਦਾ ਖਰਚਾ ਆ ਪਵੇਗਾ। ਇੰਨੀ ਹੀ ਜ਼ਰੂਰੀ, ਉਨ੍ਹਾਂ ਲੋਕਾਂ ਵਿਰੁਧ ਕਾਰਵਾਈ ਕਰਨੀ ਬਣਦੀ ਹੈ ਜੋ ਗੁਰਦੁਆਰਾ ਸਾਹਿਬ ਦੇ ਮਾਣ-ਸਤਿਕਾਰ ਨੂੰ ਠੇਸ ਲਾਉਣਾ ਚਾਹੁੰਦੇ ਹਨ ਅਤੇ ਇਸ ਦੀ ਹੋ ਰਹੀ ਤਰੱਕੀ ਨੂੰ ਰੋਕਣਾ ਚਾਹੁੰਦੇ ਹਨ। ਮੈਂ ਸੰਗਤ ਦੇ ਧਿਆਨ ਵਿਚ ਕੁਝ ਤੱਥ ਲਿਆਉਣਾ ਚਾਹੁੰਦਾ ਹਾਂ:

**ਪਿਛਲੇ ਛੇ ਸਾਲਾਂ ਅੰਦਰ ਮੁਕੱਦਮਾ ਦਰ ਮੁਕੱਦਮਾ ਅਤੇ ਆਮ ਵਰਗਾਂ ਦੇ ਅਦਾਲਤੀ ਖਰਚਿਆਂ ਦਾ ਵੇਰਵਾ ਇਸ ਤਰ੍ਹਾਂ ਹੈ:**

**ਅਗਲੇ ਦੋ ਕੇਸ ਗਲਤ ਪ੍ਰਾਪੇਗੰਡੇ, ਜੋ ਕਿ ਗੁਰਦੁਆਰਾ ਸਾਹਿਬ ਦੇ ਦੂਜੇ ਉਸਾਰੀ ਪੜਾਅ ਲਈ ਮਾਇਆ ਇਕੱਠੀ ਕਰਨ ਦੇ ਯਤਨਾਂ ਨੂੰ ਠੇਸ ਲਾ ਰਿਹਾ ਸੀ, ਨੂੰ ਰੋਕਣ ਲਈ ਦਾਇਰ ਕਰਨੇ ਜ਼ਰੂਰੀ ਸਨ। ਉਹ ਤਾਂ ਗੁਰਦੁਆਰਾ ਸਾਹਿਬ ਦਾ ਲੋਨ ਰੱਦ ਕਰਵਾਉਣ ਲਈ ਬੈਂਕ ਨੂੰ ਚਿੱਠੀ ਲਿਖਣ ਤੱਕ ਵੀ ਗਏ। ਉਸ ਅਹਿਮ ਮੋੜ ਉਤੇ ਜੇ ਅਸੀਂ ਉਨ੍ਹਾਂ ਨੂੰ ਠੱਲ੍ਹ ਨਾ ਪਾਉਂਦੇ ਤਾਂ ਅਸੀਂ ਗੁਰਦੁਆਰਾ ਸਾਹਿਬ ਦੀ ਉਸਾਰੀ ਮੁਕੰਮਲ ਨਾ ਕਰ ਸਕਦੇ। ਇਨ੍ਹਾਂ ਦੋਹਾਂ ਹੀ ਕੇਸਾਂ ਦਾ ਫੈਸਲਾ ਗੁਰਦੁਆਰਾ ਸਾਹਿਬ ਦੇ ਹੱਕ ਵਿਚ ਗਿਆ। ਨਤੀਜੇ ਇਨ੍ਹਾਂ ਕੇਸਾਂ ਉਪਰ ਖਰਚ ਕੀਤੇ ਗਏ ਪੈਸੇ ਤੋਂ ਕਿਤੇ ਵੱਧ ਕੀਮਤੀ ਸਨ। ਇਹ ਲੋਕ, ਜਿਨ੍ਹਾਂ ਨੂੰ ਨਾਹਲ 'ਸੰਗਤ ਦੇ ਮੈਂਬਰ' ਕਹਿੰਦਾ ਨਹੀਂ ਥੱਕਦਾ, ਅਸਲ ਵਿਚ ਭਾਈਚਾਰੇ ਉਪਰ ਦਾਗ ਹਨ ਕਿਉਂਕਿ ਇਨ੍ਹਾਂ ਨੇ ਸੰਗਤ ਦੇ ਕਾਰਜ ਨੂੰ ਸਾਬੋਤਾਜ ਕਰਨ ਦੀ ਕੋਸ਼ਿਸ਼ ਕੀਤੀ।**

**1. ਮੈਂ ਭੁਪਿੰਦਰ (ਬੌਬ) ਸਿੰਘ ਢਿੱਲੋਂ ਨੇ ਨਿਜੀ ਤੌਰ 'ਤੇ ਮੈਨੂੰ ਝੂਠੇ ਦੋਸ਼ ਲਾ ਕੇ ਬਦਨਾਮ ਕਰਨ ਬਦਲੇ ਬਲਬੀਰ ਸਿੰਘ ਢਿੱਲੋਂ ਵਿਰੁਧ ਹੱਤਕ ਇੱਜ਼ਤ ਦਾ ਕੇਸ ਦਾਇਰ ਕੀਤਾ। ਮੈਂ ਅਦਾਲਤੀ ਖਰਚਾ ਆਪਣੇ ਪੱਲਿਓਂ ਦਿੱਤਾ ਅਤੇ ਕੇਸ ਦਾ ਨਿਬੇੜਾ ਅਦਾਲਤ ਵਿਚ ਸੁਣਵਾਈ ਅਰੰਭ ਹੋਣ ਤੋਂ ਵੀ ਪਹਿਲਾਂ ਹੀ ਹੋ ਗਿਆ, ਅਤੇ ਰਾਜ਼ੀਨਾਮਾ ਹੋ ਗਿਆ, ਜਿਸ ਦੀਆਂ ਸ਼ਰਤਾਂ ਸਮਝੌਤੇ ਕਰਕੇ ਮੈਂ ਨਸ਼ਰ ਨਹੀਂ ਕਰ ਸਕਦਾ।**

**2. ਮੁੱਖ ਭੜਕਾਊ ਅੰਮ੍ਰਿਤਸਰ ਟਾਈਮਜ਼ ਅਤੇ ਜਸਜੀਤ ਸਿੰਘ ਚੇਲਾ। ਕਾਨੂੰਨੀ ਖਰਚਾ $159,000, ਹਰਜਾਨਾ ਵਸੂਲੀ $4066 ਕਿਉਂਕਿ ਲਾਈਆਂ ਗਈਆਂ ਬੰਦਿਸ਼ਾਂ ਨੇ ਜਸਜੀਤ ਸਿੰਘ ਚੇਲਾ ਅਤੇ ਉਸ ਦੇ ਅੰਮ੍ਰਿਤਸਰ ਟਾਈਮਜ਼ ਨੂੰ ਦੀਵਾਲੀਆ ਹੋਣ ਲਈ ਮਜਬੂਰ ਕਰ ਦਿੱਤਾ।**

| Case # | Case By VS. Case against | Claim | Legal Fee | Recovery | Net Profit/Loss |
|---|---|---|---|---|---|
| 1-09-CV-152516 | Balbir Dhillon et. Al. Vs. Sikh Gurdwara-San Jose | Inspect/Copy Records | $24,500 | Settled | $24,500 |
| 1-09-CV-151382 | Sikh Gurdwara-San Jose vs. Hothi, Dhillon et. Al. | Defame | $86,000 | $100,000 | $14,000 |
| 1-09-CV-151510 | Sikh Gurdwara-San Jose vs. Amritsar Times | Defame | $159,000 | $4,066 | -$154,934 |
| 1-10-CV-177268 | Cal Coast Roofing vs.Sikh Gurdwara San Jose | $31,000 | | -$5,000 | $26,000 |
| 1-10-CV-186189 | Polo Perez Const. vs. Sikh Gurdwara San Jose | $400,000 | | -$100,000 | $300,000 |
| 1-11-CV-215352 | All Season Roofing vs. Sikh Gurdwara San Jose | $45,000 | | -$11,500 | $33,500 |
| 1-10-CV-183446 | Quality Sheet Metal vs. Sikh Gurdwara San Jose | $31,000 | | $24,250 | $55,250 |
| | East Bay Restaurant Supply | $21,426 | | $8,500 | $29,926 |
| | Loan & Construction Document Review | | | | |
| | **Legal fee for all six cases above** | | **$62,331** | | **-$62,331** |
| 1-10-CH-002862 | Sikh Gurdwara San Jose vs. Jaskaran Deol | Civil Harrasment | $27,500 | | -$27,500 |
| 1-11-CV-204540 | Bhupindar Dhillon vs. Balbir Dhillon | | Paid by Bob Dhillon | | $0 |
| 1-12-CV-232644 | Sikh Gurdwara San Jose et. Al. vs. Kulwant Singh | | Paid by committee members | | $0 |
| 1-11-CV-203351 | T. Nahal et. Al. vs. Sikh Gurdwara-San Jose | | $198,000 | | -$198,000 |
| | | **NET LOSS** | | | **-$8,589** |

**ਹੋਰ ਕੇਸ: 1.** ਜਸਕਰਨ ਦੀ ਮੰਦਭਾਗੀ ਸਥਿਤੀ, ਜਿਸ ਬਾਰੇ ਪਰਿਵਾਰ ਦੇ ਸਤਿਕਾਰ ਵਜੋਂ ਅਸੀਂ ਕੋਈ ਗੱਲ ਨਹੀਂ ਕਰਨਾ ਚਾਹੁੰਦੇ, ਦੇ ਕੇਸ ਵਿਚ 27,500 ਡਾਲਰ ਦਾ ਲੀਗਲ ਖਰਚਾ ਆਇਆ।

**2.** ਪੰਜ ਠੇਕੇਦਾਰਾਂ ਨਾਲ ਉਸਾਰੀ ਬਾਰੇ ਝਗੜਿਆਂ ਅਤੇ ਬੈਂਕ ਦੇ ਲੋਨ ਦੇ ਰਿਵਿਊ ਉਪਰ ਹੋਇਆ ਕਾਨੂੰਨੀ ਖਰਚਾ। ਕੁੱਲ ਲੀਗਲ ਖਰਚਾ 62,331 ਡਾਲਰ, ਨਕਦ ਵਸੂਲੀ 50,673 ਡਾਲਰ (2013 ਦੀ ਆਡਿਟ ਕੀਤੀ ਸਟੇਟਮੈਂਟ ਦੇਖੋ) ਅਤੇ ਇੰਜ 444,676 ਡਾਲਰ ਠੇਕੇਦਾਰਾਂ ਵਲੋਂ ਕੀਤੇ ਗਏ ਦਾਅਵਿਆਂ ਤੋਂ ਘੱਟ ਰਕਮ ਵਿਚ ਨਿਬੇੜਾ ਕਰ ਕੇ ਬਚਾਏ ਗਏ ਅਤੇ ਕੁਝ ਮਾਮਲਿਆਂ ਵਿਚ ਤਾਂ ਪੈਸੇ ਦੇਣ ਦੀ ਥਾਂ ਉਲਟਾ ਠੇਕੇਦਾਰ ਤੋਂ ਵਸੂਲ ਵੀ ਕੀਤੇ। (ਅਸਲ ਲਾਭ/ਨੁਕਸਾਨ ਡੱਬੀ ਦੇਖੋ)

**3.** ਸੁਧਾਰ ਕਮੇਟੀ ਦੇ ਸਾਥੀ ਕੁਲਵੰਤ ਸਿੰਘ ਦਾ ਕੇਸ। ਕਮੇਟੀ ਮੈਂਬਰਾਂ, ਜਿਨ੍ਹਾਂ ਵਿਰੁਧ ਕੁਲਵੰਤ ਸਿੰਘ ਨੇ ਕੇਸ ਦਾਇਰ ਕੀਤਾ, ਨੂੰ ਕੁਲਵੰਤ ਸਿੰਘ ਵਿਰੁਧ ਫੈਸਲਿਆਂ ਕਰਕੇ ਕਾਨੂੰਨੀ ਫੀਸ ਵਜੋਂ ਮਿਲੇ ਕਰੀਬ 15,000 ਡਾਲਰ। ਹੱਤਕ ਇੱਜ਼ਤ ਦੇ ਕੇਸ ਵਿਚ ਲੀਗਲ ਫੀਸ ਉਨ੍ਹਾਂ ਨੇ ਅਦਾ ਕੀਤੀ ਜਿਨ੍ਹਾਂ ਨੇ ਉਸ ਵਿਰੁਧ ਕੇਸ ਕੀਤਾ ਸੀ।

**4.** ਤਰਲੋਚਨ ਸਿੰਘ ਨਾਹਲ ਅਤੇ ਸੁਧਾਰ ਕਮੇਟੀ ਦਾ ਕੇਸ। ਇਸ ਕੇਸ ਕਰਕੇ ਗੁਰਦੁਆਰਾ ਸਾਹਿਬ ਨੂੰ ਲੀਗਲ ਫੀਸ ਵਜੋਂ 198,000 ਡਾਲਰ ਖਰਚ ਕਰਨੇ ਪਏ। ਇਹ ਕੇਸ ਮੂਲੋਂ ਹੀ ਬੇਵਜ੍ਹਾ ਸੀ। ਮੈਂ ਨਾਹਲ ਨੂੰ ਇਸ ਬਾਰੇ ਮੁੜ ਵਿਚਾਰ ਕਰਨ ਲਈ ਆਖਣ ਵਾਸਤੇ ਉਸ ਦੇ ਘਰ ਗਿਆ ਅਤੇ ਉਸ ਨੂੰ ਜਨਰਲ ਬਾਡੀ ਮੀਟਿੰਗ ਬੁਲਾਉਣ ਦੀ ਪੇਸ਼ਕਸ਼ ਕੀਤੀ ਤਾਂ ਜੋ ਸਭ ਨੂੰ ਪ੍ਰਵਾਨ ਹੋਈ ਬਦਲਵੀਂ ਤਜਵੀਜ਼ ਪਾਸ ਕੀਤੀ ਜਾ ਸਕੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ ਕਿਉਂਕਿ ਉਸ ਦੇ ਹੱਥ ਪਿਛਿਓਂ ਕਿਸੇ ਹੋਰ ਨੇ ਬੰਨੇ ਹੋਏ ਸਨ। ਬਾਅਦ ਵਿਚ ਸਾਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਪਹਿਲਾਂ ਹੀ ਅੰਮ੍ਰਿਤਸਰ ਟਾਈਮਜ਼ ਦੇ ਮਾਲਕਾਂ ਵਲੋਂ ਉਸ ਨੂੰ ਆਪਣਾ ਵਕੀਲ ਕਰ ਲਿਆ ਗਿਆ ਹੈ ਅਤੇ ਉਹ ਨਾਹਲ ਦੇ ਓਹਲੇ ਗੁਰਦੁਆਰਾ ਸਾਹਿਬ ਦੇ ਮਾਮਲਿਆਂ ਵਿਚ ਆਪਣਾ ਪੈਰ ਫਸਾਉਣ ਲਈ ਬੇਤਾਬ ਹਨ। ਇਸ ਤੋਂ ਪਹਿਲਾਂ ਉਹ ਜਸਵੰਤ ਸਿੰਘ ਹੋਠੀ ਅਤੇ ਬਲਬੀਰ ਸਿੰਘ ਢਿੱਲੋਂ ਰਾਹੀਂ ਇਹ ਕੋਸ਼ਿਸ਼ ਕਰ ਰਹੇ ਸਨ।

ਭਾਈ ਤਰਲੋਚਨ ਸਿੰਘ ਨਾਹਲ ਤੇ ਉਸ ਦੀ ਸੁਧਾਰ ਕਮੇਟੀ ਵਲੋਂ ਕੋਰਟ ਰਾਹੀਂ ਸਿੱਖ ਗੁਰਦੁਆਰਾ ਸੈਨ ਹੋਜ਼ੇ 'ਤੇ ਸਪੈਸ਼ਲ ਮਾਸਟਰ ਥੋਪਿਆ ਗਿਆ ਜਿਸ ਨਾਲ ਹੁਣ ਤੱਕ ਗੁਰੂ ਘਰ ਦਾ 50,000 ਡਾਲਰ ਤੋਂ ਵੱਧ ਦਾ ਨੁਕਸਾਨ ਹੋ ਚੁਕਾ ਹੈ।

ਬਹੁਤੇ ਕੇਸਾਂ ਵਿਚ ਕੀਤਾ ਗਿਆ ਲੀਗਲ ਖਰਚ ਸੰਗਤ ਅਤੇ ਗੁਰਦੁਆਰਾ ਸਾਹਿਬ ਦੇ ਹਿਤ ਵਿਚ ਬਹੁਤ ਹੀ ਵਾਜਿਬ ਸੀ, ਸਿਰਫ ਨਾਹਲ ਅਤੇ ਉਸ ਦੀ ਸੁਧਾਰ ਕਮੇਟੀ ਦੇ ਕੇਸ ਨੂੰ ਛੱਡ ਕੇ, ਜਿੱਥੇ ਨਾਹਲ ਵਲੋਂ ਇਕ ਵਾਰ ਕੇਸ ਦਾਇਰ ਕਰ ਦਿੱਤੇ ਜਾਣ ਉਪਰੰਤ ਗੁਰਦੁਆਰਾ ਸਾਹਿਬ ਪਾਸ ਆਪਣਾ ਬਚਾਓ ਕਰਨ ਤੋਂ ਛੁਟ ਕੋਈ ਚਾਰਾ ਹੀ ਨਹੀਂ ਸੀ। ਮੈਂ ਭਵਿੱਖ ਵਿਚ ਨਾਹਲ, ਉਸ ਦੀ ਸੁਧਾਰ ਕਮੇਟੀ ਅਤੇ ਉਸ ਦੇ ਹਮਾਇਤੀਆਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਹਰ ਕੇਸ ਬਾਰੇ ਜਾਣਕਾਰੀ ਵਧੇਰੇ ਤਫਸੀਲ ਨਾਲ ਸੰਗਤਾਂ ਨਾਲ ਸਾਂਝੀ ਕਰਾਂਗਾ।

### ਪਹਿਲਾ ਤੱਥ

ਬਲਬੀਰ ਸਿੰਘ ਢਿੱਲੋਂ, ਬਚਿੱਤਰ ਸਿੰਘ ਸੰਘਾ ਅਤੇ ਬਖਸ਼ੀਸ਼ ਸਿੰਘ ਚਾਹਲ ਨੇ ਜਸਵੰਤ ਸਿੰਘ ਹੋਠੀ ਦੀ ਹਮਾਇਤ ਨਾਲ ਗੁਰਦੁਆਰਾ ਸਾਹਿਬ ਵਿਰੁਧ 20 ਅਕਤੂਬਰ 2009 ਨੂੰ ਕੇਸ ਨੰਬਰ 109CV152516 ਗੁਰਦੁਆਰਾ ਰਿਕਾਰਡ ਦੇਖਣ ਦੇ ਮੁੱਦੇ ਉਤੇ ਦਾਇਰ ਕਰ ਦਿਤਾ, ਹਾਲਾਂਕਿ ਇਹ ਰਿਕਾਰਡ ਖੁਦ ਉਨ੍ਹਾਂ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ ਸੀ। ਨਤੀਜਾ: ਉਨ੍ਹਾਂ ਨੂੰ ਕੋਈ ਵੀ ਗਲਤ ਗੱਲ ਨਾ ਲੱਭ ਸਕੀ ਪਰ ਗੁਰਦੁਆਰਾ ਸਾਹਿਬ ਉਪਰ ਲੀਗਲ ਫੀਸ ਵਜੋਂ 24,500 ਡਾਲਰ ਦਾ ਖਰਚਾ ਆਣ ਪਿਆ।

### ਦੂਜਾ ਤੱਥ

ਮਾਣਹਾਨੀ ਦਾ ਕੇਸ ਗੁਰਦੁਆਰਾ ਸਾਹਿਬ ਵਲੋਂ ਉਪਰੋਕਤ ਕੇਸ ਅਤੇ ਕੰਸਟ੍ਰਕਸ਼ਨ ਲੋਨ ਵਿਚ ਵਿਘਨ ਪਾਉਣ ਲਈ ਬੈਂਕ ਨੂੰ ਲਿਖੇ ਖਤ ਦੇ ਜੁਆਬ ਵਿਚ ਦਾਇਰ ਕੀਤਾ ਗਿਆ। ਨਤੀਜਾ: ਰਾਜ਼ੀਨਾਮੇ ਵਜੋਂ ਗੁਰਦੁਆਰਾ ਸਾਹਿਬ ਨੂੰ ਇਕ ਲੱਖ ਡਾਲਰ ਦਾ ਇਵਜ਼ਾਨਾ ਮਿਲਿਆ। ਇਸ ਬਾਰੇ ਰਾਜ਼ੀਨਾਮੇ ਵਾਲੀ ਚਿੱਠੀ ਦੇਖੋ। ਲੀਗਲ ਫੀਸ 86,000 ਡਾਲਰ।

"ਵਲੋਂ: steve@tidrick.com
ਮਿਤੀ: Tue, 27 Oct 2009, ਸਮਾਂ: 05:42:37
ਵੱਲ: Bob Dhillon<bobdhillon@bobdhillon.com
ਵਿਸ਼ਾ: Update
ਪਿਆਰੇ ਢਿੱਲੋਂ,

ਅੱਜ ਸ਼ਾਮੀਂ ਮੈਨੂੰ ਆਪਣੇ ਪ੍ਰਾਸੈਸ ਸਰਵਰ ਪਾਸੋਂ ਹੇਠ ਲਿਖੀ ਤਾਜ਼ਾ ਜਾਣਕਾਰੀ ਮਿਲੀ। ਅੱਜ (ਸੋਮਵਾਰ, 26 ਅਕਤੂਬਰ) ਇਨ੍ਹਾਂ ਤਿੰਨ ਵਿਅਕਤੀਆਂ ਨੂੰ ਸੰਮਨ ਅਤੇ ਕੰਪਲੇਂਟ ਹੱਥੀਂ ਤਾਮੀਲ ਕੀਤੇ ਗਏ: ਬਲਵੰਤ ਸਿੰਘ ਚਾਹਲ, ਬਖਸ਼ੀਸ਼ ਸਿੰਘ ਚਾਹਲ ਅਤੇ ਜਸਵੰਤ ਸਿੰਘ ਹੋਠੀ। ਹੇਠਾਂ ਦੱਸੇ ਵਿਅਕਤੀ ਨੂੰ ਸੰਮਨ ਬਦਲਵੇਂ ਤਰੀਕੇ ਨਾਲ ਤਾਮੀਲ ਕੀਤੇ ਗਏ ਅਰਥਾਤ ਘਰ ਦੇ ਕਿਸੇ ਬਾਲਗ ਜੀਅ ਦੇ ਸਪੁਰਦ ਕੀਤੇ ਗਏ: ਬਚਿੱਤਰ ਸਿੰਘ ਸੰਘਾ।"

ਰਾਜ਼ੀਨਾਮੇ ਦੀ ਰਕਮ ਦੀ ਅਦਾਇਗੀ: ਪ੍ਰਤੀਵਾਦੀਆਂ ਦਾ ਬੀਮਾਕਰਤਾ 100,000 (ਇਕ ਲੱਖ) ਡਾਲਰ ਜ਼ੀਰੋ ਸੈਂਟ ਦੀ ਰਕਮ ਮੁੱਦਈ ਨੂੰ ਅਦਾ ਕਰੇਗਾ। ਇਹ ਅਦਾਇਗੀ ਸਟੀਵਨ ਜੀ. ਟਿਡਰਿਕ, ਐਸਕ. ਦੇ ਨਾਂ ਡਰਾਫਟ ਜਾਂ ਚੈਕ ਰਾਹੀਂ ਹੋਵੇਗੀ। ਕਲਾਇੰਟ ਟਰਸਟ ਅਕਾਊਂਟ (ਉਪਰੋਕਤ ਚੈਕ ਜਾਂ ਡਰਾਫਟ ਦਾ ਹਵਾਲਾ ਹੁਣ ਸੈਂਟਲਮੈਂਟ ਪੇਮੈਂਟ ਵਜੋਂ ਦਿੱਤਾ ਜਾਵੇਗਾ)। ਮੁੱਦਈ ਵਲੋਂ ਇਸ ਰਾਜ਼ੀਨਾਮੇ ਉਪਰ ਸਹੀ ਪਾਈ ਜਾਵੇਗੀ। ਮੁੱਦਈ ਵਲੋਂ ਸਿੱਖ ਗੁਰਦੁਆਰਾ ਸੈਨ ਹੋਜ਼ੇ ਬਨਾਮ ਬਲਵੰਤ ਸਿੰਘ ਚਾਹਲ ਨਾਂ ਦੇ ਕੇਸ ਸਬੰਧੀ ਸੁਪੀਰੀਅਰ ਕੋਰਟ ਦੇ ਅਖਤਿਆਰ ਹੇਠ ਕੇਸ ਨੰਬਰ 109CV151382 (ਸੈਂਟਾ ਕਲਾਰਾ ਸੁਪੀਰੀਅਰ ਕੋਰਟ) ਖਾਰਜ ਕਰਨ ਸਬੰਧੀ ਬੇਨਤੀ ਦਾਇਰ ਕੀਤੀ ਜਾਵੇਗੀ। ਰਾਜ਼ੀਨਾਮੇ ਤਹਿਤ ਹਰਜਾਨੇ ਦੀ ਰਕਮ ਇਸ ਰਾਜ਼ੀਨਾਮੇ ਦਾ ਸਹੀਬੰਦ ਦਸਤਾਵੇਜ਼ ਅਤੇ ਮੁਕੱਦਮੇ ਨੂੰ ਉਜਰ ਸਣੇ ਖਾਰਜ ਕਰਨ ਦਾ ਸਹੀਬੰਦ ਦਸਤਾਵੇਜ਼ ਜੋ ਅਦਾਲਤ, ਜਿੱਥੇ ਕਿ ਮੁਕੱਦਮਾ ਚੱਲ ਰਿਹਾ ਹੈ, ਵਿਚ ਦਾਇਰ ਕਰਨ ਯੋਗ ਹੋਵੇ, ਪ੍ਰਤੀਵਾਦੀਆਂ ਦੇ ਵਕੀਲ ਨੂੰ ਮਿਲਣ ਦੇ 30 ਦਿਨ ਦੇ ਅੰਦਰ ਅੰਦਰ ਅਦਾ ਕਰਨੀ ਹੋਵੇਗੀ।

**ਸੰਗਤ ਦਾ ਸੇਵਾਦਾਰ**
**ਭੁਪਿੰਦਰ (ਬੌਬ) ਸਿੰਘ ਢਿੱਲੋਂ**



Paid Advt.

# ਨਵਜੋਤ ਕੌਰ ਸਿੱਧੂ ਨੇ ਖੋਲ੍ਹਿਆ ਬਾਦਲ ਸਰਕਾਰ ਖਿਲਾਫ ਮੋਰਚਾ

**ਅੰਮ੍ਰਿਤਸਰ:** ਅੰਮ੍ਰਿਤਸਰ ਦੇ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਭਾਜਪਾ ਦੀ ਵਿਧਾਇਕਾ ਨਵਜੋਤ ਕੌਰ ਸਿੱਧੂ ਨੇ ਗੁਰੂ ਨਗਰੀ ਨਾਲ ਅਣਦੇਖੀ ਦੇ ਮੁੱਦੇ 'ਤੇ ਆਪਣੇ ਹੀ ਭਾਈਵਾਲ ਅਕਾਲੀ ਦਲ ਨੂੰ ਘੇਰ ਲਿਆ ਹੈ। ਬੀਬੀ ਸਿੱਧੂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ 15 ਦਿਨਾਂ ਵਿਚ ਵਿਕਾਸ ਕਾਰਜ ਨਾ ਸ਼ੁਰੂ ਹੋਏ ਤਾਂ ਉਹ ਮਰਨ ਵਰਤ ਸ਼ੁਰੂ ਕਰ ਦੇਵੇਗੀ। ਡਾ. ਸਿੱਧੂ ਨੇ ਇਹ ਐਲਾਨ ਵੀ ਕੀਤਾ ਹੈ ਕਿ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰ ਵਜੋਂ ਚੋਣ ਨਹੀਂ ਲੜੇਗੀ।

ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਵਡਾਲਾ ਵਿਚ ਬੀਬੀ ਸਿੱਧੂ ਅਚਾਨਕ ਮੁੱਖ ਮੰਤਰੀ ਦੇ ਸੰਗਤ ਦਰਸ਼ਨ ਵਿਚ ਪੁੱਜ ਗਈ। ਉਸ ਨੇ ਸ. ਬਾਦਲ ਨੂੰ ਘੇਰਦਿਆਂ ਹੋਇਆਂ ਕਿਹਾ ਕਿ ਉਹ ਆਪਣੇ ਹਲਕੇ ਦੇ ਵਿਕਾਸ ਕੰਮਾਂ ਨੂੰ ਲੈ ਕੇ ਪਿਛਲੇ ਛੇ ਮਹੀਨਿਆਂ ਤੋਂ ਉਨ੍ਹਾਂ ਨੂੰ ਮਿਲਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਮੁੱਖ ਮੰਤਰੀ ਦਫਤਰ ਵੱਲੋਂ ਉਨ੍ਹਾਂ ਨੂੰ ਹਰ ਵਾਰ ਟਾਲ ਦਿੱਤਾ ਜਾਂਦਾ ਰਿਹਾ ਹੈ।।ਇਸ ਲਈ ਉਹ ਸੰਗਤ ਦਰਸ਼ਨ ਵਿਚ ਉਨ੍ਹਾਂ ਦੇ 'ਦਰਸ਼ਨ' ਕਰਨ ਆਈ ਹੈ। ਉਨ੍ਹਾਂ ਦੇ ਹਲਕੇ ਵਿਚ ਸੀਵਰੇਜ, ਸੜਕਾਂ, ਸਟਰੀਟ ਲਾਈਟਾਂ ਸਮੇਤ ਕਈ ਹੋਰ ਵਿਕਾਸ ਕਾਰਜ ਜੋ ਕੇ ਪਿਛਲੇ ਲੰਬੇ ਸਮੇਂ ਤੋਂ ਰੁਕੇ ਪਏ ਹਨ। ਬੀਬੀ ਸਿੱਧ ਨੇ ਬਠਿੰਡਾ ਦੇ ਵਿਕਾਸ ਲਈ 212 ਕਰੋੜ ਰੁਪਏ ਦੀ ਹੋਰ ਰਾਸ਼ੀ ਜਾਰੀ ਕਰਨ ਨੂੰ ਗੁਰੂ ਨਗਰੀ ਨਾਲ ਸਿੱਧਾ ਧੱਕਾ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਮੁੱਖ ਮੰਤਰੀ ਬਠਿੰਡਾ ਨਾਲ ਐਨਾ ਹੀ ਪਿਆਰ ਹੈ ਤਾਂ ਉਹ ਸੂਬੇ ਦੇ ਬਾਕੀ ਜ਼ਿਲ੍ਹਿਆਂ ਦੀ ਵਾਗਡੋਰ ਭਾਜਪਾ ਨੂੰ ਸੌਂਪ ਦੇਣ ਤੇ ਖੁਦ ਇਕ ਜ਼ਿਲ੍ਹੇ ਦੇ ਹੀ ਮੁੱਖ ਮੰਤਰੀ ਬਣ ਜਾਣ। ਡਾ. ਸਿੱਧੂ ਵੱਲੋਂ ਆਪਣੇ ਪਤੀ ਡਾ. ਨਵਜੋਤ ਸਿੰਘ ਸਿੱਧੂ ਦੀ ਤਰਜ ਉਤੇ ਮੁੱਖ ਮੰਤਰੀ ਨੂੰ ਖਰੀਆਂ-ਖਰੀਆਂ ਸੁਣਾਈਆਂ। ਡਾ. ਸਿੱਧੂ ਨੇ ਦੋਸ਼ ਲਾਇਆ ਕਿ ਉਹ ਮੁੱਖ ਮੰਤਰੀ ਨੂੰ ਮਿਲਣ ਲਈ ਪਿਛਲੇ ਛੇ ਮਹੀਨਿਆਂ ਤੋਂ ਸਮਾਂ ਮੰਗ ਰਹੀ ਹੈ ਪਰ ਹਰ ਵਾਰ ਉਸ ਨੂੰ ਟਾਲਿਆ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਵਿਚ ਇਮਾਨਦਾਰੀ ਦੀ ਕੋਈ ਪੁੱਛ-ਪ੍ਰਤੀਤ ਨਹੀਂ ਤੇ ਚਾਪਲੂਸਾਂ ਨੂੰ ਸਰਕਾਰ ਖੁੱਲ੍ਹੇ ਗੱਫੇ ਵੰਡ ਰਹੀ ਹੈ। ਡਾ. ਸਿੱਧੂ ਨੇ ਕਿਹਾ ਕਿ ਗੁਰੂ ਨਗਰੀ ਵਿਚ ਇਕ ਲੱਖ ਸ਼ਰਧਾਲੂ ਰੋਜ਼ਾਨਾ ਦਰਸ਼ਨਾਂ ਲਈ ਆਉਂਦੇ ਹਨ ਪਰ ਇਥੇ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ। ਉਨ੍ਹਾਂ ਭਾਜਪਾ ਮੰਤਰੀ ਅਨਿਲ ਜੋਸ਼ੀ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਉਹ ਆਪਣੇ ਹਲਕੇ ਵਿਚ ਭਾਵੇਂ ਸੜਕਾਂ ਉਤੇ ਸੜਕਾਂ ਬਣਾਈ ਜਾਣ, ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਤੇ ਨਗਰ ਸੁਧਾਰ ਟਰੱਸਟਾਂ ਦਾ ਪੈਸਾ ਵੀ ਉਹ ਆਪਣੀ ਮਰਜ਼ੀ ਨਾਲ ਖ਼ਰਚ ਰਹੇ ਹਨ, ਜਦੋਂ ਕਿ ਬਾਕੀ ਹਲਕਿਆਂ ਵਿਚ ਵਿਕਾਸ ਨਾਂ ਦੀ ਕੋਈ ਚੀਜ਼ ਨਹੀਂ। ਉਧਰ ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਬਾਦਲ ਸਰਕਾਰ ਉਤੇ ਹਮਲੇ ਬੋਲ ਰਹੀ ਬੀਬੀ ਸਿੱਧੂ ਬਾਰੇ ਕੁਝ ਵੀ ਬੋਲਣ ਨੂੰ ਤਿਆਰ ਨਹੀਂ ਹਨ।

## ਗ੍ਰਾਂਟ ਜਾਰੀ ਨਾ ਹੋਣ 'ਤੇ ਮਰਨ ਵਰਤ ਦੀ ਚਿਤਾਵਨੀ


### ਹਲਕੇ ਲਈ ਗ੍ਰਾਂਟ ਦਾ ਜੁਗਾੜ ਕਰਾਂਗੇ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਹੈ ਕਿ ਕਿਸੇ ਵੀ ਹਲਕੇ ਨਾਲ ਵਿਤਕਰਾ ਨਹੀਂ ਕੀਤਾ ਜਾ ਰਿਹਾ ਤੇ ਨਾ ਹੀ ਕਿਸੇ ਹਲਕੇ ਵਿਚ ਵਧੇਰੇ ਵਿਕਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਡਾ. ਸਿੱਧੂ ਬਾਰੇ ਆਖਿਆ ਕਿ ਉਹ ਉਨ੍ਹਾਂ ਦੀ ਧੀਆਂ ਵਰਗੀ ਹੈ ਤੇ ਉਸ ਵੱਲੋਂ ਦੱਸੇ ਗਏ ਮਸਲੇ ਪਹਿਲ ਦੇ ਆਧਾਰ ਉਤੇ ਹੱਲ ਕੀਤੇ ਜਾਣਗੇ। ਮੁੱਖ ਮੰਤਰੀ ਨੇ ਆਖਿਆ ਕਿ ਉਹ ਖੁਦ ਉਨ੍ਹਾਂ ਦੇ ਘਰ ਜਾਣਗੇ ਤੇ ਨਾਰਾਜ਼ਗੀ ਦੂਰ ਕਰਨਗੇ। ਸ. ਬਾਦਲ ਨੇ ਭਰੋਸਾ ਦਿੱਤਾ ਕਿ ਉਹ ਕੋਈ ਨਾ ਕੋਈ ਜੁਗਾੜ ਕਰਕੇ ਗ੍ਰਾਂਟ ਦਾ ਪ੍ਰਬੰਧ ਕਰਨਗੇ।




### ਮੈਨੂੰ ਬਾਦਲ ਉਤੇ ਭਰੋਸਾ ਨਹੀਂ: ਨਵਜੋਤ ਕੌਰ ਸਿੱਧੂ

**ਅੰਮ੍ਰਿਤਸਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਵੀ ਭਾਜਪਾ ਆਗੂ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਉਨ੍ਹਾਂ 'ਤੇ ਵਿਸ਼ਵਾਸ ਕਰਨ ਤੋਂ ਨਾਂਹ ਕਰਦਿਆਂ ਆਖਿਆ ਕਿ ਇਸ ਤੋਂ ਪਹਿਲਾਂ ਉਸਦੇ ਪਤੀ ਸਾਬਕਾ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨਾਲ ਵੀ ਵਾਅਦਾ ਕਰਕੇ ਤੋੜਿਆ ਜਾ ਚੁੱਕਾ ਹੈ ਤੇ ਹੁਣ ਉਸ ਨੂੰ ਵੀ ਉਸੇ ਢੰਗ ਨਾਲ ਭਰੋਸੇ ਦਿੱਤੇ ਜਾ ਰਹੇ ਹਨ। ਉਨ੍ਹਾਂ ਦੇ ਹਲਕੇ ਦੇ ਵਿਕਾਸ ਨਾਲ ਸਬੰਧਤ ਤਕਰੀਬਨ 28 ਫਾਈਲਾਂ ਸਰਕਾਰ ਕੋਲ ਲੰਬਿਤ ਪਈਆਂ ਹਨ।




### ਸੀਨੀਅਰ ਆਗੂ ਸ਼ਾਂਤਾ ਕੁਮਾਰ ਵੱਲੋਂ ਬਗਾਵਤ

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ ਨੇ ਆਪਣੀ ਹੀ ਪਾਰਟੀ ਖਿਲਾਫ ਮੋਰਚਾ ਖੋਲਿਆ ਹੋਇਆ ਹੈ। ਉਨ੍ਹਾਂ ਨੇ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੂੰ ਲਿਖੇ ਇਕ ਪੱਤਰ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਮਹਾਰਾਸ਼ਟਰ ਦੀ ਮੰਤਰੀ ਪੰਕਜਾ ਮੁੰਡੇ ਖਿਲਾਫ਼ ਲੱਗੇ ਦੋਸ਼ਾਂ ਬਾਰੇ ਸਫ਼ਾਈ ਦੇਣ ਜਾਂ ਇਨ੍ਹਾਂ ਨੂੰ ਬੇਦਾਗ਼ ਦੱਸਣ ਦੀ ਥਾਂ ਇਖ਼ਲਾਕ ਕਮੇਟੀ ਦੀ ਸਥਾਪਨਾ ਕਰਨੀ ਚਾਹੀਦੀ ਹੈ। ਇਸ ਪੱਤਰ ਦੇ ਮੀਡੀਆ ਕੋਲ ਪਹੁੰਚਣ ਮਗਰੋਂ ਭਾਜਪਾ ਵਿਚ ਤੂਫ਼ਾਨ ਉੱਠ ਖੜ੍ਹਾ ਹੋਇਆ ਹੈ। ਕੇਂਦਰੀ ਮੰਤਰੀ ਰਾਜੀਵ ਪ੍ਰਤਾਪ ਰੂਡੀ ਨੇ ਟਿੱਪਣੀ ਕੀਤੀ ਹੈ ਕਿ ਸ੍ਰੀ ਸ਼ਾਂਤਾ ਕੁਮਾਰ 'ਕਾਂਗਰਸ ਦੇ ਕੁਪ੍ਰਚਾਰ' ਤੋਂ ਪ੍ਰਭਾਵਿਤ ਹੋ ਗਏ ਹਨ। ਪਾਰਟੀ ਦੇ ਕੁਝ ਹੋਰ ਬੁਲਾਰਿਆਂ ਨੇ ਉਨ੍ਹਾਂ ਨੂੰ ਪਾਰਟੀ ਅਨੁਸ਼ਾਸਨ ਦੀ 'ਲਛਮਣ ਰੇਖਾ' ਦੇ ਅੰਦਰ ਹੀ ਰਹਿਣ ਦੀ ਸਲਾਹ ਦਿੱਤੀ ਹੈ। ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਸ੍ਰੀ ਕੁਮਾਰ ਨੂੰ ਖੁੱਲ੍ਹਾ ਪੱਤਰ ਲਿਖ ਕੇ 2014 ਦੀ ਲੋਕ ਸਭਾ ਚੋਣਾਂ ਸਮੇਂ ਪੰਜਾਬ ਵਿਚ ਇਕੱਤਰ ਕੀਤੇ ਫੰਡਾਂ ਦਾ ਹਿਸਾਬ-ਕਿਤਾਬ ਨਾ ਦੇਣ ਦੇ ਦੋਸ਼ ਲਾਏ ਹਨ।



# ਕੇਜਰੀਵਾਲ ਨੂੰ ਪ੍ਰਸ਼ਾਂਤ ਤੇ ਯਾਦਵ ਨਾਲ ਰਾਜੀਨਾਵੇਂ ਦੀ ਸਲਾਹ

**ਨਵੀਂ ਦਿੱਲੀ:** ਗਾਂਧੀਵਾਦੀ ਸਮਾਜਸੇਵੀ ਅੰਨਾ ਹਜ਼ਾਰੇ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ ਤੇ ਕਿਹਾ ਕਿ ਪ੍ਰਸ਼ਾਂਤ ਭੂਸ਼ਣ ਤੇ ਯੋਗਿੰਦਰ ਯਾਦਵ ਨੂੰ ਪਾਰਟੀ ਵਿਚੋਂ ਨਹੀਂ ਸੀ ਕੱਢਣਾ ਚਾਹੀਦਾ। ਅੰਨਾ ਨੇ ਕੇਜਰੀਵਾਲ ਨੂੰ ਸਲਾਹ ਦਿੱਤੀ ਕਿ ਦੋਵਾਂ ਨਾਲ ਰਾਜੀਨਾਵਾਂ ਕਰਕੇ ਉਨ੍ਹਾਂ ਨੂੰ ਪਾਰਟੀ ਵਿਚ ਵਾਪਸ ਲੈ ਲੈਣ।



ਸੂਤਰਾਂ ਅਨੁਸਾਰ ਤਕਰੀਬਨ 50 ਮਿੰਟਾਂ ਤੱਕ ਚੱਲੀ ਮੀਟਿੰਗ ਦੌਰਾਨ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਅੰਨਾ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਸਿਸੋਦੀਆ ਨੇ ਦੱਸਿਆ ਕਿ ਮੀਟਿੰਗ ਦੌਰਾਨ ਉਨ੍ਹਾਂ ਅੰਨਾ ਨੂੰ ਦਿੱਲੀ ਸਰਕਾਰ ਦੇ ਹੁਣ ਤੱਕ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਜਦੋਂ ਉਨ੍ਹਾਂ ਨੂੰ ਦਿੱਲੀ ਵਿਚ ਲੋਕਪਾਲ ਦੀ ਨਿਯੁਕਤੀ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਬਿੱਲ ਵਿਧਾਨ ਸਭਾ ਦੇ ਅਗਲੇ ਇਜਲਾਸ ਵਿਚ ਪੇਸ਼ ਕੀਤਾ ਜਾਵੇਗਾ।

# ਫਰਾਂਸ ਵੱਲੋਂ ਦਸਤਾਰ ਮੁੱਦੇ ਬਾਰੇ ਨਰਮੀ ਦੇ ਸੰਕੇਤ

**ਅੰਮ੍ਰਿਤਸਰ:** ਫਰਾਂਸ ਨੇ ਸ਼੍ਰੋਮਣੀ ਕਮੇਟੀ ਨੂੰ ਦਸਤਾਰ ਮੁੱਦੇ ਉਤੇ ਗੱਲਬਾਤ ਲਈ ਸੱਦਾ ਦਿੱਤਾ ਹੈ। ਪੈਰਿਸ ਵਿਚ ਬੀਤੇ ਦਿਨੀਂ 'ਮੌਸਮ ਬਾਰੇ ਜ਼ਮੀਰ ਦੀ ਅਵਾਜ਼' ਨਾਂ ਦੇ ਸੰਮੇਲਨ ਵਿਚ ਸ਼ਾਮਲ ਹੋਣ ਗਈ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੂੰ ਫਰਾਂਸ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਜੀਨ ਕ੍ਰਿਸਟੋਫੀ ਨੇ ਇਹ ਸੱਦਾ ਦਿੱਤਾ ਹੈ। ਇਸ ਸਮਾਗਮ ਵਿਚ ਬੀਬੀ ਕਿਰਨਜੋਤ ਕੌਰ, ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਦੇ ਨੁਮਾਇੰਦੇ ਵਜੋਂ ਸ਼ਾਮਲ ਹੋਣ ਲਈ ਗਏ ਸਨ, ਜਿਥੇ ਉਨ੍ਹਾਂ ਵਿਦੇਸ਼ਾਂ ਵਿਚ ਸਿੱਖਾਂ ਨੂੰ ਦਰਪੇਸ਼ ਦਸਤਾਰ ਤੇ ਕਿਰਪਾਨ ਆਦਿ ਸਬੰਧੀ ਮਾਮਲਿਆਂ ਨੂੰ ਉਭਾਰਿਆ।

ਬੀਬੀ ਕਿਰਨਜੋਤ ਕੌਰ ਨੇ ਦੱਸਿਆ ਕਿ ਇਸ ਸੰਮੇਲਨ ਵਿਚ ਉਹ ਆਪਣੇ ਕੱਕਾਰਾਂ ਸਹਿਤ ਸ਼ਾਮਲ ਹੋਏ ਤੇ ਉਨ੍ਹਾਂ ਫਰਾਂਸ ਦੇ ਧਾਰਮਿਕ ਮਾਮਲਿਆਂ ਦੇ ਮੰਤਰੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸੰਮੇਲਨ ਵਿਚ ਕਿਰਪਾਨ ਸਹਿਤ ਆਉਣ ਦੀ ਪ੍ਰਵਾਨਗੀ ਦਿੱਤੀ ਸੀ। ਉਨ੍ਹਾਂ ਨੇ ਸਿੱਖ ਨੁਮਾਇੰਦੇ ਵਜੋਂ ਧਾਰਮਿਕ ਮਾਮਲਿਆਂ ਦੇ ਮੰਤਰੀ ਨਾਲ ਦਸਤਾਰ ਤੇ ਕਿਰਪਾਨ ਦੇ ਮੁੱਦੇ 'ਉਤੇ ਵਿਚਾਰ ਚਰਚਾ ਵੀ ਕੀਤੀ। ਉਨ੍ਹਾਂ ਨੂੰ ਪੰਜ ਕੱਕਾਰਾਂ ਤੇ ਖਾਸ ਕਰਕੇ ਕਿਰਪਾਨ ਤੇ ਦਸਤਾਰ ਦੀ ਮਹੱਤਤਾ ਤੋਂ ਵੀ ਜਾਣੂ ਕਰਾਇਆ।



ਸਮੁੱਚੀ ਗੱਲਬਾਤ ਤੋਂ ਬਾਅਦ ਸ੍ਰੀ ਜੀਨ ਕ੍ਰਿਸਟੋਫੀ ਨੇ ਸ਼੍ਰੋਮਣੀ ਕਮੇਟੀ ਨੂੰ ਦਸਤਾਰ ਦੇ ਮੁੱਦੇ ਉਤੇ ਗੱਲਬਾਤ ਦਾ ਸਿਲਸਿਲਾ ਅਗਾਂਹ ਤੋਰਨ ਲਈ ਸੱਦਾ ਦਿੱਤਾ ਹੈ। ਇਥੇ ਦੱਸਣਯੋਗ ਹੈ ਕਿ ਫਰਾਂਸ ਵਿਚ ਸਿੱਖ ਵਿਦਿਆਰਥੀਆਂ ਤੇ ਸਕੂਲਾਂ ਵਿਚ ਦਸਤਾਰ ਪਹਿਨਣ ਉਤੇ ਰੋਕ ਲਾਈ ਹੋਈ ਹੈ। ਇਸੇ ਤਰ੍ਹਾਂ ਸਿੱਖ ਵਿਅਕਤੀ ਆਪਣੇ ਸ਼ਨਾਖਤੀ ਕਾਰਡਾਂ ਉਤੇ ਵੀ ਦਸਤਾਰ ਸਹਿਤ ਫੋਟੋ ਨਹੀਂ ਲਗਵਾ ਸਕਦੇ ਹਨ। ਫਰਾਂਸ ਵਿਚ ਅਜਿਹੀਆਂ ਰੋਕਾਂ ਦਾ ਸਿੱਖ ਭਾਈਚਾਰੇ ਵੱਲੋਂ ਲੰਮੇ ਸਮੇਂ ਤੋਂ ਵਿਰੋਧ ਕੀਤਾ ਜਾ ਰਿਹਾ ਹੈ। ਅਜਿਹੇ ਸਮੇਂ ਵਿਚ ਦਸਤਾਰ ਮੁੱਦੇ ਤੇ ਗੱਲਬਾਤ ਲਈ ਮੌਕਾ ਮਿਲਣਾ ਅਹਿਮ ਗੱਲ ਹੈ।

ਬੀਬੀ ਕਿਰਨਜੋਤ ਕੌਰ ਨੇ ਦੱਸਿਆ ਕਿ ਧਰਤੀ ਉਤੇ ਵਧ ਰਹੇ ਤਾਪਮਾਨ ਨੂੰ ਦੋ ਸੈਂਟੀਗਰੇਡ ਘਟਾਉਣ ਲਈ ਦਸੰਬਰ ਵਿਚ ਯੂਨਾਈਟਿਡ ਨੇਸ਼ਨ ਦੇ ਸਹਿਯੋਗ ਨਾਲ 195 ਮੁਲਕਾਂ ਦੀ ਮੌਸਮ ਤਬਦੀਲੀ ਸਬੰਧੀ ਕਾਨਫਰੰਸ ਕੀਤੀ ਜਾ ਰਹੀ ਹੈ। ਇਸ ਕਾਨਫਰੰਸ ਦੀ ਤਿਆਰੀ ਲਈ ਫਰਾਂਸ ਦੀ ਸਰਕਾਰ ਵੱਲੋਂ ਦੁਨੀਆਂ ਭਰ ਦੇ ਵੱਖ-ਵੱਖ ਧਰਮਾਂ, ਬੁੱਧੀਜੀਵੀਆਂ ਤੇ ਐਨ.ਜੀ.ਓ. ਆਦਿ ਨੂੰ ਸੱਦਾ ਦਿੱਤਾ ਗਿਆ ਹੈ। ਹੁਣ ਹੋਏ ਸਮਾਗਮ ਦੀ ਖਾਸ ਵਿਸ਼ੇਸ਼ਤਾ ਇਹ ਸੀ ਕਿ ਪਹਿਲੀ ਵਾਰ ਅਜਿਹੇ ਅਧਿਕਾਰਤ ਸੰਮੇਲਨ ਵਿਚ ਕਿਸੇ ਨੂੰ ਕਿਰਪਾਨ ਪਹਿਨ ਕੇ ਸੰਮੇਲਨ ਵਿਚ ਸ਼ਾਮਲ ਹੋਣ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਬੁੱਧੀਜੀਵੀ, ਧਾਰਮਿਕ ਨੁਮਾਇੰਦੇ, ਕਲਾਕਾਰਾਂ ਤੇ ਹੋਰਨਾਂ ਨੇ 'ਜ਼ਮੀਰ ਦੀ ਅਵਾਜ਼' ਨਾਂ ਦਾ ਦਸਤਾਵੇਜ਼ ਤਿਆਰ ਕੀਤਾ, ਜੋ ਦਸੰਬਰ ਵਿਚ ਕਾਨਫਰੰਸ ਸਮੇਂ ਪੇਸ਼ ਕੀਤਾ ਜਾਵੇਗਾ।

# ਮਰੀਜ਼ਾਂ ਦੀ ਛਿਲ ਲਾਉਣ ਵਾਲੇ ਡਾਕਟਰਾਂ ਦੀ ਹੁਣ ਖੈਰ ਨਹੀਂ

**ਚੰਡੀਗੜ੍ਹ:** ਮਰੀਜ਼ਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੀ ਛਿਲ ਲਾਉਣ ਵਾਲੇ ਪ੍ਰਾਈਵੇਟ ਹਸਪਤਾਲਾਂ ਦੀ ਹੁਣ ਖੈਰ ਨਹੀਂ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪਹਿਲੀ ਵਾਰ ਪ੍ਰਾਈਵੇਟ ਹਸਪਤਾਲਾਂ ਦੇ ਹੱਥੋਂ ਸਿਹਤ ਅਧਿਕਾਰਾਂ ਦਾ ਘਾਣ ਹੋਣ ਦੇ ਮਾਮਲਿਆਂ ਵਿਚ ਰਿਕਾਰਡ ਤੇ ਗਵਾਹੀਆਂ ਇਕੱਠੀਆਂ ਕਰਨ ਦਾ ਫ਼ੈਸਲਾ ਕੀਤਾ ਹੈ। ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਨਾਲ ਜੁੜੀਆਂ ਕਮੀਆਂ ਵੀ ਰਿਕਾਰਡ ਉੱਤੇ ਲਿਆਂਦੀਆਂ ਜਾਣਗੀਆਂ। ਇਸ ਬਾਰੇ ਪੰਜਾਬ ਵਿਚ ਵੀ ਕੰਮ ਸ਼ੁਰੂ ਹੋ ਗਿਆ ਹੈ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ, ਭਾਰਤ ਸਰਕਾਰ ਤੇ 'ਜਨ ਸਵਾਸਥ ਅਭਿਆਨ' ਨੇ 'ਮਰੀਜ਼ ਦੇ ਅਧਿਕਾਰਾਂ ਦਾ ਉਲੰਘਣ, ਜਨ ਸੁਣਵਾਈ 2015' ਨਾਮ ਦਾ ਕਿਤਾਬਚਾ ਜਾਰੀ ਕਰਕੇ ਦੇਸ਼ ਵਿਆਪੀ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਪੰਜਾਬ ਵਿਚ ਵੀ 'ਜਨ ਸਵਾਸਥ ਅਭਿਆਨ' ਦੀ ਸ਼ਾਖ਼ਾ ਨੇ ਕੁਝ ਹੋਰ ਜਥੇਬੰਦੀਆਂ ਨੂੰ ਨਾਲ ਲੈ ਕੇ ਜਨ ਸੁਣਵਾਈ ਦੀ ਤਿਆਰੀ ਵਿੱਢ ਲਈ ਹੈ। ਇਸ ਦੌਰਾਨ ਪ੍ਰਾਈਵੇਟ ਹਸਪਤਾਲਾਂ ਬਾਰੇ ਮੈਡੀਕਲ ਰਿਕਾਰਡ ਦੇਣ ਤੋਂ ਮਨਾਹੀ, ਤੇਜ਼ਾਬੀ ਹਮਲੇ ਤੋਂ ਪੀੜਤਾਂ ਦਾ ਮੁਫ਼ਤ ਇਲਾਜ, ਦੂਜੇ ਡਾਕਟਰ ਤੋਂ ਰਾਇ ਲੈਣ ਦਾ ਹੱਕ, ਹਸਪਤਾਲ ਦਾ ਪੂਰਾ ਬਿੱਲ ਦਿੱਤੇ ਬਿਨਾਂ ਮ੍ਰਿਤਕ ਦੇਹ ਰਿਸ਼ਤੇਦਾਰਾਂ ਨੂੰ ਸੌਂਪਣ ਤੋਂ ਮਨਾਹੀ ਤੇ ਹਸਪਤਾਲ ਅੰਦਰਲੇ ਕੈਮਿਸਟ ਤੋਂ ਹੀ ਦਵਾਈਆਂ ਖ਼ਰੀਦਣ ਲਈ ਮਜਬੂਰ ਕਰਨ ਵਰਗੇ ਕੇਸਾਂ ਨਾਲ ਜੁੜੀਆਂ ਸ਼ਿਕਾਇਤਾਂ ਨੂੰ ਕਲਮਬੱਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਰਕਾਰੀ ਯੋਜਨਾਵਾਂ ਜਿਵੇਂ ਰਾਸ਼ਟਰੀ ਸਵਾਸਥ ਬੀਮਾ ਸਕੀਮ ਆਦਿ ਰਾਹੀਂ ਪੈਨਲ ਉੱਤੇ ਲਿਆਂਦੇ ਪ੍ਰਾਈਵੇਟ ਹਸਪਤਾਲਾਂ ਵੱਲੋਂ ਢੁਕਵੇਂ ਪੈਮਾਨੇ ਨਾ ਅਪਣਾਏ ਜਾਣ ਦੇ ਮਾਮਲਿਆਂ ਨੂੰ ਵੀ ਰਿਕਾਰਡ ਉੱਤੇ ਲਿਆਂਦਾ ਜਾਵੇਗਾ। ਮਰੀਜ਼ਾਂ ਵੱਲੋਂ ਪ੍ਰਾਈਵੇਟ ਹਸਪਤਾਲਾਂ ਵਿਚ ਕੀਤੇ ਜਾ ਰਹੇ ਵੱਡੇ ਖ਼ਰਚਿਆਂ ਨੂੰ ਦੇਖਦੇ ਹੋਏ ਖ਼ਰਚਿਆਂ ਨੂੰ ਨਿਯਮਤ ਕਰਨ ਦੇ ਨਾਲ ਹੀ ਪ੍ਰਾਈਵੇਟ ਮੈਡੀਕਲ ਸੇਵਾਵਾਂ ਦੇ ਖੇਤਰ ਵਿਚ ਮਰੀਜ਼ਾਂ ਦੇ ਹੱਕਾਂ ਦੀ ਰਾਖੀ ਲਈ ਕਾਨੂੰਨੀ ਪ੍ਰਬੰਧ ਪੁਖ਼ਤਾ ਬਣਾਉਣ ਬਾਰੇ ਸਿਫ਼ਾਰਸ਼ ਕੀਤੀ ਜਾਵੇਗੀ।



ਪੰਜਾਬ ਵਿਚ 'ਜਨ ਸਵਾਸਥ ਅਭਿਆਨ' ਨਾਲ ਜੁੜੇ ਤੇ ਬਾਬਾ ਫ਼ਰੀਦ ਯੂਨੀਵਰਸੀਟੀ ਆਫ਼ ਹੈਲਥ ਸਾਇੰਸਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ.ਐਲ. ਗਰਗ ਨੇ ਦੱਸਿਆ ਕਿ ਪੰਜਾਬ ਵਿਚ ਤੱਥ ਜੁਟਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਜਾ ਕੇ ਲੋਕਾਂ ਨੂੰ ਸ਼ਿਕਾਇਤਾਂ ਦਰਜ ਕਰਵਾਉਣ ਦਾ ਸੱਦਾ ਦਿੱਤਾ ਜਾਵੇਗਾ। ਛੇ ਮਹੀਨੇ ਦੀ ਇਸ ਪ੍ਰਕਿਰਿਆ ਤੋਂ ਬਾਅਦ ਫਰਵਰੀ ਵਿਚ ਚੰਡੀਗੜ੍ਹ ਵਿਚ ਦੋ ਦਿਨ ਦੀ ਜਨ ਸੁਣਵਾਈ ਹੋਵੇਗੀ। ਸੁਣਵਾਈ ਤੋਂ ਬਾਅਦ ਕਾਨੂੰਨੀ ਤੇ ਨੀਤੀਗਤ ਸਿਫ਼ਾਰਸ਼ਾਂ ਦੇ ਨਾਲ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਸੰਸਥਾਵਾਂ ਵੱਲੋਂ ਵੀ ਉਚਿਤ ਕਾਰਵਾਈ ਕੀਤੀ ਜਾਵੇਗੀ।

### ਸਰਕਾਰੀ ਸਿਹਤ ਸੇਵਾਵਾਂ ਵਿਚ ਊਣਤਾਈਆਂ ਦੀ ਵੀ ਸਮੀਖਿਆ

ਪ੍ਰਾਈਵੇਟ ਹਸਪਤਾਲਾਂ ਤੋਂ ਇਲਾਵਾ ਸਰਕਾਰੀ ਖੇਤਰ ਦੀਆਂ ਸਿਹਤ ਸੇਵਾਵਾਂ ਵਿਚ ਊਣਤਾਈਆਂ ਦੀ ਸਮੀਖਿਆ ਕੀਤੀ ਜਾਵੇਗੀ। ਹਸਪਤਾਲਾਂ ਵਿਚ ਡਾਕਟਰਾਂ, ਪੈਰਾਮੈਡੀਕਲ ਸਟਾਫ਼ ਦੀ ਕਮੀ, ਦਵਾਈਆਂ ਤੇ ਤਕਨੀਕੀ ਪੱਖ ਤੋਂ ਊਣਤਾਈਆਂ ਦੀ ਸੁਣਵਾਈ ਹੋਵੇਗੀ। ਇਨ੍ਹਾਂ ਊਣਤਾਈਆਂ ਨੂੰ ਮਰੀਜ਼ਾਂ ਦੇ ਨਿੱਜੀ ਤਜ਼ਰਬਿਆਂ ਦੀ ਗਵਾਹੀ ਨਾਲ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਨ੍ਹਾਂ ਤੱਥਾਂ ਦੇ ਆਧਾਰ ਉੱਤੇ ਹੀ ਸਿਹਤ ਬਜਟ ਤੇ ਨੀਤੀਗਤ ਮਾਮਲਿਆਂ ਬਾਰੇ ਸਿਫ਼ਾਰਸ਼ਾਂ ਕੀਤੀਆਂ ਜਾਣਗੀਆਂ। ਇਸ ਸਾਰੀ ਸੁਣਵਾਈ ਦੌਰਾਨ ਸੂਬੇ ਦੇ ਸਿਹਤ ਵਿਭਾਗ ਦੇ ਪ੍ਰਮੁੱਖ ਅਧਿਕਾਰੀ ਆਪਣਾ ਪੱਖ ਵੀ ਰੱਖਣਗੇ।

## ਭਾਰਤੀ ਮੂਲ ਦਾ ਅਮੀਤ ਲਿਖਦਾ ਹੈ ਕੈਮਰੌਨ ਦਾ ਭਾਸ਼ਣ

**ਲੰਡਨ:** ਭਾਰਤੀ ਮੂਲ ਦੇ ਨਾਗਰਿਕ ਵੱਲੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਦਾ ਭਾਸ਼ਣ ਲਿਖਿਆ ਜਾਂਦਾ ਹੈ। ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਵੱਲੋਂ ਪਿਛਲੇ ਹਫ਼ਤੇ ਵਿਚ ਇਸਲਾਮਿਕ ਦਹਿਸ਼ਤਗਰਦਾਂ ਖ਼ਿਲਾਫ਼ ਦਿੱਤਾ ਭਾਸ਼ਣ 32 ਸਾਲਾ ਅਮੀਤ ਗਿੱਲ ਵੱਲੋਂ ਲਿਖਿਆ ਗਿਆ ਸੀ ਜੋ ਪ੍ਰਧਾਨ ਮੰਤਰੀ ਦਾ ਭਰੋਸੇਯੋਗ ਸਲਾਹਾਕਾਰ ਬਣ ਗਿਆ ਹੈ। 'ਡੇਲੀ ਮੇਲ' ਦੀ ਰਿਪੋਰਟ ਅਨੁਸਾਰ ਗਿੱਲ ਵੱਲੋਂ ਪੈਰ ਪੈਰ 'ਤੇ ਪ੍ਰਧਾਨ ਮੰਤਰੀ ਨੂੰ ਬਰਤਾਨਵੀ ਨੀਤੀਆਂ ਦੇ ਪ੍ਰਸੰਗ ਵਿਚ ਸਲਾਹ ਦੇ ਕੇ ਵਾਹ ਵਾਹ ਖੱਟੀ ਜਾਂਦੀ ਹੈ।


Korma Sutra Cuisine of India
*Overland Park, Kansas*
ਰੈਸਟੋਰੈਂਟ ਸਟਾਫ ਦੀ ਜ਼ਰੂਰਤ ਹੈ
ਓਵਰਲੈਂਡ, ਕੈਨਸਸ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਡਿਸ਼ ਵਾਸ਼ਰ, ਹੈਲਪਰ, ਤੰਦੂਰੀਏ ਕੁੱਕ, ਵੇਟਰ ਅਤੇ ਸ਼ੈਫ ਦੀ ਫੌਰੀ ਲੋੜ ਹੈ
ਸੰਪਰਕ ਕਰੋ
ਫੋਨ: 913-269-5727
31-35

ਰੈਸਟੋਰੈਂਟ ਸਟਾਫ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਕੁੱਕ, ਵੇਟਰ ਸਟਾਫ, ਹੈਲਪਰ ਅਤੇ ਹੋਰ ਸਹਾਇਕ ਸਟਾਫ ਦੀ ਲੋੜ ਹੈ
ਮੁਫਤ ਰਿਹਾਇਸ਼, ਵਧੀਆ ਤਨਖਾਹ
ਸੰਪਰਕ ਕਰੋ
ਫੋਨ: 918-984-8390
ਜਾਂ 918-576-1899
31-/

Motel For Sale
103 Room Motel For Sale in Texarkana, Arkansas located on interstate I-30.
900 Realtor Ave., Texarkana, AR 71854
*About 2.5 hours east of Dallas, Texas.*
Motel has 4 bedroom manager apartment and is estimated to do 550k in revenue this year.
Asking Price: $1.4 Millon
Can view listing on loopnet.com and the property id#19249997
Call listing broker:
Jerry Brewer 903-793-2666 or
Call: Harvinder Sandhu 870-648-5489
or email: Gurmail2300@yahoo.com
29-32

## ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਦਾ ਦੇਹਾਂਤ

**ਸ਼ਿਲੌਂਗ:** ਦੇਸ਼ ਦੇ ਮਿਜ਼ਾਈਲਮੈਨ ਵਜੋਂ ਜਾਣੇ ਜਾਂਦੇ ਸਾਬਕਾ ਰਾਸ਼ਟਰਪਤੀ ਅਬਦੁੱਲ ਕਲਾਮ ਦਾ ਇਥੇ ਹਸਪਤਾਲ 'ਚ ਦੇਹਾਂਤ ਹੋ ਗਿਆ। 84 ਵਰ੍ਹਿਆਂ ਦੇ ਡਾਕਟਰ ਕਲਾਮ



ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ 'ਚ ਭਾਸ਼ਨ ਦੇ ਰਹੇ ਸਨ ਜਦੋਂ ਉਹ ਸ਼ਾਮ ਨੂੰ ਸਾਢੇ 6 ਵਜੇ ਦੇ ਕਰੀਬ ਬੇਹੋਸ਼ ਹੋ ਕੇ ਡਿੱਗ ਪਏ। ਉਨ੍ਹਾਂ ਨੂੰ ਤੁਰੰਤ ਨੋਨਗ੍ਰਿਮ ਹਿੱਲਜ਼ ਦੇ ਬੇਥਨੀ ਹਸਪਤਾਲ ਦੇ ਆਈ.ਸੀ.ਯੂ. ਵਿਚ ਦਾਖ਼ਲ ਕਰਾਇਆ ਗਿਆ ਜਿਥੇ ਉਨ੍ਹਾਂ ਅੰਤਮ ਸਾਹ ਲਏ। ਸੈਨਾ ਦੇ ਹਸਪਤਾਲ ਅਤੇ ਉਤਰ ਪੂਰਬ ਇੰਦਰਾ ਗਾਂਧੀ ਖੇਤਰੀ ਹੈਲਥ ਅਤੇ ਮੈਡੀਕਲ ਸਾਇੰਸਿਜ਼ ਇੰਸਟੀਚਿਊਟ ਦੇ ਡਾਕਟਰ ਵੀ ਤੁਰੰਤ ਹਸਪਤਾਲ ਪਹੁੰਚੇ ਪਰ ਉਹ ਵੀ ਉਨ੍ਹਾਂ ਨੂੰ ਨਾ ਬਚਾ ਸਕੇ। ਰਾਸ਼ਟਰਪਤੀ ਪ੍ਰਣਬ ਮੁਖਰਜੀ, ਉਪ ਰਾਸ਼ਟਰਪਤੀ ਹਾਮਿਦ ਅਨਸਾਰੀ, ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗ੍ਰਹਿ ਮੰਤਰੀ ਰਾਜਨਾਥ ਸਿੰਘ, ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਗ਼ੁਲਾਮ ਨਬੀ ਆਜ਼ਾਦ, ਪੀ. ਚਿਦੰਬਰਮ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਹੋਰ ਕਈ ਆਗੂਆਂ ਨੇ ਡਾਕਟਰ ਕਲਾਮ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕੀਤਾ ਹੈ।

ਮਲਾਹ ਦੇ ਬੇਟੇ ਡਾਕਟਰ ਕਲਾਮ ਦਾ ਪੂਰਾ ਨਾਮ ਅਵੁਲ ਪਾਕਿਰ ਜੈਨੂਲਬਦੀਨ ਅਬਦੁੱਲ ਕਲਾਮ ਸੀ ਅਤੇ ਉਨ੍ਹਾਂ 18 ਜੁਲਾਈ 2002 ਨੂੰ ਦੇਸ਼ ਦੇ 11ਵੇਂ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਸੀ। ਮਿਜ਼ਾਈਲ ਪ੍ਰੋਗਰਾਮ 'ਚ ਅਹਿਮ ਯੋਗਦਾਨ ਦੇਣ ਲਈ 1997 'ਚ ਉਨ੍ਹਾਂ ਨੂੰ ਭਾਰਤ ਰਤਨ ਨਾਲ ਨਿਵਾਜਿਆ ਗਿਆ ਸੀ।

## ਯੋਗ ਟਿਕਾਣਾ ਉਡੀਕ ਰਹੀਆਂ ਹਨ ਸ਼ਹੀਦ ਊਧਮ ਸਿੰਘ ਦੀਆਂ ਵਸਤਾਂ

**ਸੁਨਾਮ:** ਸ਼ਹੀਦ ਊਧਮ ਸਿੰਘ ਦੇ ਵਸਤਾਂ ਸਾਂਭਣ ਲਈ ਸਿਆਸੀ ਆਗੂਆਂ ਨੂੰ ਹਾਲੇ ਤੱਕ ਅਜਾਇਬਘਰ ਬਣਾਏ ਜਾਣ ਲਈ ਕੋਈ ਯੋਗ ਥਾਂ ਨਹੀਂ ਲੱਭੀ। ਸਮੇਂ ਦੀਆਂ ਸਰਕਾਰਾਂ ਵੱਲੋਂ ਇੱਕ-ਅੱਧ ਵਾਰ ਨਹੀਂ, ਬਲਕਿ ਕਈ ਵਾਰ ਊਧਮ ਸਿੰਘ ਦੀ ਯਾਦ ਵਿਚ ਅਜਾਇਬਘਰ ਦੀ ਉਸਾਰੀ ਕਰਾਉਣ ਦਾ ਵਾਅਦਾ ਕੀਤਾ ਗਿਆ ਹੈ ਪ੍ਰੰਤੂ ਇਹ ਕੰਮ ਹਾਲੇ ਤੱਕ ਨਹੀਂ ਹੋ ਸਕਿਆ।

ਸੁਨਾਮ ਦੇ ਬਜ਼ੁਰਗ ਸਾਹਿਤਕਾਰ ਜੰਗੀਰ ਸਿੰਘ ਰਤਨ ਦਾ ਕਹਿਣਾ ਹੈ ਕਿ ਸ਼ਹੀਦ ਊਧਮ ਸਿੰਘ ਸੁਨਾਮ 'ਤੇ ਸਮੂਹ ਸੁਨਾਮ ਵਾਸੀਆਂ ਨੂੰ ਮਾਣ ਹੈ ਪਰ ਇਸ ਗੱਲ ਤੋਂ ਸਾਰੇ ਨਿਰਾਸ਼ ਹਨ ਕਿ ਸ਼ਹੀਦ ਦੀਆਂ ਜ਼ਰੂਰੀ ਵਸਤਾਂ ਵੱਖ ਵੱਖ ਥਾਂ ਖਿੱਲਰੀਆਂ ਪਈਆਂ ਹਨ। ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਰੱਖਣ ਲਈ ਵੀ ਪ੍ਰਸ਼ਾਸਨ ਕੋਲ ਕੋਈ ਯੋਗ ਥਾਂ ਨਹੀਂ ਹੈ। ਸ਼ਹੀਦ ਦੀਆਂ ਅਸਥੀਆਂ ਦੇ ਕਲਸ਼ ਸਰਕਾਰੀ ਕਾਲਜ ਵਿਚ ਪਏ ਹਨ।

ਸ਼ਹੀਦ ਬਾਰੇ ਕਈ ਕਿਤਾਬਾਂ ਲਿਖ ਚੁੱਕੇ ਲੇਖਕ ਰਾਕੇਸ਼ ਕੁਮਾਰ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਕਈ ਪੱਤਰ ਜੋ ਉਨ੍ਹਾਂ ਜੇਲ੍ਹ ਵਿਚੋਂ ਲਿਖੇ ਸਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਪਏ ਹਨ। ਸ਼ਹੀਦ ਦੀ ਪੁਸਤਕ 'ਵਾਰਿਸ ਸ਼ਾਹ ਦੀ ਹੀਰ' ਦੀ ਕਾਪੀ ਜਿਸ ਦੇ ਪੰਨਾ ਨੰਬਰ 282 'ਤੇ ਊਧਮ ਸਿੰਘ ਦੇ ਦਸਤਖ਼ਤ ਵੀ ਹਨ, ਦੇਸ਼ ਭਗਤ ਹਾਲ ਜਲੰਧਰ ਵਿਚ ਪਈ ਹੈ। ਸ਼ਹੀਦ ਦਾ ਮੰਜਾ ਟਰੰਕ, ਭਾਂਡੇ, ਲਾਲਟੈਨ ਆਦਿ ਸੈਂਟਰਲ ਖ਼ਾਲਸਾ ਯਤੀਮਖਾਨ ਅੰਮ੍ਰਿਤਸਰ (ਪੁਤਲੀਘਰ) ਵਿਚ ਪਏ ਹਨ। ਊਧਮ ਸਿੰਘ ਵੱਲੋਂ ਆਪਣੇ ਦੋਸਤ ਬਿਸ਼ਨ ਸਿੰਘ ਨੂੰ ਭੇਜੀ ਤਸਵੀਰ ਜਿਸ ਦੇ ਪਿੱਛੇ ਦਸਤਖ਼ਤ ਕੀਤੇ ਹੋਏ ਹਨ, ਬਿਸ਼ਨ ਸਿੰਘ ਦੇ ਪੁੱਤਰ ਅਵਤਾਰ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ ਕੋਲ ਪਈ ਹੈ। ਸ਼ਹੀਦ ਦਾ ਰਿਵਾਲਵਰ, ਜੇਬ ਡਾਇਰੀ, ਚਾਕੂ ਆਦਿ ਸਮਾਨ ਸਕਾਟਲੈਂਡ ਯਾਰਡ ਏਸ਼ੀਅਨ ਮਿਊਜ਼ੀਅਮ, ਲੰਡਨ ਵਿਚ ਪਿਆ ਹੈ। ਉਨ੍ਹਾਂ ਦੱਸਿਆ ਕਿ 2003 ਵਿਚ ਸਰਕਾਰ ਨੇ ਊਧਮ ਸਿੰਘ ਦੀਆਂ ਇੰਗਲੈਂਡ ਵਿਚ ਪਈਆਂ ਵਸਤਾਂ ਭਾਰਤ ਲਿਆਉਣ ਲਈ ਪੰਜ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਪ੍ਰੰਤੂ ਉਹ ਕੇਵਲ ਕਾਗਜ਼ਾਂ ਤੱਕ ਸੀਮਤ ਰਹਿ ਗਈ। ਇਸੇ ਦੌਰਾਨ ਅਜਾਇਬਘਰ ਦੀ ਉਸਾਰੀ ਸਬੰਧੀ ਸੰਗਰੂਰ ਦੇ ਡਿਪਟੀ ਕਮਿਸ਼ਨਰ ਅਰਸ਼ਦੀਪ ਸਿੰਘ ਥਿੰਦ ਨੇ ਕਿਹਾ ਕਿ ਅਜਾਇਬਘਰ ਦੀ ਉਸਾਰੀ ਲਈ ਦੋ-ਤਿੰਨ ਥਾਂਵਾਂ ਦੀ ਚੋਣ ਕੀਤੀ ਗਈ ਹੈ।

## ਗੱਦਾਫ਼ੀ ਦੇ ਪੁੱਤਰ ਨੂੰ ਸਜ਼ਾ-ਏ-ਮੌਤ

**ਤ੍ਰਿਪੋਲੀ:** ਲਿਬੀਆ ਦੀ ਅਦਾਲਤ ਨੇ ਮੁਆਮਾਰ ਗੱਦਾਫ਼ੀ ਦੇ ਪੁੱਤਰ ਸੈਫ਼ ਅਲ-ਇਸਲਾਮ ਨੂੰ ਯੁੱਧ ਅਪਰਾਧਾਂ ਅਤੇ ਸ਼ਾਂਤੀਪੂਰਬਕ ਪ੍ਰਦਰਸ਼ਨਾਂ ਨੂੰ ਨਾਕਾਮ ਕਰਨ ਦੇ ਦੋਸ਼ਾਂ ਹੇਠ ਸਜ਼ਾ-ਏ-ਮੌਤ ਸੁਣਾਈ ਹੈ।

ਅਦਾਲਤ ਨੇ ਗੱਦਾਫ਼ੀ ਦੇ ਸ਼ਾਸਨ ਕਾਲ ਸਮੇਂ ਦੇ 7 ਅਧਿਕਾਰੀਆਂ ਨੂੰ ਵੀ ਗੋਲੀਆਂ ਨਾਲ ਭੁੰਨਣ ਦੇ ਆਦੇਸ਼ ਦਿੱਤੇ ਹਨ। ਇਨ੍ਹਾਂ 'ਚ ਸਾਬਕਾ ਖ਼ੁਫ਼ੀਆ ਮੁਖੀ ਅਬਦੁੱਲਾ ਅਲ-ਸੇਨੁਸੀ ਅਤੇ ਸਾਬਕਾ ਪ੍ਰਧਾਨ ਮੰਤਰੀ ਬਗ਼ਦਾਦੀ ਅਲ-ਮਹਿਮੂਦੀ ਸ਼ਾਮਲ ਹਨ। ਮੁੱਖ ਜਾਂਚਕਰਤਾ ਸਾਦਿਕ ਅਲ-ਸੁਰ ਨੇ ਮੁਤਾਬਕ 8 ਹੋਰ ਸਾਬਕਾ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਜਦਕਿ 7 ਹੋਰ ਨੂੰ 12-12 ਸਾਲ ਲਈ ਜੇਲ੍ਹ ਭੇਜਿਆ ਗਿਆ ਹੈ।

## Matrimonial

### ਵਰ ਦੀ ਲੋੜ ਹੈ

ਜੱਟ ਸਿੱਖ ਗਰੇਵਾਲ, ਇੰਡੀਆ ਰਹਿੰਦੀ M.Sc., MCA, ਕਾਲਜ ਲੈਕਚਰਾਰ ਲੱਗੀ ਸੋਹਣੀ-ਸੁਨੱਖੀ 26 ਸਾਲਾ, 5'-7" ਲੜਕੀ ਲਈ ਨਸ਼ਾ ਰਹਿਤ ਯੋਗ ਲੜਕੇ ਦੀ ਲੋੜ ਹੈ। ਵੈਜੀਟੇਰੀਅਨ ਪਰਿਵਾਰ ਹੀ ਸੰਪਰਕ ਕਰਨ। ਫੋਨ (ਇੰਡੀਆ) 91-94785-68011 ਜਾਂ ਈਮੇਲ: san_deol@yahoo.com

Suitable Jatt Sikh match sought for Jatt Sikh U.S. Citizen girl 26, 5’2" BSc nursing and employed. The boy should be, well educated. Contact:630-930-8820 or bkaur0521@gmail.com 31-

### ਕੰਨਿਆ ਦੀ ਲੋੜ ਹੈ

Wanted suitable girl for Jatt Sikh Gill boy, 28, 6'-2", computer engineer, US citizen. Family settled in America from past 30 years. Contact 330-968-8191 or pkg89@yahoo.com 30-33

Wanted US citizen/green card holder beautiful girl from Nai family for a handsome boy from Nai family, US Visa holder (Family visa), 27, 5'-9'', B.B.A (convent educated), industrialist high status family. Please Contact, Ph: 646-318-1589, Advjatinderpalsingh@gmail.com 29-

ਬੇਅ ਏਰੀਏ ਵਿਚ ਇਕ ਵੱਡੀ ਕੰਪਨੀ 'ਚ ਅਕਾਊਂਟ ਮੈਨੇਜਰ ਵਜੋਂ ਕੰਮ ਕਰਦੇ 32 ਸਾਲਾ ਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 301-292-1494, E-mail: amriknagi@yahoo.com 29-

SUPER TRAVEL
847-676-9090, 773-465-5566
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*

*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250

ਲੋੜ ਹੈ
ਇੰਡੀਅਨ ਰੈਸਟੋਰੈਂਟ ਵਿੱਚ
ਕਿਚਨ ਹੈਲਪਰ
ਲੇਡੀਜ਼ ਅਤੇ ਪੁਰਸ਼
ਦੀ ਤੁਰੰਤ ਲੋੜ ਹੈ
ਵੇਟਰਸ ਦੀ ਵੀ ਜਰੂਰਤ ਹੈ
ਸੰਪਰਕ ਕਰੋ
661-364-0341

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬੰਦੀ ਸਿੱਖਾਂ ਦੀ ਰਿਹਾਈ 'ਚ ਕਾਨੂੰਨੀ ਅੜਿੱਕਾ ਬਣਿਆ ਵੱਡਾ ਅੜਿੱਕਾ

**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਸੂਬਿਆਂ ਨੂੰ ਕੈਦੀਆਂ ਦੀ ਸਜ਼ਾ ਮੁਆਫੀ ਬਾਰੇ ਅਧਿਕਾਰ ਦੇਣ ਦੇ ਬਾਵਜੂਦ ਸਿੱਖ ਕੈਦੀਆਂ ਨੂੰ ਕੋਈ ਰਾਹਤ ਨਹੀਂ ਮਿਲੇਗੀ। ਅਦਾਲਤ ਵੱਲੋਂ ਲਾਈਆਂ ਸ਼ਰਤਾਂ ਸਿੱਖ ਕੈਦੀਆਂ ਦੀ ਰਿਹਾਈ ਵਿਚ ਅੜਿੱਕਾ ਬਣ ਗਈਆਂ ਹਨ। ਪੰਜਾਬ ਤੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਜ਼ਿਆਦਾਤਰ ਸਿੱਖ ਕੈਦੀਆਂ ਉਤੇ ਟਾਡਾ ਲੱਗਾ ਹੋਇਆ ਹੈ ਜਾਂ ਫਿਰ ਸੀ.ਬੀ.ਆਈ. ਜਾਂਚ ਤੋਂ ਬਾਅਦ ਹੀ ਸਜ਼ਾ ਸੁਣਾਈ ਗਈ ਹੈ। ਸ਼ਰਤਾਂ ਮੁਤਾਬਕ ਰਾਜੀਵ ਗਾਂਧੀ ਦੀ ਹੱਤਿਆ ਦੇ ਦੋਸ਼ੀ, ਬਲਾਤਕਾਰ ਪਿੱਛੋਂ ਹੱਤਿਆ ਤੇ ਟਾਡਾ ਤਹਿਤ ਸਜ਼ਾ ਪ੍ਰਾਪਤ ਕੈਦੀ ਮੁਆਫੀ ਦੇ ਹੱਕਦਾਰ ਨਹੀਂ।

ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਜਿਨ੍ਹਾਂ 65 ਬੰਦੀਆਂ ਦੀ ਸੂਚੀ ਸੂਬਾ ਸਰਕਾਰ ਨੂੰ ਦਿੱਤੀ ਗਈ ਹੈ, ਉਨ੍ਹਾਂ ਵਿਚੋਂ ਸਿਰਫ ਦੋ ਕੈਦੀ ਹਰਦੀਪ ਸਿੰਘ ਅਤੇ ਬਾਜ ਸਿੰਘ ਨੂੰ ਹੀ ਛੱਡਿਆ ਜਾ ਸਕਦਾ ਹੈ। ਉਨ੍ਹਾਂ 'ਤੇ ਆਰਮਜ਼ ਐਕਟ ਤਹਿਤ ਕੇਸ ਦਰਜ ਹਨ। ਇਨ੍ਹਾਂ ਵਿਚੋਂ 26 ਅੰਡਰ-ਟ੍ਰਾਇਲ ਹਨ ਤੇ 15 ਅਜਿਹੇ ਹਨ ਜਿਨ੍ਹਾਂ ਨੂੰ ਉਮਰ ਕੈਦ ਤੋਂ ਘੱਟ ਸਜ਼ਾ ਹੋਈ ਹੈ ਤੇ ਉਹ ਕੈਦ ਭੁਗਤਣ ਤੋਂ ਬਾਅਦ ਰਿਹਾਅ ਹੋ ਸਕਦੇ ਹਨ। ਤਿੰਨ ਕੈਦੀਆਂ ਬਾਰੇ ਸੂਬਾ ਸਰਕਾਰ ਨੂੰ ਕੋਈ ਜਾਣਕਾਰੀ ਹੀ ਨਹੀਂ ਹੈ। 65 ਵਿਚੋਂ ਕੁੱਲ 20 ਕੈਦੀ ਅਜਿਹੇ ਹਨ ਜਿਨ੍ਹਾਂ ਨੂੰ ਅਦਾਲਤਾਂ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੋਈ ਹੈ। ਇਨ੍ਹਾਂ ਵਿਚੋਂ ਵੀ 15 ਬੰਦੀ ਹੋਰ ਰਾਜਾਂ ਦੀਆਂ ਜੇਲ੍ਹਾਂ ਵਿਚ ਹਨ ਤੇ ਸਬੰਧਤ ਰਾਜਾਂ ਦੀਆਂ



ਅਦਾਲਤਾਂ ਨੇ ਹੀ ਸਜ਼ਾਵਾਂ ਸੁਣਾਈਆਂ ਹਨ। ਇਨ੍ਹਾਂ ਵਿਚੋਂ ਚੰਡੀਗੜ੍ਹ ਵਿਚ ਅੱਠ, ਰਾਜਸਥਾਨ ਵਿਚ ਚਾਰ, ਕਰਨਾਟਕ, ਉੱਤਰ ਪ੍ਰਦੇਸ਼ ਤੇ ਗੁਜਰਾਤ ਵਿਚ ਇਕ-ਇਕ ਕੈਦੀ ਹੈ। ਇਸ ਤਰ੍ਹਾਂ ਸਿਰਫ ਪੰਜ ਵਿਅਕਤੀ ਪੰਜਾਬ ਦੀਆਂ ਜੇਲ੍ਹਾਂ ਵਿਚ ਹਨ। ਇਨ੍ਹਾਂ ਵਿਚੋਂ ਵੀ ਇਕ ਬੰਦੀ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਹੋਈ ਹੈ। ਇਸ ਸੂਚੀ ਵਿਚ ਤਿੰਨ ਬੰਦੀ ਦਿਲਬਾਗ ਸਿੰਘ, ਸਵਰਨ ਸਿੰਘ ਅਤੇ ਬਲਬੀਰ ਸਿੰਘ ਭੂਤਨਾ ਅਜਿਹੇ ਹਨ ਜਿਨ੍ਹਾਂ ਨੂੰ ਅਦਾਲਤ ਵੱਲੋਂ ਸੁਣਾਈ ਗਈ ਸਜ਼ਾ ਮੁਕੰਮਲ ਨਹੀਂ ਹੋਈ ਤੇ ਮਾਮਲਾ ਵਿਚਾਰਿਆ ਹੀ ਨਹੀਂ ਜਾ ਸਕਦਾ। ਕਾਬਲੇਗੌਰ ਹੈ ਕਿ ਬਾਪੂ ਸੂਰਤ ਸਿੰਘ ਖਾਲਸਾ ਦੇ ਹਮਾਇਤੀਆਂ ਵੱਲੋਂ ਉਮਰ ਕੈਦ ਤੋਂ ਵੱਧ ਸਜ਼ਾ ਭੁਗਤਣ ਵਾਲੇ ਜਿਹੜੇ 17 ਕੈਦੀਆਂ ਦੀ ਸੂਚੀ ਦਿੱਤੀ ਜਾ ਰਹੀ ਹੈ, ਉਹ ਸਾਰੇ ਮਾਮਲੇ ਟਾਡਾ ਜਾਂ ਸੀ.ਬੀ.ਆਈ. ਦੀ ਜਾਂਚ ਵਾਲੇ ਕੇਸ ਹੀ ਹਨ। ਇਸ ਕਰ ਕੇ ਇਨ੍ਹਾਂ ਸਾਰੇ ਕੈਦੀਆਂ ਦੀ ਉਮਰ ਕੈਦ ਮੁਆਫ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ। ਇਸੇ ਤਰ੍ਹਾਂ ਲੁਧਿਆਣਾ ਬੈਂਕ ਡਕੈਤੀ ਦੇ ਪੈਸਿਆਂ ਨੂੰ ਖੁਰਦ-ਬੁਰਦ ਕਰਨ ਦੇ ਕੇਸ ਵਿਚ 10-10 ਸਾਲ ਸਜ਼ਾ ਭੁਗਤ ਰਹੇ 11 ਸਿੱਖ ਕੈਦੀਆਂ ਨੂੰ ਵੀ ਕਿਸੇ ਤਰ੍ਹਾਂ ਦੀ ਰਾਹਤ ਦਾ ਰਸਤਾ ਤਕਰੀਬਨ ਬੰਦ ਹੀ ਹੋ ਗਿਆ ਹੈ ਕਿਉਂਕਿ ਇਹ ਕੇਸ ਵੀ ਟਾਡਾ ਅਧੀਨ ਦਰਜ ਹੋਇਆ ਸੀ।

## ਖਾਲਸਾ ਨੂੰ ਮਨਾਉਣ ਲਈ ਜਥੇਦਾਰ ਤੇ ਸਰਕਾਰ ਸਰਗਰਮ

**ਲੁਧਿਆਣਾ:** ਬੰਦੀ ਸਿੱਖਾਂ ਦੀ ਰਿਹਾਈ ਲਈ ਭੁੱਖ ਹੜਤਾਲ ਉਤੇ ਬੈਠੇ ਸੂਰਤ ਸਿੰਘ ਖਾਲਸਾ ਦੀ ਵਿਗੜਦੀ ਹਾਲਤ ਪਿੱਛੋਂ ਜਿਥੇ ਪੰਜਾਬ ਸਰਕਾਰ ਉਨ੍ਹਾਂ ਨੂੰ ਮਨਾਉਣ ਲਈ ਸਰਗਰਮੀ ਵਿਖਾ ਰਹੀ ਹੈ, ਉਥੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵੱਲੋਂ ਵੀ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਬਾਪੂ ਸੂਰਤ ਸਿੰਘ ਦਾ ਪਰਿਵਾਰ ਇਸ ਗੱਲ ਤੋਂ ਖਾਸਾ ਨਾਰਾਜ਼ ਹੈ। ਸੂਰਤ ਸਿੰਘ ਖਾਲਸਾ ਦੇ ਪੁੱਤਰ ਰਵਿੰਦਰਜੀਤ ਸਿੰਘ ਗੋਗੀ ਨੇ ਦੋਸ਼ ਲਾਇਆ ਹੈ ਕਿ ਜਥੇਦਾਰ, ਸਰਕਾਰ ਦੇ ਕਹਿਣ 'ਤੇ ਹਸਪਤਾਲ ਉਨ੍ਹਾਂ ਦੇ ਪਿਤਾ ਨੂੰ ਮਿਲਣ ਆ ਰਹੇ ਹਨ। ਛੇ ਮਹੀਨਿਆਂ ਤੋਂ ਉਨ੍ਹਾਂ ਦੀ ਕਿਸੇ ਨੇ ਬਾਤ ਨਹੀਂ ਪੁੱਛੀ ਤੇ ਹੁਣ ਪਿਛਲੇ ਦਰਵਾਜ਼ੇ ਤੋਂ ਬਿਨਾਂ ਕਿਸੇ ਨੂੰ ਦੱਸੇ ਜਥੇਦਾਰ ਹਸਪਤਾਲ ਪਤਾ ਲੈਣ ਪੁੱਜ ਰਹੇ ਹਨ।

### ਰਿਹਾਈ ਲਈ ਇਹ ਹੈ ਇਕ ਰਾਹ...

ਸੂਬਾ ਸਰਕਾਰਾਂ ਕੁਝ ਵਿਸ਼ੇਸ਼ ਬੰਦੀਆਂ ਨੂੰ ਰਿਹਾਅ ਕਰਨ ਲਈ ਸੁਪਰੀਮ ਕੋਰਟ ਤੱਕ ਦਲੀਲ ਸਹਿਤ ਆਪਣਾ ਪੱਖ ਪੇਸ਼ ਕਰ ਕੇ ਰਿਹਾਈ ਕਰਵਾ ਸਕਦੀਆਂ ਹਨ। ਸੇਵਾ ਮੁਕਤ ਜੱਜ ਆਰ.ਐਸ. ਸੋਢੀ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਹੀ ਗੁਰਮੀਤ ਸਿੰਘ ਪਿੰਕੀ ਨੂੰ ਅੱਠ ਸਾਲ ਦੀ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਤੇ ਡੀ.ਐਸ.ਪੀ. ਜਸਪਾਲ ਸਿੰਘ ਨੂੰ ਸਿਰਫ਼ ਇਕ ਸਾਲ ਅਤੇ ਅੱਠ ਮਹੀਨੇ ਦੀ ਸਜ਼ਾ ਭੁਗਤਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਸੰਵਿਧਾਨ ਦੀ ਧਾਰਾ 72 ਅਧੀਨ ਕੇਂਦਰ ਸਰਕਾਰ ਤੇ ਧਾਰਾ 161 ਅਧੀਨ ਰਾਜ ਸਰਕਾਰਾਂ ਨੂੰ ਕੈਦੀ ਦੇ ਚਾਲ-ਚਲਨ, ਬਿਮਾਰੀ, ਬਿਰਧ ਅਵਸਥਾ ਆਦਿ ਦੇ ਆਧਾਰ ਉਤੇ ਸਜ਼ਾ ਵਿਚ ਛੋਟ, ਮੁਆਫ਼ੀ ਦੇਣ ਅਤੇ ਸਜ਼ਾ ਮੁਅੱਤਲ ਕਰਨ ਦਾ ਅਧਿਕਾਰ ਹੈ।

# 84 ਵਿਚ ਖੁੱਸੇ ਸਾਹਿਤਕ ਖਜ਼ਾਨੇ ਲਈ ਹੋਵੇਗਾ ਤਰੱਦਦ

**ਅੰਮ੍ਰਿਤਸਰ:** 1984 ਦੇ ਫੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਿੱਖ ਰੈਫਰੈਂਸ ਲਾਇਬ੍ਰੇਰੀ 'ਚੋਂ ਇਤਿਹਾਸਕ ਦਸਤਾਵੇਜ਼ਾਂ ਤੋਂ ਇਲਾਵਾ ਹੱਥ ਲਿਖਤ ਖਰੜੇ, ਅਨਮੋਲ ਪੁਸਤਕਾਂ ਤੇ ਪੱਤਰਾਂ ਦਾ ਅਨਮੋਲ ਸਰਮਾਇਆ ਜੋ ਫੌਜ ਚੁੱਕ ਕੇ ਲੈ ਗਈ ਸੀ, ਨੂੰ ਹੁਣ ਤੱਕ ਵਾਪਸ ਨਾ ਕੀਤੇ ਜਾਣ ਕਾਰਨ ਜਿਥੇ ਸਿੱਖਾਂ 'ਚ ਅਜੇ ਵੀ ਰੋਸ ਦੀ ਲਹਿਰ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਹਿਤਕ ਖਜ਼ਾਨੇ ਦਾ ਬਦਲ ਬਹਾਲ ਕਰਨ ਦੀ ਕੋਸ਼ਿਸ਼ ਕਰਦਿਆਂ ਸਿੱਖ ਇਤਿਹਾਸ ਖੋਜ ਵਿਭਾਗ ਨੂੰ ਨਵਿਆਉਣ ਦੇ ਸੰਭਵ ਉਪਰਾਲੇ ਕੀਤੇ ਜਾਣਗੇ।

ਸਿੱਖ ਇਤਿਹਾਸ ਖੋਜ ਵਿਭਾਗ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਲੰਮੇ ਸਮੇਂ ਤੋਂ ਕੇਂਦਰ ਸਰਕਾਰ ਨਾਲ ਪੱਤਰ-ਵਿਹਾਰ ਕਰ ਕੇ ਅਨਮੋਲ ਤੇ ਇਤਿਹਾਸਕ ਦਸਤਾਵੇਜ਼ਾਂ ਅਤੇ ਵਸਤਾਂ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਹੁਣ ਤੱਕ ਸਿਰਫ 75 ਪੁਸਤਕਾਂ ਹੀ ਵਾਪਸ ਕੀਤੀਆਂ ਗਈਆਂ ਹਨ। ਸ਼੍ਰੋਮਣੀ ਕਮੇਟੀ ਇਸ ਲਾਇਬ੍ਰੇਰੀ ਦੀ ਸ਼ਾਨੋ-ਸ਼ੌਕਤ ਬਹਾਲ ਕਰੇਗੀ। ਸਿੱਖ ਰੈਫਰੈਂਸ ਲਾਇਬ੍ਰੇਰੀ 'ਚ ਇਸ ਸਮੇਂ ਕੁੱਲ 23359 ਪੁਸਤਕਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 487 ਹੱਥ ਲਿਖਤ ਸਰੂਪ, 65 ਦਸਮ ਗ੍ਰੰਥ ਤੇ 956 ਹੱਥ ਲਿਖਤ ਪੋਥੀਆਂ ਮੌਜੂਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 290 ਪਾਵਨ ਸਰੂਪ, 51 ਦਸਮ ਗ੍ਰੰਥ, 247 ਫੋਟੋ ਐਲਬਮ, 1750 ਹੋਰ ਪੁਸਤਕਾਂ ਤੇ 618 ਹੱਥ ਲਿਖਤਾਂ ਡਿਜੀਟਲ ਕਰ ਲਈਆਂ ਗਈਆਂ ਹਨ। ਲਾਇਬ੍ਰੇਰੀ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਸ 'ਚ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਭਾਸ਼ਾ ਤੋਂ ਇਲਾਵਾ ਚੀਨੀ, ਤਾਮਿਲ, ਉਰਦੂ ਤੇ ਸੰਸਕ੍ਰਿਤ ਦੀਆਂ ਪੁਸਤਕਾਂ ਵੀ ਹਨ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਬਾਰੇ ਕਿਸੇ ਕੋਲ ਪਏ ਪੁਰਾਣੇ ਖਰੜੇ ਵੀ ਸਿੱਖ ਰੈਫਰੈਂਸ ਲਾਇਬ੍ਰੇਰੀ 'ਚ ਲਿਆਉਣ ਲਈ ਯਤਨ ਕੀਤੇ ਜਾਣਗੇ।

# ਪੰਜਾਬ ਦੇ ਬਹੁਤੇ ਥਾਣੇ ਏ.ਕੇ. 47 ਰਾਈਫਲਾਂ ਤੋਂ ਵਾਂਝੇ

**ਬਠਿੰਡਾ:** ਪੰਜਾਬ ਦੇ ਬਹੁਤੇ ਥਾਣੇ ਏ.ਕੇ. 47 ਰਾਈਫਲਾਂ ਤੋਂ ਵਾਂਝੇ ਹਨ। ਵੀ.ਆਈ.ਪੀ. ਲੋਕਾਂ ਅਤੇ ਅਫਸਰਾਂ ਨੇ ਆਪਣੀ ਸੁਰੱਖਿਆ ਵਾਸਤੇ ਏ.ਕੇ. 47 ਰਾਈਫਲਾਂ ਲਈਆਂ ਹੋਈਆਂ ਹਨ। ਦੀਨਾਨਗਰ ਦੇ ਅਤਿਵਾਦੀ ਹਮਲੇ ਮਗਰੋਂ ਥਾਣਿਆਂ ਨੇ ਮੁੜ ਏ.ਕੇ. 47 ਰਾਈਫਲਾਂ ਦੀ ਲੋੜ ਮਹਿਸੂਸ ਕੀਤੀ ਹੈ।

ਫਰੀਦਕੋਟ ਪੁਲਿਸ ਤੋਂ ਆਰ.ਟੀ.ਆਈ. ਤਹਿਤ ਜੋ ਸੂਚਨਾ ਪ੍ਰਾਪਤ ਹੋਈ ਹੈ, ਉਸ ਅਨੁਸਾਰ ਜ਼ਿਲ੍ਹੇ ਦੇ ਕਿਸੇ ਵੀ ਥਾਣੇ ਵਿਚ ਏ.ਕੇ. 47 ਰਾਈਫਲ ਨਹੀਂ ਹੈ। ਸਾਲ 2008 ਤੋਂ 2011 ਤੱਕ ਇਸ ਜ਼ਿਲ੍ਹੇ ਵਿਚ ਕੁੱਲ 50 ਏ.ਕੇ. 47 ਸਨ ਅਤੇ ਇਹ ਸਾਰੀਆਂ ਹੀ ਵੀ.ਆਈ.ਪੀਜ਼. ਅਤੇ ਅਫਸਰਾਂ ਦੇ ਗੰਨਮੈਨਾਂ ਕੋਲ ਸਨ। ਸਾਲ 2011-12 ਵਿਚ ਇਸ ਜ਼ਿਲ੍ਹੇ ਨੂੰ 25 ਹੋਰ ਏ.ਕੇ. 47 ਰਾਈਫਲਾਂ ਮਿਲ ਗਈਆਂ ਸਨ। ਇਸ ਵੇਲੇ ਜ਼ਿਲ੍ਹਾ ਪੁਲਿਸ ਕੋਲ ਕੁੱਲ 75 ਏ.ਕੇ. 47 ਹਨ ਜਿਨ੍ਹਾਂ 'ਚੋਂ 59 ਰਾਈਫਲਾਂ ਵੀ.ਆਈ.ਪੀਜ਼. ਅਤੇ ਅਫਸਰਾਂ ਦੀ ਸੁਰੱਖਿਆ ਵਿਚ ਹਨ।

ਥਾਣਿਆਂ ਵਿਚ ਇਨ੍ਹਾਂ ਰਾਈਫਲਾਂ ਦੀ ਗਿਣਤੀ ਸਿਫ਼ਰ ਹੈ ਜਦੋਂ ਕਿ ਬਾਕੀ 16 ਰਾਈਫਲਾਂ ਜ਼ਿਲ੍ਹਾ ਅਸਲਾ ਭੰਡਾਰ ਵਿਚ ਹਨ। ਬਠਿੰਡਾ ਜ਼ਿਲ੍ਹੇ ਦੇ ਥਾਣਿਆਂ ਤੋਂ ਪ੍ਰਾਪਤ ਸੂਚਨਾ ਅਨੁਸਾਰ ਜ਼ਿਲ੍ਹੇ ਦੇ 20 ਥਾਣਿਆਂ 'ਚੋਂ ਸਿਰਫ ਸੱਤ ਵਿਚ ਹੀ ਏ.ਕੇ. 47 ਰਾਈਫਲਾਂ ਹਨ। ਜ਼ਿਲ੍ਹੇ 100 ਦੇ ਕਰੀਬ ਏ.ਕੇ. 47 ਹਨ, ਜਿਨ੍ਹਾਂ 'ਚੋਂ ਵੱਡੀ ਗਿਣਤੀ ਵੀ.ਆਈ.ਪੀਜ਼. ਅਤੇ ਅਫਸਰਾਂ ਕੋਲ ਹਨ। ਐਸ.ਐਸ.ਪੀ. (ਬਠਿੰਡਾ) ਇੰਦਰਮੋਹਨ ਸਿੰਘ ਭੱਟੀ ਦਾ ਕਹਿਣਾ ਹੈ ਕਿ ਥਾਣਿਆਂ ਵਿਚ ਲੋੜ ਅਨੁਸਾਰ ਏ.ਕੇ. 47 ਰਾਈਫਲਾਂ ਹਨ ਅਤੇ ਪਿਛਲੇ ਦੋ ਵਰ੍ਹਿਆਂ ਵਿਚ ਹੋਰ ਏ.ਕੇ. 47 ਰਾਈਫਲਾਂ ਵੀ ਪ੍ਰਾਪਤ ਹੋਈਆਂ ਹਨ। ਪੰਜਾਬ ਦੇ ਸਰਹੱਦੀ ਖੇਤਰ ਨੂੰ ਕਰੀਬ 9500 ਏ.ਕੇ. 47 ਰਾਈਫਲਾਂ ਦਿੱਤੀਆਂ ਹੋਈਆਂ ਹਨ। ਸਰਹੱਦੀ ਖੇਤਰ ਦੀ ਸਥਿਤੀ ਥੋੜ੍ਹੀ ਬਿਹਤਰ ਹੈ।

ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਨੇ ਦੋ ਵਰ੍ਹੇ ਪਹਿਲਾਂ ਕਰੀਬ ਦੋ ਹਜ਼ਾਰ ਤੋਂ ਵਧੇਰੇ ਨਵੀਆਂ ਏ.ਕੇ. 47 ਰਾਈਫਲਾਂ ਦੀ ਖਰੀਦ ਵੀ ਕੀਤੀ ਸੀ ਅਤੇ ਹਰ ਜ਼ਿਲ੍ਹੇ ਨੂੰ ਮੰਗ ਅਨੁਸਾਰ ਇਨ੍ਹਾਂ ਦੀ ਵੰਡ ਕੀਤੀ ਗਈ ਸੀ। ਮੁਕਤਸਰ ਤੇ ਲੁਧਿਆਣਾ ਜ਼ਿਲ੍ਹੇ ਦੇ ਦੋ ਅਧਿਕਾਰੀਆਂ ਨੇ ਦੱਸਿਆ ਕਿ ਵਧੀਆ ਰਾਈਫਲਾਂ ਤਾਂ ਵੀ.ਆਈ.ਪੀਜ਼. ਹੀ ਲੈ ਜਾਂਦੇ ਹਨ। ਪਹਿਲੀ ਵਾਰ 1991 ਵਿਚ ਪੰਜਾਬ ਪੁਲਿਸ ਨੇ 1021 ਏ.ਕੇ. 47 ਰਾਈਫਲਾਂ ਦੀ ਖਰੀਦ ਕੀਤੀ ਸੀ।

# ਦੀਨਾਨਗਰ 'ਚ ਦਹਿਸ਼ਤੀ ਹਮਲੇ ਨੇ ਛੇੜੇ ਕਈ ਸਵਾਲ

*(ਸਫਾ ਇਕ ਦੀ ਬਾਕੀ)*

ਪਰ ਬਾਅਦ ਵਿਚ ਉਹ ਅਤਿਵਾਦੀਆਂ ਦੀਆਂ ਗੋਲੀਆਂ ਵੱਜਣ ਨਾਲ ਜ਼ਖ਼ਮੀ ਹੋ ਗਿਆ। ਉਧਰ ਦੀਨਾਨਗਰ ਦੇ ਤਾਰਾਗੜ੍ਹ ਮੋੜ ਨੇੜੇ ਹਮਲੇ ਤੋਂ ਪਹਿਲਾਂ ਦਹਿਸ਼ਤਗਰਦਾਂ ਦੀ ਸੜਕ ਉਤੇ ਘੁੰਮਦਿਆਂ ਦੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਹੈ। ਫੁਟੇਜ ਵਿਚ ਤਿੰਨ ਜਣੇ ਫ਼ੌਜੀ ਵਰਦੀ ਤੇ ਏ.ਕੇ. 47 ਹੱਥ ਵਿਚ ਫੜੀ ਨਜ਼ਰ ਆ ਰਹੇ ਹਨ।

**ਰੇਲਵੇ ਟਰੈਕਮੈਨ ਦੀ ਫੁਰਤੀ:** ਰੇਲਵੇ ਦੇ ਟਰੈਕਮੈਨ ਅਸ਼ਵਨੀ ਸੈਣੀ ਵੱਲੋਂ ਸਮੇਂ ਸਿਰ ਦਿਖਾਈ ਮੁਸਤੈਦੀ ਨਾਲ 270 ਵਿਅਕਤੀਆਂ ਦੀ ਜਾਨ ਬਚ ਗਈ। ਪਠਾਨਕੋਟ ਤੋਂ 5.10 ਉੱਤੇ ਤੁਰੀ ਰੇਲ ਗੱਡੀ ਨੂੰ ਉਸ ਪੁਲ ਤੋਂ ਸਿਰਫ ਸੌ ਮੀਟਰ ਦੂਰ ਰੋਕ ਲਿਆ ਗਿਆ, ਜਿਸ ਪੁਲ ਉੱਤੇ ਅਤਿਵਾਦੀਆਂ ਨੇ ਪੰਜ ਬੰਬ ਰੱਖੇ ਸਨ। ਰੇਲ ਗੱਡੀ ਦੇ ਸੱਤ ਡੱਬੇ ਸਨ।

ਇਹ ਪੁਲ ਦੀਨਾਨਗਰ ਤੋਂ ਸਿਰਫ ਦੋ ਕਿਲੋਮੀਟਰ ਹੀ ਦੂਰ ਪੈਂਦਾ ਹੈ। ਅਸ਼ਵਨੀ ਸੈਣੀ ਦੀ ਦੀਨਾਨਗਰ ਤੋਂ ਝੱਖੋਲਾੜੀ ਤੱਕ ਰੇਲਵੇ ਲਾਈਨ ਉੱਤੇ ਡਿਊਟੀ ਸੀ।

**ਪਾਕਿਸਤਾਨ ਨੂੰ ਚਿਤਾਵਨੀ:** ਦੀਨਾਨਗਰ ਅਤਿਵਾਦੀ ਹਮਲੇ ਦੇ ਮੱਦੇਨਜ਼ਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਭਾਰਤ ਪਾਕਿਸਤਾਨ ਨਾਲ ਮਿੱਤਰਤਾ ਵਾਲੇ ਸਬੰਧ ਚਾਹੁੰਦਾ ਹੈ, ਪਰ ਜੇ ਰਾਸ਼ਟਰੀ ਸਵੈਮਾਨ ਨੂੰ ਚੁਣੌਤੀ ਦਿੱਤੀ ਗਈ ਤਾਂ ਮੂੰਹ-ਤੋੜ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਗੁਆਂਢੀ ਨੂੰ ਦੱਸਣਾ ਚਾਹੁੰਦੇ ਹਨ ਕਿ ਅਸੀਂ ਸ਼ਾਂਤੀ ਚਾਹੁੰਦੇ ਹਾਂ ਪਰ ਆਪਣੇ ਰਾਸ਼ਟਰੀ ਸਵੈਮਾਨ ਦੀ ਕੀਮਤ ਉਤੇ ਨਹੀਂ। ਅਸੀਂ ਪਹਿਲਾਂ ਹਮਲਾ ਨਹੀਂ ਕਰਾਂਗੇ ਪਰ ਜੇਕਰ ਚੁਣੌਤੀ ਦਿੱਤੀ ਗਈ ਤਾਂ ਮੂੰਹ-ਤੋੜ ਜਵਾਬ ਦੇਵਾਂਗੇ।

**ਬਹਿਸ ਵਿਚ ਉਲਝੀਆਂ ਸੁਰੱਖਿਆ ਏਜੰਸੀਆਂ:** ਹਮਲੇ ਤੋਂ ਬਾਅਦ ਆਤਮ-ਚਿੰਤਨ ਦੀ ਥਾਂ ਸੁਰੱਖਿਆ ਏਜੰਸੀਆਂ ਹਮਲੇ ਦੀ ਅਗਾਊਂ ਜਾਣਕਾਰੀ ਹੋਣ ਦਾ ਦਾਅਵਾ ਕਰਨ ਦੇ ਨਾਲ-ਨਾਲ ਇਕ-ਦੂਜੇ ਉਤੇ ਜ਼ਿੰਮੇਵਾਰੀ ਮੜ੍ਹਨ ਦੇ ਰਾਹ ਪੈ ਗਈਆਂ ਹਨ। ਸੂਬਾਈ ਏਜੰਸੀ ਕਹਿ ਰਹੀ ਹੈ ਕਿ ਉਸ ਨੇ ਸਰਹੱਦ ਪਾਰੋਂ ਅਤਿਵਾਦੀਆਂ ਦੀ ਘੁਸਪੈਠ ਦੀ ਸੰਭਾਵਨਾ ਸਬੰਧੀ ਸੀਮਾ ਸੁਰੱਖਿਆ ਬਲਾਂ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ। ਦੂਜੇ ਪਾਸੇ ਇੰਟੈਲੀਜੈਂਸ ਬਿਊਰੋ (ਆਈ.ਬੀ.) ਤੇ ਸੁਰੱਖਿਆ ਬਲ ਸੂਬਾ ਪੁਲਿਸ ਨੂੰ ਇਸ ਹਮਲੇ ਦੀ ਸੰਭਾਵਨਾ ਬਾਰੇ ਪਹਿਲਾਂ ਹੀ ਜਾਣਕਾਰੀ ਦੇਣ ਦੇ ਦਾਅਵੇ ਕਰ ਰਹੇ ਹਨ।

## ਅਮਰੀਕੀ ਸਫ਼ਾਰਤਖ਼ਾਨੇ ਦੇ ਮੁਲਾਜ਼ਮ ਦੀ ਹੱਤਿਆ

**ਇਸਲਾਮਾਬਾਦ:** ਅਮਰੀਕੀ ਸਫ਼ਾਰਤਖ਼ਾਨੇ ਦੇ ਪਾਕਿਸਤਾਨੀ ਮੁਲਾਜ਼ਮ ਨੂੰ ਅਣਪਛਾਤੇ ਵਿਅਕਤੀ ਨੇ ਗੋਲੀ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਇਕਬਾਲ ਬੇਗ ਵਜੋਂ ਹੋਈ ਹੈ। ਉਹ ਯੂ.ਐਸ. ਡਰੱਗ ਇਨਫੋਰਸਮੈਂਟ ਏਜੰਸੀ (ਡੀ.ਈ.ਏ.) ਲਈ ਕੰਮ ਕਰਦਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ

# ਹਰਿਆਣਾ ਵੀ ਨਸ਼ਿਆਂ ਦੀ ਗ੍ਰਿਫਤ 'ਚ ਆਇਆ



**ਚੰਡੀਗੜ੍ਹ:** ਨਸ਼ਿਆਂ ਦੇ ਮੱਕੜਜਾਲ ਨੇ ਹੁਣ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਨੂੰ ਵੀ ਆਪਣੇ ਲਪੇਟੇ ਵਿਚ ਲੈ ਲਿਆ ਹੈ। ਹਰਿਆਣਾ ਵਿਚ ਨਸ਼ਾ ਨੌਜਵਾਨਾਂ ਉਤੇ ਇਸ ਤਰ੍ਹਾਂ ਹਾਵੀ ਹੋ ਗਿਆ ਹੈ ਕਿ ਇਹ ਹੁਣ ਨੌਜਵਾਨਾਂ ਲਈ ਜਾਨਲੇਵਾ ਸਾਬਤ ਹੋਣ ਲੱਗਾ ਹੈ। ਇਥੇ ਹੈਰਾਨ ਕਰ ਦੇਣ ਵਾਲੇ ਤੱਥ ਇਹ ਸਾਹਮਣੇ ਆਏ ਹਨ ਕਿ ਨਸ਼ਿਆਂ ਦੀ ਵਰਤੋਂ ਦੇ ਮਾਮਲੇ ਵਿਚ ਪੰਜਾਬ ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾਂਦਾ ਹੈ ਪਰ ਹਰਿਆਣਾ ਵਿਚ ਚੱਲ ਰਹੇ ਨਸ਼ਾ ਮੁਕਤੀ ਕੇਂਦਰ ਤੇ ਹਾਲ ਹੀ ਵਿਚ ਜਾਰੀ ਰਾਸ਼ਟਰੀ ਅਪਰਾਧ ਬਿਊਰੋ ਦੇ ਅੰਕੜੇ ਬਿਲਕੁਲ ਇਸ ਦੇ ਉਲਟ ਦੱਸਦੇ ਹਨ।

ਇਸ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਨਸ਼ੇ ਦੇ ਆਦੀ ਤੇ ਨਸ਼ਾਖੋਰੀ ਦੌਰਾਨ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ ਹਰਿਆਣਾ ਵਿਚ ਪੰਜਾਬ ਨਾਲੋਂ ਦੁੱਗਣੀ ਹੈ। ਹੁਣੇ-ਹੁਣੇ ਜਾਰੀ ਹੋਈ ਐਨ.ਸੀ.ਆਰ.ਬੀ. ਦੀ ਰਿਪੋਰਟ ਮੁਤਾਬਕ ਬੀਤੇ ਸਾਲ 2014 ਵਿਚ ਹਰਿਆਣਾ ਵਿਚ ਨਸ਼ੇ ਦੇ ਆਦੀ 86 ਵਿਅਕਤੀਆਂ ਨੇ ਖੁਦਕੁਸ਼ੀ ਕਰ ਲਈ ਜਦੋਂ ਕਿ ਪੰਜਾਬ ਵਿਚ ਖੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ 38 ਹੈ। ਇਹੀ ਨਹੀਂ ਨਸ਼ਾਖੋਰੀ ਵਿਚ ਜਕੜੇ ਲੋਕਾਂ ਵੱਲੋਂ ਜਾਨ ਦੇਣ ਵਾਲਿਆਂ ਦੀ ਗਿਣਤੀ ਉੱਤਰੀ ਰਾਜਾਂ ਵਿਚ ਸਭ ਤੋਂ ਜ਼ਿਆਦਾ ਹਰਿਆਣਾ ਦੀ ਹੈ ਜੋ ਕਿ ਇਕ ਚਿੰਤਾ ਦਾ ਵਿਸ਼ਾ ਹੈ।

ਸੂਬਾ ਸਰਕਾਰ ਵੱਲੋਂ ਕੁਰੂਕਸ਼ੇਤਰ ਦੇ ਜਨਰਲ ਹਸਪਤਾਲ ਵਿਚ ਚਲਾਏ ਜਾ ਰਹੇ ਨਸ਼ਾ ਮੁਕਤੀ ਕੇਂਦਰ ਵਿਚ ਪਿਛਲੇ ਸਾਲ ਦੇ ਮੁਕਾਬਲੇ ਮਰੀਜ਼ਾਂ ਦੀ ਗਿਣਤੀ ਡੇਢ ਗੁਣਾ ਹੋ ਗਈ ਹੈ। ਇਸ ਸਾਲ ਜਨਵਰੀ ਤੋਂ ਹੁਣ ਤੱਕ 645 ਮਰੀਜ਼ ਨਸ਼ਾ ਮੁਕਤੀ ਕੇਂਦਰ ਤੋਂ ਇਲਾਜ ਕਰਵਾ ਚੁੱਕੇ ਹਨ ਜਦਕਿ 2014 'ਚ ਕੁੱਲ 457 ਵਿਅਕਤੀਆਂ ਨੇ ਇਥੋਂ ਆਪਣਾ ਇਲਾਜ ਕਰਵਾਇਆ ਸੀ। ਇਸੇ ਤਰ੍ਹਾਂ ਦਾ ਹਾਲ ਰੋਹਤਕ ਦੇ ਪੀ.ਜੀ.ਆਈ. ਦਾ ਹੈ।

ਐਨ.ਸੀ.ਆਰ.ਬੀ. ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਨਸ਼ੇ ਦੀ ਗ੍ਰਿਫ਼ਤ ਵਿਚ ਆਏ 38 ਵਿਅਕਤੀਆਂ ਨੇ ਖੁਦਕੁਸ਼ੀ ਕਰ ਲਈ। ਹਿਮਾਚਲ ਪ੍ਰਦੇਸ਼ ਵਿਚ ਇਸ ਮਾਮਲੇ ਵਿਚ ਖੁਦਕੁਸ਼ੀ ਕਰਨ ਵਾਲਿਆਂ ਦੀ ਗਿਣਤੀ 10 ਹੈ। ਜੰਮੂ ਤੇ ਕਸ਼ਮੀਰ ਤੇ ਚੰਡੀਗੜ੍ਹ ਵਿਚ 1-1 ਵਿਅਕਤੀ ਨੇ ਨਸ਼ੇ ਦੇ ਚੁੰਗਲ ਵਿਚ ਫਸ ਕੇ ਖੁਦਕੁਸ਼ੀ ਕਰ ਲਈ। ਦਿੱਲੀ ਵਿਚ ਨਸ਼ੇ ਦੇ ਆਦੀ 34 ਵਿਅਕਤੀਆਂ ਨੇ ਜਾਨ ਗੁਆ ਦਿੱਤੀ। ਇਸ ਤਰ੍ਹਾਂ ਪੰਜਾਬ ਸਮੇਤ ਦਿੱਲੀ ਦੇ ਉੱਤਰੀ ਚਾਰ ਰਾਜਾਂ ਦੇ ਕੁੱਲ 83 ਵਿਅਕਤੀਆਂ ਨੇ ਨਸ਼ਿਆਂ ਕਾਰਨ ਆਤਮ ਹੱਤਿਆ ਕੀਤੀ ਜਦ ਕਿ ਇਕੱਲੇ ਹਰਿਆਣਾ ਵਿਚ ਇਨ੍ਹਾਂ ਨਸ਼ਿਆਂ ਨੇ 86 ਜ਼ਿੰਦਗੀਆਂ ਨੂੰ ਨਿਗਲ ਲਿਆ।

# ਸੁਪਰੀਮ ਕੋਰਟ ਵੱਲੋਂ ਮੁਹੰਮਦ ਸਦੀਕ ਦੀ ਪਟੀਸ਼ਨ ਮਨਜ਼ੂਰ

**ਬਠਿੰਡਾ:** ਸੁਪਰੀਮ ਕੋਰਟ ਨੇ ਮੁਹੰਮਦ ਸਦੀਕ ਦੀ ਚੋਣ ਰੱਦ ਕਰਨ ਬਾਰੇ ਫੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਮਨਜ਼ੂਰ ਕਰਦੇ ਹੋਏ ਇਸ ਦਾ ਫ਼ੈਸਲਾ ਛੇ ਮਹੀਨੇ ਵਿਚ ਕਰਨਾ ਜ਼ਰੂਰੀ ਕਰ ਦਿੱਤਾ ਹੈ। ਅਦਾਲਤ ਨੇ ਜਨਾਬ ਸਦੀਕ ਨੂੰ ਪੰਜਾਬ ਵਿਧਾਨ ਸਭਾ ਵਿਚ ਹਾਜ਼ਰ ਹੋਣ ਦੀ ਇਜਾਜ਼ਤ ਦੇ ਦਿੱਤੀ ਹੈ ਪਰ ਕਿਸੇ ਮਾਮਲੇ ਵਿਚ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।

2012 ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਹਲਕਾ ਭਦੌੜ ਤੋਂ ਕਾਂਗਰਸ ਦੇ ਉਮੀਦਵਾਰ ਮੁਹੰਮਦ ਸਦੀਕ, ਅਕਾਲੀ-ਭਾਜਪਾ ਦੇ ਸਾਂਝੇ ਉਮੀਦਵਾਰ ਦਰਬਾਰਾ ਸਿੰਘ ਗੁਰੂ ਤੋਂ ਚੋਣ ਜਿੱਤ ਕੇ ਵਿਧਾਇਕ ਬਣੇ ਸਨ। ਉਸ ਤੋਂ ਬਾਅਦ ਦਰਬਾਰਾ ਸਿੰਘ ਗੁਰੂ ਨੇ ਹਾਈਕੋਰਟ ਵਿਚ ਨਜਾਬ ਸਦੀਕ ਵੱਲੋਂ ਗ਼ਲਤ ਤਰੀਕੇ ਨਾਲ ਪੇਸ਼ ਕੀਤੇ ਜਾਤੀ ਸਰਟੀਫਿਕੇਟ ਨੂੰ ਲੈ ਕੇ ਕੇਸ ਦਾਖ਼ਲ ਕੀਤਾ ਸੀ। ਇਸ ਕੇਸ 'ਚ ਹਾਈਕੋਰਟ ਨੇ ਮੁਹੰਮਦ ਸਦੀਕ ਦੀ ਚੋਣ ਰੱਦ ਕਰ ਦਿੱਤੀ। ਉਸ ਤੋਂ ਬਾਅਦ ਮੁਹੰਮਦ ਸਦੀਕ ਸੁਪਰੀਮ ਕੋਰਟ ਚਲੇ ਗਏ।


Metropolis Curry & Kabob

ਹੈਲਪਰ ਚਾਹੀਦੇ ਹਨ

ਰੈਸਟੋਰੈਂਟ ਲਈ ਦੋ ਹੈਲਪਰ ਚਾਹੀਦੇ ਹਨ
ਮੇਕਨ, ਜਾਰਜੀਆ ਵਿਚ ਭਾਰਤੀ ਰੈਸਟੋਰੈਂਟ ਲਈ
ਦੋ ਹੈਲਪਰ ਚਾਹੀਦੇ ਹਨ
ਸਿੰਗਲ ਬੰਦੇ ਨੂੰ ਪਹਿਲ
ਰਿਹਾਇਸ਼ ਅਤੇ ਖਾਣਾ-ਪੀਣਾ ਮੁਫਤ
ਵਧੀਆ ਤਨਖਾਹ

ਸੰਪਰਕ ਕਰੋ
(ਰਾਮ) 478-390-2234
(ਅਮਿਤ) 478-719-3837

30-31

Prince's Barber Shop
37477 Fremont Blvd, suite C, Fremont, CA 94536

Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com

ਚੱਕ ਲਓ, ਚੱਕ ਲਓ!!

ਐਚ ਡੀ ਅਤੇ ਆਈ ਪੀ
ਕੈਮਰਿਆਂ ਦੀਆਂ
ਬਹੁਤ ਹੀ ਵਾਜਬ ਕੀਮਤਾਂ
ਪੀ ਓ ਐਸ ਅਤੇ ਕੈਸ਼ ਰਜਿਸਟਰ
ਲਈ ਇੰਟਰਫੇਸ ਉਪਲਬਧ ਹੈ



Upgrade your Security Cameras to High Definition at very reasonable prices




*For a Free Demo of our new HD Cameras*
*Please Contact us*: Balbir S Sidhu
209-495-3905 (Cell)
www.dvrunlimited.com
Toll Free (888) 233-4566

DVRunlimited Inc.
Installation Available

*"Ask us about the...*
**AARP® Auto Insurance Program from The Hartford."**

*NOW AVAILABLE IN YOUR AREA!*

Find out more about the Special Benefits of The Hartford's Program for AARP members and our Competitive Rates!



*Satwant Singh*

You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through.
*-Satwant Singh!*

Call today for your FREE, no-obligation quote:
+1-408-771-2438

Satwant Singh: 2774 Aborn Rd,
San Jose, CA 95121
satwant@satwantins.com
www.satwantins.com
CA License# 0H11256

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

# ਵਿਦੇਸ਼ਾਂ ਵਿਚ ਹੋਏ ਹਸ਼ਰ ਪਿਛੋਂ ਆਤਮ ਮੰਥਨ ਵਿਚ ਜੁਟੇ ਅਕਾਲੀ

**ਚੰਡੀਗੜ੍ਹ:** ਹਾਲ ਹੀ ਵਿਚ ਅਮਰੀਕਾ ਕੈਨੇਡਾ ਵਿਚ ਅਕਾਲੀ ਆਗੂਆਂ ਦੇ ਹੋਏ ਵਿਰੋਧ ਪਿੱਛੋਂ ਪਾਰਟੀ ਦੀ ਸਮੁੱਚੀ ਸੀਨੀਅਰ ਲੀਡਰਸ਼ਿੱਪ ਆਤਮ ਮੰਥਨ ਵਿਚ ਜੁਟ ਗਈ ਹੈ। ਇਨ੍ਹਾਂ ਆਗੂਆਂ ਵੱਲੋਂ ਵਿਦੇਸ਼ਾਂ ਵਿਚ ਪਾਰਟੀ ਦੇ ਵਿਗੜੇ ਅਕਸ ਤੋਂ ਇਲਾਵਾ ਆਪਣੇ ਭਵਿੱਖੀ ਵਿਦੇਸ਼ੀ ਦੌਰਿਆਂ ਬਾਰੇ ਵੀ ਮੰਥਨ ਕੀਤਾ ਜਾ ਰਿਹਾ ਹੈ। ਦੱਸਣਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਮੇਤ ਕਈ ਸੀਨੀਅਰ ਅਕਾਲੀ ਆਗੂਆਂ ਦਾ ਇਸੇ ਮਹੀਨੇ ਕੈਨੇਡਾ ਤੇ ਯੂਰਪ ਜਾਣ ਦਾ ਪ੍ਰੋਗਰਾਮ ਸੀ।

ਸੂਤਰਾਂ ਅਨੁਸਾਰ ਆਪਣੇ ਭਵਿੱਖੀ ਵਿਦੇਸ਼ੀ ਦੌਰਿਆਂ ਨੂੰ ਲੈ ਕੇ ਹੁਣ ਸੀਨੀਅਰ ਅਕਾਲੀ ਆਗੂ ਚਿੰਤਨ ਵਿਚ ਲੱਗੇ ਹੋਏ ਹਨ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਉਥੋਂ ਦੇ ਪ੍ਰਬੰਧਕ ਕਮਜ਼ੋਰ ਹੋਣ ਕਾਰਨ ਕਿਸੇ ਵੀ ਸਿਆਸੀ ਆਗੂ ਨੂੰ ਉਥੇ ਪ੍ਰੇਸ਼ਾਨੀ ਪੇਸ਼ ਆ ਸਕਦੀ ਹੈ। ਇਸ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਵੱਲੋਂ ਪਿਛਲੇ ਦਿਨੀਂ ਕੈਨੇਡਾ ਪੁਲਿਸ ਉਤੇ ਕੀਤੀ ਆਲੋਚਨਾਤਮਕ ਟਿੱਪਣੀ ਨੂੰ ਵੀ ਪਾਰਟੀ ਦੇ ਸੀਨੀਅਰ ਆਗੂ ਗ਼ਲਤ ਮੰਨਦੇ ਹਨ। ਸੂਤਰਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਤੇ ਪਾਰਟੀ ਦੇ ਸਕੱਤਰ ਤੇ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਚਾਲੂ ਮਹੀਨੇ ਦੌਰਾਨ ਹੀ ਵਿਦੇਸ਼ ਦੌਰੇ ਦਾ ਪ੍ਰੋਗਰਾਮ ਦੱਸਿਆ ਜਾ ਰਿਹਾ ਸੀ। ਸ. ਰਾਮੂਵਾਲੀਆ ਨੇ ਇਸ ਮਹੀਨੇ ਯੂਰਪ ਤੇ ਡਾ. ਚੀਮਾ ਨੇ ਕੈਨੇਡਾ ਜਾਣਾ ਸੀ। ਡਾ. ਚੀਮਾ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਵਿਦੇਸ਼ ਵਿਚ ਕੋਈ ਵਿਰੋਧ ਨਹੀਂ ਤੇ ਉਹ ਹਰ ਸਾਲ ਕੈਨੇਡਾ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕਮਜ਼ੋਰ ਪ੍ਰਬੰਧਕਾਂ ਕਾਰਨ ਕਈ ਵਾਰ ਕਿਸੇ ਵੀ ਸਿਆਸੀ ਆਗੂ ਨੂੰ ਉਥੇ ਜਾਂ ਪੰਜਾਬ ਵਿਚ ਵੀ ਪ੍ਰੇਸ਼ਾਨੀ ਪੇਸ਼ ਆ ਸਕਦੀ ਹੈ।



ਡਾ. ਚੀਮਾ ਨੇ ਕਿਹਾ ਕਿ ਪਹਿਲਾਂ ਕੇਂਦਰੀ ਵਿੱਤ ਮੰਤਰੀ ਤੇ ਹੁਣ ਕੇਂਦਰੀ ਰੱਖਿਆ ਮੰਤਰੀ ਦੇ ਪੰਜਾਬ ਦੌਰੇ ਕਾਰਨ ਅਤੇ ਵਿਭਾਗੀ ਕੰਮਕਾਰ ਕਾਰਨ ਉਨ੍ਹਾਂ ਦੇ ਵਿਦੇਸ਼ ਦੌਰੇ ਵਿਚ ਦੇਰੀ ਹੋਈ ਹੈ। ਉਧਰ, ਸ. ਰਾਮੂਵਾਲੀਆ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਦੌਰਾ ਰੱਦ ਨਹੀਂ ਹੋਇਆ, ਬਲਕਿ ਉਨ੍ਹਾਂ ਵੱਲੋਂ ਯੂਰਪ ਵਿਚ ਰਹਿੰਦੇ ਪੁਰਾਣੇ ਅਕਾਲੀਆਂ ਤੇ ਪੰਥ ਦਰਦੀਆਂ ਨਾਲ ਲਗਾਤਾਰ ਰਾਬਤਾ ਬਣਾਇਆ ਜਾ ਰਿਹਾ ਹੈ।

ਰਾਮੂਵਾਲੀਆ ਨੇ ਕਿਹਾ ਕਿ ਉਨ੍ਹਾਂ ਨੇ ਯੂਰਪ ਵਿਚ ਰਹਿੰਦੇ ਉਨ੍ਹਾਂ ਆਗੂਆਂ ਦਾ ਅੱਠ ਸਾਲ ਪੁਰਾਣਾ ਰਿਕਾਰਡ ਕੱਢਿਆ ਹੈ, ਜੋ ਕਿਸੇ ਵੇਲੇ ਲੋਕ ਭਲਾਈ ਪਾਰਟੀ ਦਾ ਹਿੱਸਾ ਸਨ ਤੇ ਹੁਣ ਅਕਾਲੀ ਦਲ ਵਿਚ ਸ਼ਾਮਲ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜੇ ਕੋਈ ਤਾਰੀਖ ਤੈਅ ਨਹੀਂ ਹੋਈ, ਪਰ ਉਹ ਜਲਦ ਹੀ ਯੂਰਪ ਜਾਣਗੇ। ਉਧਰ, ਸ. ਮਲੂਕਾ ਵੱਲੋਂ ਕੈਨੇਡਾ ਪੁਲਿਸ ਖਿਲਾਫ਼ ਕੀਤੀ ਟਿੱਪਣੀ ਬਾਰੇ ਇਕ ਹੋਰ ਸੀਨੀਅਰ ਅਕਾਲੀ ਆਗੂ ਨੇ ਕਿਹਾ ਕਿ ਕਿਸੇ ਸਿਆਸੀ ਆਗੂ ਵੱਲੋਂ ਇਕ ਗੱਲ ਪੱਲੇ ਬੰਨ੍ਹ ਕੇ ਵਿਦੇਸ਼ ਜਾਣਾ ਚਾਹੀਦਾ ਹੈ ਕਿ ਉੱਥੇ ਜਾ ਕੇ ਉੱਥੋਂ ਦੀ ਸਰਕਾਰ ਜਾਂ ਉੱਥੋਂ ਦੀ ਪੁਲਿਸ ਦਾ ਵਿਰੋਧ ਕਦੇ ਨਾ ਕੀਤਾ ਜਾਵੇ ਤੇ ਨਾ ਹੀ ਆਪਣੇ ਦੇਸ਼ ਦੀ ਸਰਕਾਰ ਦਾ ਉਧਰ, ਵਿਰੋਧ ਕੀਤਾ ਜਾਵੇ। ਆਗੂ ਨੇ ਕਿਹਾ ਕਿ ਸ. ਮਲੂਕਾ ਪਾਰਟੀ ਦੇ ਸੀਨੀਅਰ ਨੇਤਾ ਹਨ, ਇਸ ਲਈ ਉਹ ਉਨ੍ਹਾਂ ਨੂੰ ਕੋਈ ਨਸੀਹਤ ਦੇ ਕੇ ਕਿਸੇ ਕਿਸਮ ਦਾ ਵਿਵਾਦ ਖੜ੍ਹਾ ਨਹੀਂ ਕਰਨਾ ਚਾਹੁੰਦੇ।

## ਕੈਨੇਡਾ ਨੂੰ ਸਿਆਸਤ ਦਾ ਅਖਾੜਾ ਨਹੀਂ ਬਣਨ ਦਿਆਂਗੇ: ਕੇਨੀ

**ਵੈਨਕੂਵਰ:** ਕੈਨੇਡਾ ਦੇ ਰੱਖਿਆ ਮੰਤਰੀ ਜੇਸਨ ਕੇਨੀ ਤੇ ਬਹੁ ਸਭਿਆਚਾਰ ਮੰਤਰੀ ਟਿਮ ਉੱਪਲ ਨੇ ਕਿਹਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਕੈਨੇਡਾ ਨੂੰ ਪੰਜਾਬ ਦੀ ਸਿਆਸਤ ਦਾ ਅਖਾੜਾ ਨਹੀਂ ਬਣਨ ਦੇਣਗੇ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਕੋਈ ਸਿਆਸੀ ਆਗੂ ਘੁੰਮਣ ਫਿਰਨ ਤਾਂ ਆ ਸਕਦਾ ਹੈ ਪਰ ਇਥੇ ਆ ਕੇ ਲੋਕਾਂ ਦਾ ਇਕੱਠ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ। ਉਨ੍ਹਾਂ ਇਕ ਆਵਾਜ਼ ਵਿਚ ਕਿਹਾ ਕਿ ਕੈਨੇਡਾ ਨੂੰ ਪੰਜਾਬ ਦੀਆਂ ਸਿਆਸੀ ਪਾਰਟੀਆਂ ਲਈ ਫੰਡ ਉਗਰਾਹੀ ਲਈ ਵਰਤੇ ਜਾਣ ਦੀ ਆਗਿਆ ਕਿਸੇ ਵੀ ਹਾਲਤ ਵਿਚ ਨਹੀਂ ਦਿੱਤੀ ਜਾਏਗੀ। ਪਿਛਲੇ ਦਿਨਾਂ ਵਿਚ ਜੋ ਕੁਝ ਵਾਪਰਿਆ ਉਸ ਤੋਂ ਉਹ ਬਹੁਤ ਦੁੱਖੀ ਹੋਏ ਹਨ ਤੇ ਇਸ ਨਾਲ ਕੈਨੇਡਾ ਦੇ ਸ਼ਾਂਤ ਪਾਣੀਆਂ ਵਿਚ ਤਲਖੀ ਵਾਲੀਆਂ ਲਹਿਰਾਂ ਪੈਦਾ ਕੀਤੇ ਜਾਣ ਦਾ ਯਤਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਕੈਨੇਡੀਅਨ ਪੁਲਿਸ ਦਾ ਲੋਹਾ ਮੰਨਦੀ ਹੈ ਪਰ ਪੰਜਾਬ ਦੇ ਮੰਤਰੀ ਵੱਲੋਂ ਸਾਡੇ ਘਰ ਆ ਕੇ ਸਾਡੀ ਪੁਲਿਸ ਦੀ ਕਾਰਗੁਜ਼ਾਰੀ ਉੱਤੇ ਉਂਗਲੀ ਉਠਾਏ ਜਾਣਾ ਬਹੁਤ ਮੰਦਭਾਗਾ ਹੈ।

## ਕੇਜਰੀਵਾਲ ਦੀ ਅੱਖ ਵੀ ਪਰਵਾਸੀਆਂ 'ਤੇ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੰਯੋਜਕ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਦੇਸ਼ ਦੌਰੇ ਉਤੇ ਜਾਣਗੇ। ਕੇਜਰੀਵਾਲ ਆਸਟਰੇਲੀਆ ਤੇ ਕੈਨੇਡਾ ਦੌਰੇ ਤੇ ਜਾ ਰਹੇ ਹਨ। ਉਨ੍ਹਾਂ ਦਾ ਇਹ ਦੌਰਾ ਅਗਸਤ ਮਹੀਨੇ ਹੋਵੇਗਾ। ਕੇਜਰੀਵਾਲ ਦੇ ਇਸ ਵਿਦੇਸ਼ ਦੌਰੇ ਨੂੰ ਪੰਜਾਬ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਆਪਣੇ ਇਸ ਵਿਦੇਸ਼ ਦੌਰੇ ਦੌਰਾਨ ਪਹਿਲਾਂ ਆਸਟਰੇਲੀਆ ਤੇ ਫਿਰ ਕੈਨੇਡਾ ਜਾਣਗੇ। ਇਸ ਦੌਰੇ ਦਾ ਸਿੱਧਾ ਸਬੰਧ ਪੰਜਾਬ ਦੀਆਂ 2017 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਾਲ ਜੋੜਿਆ ਜਾ ਰਿਹਾ ਹੈ ਕਿਉਂਕਿ ਆਸਟਰੇਲੀਆ ਤੇ ਕੈਨੇਡਾ ਦੋਹਾਂ ਹੀ ਦੇਸ਼ਾਂ ਵਿਚ ਸਭ ਤੋਂ ਵੱਧ ਪੰਜਾਬੀ ਰਹਿ ਰਹੇ ਹਨ, ਤੇ ਇਥੇ 'ਆਪ' ਨੂੰ ਭਰਪੂਰ ਹੁੰਗਾਰਾ ਮਿਲਣ ਦੀ ਉਮੀਦ ਨਜ਼ਰ ਆ ਰਹੀ ਹੈ। ਵਿਦੇਸ਼ਾਂ ਵਿਚ ਵਸਦੇ ਇਹ ਪੰਜਾਬ ਕਾਫੀ ਹੱਦ ਤੱਕ ਪੰਜਾਬ ਚੋਣਾਂ ਨੂੰ ਪ੍ਰਭਾਵਿਤ ਕਰਦੇ ਹਨ।



# ਕੈਪਟਨ ਵੱਲੋਂ ਸਿੱਖਸ ਫਾਰ ਜਸਟਿਸ ਨੂੰ ਤਿੱਖੇ ਸਵਾਲ

**ਚੰਡੀਗੜ੍ਹ:** ਪਾਰਲੀਮੈਂਟ ਵਿਚ ਕਾਂਗਰਸ ਦੇ ਉਪ ਨੇਤਾ ਤੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਸਿੱਖਸ ਫਾਰ ਜਸਟਿਸ ਵੱਲੋਂ ਅਮਰੀਕੀ ਅਟਾਰਨੀ ਜਨਰਲ ਨੂੰ ਸ਼ਿਕਾਇਤ ਦੇ ਕੇ ਉਨ੍ਹਾਂ ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਬਚਾਉਣ ਤੇ ਪ੍ਰੋਮੋਟ ਕਰਨ ਸਬੰਧੀ ਲਗਾਏ ਦੋਸ਼ਾਂ ਨੂੰ ਨਕਾਰਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਇਸ ਸ਼ਿਕਾਇਤ ਨੂੰ ਸਿਰੇ ਤੋਂ ਨਕਾਰਦੇ ਹਨ, ਜੋ ਪੂਰੀ ਤਰ੍ਹਾਂ ਨਫਰਤ ਨਾਲ ਭਰੀ ਹੈ। ਉਨ੍ਹਾਂ ਕਿਹਾ ਕਿ ਇਸ ਉਤੇ ਸਿਰਫ ਹੱਸਿਆ ਜਾ ਸਕਦਾ ਹੈ, ਕਿਉਂਕਿ ਇਸ ਦਾ ਉਦੇਸ਼ ਸਿਰਫ ਆਸਾਨੀ ਨਾਲ ਪਬਲਿਸਿਟੀ ਹਾਸਲ ਕਰਨਾ ਹੈ। ਬਿਹਤਰ ਹੁੰਦਾ ਜੇ ਇਹ ਸੰਸਥਾ ਉਨ੍ਹਾਂ ਅਫਸਰਾਂ ਦੇ ਨਾਂ ਦੱਸਦੀ, ਜਿਨ੍ਹਾਂ ਨੂੰ ਪ੍ਰਮੋਟ ਕੀਤਾ ਗਿਆ ਸੀ। ਸਾਬਕਾ ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਸਾਰੀ ਪੰਜਾਬ ਪੁਲਿਸ ਅਤਿਵਾਦ ਖਿਲਾਫ ਲੜ ਰਹੀ ਸੀ। ਉਨ੍ਹਾਂ ਨੇ ਸੰਗਠਨ ਦੇ ਦੋਸ਼ਾਂ ਦਾ ਹਾਸਾ ਉਡਾਉਂਦਿਆਂ ਕਿਹਾ, ਕੀ ਸਾਰੀ ਪੁਲਿਸ ਨੂੰ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ?



ਉਨ੍ਹਾਂ ਸਵਾਲ ਕੀਤਾ, ਕੀ ਅਮਰੀਕੀ ਸਰਕਾਰ ਆਪਣੇ ਦੇਸ਼ ਵਿਚ ਸ਼ਾਂਤੀ ਕਾਇਮ ਰੱਖਣ ਲਈ ਅਤਿਵਾਦੀਆਂ ਖਿਲਾਫ ਕਾਰਵਾਈ ਨਹੀਂ ਕਰਦੀ? ਕੈਪਟਨ ਨੇ ਕਿਹਾ ਕਿ ਇਹ ਸ਼ਿਕਾਇਤ ਸਪੱਸ਼ਟ ਤੌਰ ਉਤੇ ਕਿਸੇ ਉਦੇਸ਼ ਤਹਿਤ ਕੀਤੀ ਹੈ ਤੇ ਇਸ ਨੂੰ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੇ ਵਿਸ਼ੇਸ਼ ਹਿੱਤਾਂ ਨੂੰ ਪੂਰਾ ਕਰਨ ਲਈ ਪ੍ਰਮੋਟ ਕੀਤਾ ਗਿਆ ਹੈ, ਜਿਹੜੇ ਉਨ੍ਹਾਂ ਦਾ ਅਮਰੀਕਾ ਦੌਰਾ ਨਹੀਂ ਚਾਹੁੰਦੇ ਪਰ ਉਹ ਹਰ ਹਾਲ ਉੱਤਰੀ ਅਮਰੀਕਾ ਦੇ ਦੌਰੇ ਉਤੇ ਜਾਣਗੇ।

# ਔਰਬਿਟ ਕੇਸ ਵਿਚ ਦੋਸ਼ ਪੱਤਰ ਦਾਇਰ

**ਮੋਗਾ:** ਔਰਬਿਟ ਕੰਪਨੀ ਦੀ ਬੱਸ ਵਿਚ ਛੇੜਛਾੜ ਤੋਂ ਬਾਅਦ ਧੱਕਾ ਦਿੱਤੇ ਜਾਣ ਨਾਲ ਨਾਬਾਲਗ਼ ਲੜਕੀ ਅਰਸ਼ਦੀਪ ਕੌਰ ਦੀ ਹੋਈ ਮੌਤ ਦੇ ਮਾਮਲੇ ਵਿਚ ਬਾਘਾਪੁਰਾਣਾ ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ ਅਦਾਲਤ ਵਿਚ ਦੋਸ਼ ਪੱਤਰ ਦਾਇਰ ਕਰ ਦਿੱਤਾ ਹੈ। ਪੁਲਿਸ ਮੁਤਾਬਕ ਇਸ ਕੇਸ ਦੀ ਤਫ਼ਤੀਸ਼ ਮੁਕੰਮਲ ਹੋ ਗਈ ਹੈ।

ਦੋਸ਼ ਪੱਤਰ ਵਿਚ ਦਿੱਤੇ ਸਰਕਾਰੀ ਗਵਾਹਾਂ ਦੀ ਸੂਚੀ ਵਿਚ ਮ੍ਰਿਤਕ ਅਰਸ਼ਦੀਪ ਦੀ ਮਾਂ ਸ਼ਿੰਦਰ ਕੌਰ ਸਮੇਤ 30 ਗਵਾਹਾਂ ਦੀ ਸੂਚੀ ਅਦਾਲਤ ਨੂੰ ਦਿੱਤੀ ਗਈ ਹੈ। ਦੋਸ਼ ਪੱਤਰ ਮੁਤਾਬਕ ਪੀੜਤ ਮਹਿਲਾ ਸ਼ਿੰਦਰ ਕੌਰ ਪਤਨੀ ਸੁਖਦੇਵ ਸਿੰਘ ਪਿੰਡ ਲੰਡੇਕੇ ਨੇ ਦੋਸ਼ ਲਾਇਆ ਸੀ ਕਿ ਉਹ ਆਪਣੀ ਲੜਕੀ ਅਰਸ਼ਦੀਪ ਕੌਰ ਨਾਲ 29 ਅਪਰੈਲ ਨੂੰ ਔਰਬਿੱਟ ਬੱਸ ਵਿਚ ਮੋਗਾ ਤੋਂ ਬਾਘਾਪੁਰਾਣਾ ਜਾ ਰਹੀ ਸੀ ਕਿ ਬੱਸ ਦੇ ਅਮਲੇ ਨੇ ਉਸ ਦੀ ਲੜਕੀ ਅਰਸ਼ਦੀਪ ਕੌਰ ਨਾਲ ਛੇੜਛਾੜ ਕੀਤੀ ਅਤੇ ਵਿਰੋਧ ਕਰਨ ਉਤੇ ਉਸ ਨੂੰ ਜਾਤੀ ਸੂਚਕ ਸ਼ਬਦ ਬੋਲੇ ਤੇ ਦੋਹਾਂ ਨੂੰ ਬੱਸ ਵਿਚੋਂ ਧੱਕਾ ਦੇ ਦਿੱਤਾ ਗਿਆ। ਇਸ ਕਾਰਨ ਲੜਕੀ ਦੀ ਮੌਤ ਹੋ ਗਈ ਤੇ ਉਹ ਆਪ ਜ਼ਖ਼ਮੀ ਹੋ ਗਈ। ਬਾਘਾਪੁਰਾਣਾ ਪੁਲਿਸ ਨੇ ਇਸ ਮਾਮਲੇ ਵਿਚ ਔਰਬਿਟ ਬੱਸ ਦੇ ਡਰਾਈਵਰ ਤੇ ਕੰਡਕਟਰ ਸਮੇਤ ਚਾਰ ਜਣਿਆਂ ਰਣਜੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਬਠਿੰਡਾ, ਸੁਖਵਿੰਦਰ ਸਿੰਘ ਉਰਫ਼ ਪੰਮਾ ਪੁੱਤਰ ਇਕਬਾਲ ਸਿੰਘ ਵਾਸੀ ਬਹਾਵਲ ਵਾਲੀ ਥਾਣਾ ਅਬੋਹਰ ਜ਼ਿਲ੍ਹਾ ਫ਼ਾਜ਼ਿਲਕਾ, ਗੁਰਦੀਪ ਸਿੰਘ ਉਰਫ਼ ਜਿੰਮੀ ਪੁੱਤਰ ਸੁਰਿੰਦਰ ਸਿੰਘ ਮੋਗਾ ਤੇ ਅਮਰ ਰਾਜ ਪੁੱਤਰ ਨੂਰਾ ਰਾਮ ਵਾਸੀ ਚੱਕ ਬਖਤੂ ਜ਼ਿਲ੍ਹਾ ਬਠਿੰਡਾ ਖ਼ਿਲਾਫ਼ ਕੇਸ ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਸੀ।

# ਜੱਗੀ ਕੁੱਸਾ 'ਰੋਕੋ ਕੈਂਸਰ' ਦੇ ਡਾਇਰੈਕਟਰ ਪੀ ਆਰ ਨਿਯੁਕਤ

**ਲੰਡਨ (ਬਿਊਰੋ):** ਪਿਛਲੇ 10 ਸਾਲਾਂ ਤੋਂ ਕੈਂਸਰ ਦੇ ਖਾਤਮੇ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਮਨਸ਼ੇ ਨਾਲ ਯਤਨਸ਼ੀਲ ਵਿਸ਼ਵ ਪ੍ਰਸਿੱਧ ਸੰਸਥਾ 'ਰੋਕੋ ਕੈਂਸਰ' ਵੱਲੋਂ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੂੰ ਡਾਇਰੈਕਟਰ ਪੀ ਆਰ (ਗਲੋਬਲ) ਵਜੋਂ ਨਿਯੁਕਤ ਕੀਤਾ ਹੈ। ਸੰਸਥਾ ਦੇ ਚੇਅਰਮੈਨ ਸ. ਅਜਿੰਦਰਪਾਲ ਸਿੰਘ ਚਾਵਲਾ ਵੱਲੋਂ ਬਤੇ ਦਿਨੀਂ ਜੱਗੀ ਕੁੱਸਾ ਨੂੰ ਸੰਸਥਾ ਦੇ ਲੰਡਨ ਸਥਿਤ ਮੁੱਖ ਦਫ਼ਤਰ ਵਿਖੇ ਟਰੱਸਟੀਆਂ ਦੀ ਹਾਜਰੀ ਵਿਚ ਨਿਯੁਕਤੀ ਪੱਤਰ ਜਾਰੀ ਕੀਤਾ।

ਜਿਕਰਯੋਗ ਹੈ ਕਿ ਜੱਗੀ ਕੁੱਸਾ ਪੰਜਾਬੀ ਪਾਠਕਾਂ ਦੀ ਝੋਲੀ 21 ਨਾਵਲ, 4 ਕਹਾਣੀ-ਸੰਗ੍ਰਿਹ, 3 ਵਿਅੰਗ-ਸੰਗ੍ਰਿਹ, ਇਕ ਕਾਵਿ-ਸੰਗ੍ਰਿਹ ਅਤੇ ਇਕ ਲੇਖ- ਸੰਗ੍ਰਿਹ ਪਾ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਤਿੰਨ ਨਾਵਲ ਅੰਗਰੇਜ਼ੀ ਵਿਚ ਵੀ ਲੰਡਨ ਦੇ ਇੱਕ ਪ੍ਰਕਾਸ਼ਨ ਸਮੂਹ ਵੱਲੋਂ ਅਨੁਵਾਦ ਕਰਕੇ ਛਾਪੇ ਜਾ ਚੁੱਕੇ ਹਨ। ਜੱਗੀ ਕੁੱਸਾ ਨੇ ਕਿਹਾ ਕਿ ਜਿੱਥੇ ਰੋਕੋ ਕੈਂਸਰ ਵੱਲੋਂ ਉਨ੍ਹਾਂ ਨੂੰ ਨਿਯੁਕਤ ਕੀਤੇ ਜਾਣ ਦੀ ਖੁਸ਼ੀ ਹੈ, ਉਥੇ ਜਿੰਮੇਵਾਰੀ ਦਾ ਅਹਿਸਾਸ ਵੀ ਹੈ।


ਅਜਿੰਦਰਪਾਲ ਸਿੰਘ ਚਾਵਲਾ ਨੇ ਆਪਣੇ ਸੰਬੋਧਨ ਦੌਰਾਨ ਦੱਸਿਆ ਕਿ ਆਪਣੀ ਪਤਨੀ ਦੀ ਕੈਂਸਰ ਨਾਲ ਹੋਈ ਮੌਤ ਨੇ ਉਨ੍ਹਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਪ੍ਰਣ ਲਿਆ ਕਿ ਕਿਸੇ ਹੋਰ ਦੀ ਪਤਨੀ ਜਾਂ ਬੱਚਿਆਂ ਦੀ ਮਾਂ ਇਸ ਬੀਮਾਰੀ ਦੇ ਚੁੰਗਲ 'ਚ ਫਸ ਕੇ ਅਗਿਆਨ ਵੱਸ ਜਾਨ ਨਾ ਗੁਆ ਬੈਠੇ, ਇਸੇ ਸੋਚ ਤਹਿਤ ਹੀ 'ਰੋਕੋ ਕੈਂਸਰ' ਸੰਸਥਾ ਹੋਂਦ ਵਿਚ ਆਈ ਤੇ ਨਿਰੰਤਰ ਆਪਣੀ ਰਾਹ 'ਤੇ ਹੈ।



*ਜੱਗੀ ਕੁੱਸਾ (ਖੱਬਿਓਂ ਦੂਜੇ) ਨੂੰ ਨਿਯੁਕਤੀ ਪੱਤਰ ਸੌਂਪਦੇ ਹੋਏ ਸੰਸਥਾ ਦੇ ਅਹੁਦੇਦਾਰ*

# ਇਕ ਦਿਨ ਦਾ ਯੋਗ ਪਿਆ 25 ਕਰੋੜ ਵਿਚ

**ਬਠਿੰਡਾ:** ਕੌਮਾਂਤਰੀ ਯੋਗ ਦਿਵਸ ਦੇ ਸਮਾਗਮ ਸਰਕਾਰੀ ਖ਼ਜ਼ਾਨੇ ਨੂੰ ਤਕਰੀਬਨ 25 ਕਰੋੜ ਰੁਪਏ ਵਿਚ ਪਏ ਹਨ। ਦਿੱਲੀ ਵਿਚ ਯੋਗ ਦਿਵਸ ਮੌਕੇ 21 ਜੂਨ ਨੂੰ ਰਾਜਪੱਥ ਉਤੇ ਕਰਵਾਏ ਗਏ ਯੋਗ ਸਮਾਗਮ ਉਤੇ 7.58 ਕਰੋੜ ਰੁਪਏ ਦਾ ਖਰਚ ਆਇਆ ਹੈ। ਇਨ੍ਹਾਂ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ਾਮਲ ਹੋਏ ਸਨ ਤੇ ਰਾਜਪਥ ਉਤੇ ਹੋਏ ਯੋਗ ਸਮਾਗਮ ਵਿਚ 35,985 ਲੋਕ ਸ਼ਾਮਲ ਹੋਏ ਸਨ। ਐਤਕੀਂ ਕੌਮਾਂਤਰੀ ਪੱਧਰ ਉਤੇ ਤਕਰੀਬਨ 190 ਦੇਸ਼ਾਂ ਵਿਚ ਯੋਗ ਦਿਵਸ ਮਨਾਇਆ ਗਿਆ ਸੀ ਜਦੋਂਕਿ ਭਵਿੱਖ ਵਿਚ ਯੋਗ ਦਿਵਸ ਸਮਾਗਮ ਕਰਨ ਬਾਰੇ ਹਾਲੇ ਤੱਕ ਕੋਈ ਕੇਂਦਰੀ ਯੋਜਨਾ ਨਹੀਂ ਬਣਾਈ ਗਈ ਹੈ।



ਕੇਂਦਰੀ ਆਯੁਰਵੈਦਿਕ ਮੰਤਰਾਲੇ (ਆਯੂਸ਼) ਦੇ ਵੇਰਵਿਆਂ ਅਨੁਸਾਰ ਕੇਂਦਰ ਸਰਕਾਰ ਵੱਲੋਂ 21 ਜੂਨ ਨੂੰ ਰਾਜਪੱਥ ਉਤੇ ਯੋਗਾ ਪਾਠ ਦੇ ਇੰਤਜ਼ਾਮ ਕੀਤੇ ਗਏ ਸਨ ਤੇ 22 ਜੂਨ ਨੂੰ ਦਿੱਲੀ ਵਿਚ ਯੋਗਾ ਕਾਨਫਰੰਸ ਕਰਵਾਈ ਗਈ ਸੀ। ਯੋਗ ਦਿਵਸ ਦੀ ਮਸ਼ਹੂਰੀ ਉਤੇ ਕੇਂਦਰ ਨੇ 8.28 ਕਰੋੜ ਰੁਪਏ ਖਰਚ ਕੀਤੇ ਜਦੋਂਕਿ ਵਿਗਿਆਨ ਭਵਨ ਵਿਚ 22 ਜੂਨ ਨੂੰ ਕਰਵਾਈ ਯੋਗਾ ਕਾਨਫਰੰਸ ਉਤੇ 1.82 ਕਰੋੜ ਰੁਪਏ ਖਰਚ ਕੀਤੇ ਗਏ। ਰਾਜਪੱਥ ਉਤੇ ਸੱਤ ਰੰਗਾਂ ਦੇ ਯੋਗ ਮੈਟ ਵਿਛਾਏ ਗਏ ਸਨ ਤੇ ਪ੍ਰਤੀ ਮੈਟ ਤਕਰੀਬਨ 250 ਰੁਪਏ ਖਰਚ ਕੀਤੇ ਗਏ ਸਨ। ਰਾਜਪੱਥ ਦੇ ਸਮਾਗਮਾਂ ਮੌਕੇ 32 ਐਲ.ਈ.ਡੀ. ਲਾਈਆਂ ਗਈਆਂ ਸਨ, ਜੋ ਵਾਟਰ ਪਰੂਫ ਸਨ। ਮੁੰਬਈ ਤੋਂ ਮੰਗਵਾਈਆਂ ਇਨ੍ਹਾਂ ਐਲ.ਈ.ਡੀਜ਼. ਉਤੇ ਪ੍ਰਤੀ ਐਲ.ਈ.ਡੀ. 35 ਹਜ਼ਾਰ ਰੁਪਏ ਖਰਚ ਆਇਆ ਸੀ। ਅੱਧੇ ਲਿਟਰ ਵਾਲੀਆਂ ਤਕਰੀਬਨ 1.20 ਲੱਖ ਪਾਣੀ ਦੀਆਂ ਬੋਤਲਾਂ ਦਾ ਇੰਤਜ਼ਾਮ ਕੀਤਾ ਗਿਆ ਸੀ। ਪੰਡਾਲ ਵਿਚ ਕਾਰਪੈਟਿੰਗ ਵੀ ਕੀਤੀ ਗਈ ਸੀ। ਸਮਾਗਮਾਂ ਦੀ ਤਿਆਰੀ ਉਤੇ ਦੋ ਹਫ਼ਤੇ ਲੱਗੇ ਸਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਵਿਦੇਸ਼ਾਂ ਵਿਚ ਵੀ ਯੋਗ ਦਿਵਸ ਨੂੰ ਪ੍ਰਚਾਰਿਆ ਗਿਆ ਸੀ।

ਸਰਕਾਰੀ ਵੇਰਵਿਆਂ ਅਨੁਸਾਰ ਸੈਂਟਰਲ ਕੌਂਸਲ ਫਾਰ ਰਿਸਰਚ ਇਨ ਯੋਗਾ ਐਂਡ ਨੈਚਰੋਪੈਥੀ ਤੇ ਮੋਰਾਰਜੀ ਦੇਸਾਈ ਨੈਸ਼ਨਲ ਇੰਸਟੀਚੂਟ ਆਫ ਯੋਗਾ, ਜੋ ਆਯੂਸ਼ ਦੇ ਅਧੀਨ ਹੈ, ਨੇ ਵੀ ਯੋਗ ਦਿਵਸ ਉਤੇ 7.04 ਕਰੋੜ ਰੁਪਏ ਵੱਖਰੇ ਖਰਚੇ ਹਨ। ਦੇਸ਼ ਦੇ ਹਰ ਜ਼ਿਲ੍ਹੇ ਦੀਆਂ ਸਰਕਾਰੀ ਤੇ ਗੈਰਸਰਕਾਰੀ ਸੰਸਥਾਵਾਂ ਨੂੰ ਯੋਗ ਦਿਵਸ ਮਨਾਉਣ ਵਾਸਤੇ ਪ੍ਰਤੀ ਜ਼ਿਲ੍ਹਾ ਇਕ ਲੱਖ ਰੁਪਏ ਫੰਡ ਦਿੱਤੇ ਗਏ ਸਨ। ਇਨ੍ਹਾਂ ਫੰਡਾਂ ਨਾਲ ਯੋਗ ਕੈਂਪ ਲਗਾਉਣ ਲਈ ਆਖਿਆ ਗਿਆ ਸੀ। ਇਵੇਂ ਹੀ ਯੋਗ ਉਤੇ ਬੁੱਕਲੈਟ ਤੇ ਫਿਲਮ ਬਣਾਉਣ ਉਤੇ 34.80 ਲੱਖ ਰੁਪਏ ਖਰਚ ਕੀਤੇ ਗਏ।

ਪੀਪਲਜ਼ ਫਾਰ ਟਰਾਂਸਪੇਰੈਂਸੀ ਪੰਜਾਬ ਦੇ ਜਨਰਲ ਸਕੱਤਰ ਐਡਵੋਕੇਟ ਕਮਲ ਆਨੰਦ ਸੰਗਰੂਰ ਨੇ ਕਿਹਾ ਕਿ ਸਿਰਫ ਸਿਆਸੀ ਲਾਹਾ ਲੈਣ ਖ਼ਾਤਰ ਇਕ ਦਿਨ ਦੇ ਸਮਾਗਮਾਂ ਦੇ ਏਨਾ ਖਰਚਾ ਕਰਨਾ ਫਜ਼ੂਲਖਰਚੀ ਤੋਂ ਵੱਧ ਕੁਝ ਨਹੀਂ ਹੈ। ਇਕ ਦਿਨ ਦੇ ਸ਼ੋਅ ਦੀ ਥਾਂ ਕੇਂਦਰ ਸਰਕਾਰ ਨੂੰ ਲੰਬੇ ਸਮੇਂ ਦੀ ਯੋਜਨਾ ਬਣਾ ਕੇ ਬਜਟ ਜਾਰੀ ਕਰਨਾ ਚਾਹੀਦਾ ਸੀ ਤਾਂ ਜੋ ਲੋਕ ਯੋਗ ਦਾ ਹਕੀਕੀ ਰੂਪ ਵਿਚ ਕੋਈ ਫਾਇਦਾ ਲੈ ਸਕਦੇ। ਉਨ੍ਹਾਂ ਆਖਿਆ ਕਿ ਏਨਾ ਵੱਡਾ ਸਮਾਗਮ ਕਰਨ ਪਿੱਛੇ ਲੋਕਾਂ ਦੀ ਸਿਹਤ ਦਾ ਫਿਕਰ ਨਹੀਂ ਸੀ ਬਲਕਿ ਆਪਣੀ ਸਿਆਸਤ ਨੂੰ ਚਮਕਾਉਣ ਦੀ ਮਨਸ਼ਾ ਸੀ। ਇਹ ਪੂਰੀ ਤਰ੍ਹਾਂ ਪੈਸੇ ਦੀ ਦੁਰਵਰਤੋਂ ਹੋਈ ਹੈ।

# ਕਿਸਾਨ ਆਰਾਮ ਘਰਾਂ ਵਿਚ ਪੁਲਿਸ ਨੇ ਲਾਏ ਪੱਕੇ ਡੇਰੇ

**ਬਠਿੰਡਾ:** ਪੰਜਾਬ ਮੰਡੀ ਬੋਰਡ ਦੇ ਸੂਬੇ ਵਿਚਲੇ ਕਰੀਬ ਇਕ ਦਰਜਨ ਕਿਸਾਨ ਆਰਾਮ ਘਰਾਂ 'ਤੇ ਪੁਲਿਸ ਦਾ ਡੇਰਾ ਹੈ। ਪੰਜਾਬ ਪੁਲਿਸ ਕਈ ਵਰ੍ਹਿਆਂ ਤੋਂ ਕਿਸਾਨ ਭਵਨ ਚੰਡੀਗੜ੍ਹ ਦਾ ਨਾ ਕਿਰਾਇਆ ਦੇ ਰਹੀ ਹੈ ਅਤੇ ਨਾ ਹੀ ਕਮਰੇ ਖਾਲੀ ਕਰ ਰਹੀ ਹੈ। ਕਿਸਾਨਾਂ ਨੂੰ ਰਾਜਧਾਨੀ ਵਿਚ ਠਹਿਰਨ ਲਈ ਭਟਕਣਾ ਪੈਂਦਾ ਹੈ। ਮੁੱਖ ਮੰਤਰੀ ਦੀ ਸੁਰੱਖਿਆ ਵਿਚ ਤਾਇਨਾਤ ਐਨ.ਐਸ.ਜੀ. ਕਮਾਂਡੋ ਫੋਰਸ ਨੇ ਦੋ ਨਵੰਬਰ 1992 ਤੋਂ ਕਿਸਾਨ ਭਵਨ ਚੰਡੀਗੜ੍ਹ ਵਿਚ ਕਬਜ਼ਾ ਜਮਾਇਆ ਹੋਇਆ ਹੈ। ਉਦੋਂ ਸਿਰਫ਼ ਦੋ ਦਿਨਾਂ ਵਾਸਤੇ ਠਹਿਰ ਮੰਗੀ ਗਈ ਸੀ ਪਰ ਫਿਰ ਇਹ ਠਹਿਰ ਪੱਕੀ ਕਰ ਲਈ।

ਪੰਜਾਬ ਮੰਡੀ ਬੋਰਡ ਤੋਂ ਸੂਚਨਾ ਦਾ ਅਧਿਕਾਰ ਐਕਟ ਤਹਿਤ ਪ੍ਰਾਪਤ ਵੇਰਵਿਆਂ ਅਨੁਸਾਰ ਕਿਸਾਨ ਭਵਨ ਚੰਡੀਗੜ੍ਹ ਵਿਚ ਪੁਲਿਸ ਦੇ 36 ਮੁਲਾਜ਼ਮ ਤਕਰੀਬਨ 22 ਵਰ੍ਹਿਆਂ ਤੋਂ ਠਹਿਰੇ ਹੋਏ ਹਨ। ਇਨ੍ਹਾਂ ਵਿਚ ਇਕ ਡਿਪਟੀ ਕਮਾਂਡੈਂਟ (ਐਸ.ਪੀ.), ਪੰਜ ਇੰਸਪੈਕਟਰ ਅਤੇ 30 ਕਾਂਸਟੇਬਲ ਸ਼ਾਮਲ ਹਨ। ਡਿਪਟੀ ਕਮਾਂਡੈਂਟ ਕਿਸਾਨ ਭਵਨ ਦੇ ਡੀਲੈਕਸ ਕਮਰੇ ਵਿਚ ਰਹਿ ਰਹੇ ਹਨ, ਜਦੋਂਕਿ ਬਾਕੀ ਮੁਲਾਜ਼ਮ ਅਤੇ ਇੰਸਪੈਕਟਰ ਪੰਜ ਡੋਰਮੈਟਰੀਜ਼ ਵਿਚ ਠਹਿਰਦੇ ਹਨ। ਪੰਜਾਬ ਮੰਡੀ ਬੋਰਡ ਦਾ ਦੋ ਨਵੰਬਰ 1992 ਤੋਂ ਇਸ ਸਾਲ 30 ਜੂਨ ਤੱਕ ਦਾ 1.26 ਕਰੋੜ ਰੁਪਏ ਕਿਰਾਇਆ ਬਣ ਗਿਆ ਹੈ ਪਰ ਪੰਜਾਬ ਪੁਲਿਸ ਨੇ ਅੱਜ ਤੱਕ ਧੇਲਾ ਵੀ ਨਹੀਂ ਦਿੱਤਾ। ਕਿਸਾਨ ਭਵਨ ਦੇ ਡਿਪਟੀ ਜਨਰਲ ਮੈਨੇਜਰ ਨੇ ਇਸ ਸਾਲ 16 ਜੁਲਾਈ ਨੂੰ ਪੱਤਰ ਨੰਬਰ 725 ਭੇਜ ਕੇ ਡੀ.ਜੀ.ਪੀ. ਨੂੰ ਕਿਰਾਇਆ ਤਾਰਨ ਬਾਰੇ ਲਿਖਿਆ ਹੈ ਪਰ ਪੰਜਾਬ ਪੁਲਿਸ ਨੇ ਕੋਈ ਹੁੰਗਾਰਾ ਨਹੀਂ ਭਰਿਆ।

ਵੇਰਵਿਆਂ ਅਨੁਸਾਰ ਸੁਰੱਖਿਆ ਗਾਰਦਾਂ ਦਾ ਪ੍ਰਤੀ ਮਹੀਨਾ 1.19 ਲੱਖ ਰੁਪਏ ਤੇ ਸਾਲਾਨਾ 14.28 ਲੱਖ ਰੁਪਏ ਕਿਰਾਇਆ ਬਣ ਜਾਂਦਾ ਹੈ। ਸਤੰਬਰ 2010 ਤੋਂ ਪਹਿਲਾਂ ਇਹੋ ਕਿਰਾਇਆ 17,600 ਰੁਪਏ ਪ੍ਰਤੀ ਮਹੀਨਾ ਹੁੰਦਾ ਸੀ ਤੇ ਮਗਰੋਂ ਮੰਡੀ ਬੋਰਡ ਨੇ ਪੈਮਾਇਸ਼ ਕਰਾ ਕੇ ਪੁਲਿਸ ਨੂੰ ਵਪਾਰਕ ਕਿਰਾਇਆ ਪਾਇਆ ਹੈ। ਸੁਰੱਖਿਆ ਗਾਰਦ ਮੁਫ਼ਤ ਵਿਚ ਬਿਜਲੀ ਦੀ ਵਰਤੋਂ ਕਰਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕਮਾਂਡੋਜ਼ ਵੱਲੋਂ ਪੱਕੀ ਠਹਿਰ ਕੀਤੇ ਜਾਣ ਕਰਕੇ ਕਿਸਾਨਾਂ ਨੂੰ ਵਾਪਸ ਮੋੜਨਾ ਪੈਂਦਾ ਹੈ। ਇਨ੍ਹਾਂ ਕਮਾਂਡੋਜ਼ ਕਰਕੇ ਕਿਸਾਨ ਭਵਨ ਦੀ ਆਮਦਨ ਨੂੰ ਵੀ ਸੱਟ ਵੱਜ ਰਹੀ ਹੈ। ਸਰਕਾਰੀ ਸੂਚਨਾ ਅਨੁਸਾਰ ਕਿਸਾਨ ਭਵਨ ਦੀ ਸੱਤ ਵਰ੍ਹਿਆਂ ਦੀ ਕੁੱਲ ਆਮਦਨ 7.40 ਕਰੋੜ ਰੁਪਏ ਰਹੀ ਹੈ, ਜਦੋਂਕਿ ਖ਼ਰਚ 7.63 ਕਰੋੜ ਰੁਪਏ ਆਇਆ ਹੈ। ਇਸ ਸਮੇਂ ਦੌਰਾਨ ਕਿਸਾਨ ਭਵਨ ਵਿਚ 3.68 ਲੱਖ ਮਹਿਮਾਨ ਠਹਿਰੇ ਹਨ।

ਇਨ੍ਹਾਂ ਸੱਤ ਵਰ੍ਹਿਆਂ ਦੌਰਾਨ 1.47 ਕਰੋੜ ਰੁਪਏ ਦਾ ਬਿਜਲੀ ਬਿੱਲ ਤੇ 1.29 ਕਰੋੜ ਰੁਪਏ ਸਿਵਲ ਮੁਰੰਮਤ ਉਤੇ ਖ਼ਰਚ ਕਰਨੇ ਪਏ ਹਨ। ਕਿਸਾਨ ਭਵਨ ਦੇ ਡਿਪਟੀ ਜਨਰਲ ਮੈਨੇਜਰ ਪਰਮਜੀਤ ਸਿੰਘ ਦਾ ਕਹਿਣਾ ਸੀ ਕਿ ਕਿਸਾਨਾਂ ਨੂੰ ਰਿਆਇਤੀ ਦਰਾਂ ਉਤੇ ਠਹਿਰ ਮੁਹੱਈਆ ਕਰਾਈ ਜਾਂਦੀ ਹੈ। ਇਸ ਕਰਕੇ ਵੀ ਖ਼ਰਚਾ ਵਧ ਜਾਂਦਾ ਹੈ। ਉਨ੍ਹਾਂ ਆਖਿਆ ਕਿ ਉਹ ਪੰਜਾਬ ਪੁਲਿਸ ਨੂੰ ਕਿਰਾਏ ਵਾਸਤੇ ਸੈਂਕੜੇ ਪੱਤਰ ਲਿਖ ਚੁੱਕੇ ਹਨ। ਪੰਜਾਬ ਵਿਚ ਵੀ ਇਹੀ ਹਾਲ ਹੈ। ਖੰਨਾ ਦੇ ਰੈਸਟ ਹਾਊਸ ਉਤੇ ਤਿੰਨ ਦਹਾਕਿਆਂ ਤੋਂ ਪੁਲਿਸ ਦਾ ਕਬਜ਼ਾ ਹੈ। ਇਸ ਦਾ ਤਕਰੀਬਨ ਪੌਣੇ ਦੋ ਕਰੋੜ ਰੁਪਏ ਕਿਰਾਇਆ ਬਣ ਚੁੱਕਾ ਹੈ, ਜੋ ਤਾਰਿਆ ਨਹੀਂ ਗਿਆ ਹੈ। ਰਾਏਕੋਟ, ਮਹਿਲ ਕਲਾਂ, ਸੁਨਾਮ, ਮੌੜ ਮੰਡੀ, ਧਰਮਕੋਟ, ਸਰਦੂਲਗੜ ਤੇ ਅਮਲੋਹ ਦੇ ਕਿਸਾਨ ਆਰਾਮ ਘਰਾਂ ਵਿਚ ਡੀ.ਐਸ.ਪੀਜ਼. ਦੇ ਡੇਰੇ ਹਨ। ਮਲੋਟ ਦੀ ਕਿਸਾਨ ਸਰਾਂ ਉਤੇ 18 ਵਰ੍ਹਿਆਂ ਤੋਂ ਡੀ.ਐਸ.ਪੀ. ਦਾ ਕਬਜ਼ਾ ਹੈ। ਖਡੂਰ ਸਾਹਿਬ ਦੀ ਮੰਡੀ ਬੋਰਡ ਦੀ ਇਮਾਰਤ ਵਿਚ ਥਾਣਾ ਚੱਲ ਰਿਹਾ ਹੈ। ਬਠਿੰਡਾ ਦੇ ਜ਼ਿਲ੍ਹਾ ਮੰਡੀ ਅਫ਼ਸਰ ਦੇ ਦਫ਼ਤਰ ਵਿਚ 15 ਵਰ੍ਹਿਆਂ ਤੋਂ ਪੁਲਿਸ ਬੈਠੀ ਹੈ। ਇਸ ਦਾ ਕਿਰਾਇਆ ਤਕਰੀਬਨ 65 ਲੱਖ ਤੋਂ ਉਪਰ ਬਣ ਚੁੱਕਾ ਹੈ ਪਰ ਕਿਸੇ ਵੀ ਪੁਲਿਸ ਅਧਿਕਾਰੀ ਨੇ ਕਿਰਾਇਆ ਨਹੀਂ ਤਾਰਿਆ ਹੈ। ਜੈਤੋ ਵਿਚ ਮਾਰਕੀਟ ਕਮੇਟੀ ਦੀ ਪੁਰਾਣੀ ਇਮਾਰਤ ਵਿਚ ਥਾਣਾ ਚੱਲ ਰਿਹਾ ਹੈ। ਮੰਡੀ ਬੋਰਡ ਦੀਆਂ ਦਰਜਨ ਇਮਾਰਤਾਂ ਵਿਚ ਸਿਵਲ ਦੇ ਦਫ਼ਤਰ ਚੱਲ ਰਹੇ ਹਨ। ਪੰਜਾਬ ਮੰਡੀ ਬੋਰਡ ਦੇ ਜਨਰਲ ਮੈਨੇਜਰ ਸਿਕੰਦਰ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਗ੍ਰਹਿ ਵਿਭਾਗ (ਪੰਜਾਬ) ਨੂੰ ਕਿਰਾਇਆ ਲੈਣ ਲਈ ਕਈ ਵਾਰ ਪੱਤਰ ਲਿਖੇ ਹਨ ਤੇ ਕਈ ਥਾਵਾਂ ਤੋਂ ਥੋੜ੍ਹੀ-ਬਹੁਤੀ ਰਕਮ ਵਸੂਲੀ ਵੀ ਗਈ ਹੈ। ਉਨ੍ਹਾਂ ਆਖਿਆ ਕਿ ਮੰਡੀ ਬੋਰਡ ਦੀਆਂ ਇਮਾਰਤਾਂ ਵਿਚ ਪੁਲਿਸ ਦੀ ਠਹਿਰ ਕਰਕੇ ਬੋਰਡ ਦਾ ਕੰਮ ਵੀ ਪ੍ਰਭਾਵਿਤ ਹੁੰਦਾ ਹੈ।


ਵੇਟਰ, ਕਿਚਨ ਹੈਲਪਰ ਅਤੇ ਡਿਸ਼ਵਾਸ਼ਰ ਦੀ ਫੌਰੀ ਲੋੜ ਹੈ

ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਵੇਟਰ ਦੀ ਫੌਰੀ ਤੌਰ 'ਤੇ ਲੋੜ ਹੈ

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
*ਸਹੀ ਵਿਅਕਤੀ ਨੂੰ ਸਪਾਂਸਰ ਵੀ ਕੀਤਾ ਜਾ ਸਕਦਾ ਹੈ

Restaurant Help
Immediately hiring Waiter, Kitchen Helper & Dish Washer for Indian restaurant in Indiana.
*Good salary and free accommodation.
*Sponsorship is available for right candidate.

ਸੰਪਰਕ ਕਰੋ: ਟੋਨੀ
ਫੋਨ: 317-340-1470

31-32



ਇੰਡੀਅਨ ਰੈਸਟੋਰੈਂਟ ਲਈ ਲੋੜ ਹੈ

ਫਲੋਰਿਡਾ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ਵਾਸ਼ਰ, ਕਿਚਨ ਹੈਲਪਰ ਅਤੇ ਸਰਵਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 850-510-3046

Wanted Dishwasher, Kitchen helper and Server for Indian restaurant in Florida.
Please call: 850-510-3046

30-31



Golden State Realty

9912 Kapalua Ln., Elk Grove, CA 95624



Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773

email: samchahal@hotmail.com

Serving all over California



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਖੇਤੀ ਪ੍ਰਧਾਨ ਸੂਬੇ ਵਿਚ ਸ਼ਰਾਬ ਨੀਤੀ ਨੂੰ ਦਿੱਤੀ ਪਹਿਲ

**ਜਲੰਧਰ:** ਦੇਸ਼ ਵਿਚ ਸਭ ਤੋਂ ਵਧੇਰੇ ਅੰਨ ਪੈਦਾ ਕਰਨ ਵਾਲੇ ਖੇਤੀ ਪ੍ਰਧਾਨ ਸੂਬੇ ਪੰਜਾਬ ਨੇ ਹਰਾ ਇਨਕਲਾਬ ਸ਼ੁਰੂ ਹੋਣ ਤੋਂ ਹੁਣ ਤੱਕ ਪੰਜ ਦਹਾਕੇ ਬੀਤ ਜਾਣ ਬਾਅਦ ਵੀ ਖੇਤੀ ਨੀਤੀ ਹੀ ਨਹੀਂ ਬਣਾਈ। ਇਸ ਤੋਂ ਉਲਟ ਪੰਜਾਬ ਦੇ ਲੋਕਾਂ ਨੂੰ ਜਿਸਮਾਨੀ ਤੇ ਰੂਹਾਨੀ ਪੱਧਰ ਉਤੇ ਖੋਖਲਾ ਕਰਨ ਲਈ ਸ਼ਰਾਬ ਨੀਤੀ ਦੇਸ਼ ਭਰ ਵਿਚ ਪੰਜਾਬ ਅੰਦਰ ਸਭ ਤੋਂ ਮਜ਼ਬੂਤ ਹੈ।



ਸਰਕਾਰੀ ਅੰਕੜਿਆਂ ਮੁਤਾਬਕ 1997 ਵਿਚ ਅਕਾਲੀ-ਭਾਜਪਾ ਗਠਜੋੜ ਦੇ ਰਾਜ-ਭਾਗ ਸੰਭਾਲਣ ਸਮੇਂ ਸ਼ਰਾਬ ਤੋਂ ਆਉਂਦਾ ਮਾਲੀਆ ਸਾਲਾਨਾ 500 ਕਰੋੜ ਦੇ ਕਰੀਬ ਸੀ ਪਰ ਸਰਕਾਰ ਨੇ ਸ਼ਰਾਬ ਨੀਤੀ ਨੂੰ ਅਜਿਹਾ ਗੇੜਾ ਦਿੱਤਾ ਕਿ ਇਸ ਨੀਤੀ ਨੇ ਪੰਜਾਬ ਨੂੰ ਆਪਣੀ ਜਕੜ ਵਿਚ ਲੈ ਕੇ 18 ਕੁ ਸਾਲਾਂ ਵਿਚ ਹੀ ਸ਼ਰਾਬ ਦੀਆਂ ਬੋਤਲਾਂ ਦੀ ਗਿਣਤੀ 10 ਕੁ ਕਰੋੜ ਤੋਂ ਵੱਧ ਕੇ 44 ਕਰੋੜ ਬੋਤਲਾਂ ਤੱਕ ਪੁੱਜ ਗਈ ਹੈ ਤੇ ਸਾਲਾਨਾ ਆਮਦਨ 500 ਕਰੋੜ ਰੁਪਏ ਤੋਂ ਵਧਾ ਕੇ ਪੰਜ ਹਜ਼ਾਰ ਕਰੋੜ ਰੁਪਏ ਤੱਕ ਜਾ ਪੁੱਜੀ ਹੈ।

ਦੇਸ਼ ਦਾ ਕੋਈ ਵੀ ਸੂਬਾ ਸ਼ਰਾਬ ਤੋਂ ਆਮਦਨ ਵਿਚ ਵਾਧੇ ਦੀ ਦਰ ਬਾਰੇ ਪੰਜਾਬ ਦੇ ਨੇੜੇ-ਤੇੜੇ ਵੀ ਨਹੀਂ ਢੁਕਦਾ। ਇਸ ਦੇ ਉਲਟ ਖੇਤੀ ਪੈਦਾਵਾਰ ਵਿਚ ਵੱਡੀਆਂ ਮੱਲਾਂ ਮਾਰਨ ਵਾਲਾ ਇਹ ਸੂਬਾ ਖੇਤੀ ਖੇਤਰ ਵਿਚ ਲਗਾਤਾਰ ਪਿੱਛੇ ਨੂੰ ਲੁਟਕਦਾ ਜਾ ਰਿਹਾ ਹੈ। 1997 ਵਿਚ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਕੋਈ ਸਮੱਸਿਆ ਨਹੀਂ ਸੀ।

ਬੈਂਕਾਂ, ਸਹਿਕਾਰੀ ਸਭਾਵਾਂ ਤੇ ਆੜ੍ਹਤੀਆਂ ਨਾਲ ਕਿਸਾਨਾਂ ਦੀ ਆਈ-ਚਲਾਈ ਚਲਦੀ ਆ ਰਹੀ ਸੀ ਪਰ ਪਿਛਲੇ 18 ਸਾਲਾਂ ਵਿਚ ਪੰਜਾਬ ਦੇ ਕਿਸਾਨ ਸਰਕਾਰੀ ਅੰਕੜਿਆਂ ਮੁਤਾਬਿਕ ਇਕ ਲੱਖ ਕਰੋੜ ਰੁਪਏ ਦੇ ਸਥਾਈ ਕਰਜ਼ੇ ਹੇਠ ਆ ਚੁੱਕੇ ਹਨ ਤੇ ਇਸ ਕਰਜ਼ੇ ਵਿਚ 78 ਹਜ਼ਾਰ ਕਰੋੜ ਰੁਪਏ ਬੈਂਕਾਂ ਤੇ ਹੋਰ ਸਰਕਾਰੀ ਸੰਸਥਾਵਾਂ ਦੇ ਹਨ ਤੇ ਬਾਕੀ ਸ਼ਾਹੂਕਾਰਾਂ ਨਾਲ ਜੁੜਿਆ ਕਰਜ਼ਾ ਹੈ। ਪੰਜਾਬ ਮੁੱਢ ਤੋਂ ਹੀ ਖੇਤੀ ਪ੍ਰਧਾਨ ਸੂਬਾ ਤੁਰਿਆ ਆ ਰਿਹਾ ਹੈ ਤੇ 1960ਵਿਆਂ ਵਿਚ ਦੇਸ਼ ਦੀ ਅੰਨ ਦੀ ਥੁੜ੍ਹ ਦੂਰ ਕਰਨ ਲਈ ਭਾਰਤ ਸਰਕਾਰ ਨੇ ਹਰਾ ਇਨਕਲਾਬ ਦੇ ਨਾਅਰੇ ਨੂੰ ਲਾਗੂ ਕਰਨ ਲਈ ਸਭ ਤੋਂ ਪਹਿਲਾਂ ਪੰਜਾਬ ਨੂੰ ਚੁਣਿਆ। ਇਨਕਲਾਬੀ ਸੁਭਾਅ ਦੇ ਮਾਲਕ ਪੰਜਾਬ ਦੇ ਕਿਸਾਨਾਂ ਨੇ 'ਹਰਾ ਇਨਕਲਾਬ' ਮੁਹਿੰਮ ਨੂੰ ਚੁੰਬਕੀ ਹੁੰਗਾਰਾ ਦਿੰਦਿਆਂ ਕੁਝ ਹੀ ਸਾਲਾਂ ਵਿਚ ਨਵੀਂ ਤਕਨੀਕ, ਨਵੇਂ ਬੀਜ, ਨਵੀਆਂ ਖਾਦਾਂ ਤੇ ਨਵੇਂ ਕੀਟਨਾਸ਼ਕ ਵਰਤ ਕੇ ਅਨਾਜ ਪੈਦਾਵਾਰ ਵਿਚ ਕਈ ਗੁਣਾਂ ਵਾਧਾ ਕਰ ਦਿੱਤਾ। 1990ਵਿਆਂ ਤੱਕ ਪੁੱਜਦਿਆਂ ਤਾਂ ਇਕੱਲਾ ਪੰਜਾਬ ਹੀ 100 ਲੱਖ ਟਨ ਤੋਂ ਵਧੇਰੇ ਕਣਕ ਪੈਦਾ ਕਰਨ ਲੱਗ ਪਿਆ, ਪਰ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਅਨਾਜ ਪੈਦਾਵਾਰ ਦੇ ਵਾਧੇ ਵਿਚ ਆਈ. ਖੜੋਤ, ਖੇਤੀ ਲਾਗਤ ਵਧਣ ਤੇ ਆਮਦਨ ਘਟਣ ਕਾਰਨ ਖੇਤੀ ਸੰਕਟ ਵਿਰਾਟ ਰੂਪ ਧਾਰਨ ਕਰਨ ਲੱਗ ਪਿਆ।

ਇਸ ਸੰਕਟ ਮੌਕੇ ਸਰਕਾਰ ਨੇ ਖੇਤੀ ਵਿਭਿੰਨਤਾ ਦੀ ਲਫ਼ਜ਼ੀ ਕਾਵਾਂ-ਰੌਲੀ ਸ਼ੁਰੂ ਕਰ ਦਿੱਤੀ ਜੋ ਅੱਜ ਸੰਕਟ ਹੇਠ ਆਏ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਸਮੇਂ ਤੱਕ ਵੀ ਜਾਰੀ ਹੈ। ਖੇਤੀ ਤੇ ਆਰਥਿਕ ਮਾਹਿਰ ਇਸ ਪੱਖੋਂ ਹੈਰਾਨ ਹਨ ਕਿ ਪੰਜਾਬ ਨੇ ਖੇਤੀ ਪੈਦਾਵਾਰ ਵਿਚ ਰਿਕਾਰਡ ਵਾਧਾ ਕੀਤਾ, ਫਿਰ ਖੜੋਤ ਦਾ ਸਮਾਂ ਆਇਆ ਤੇ ਅੱਜ ਸੰਕਟ ਡੂੰਘਾ ਹੋ ਕੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਮੂੰਹ ਧੱਕ ਰਿਹਾ ਹੈ ਪਰ ਸੂਬੇ ਨੇ ਹਾਲੇ ਤੱਕ ਕੋਈ ਖੇਤੀ ਨੀਤੀ ਹੀ ਨਹੀਂ ਬਣਾਈ।

### ਖੇਤੀ ਨੀਤੀ ਬਾਰੇ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਟਾਲਾ

2012 ਵਿਚ ਬਾਦਲ ਸਰਕਾਰ ਨੇ ਦੂਜੀ ਵਾਰ ਸਹੁੰ ਚੁੱਕਣ ਤੋਂ ਬਾਅਦ ਬੁਲਾਈ ਕੈਬਨਿਟ ਮੀਟਿੰਗ ਵਿਚ ਜਲਦੀ ਖੇਤੀ ਨੀਤੀ ਬਣਾਏ ਜਾਣ ਦਾ ਫ਼ੈਸਲਾ ਕੀਤਾ ਸੀ ਤੇ ਪੰਜਾਬ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਡਾ. ਜੀ.ਐਸ. ਕਾਲਕਟ ਦੀ ਅਗਵਾਈ ਵਿਚ ਕਮੇਟੀ ਬਣਾ ਕੇ ਖੇਤੀ ਨੀਤੀ ਦਾ ਖਰੜਾ ਤਿਆਰ ਕੀਤਾ ਜਾਣਾ ਸੀ। ਹੁਣ ਸਵਾ ਤਿੰਨ ਸਾਲ ਬੀਤ ਗਏ ਹਨ ਪਰ ਖੇਤੀ ਨੀਤੀ ਰੋਲੇ-ਘਚੋਲੇ ਵਿਚ ਹੀ ਫਸੀ ਪਈ ਹੈ। ਡਾ. ਜੀ.ਐਸ. ਕਾਲਕਟ ਦਾ ਕਹਿਣਾ ਹੈ ਕਿ ਉਨ੍ਹਾਂ ਕਈ ਮਹੀਨੇ ਪਹਿਲਾਂ ਖੇਤੀ ਨੀਤੀ ਦਾ ਖਰੜਾ ਬਣਾ ਕੇ ਪੰਜਾਬ ਸਰਕਾਰ ਨੂੰ ਭੇਜ ਦਿੱਤਾ ਸੀ, ਪਰ ਅੱਗੋਂ ਅਜੇ ਕੋਈ ਕਾਰਵਾਈ ਨਹੀਂ ਹੋਈ।

# ਅਮਰੀਕਾ ਵਿਚ 7 ਮਹੀਨਿਆਂ ਵਿਚ ਚੱਲੀਆਂ 200 ਵਾਰ ਗੋਲੀਆਂ

**ਵਾਸ਼ਿੰਗਟਨ:** ਅਮਰੀਕਾ ਵਿਚ ਪਿਛਲੇ ਹਫਤੇ ਸਿਨੇਮਾ ਘਰ ਵਿਚ ਵਾਪਰੀ ਗੋਲਾਬਾਰੀ ਦੀ ਘਟਨਾ ਨੇ ਇਕ ਵਾਰ ਫਿਰ ਦੇਸ਼ ਵਿਚ ਹਥਿਆਰਾਂ ਰੱਖਣ ਦੇ ਅਧਿਕਾਰ ਦੇ ਮੁੱਦੇ ਉਤੇ ਬਹਿਸ ਛੇੜ ਦਿੱਤੀ ਹੈ। ਇਕ ਰਿਪੋਰਟ ਅਨੁਸਾਰ 204 ਗੋਲਾਬਾਰੀ ਦੀਆਂ ਘਟਨਾਵਾਂ ਇਸ ਸਾਲ ਅਮਰੀਕਾ ਵਿਚ ਵਾਪਰ ਚੁੱਕੀਆਂ ਹਨ। ਇਨ੍ਹਾਂ ਘਟਨਾਵਾਂ ਕਾਰਨ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਕ ਮਹੀਨੇ ਵਿਚ ਅਮਰੀਕਾ ਦੇ ਲੁਸੀਆਨਾ ਸੂਬੇ ਵਿਚ ਗੋਲਾਬਾਰੀ ਦੀ ਤੀਜੀ ਘਟਨਾ ਹੈ ਜਿਸ ਵਿਚ ਤਿੰਨ ਵਿਅਕਤੀਆਂ ਦੀ ਜਾਨ ਜਾ ਚੁੱਕੀ ਹੈ।

ਅਮਰੀਕਾ ਵਿਚ ਬੰਦੂਕਾਂ ਰੱਖਣ ਉਤੇ ਕੋਈ ਸਖ਼ਤ ਕਾਨੂੰਨ ਨਾ ਬਣਨ ਕਾਰਨ ਗੋਲਾਬਾਰੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਬੀ.ਬੀ.ਸੀ. ਨੂੰ ਦਿੱਤੇ ਇਕ ਇੰਟਰਵਿਊ ਵਿਚ ਰਾਸ਼ਟਰਪਤੀ ਬਰਾਕ ਓਬਾਮਾ ਨੇ ਗੱਲ ਮੰਨੀ ਹੈ ਕਿ ਅਮਰੀਕਾ ਗੋਲਾਬਾਰੀ ਦੀਆਂ ਘਟਨਾਵਾਂ ਨੂੰ ਰੋਕਣ ਵਿਚ ਅਸਫਲ ਰਿਹਾ ਹੈ ਕਿਉਂਕਿ ਦੇਸ਼ ਵਿਚ ਅਜੇ ਤੱਕ ਬੰਦੂਕਾਂ ਉਤੇ ਕੰਟਰੋਲ ਕਰਨ ਲਈ ਕੋਈ ਸਖ਼ਤ ਕਾਨੂੰਨ ਪਾਸ ਨਹੀਂ ਕੀਤਾ ਜਾ ਸਕਿਆ।

ਅਮਰੀਕਾ ਵਿਚ ਆਮ ਲੋਕਾਂ ਕੋਲ 27 ਕਰੋੜ ਤੋਂ ਜ਼ਿਆਦਾ ਲਾਇਸੰਸੀ ਬੰਦੂਕਾਂ ਹਨ। ਅਮਰੀਕਾ ਵਿਚ ਨਾਗਰਿਕਾਂ ਦੇ ਹਥਿਆਰ ਰੱਖਣ ਉੱਤੇ ਪਾਬੰਦੀ ਲਗਾਉਣ ਦੇ ਮੁੱਦੇ ਨੂੰ ਲੈ ਕੇ ਭਰਵੀਂ ਬਹਿਸ ਚੱਲ ਰਹੀ ਹੈ ਪਰ ਅਜੇ ਤੱਕ ਸਰਕਾਰ ਇਸ ਉਤੇ ਕੋਈ ਪਾਬੰਦੀ ਨਹੀਂ ਲਗਾਈ ਹੈ।

### ਅਮਰੀਕਾ ਲਈ ਵੱਡਾ ਖ਼ਤਰਾ ਬਣੇ ਜਹਾਦੀ

**ਵਾਸ਼ਿੰਗਟਨ:** ਐਫ.ਬੀ.ਆਈ. ਦੇ ਡਾਇਰੈਕਟਰ ਜੇਮਸ ਕੋਮੀ ਨੇ ਚਿਤਾਵਨੀ ਦਿੱਤੀ ਹੈ ਕਿ ਅਲ ਕਾਇਦਾ ਨਾਲੋਂ ਇਸਲਾਮਿਕ ਸਟੇਟ ਦਹਿਸ਼ਤਗਰਦ ਜਥੇਬੰਦੀ ਅਮਰੀਕਾ ਲਈ ਵੱਡੀ ਚੁਣੌਤੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਸੋਸ਼ਲ ਮੀਡੀਆ ਰਾਹੀਂ ਵੱਡੀ ਗਿਣਤੀ ਵਿਚ ਅਮਰੀਕੀ ਨੌਜਵਾਨਾਂ ਨੂੰ ਵਰਗਲਾ ਲਿਆ ਹੈ। ਉਨ੍ਹਾਂ ਨੂੰ ਆਪਣੇ ਹੀ ਮੁਲਕ ਵਿਚ ਹਮਲੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਐਸਪੈਨ ਸਕਿਊਰਿਟੀ ਫੋਰਮ ਦੀ ਬੈਠਕ ਦੌਰਾਨ ਸ੍ਰੀ ਕੋਮੀ ਨੇ ਕਿਹਾ ਕਿ ਇਸਲਾਮਿਕ ਸਟੇਟ ਨੇ ਸੋਸ਼ਲ ਮੀਡੀਆ ਰਾਹੀਂ ਅਮਰੀਕੀਆਂ ਨੂੰ ਆਪਣੇ ਨਾਲ ਰਲਾ ਕੇ ਹਦਾਇਤ ਕੀਤੀ ਹੈ ਕਿ ਉਹ ਮੱਧ ਪੂਰਬ ਆਉਣ ਦੀ ਬਜਾਏ ਜਿਥੇ ਉਹ ਰਹਿੰਦੇ ਹਨ, ਉਥੇ ਦਹਿਸ਼ਤਗਰਦੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ।

## ਕਨਟੇਨਰ ਰਾਹੀ ਸਿੱਖਾਂ ਨੂੰ ਲੰਡਨ ਪਹੁੰਚਾਉਣ ਵਾਲਾ ਦੋਸ਼ੀ ਕਰਾਰ

**ਲੰਡਨ:** ਇੰਗਲੈਂਡ ਦੀ ਅਦਾਲਤ ਨੇ ਮਨੁੱਖੀ ਸਮਗਲਿੰਗ ਦੇ ਦੋਸ਼ ਵਿਚ ਇਕ ਵਿਅਕਤੀ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇੰਗਲੈਂਡ ਦੇ ਰਹਿਣ ਵਾਲੇ ਤਾਹਾ ਸ਼ਰੀਫ ਉਤੇ 35 ਸਿੱਖਾਂ ਨੂੰ ਇਕ ਕਨਟੇਨਰ ਰਾਹੀ ਇੰਗਲੈਂਡ ਵਿਚ ਸਮਗਲਿੰਗ ਕਰਕੇ ਲਿਆਉਣ ਦਾ ਦੋਸ਼ ਹੈ। ਪਿਛਲੇ ਸਾਲ ਇੰਗਲੈਂਡ ਦੀ ਸੀਮਾ ਸੁਰੱਖਿਆ ਟੀਮ ਨੇ ਬੈਲਜੀਅਮ ਤੋਂ ਆਏ ਇਕ ਕੰਨਟੇਨਰ ਨੂੰ ਹਿਰਾਸਤ ਵਿਚ ਲਿਆ ਸੀ। ਜਦੋਂ ਕੰਨਟੇਨਰ ਨੂੰ ਖੋਲਿਆ ਗਿਆ ਤਾਂ ਉਸ ਵਿਚੋਂ 35 ਅਫਗਾਨੀ ਮੂਲ ਦੇ ਸਿੱਖ ਬਰਾਮਦ ਕੀਤੇ ਗਏ। ਇਨ੍ਹਾਂ ਸਿੱਖਾਂ ਵਿਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ ਸਨ। ਲੰਬੇ ਸਮੇਂ ਤੱਕ ਕੰਨਟੇਨਰ ਵਿਚ ਬੰਦ ਰਹਿਣ ਕਾਰਨ ਮੀਤ ਸਿੰਘ ਨਾਮਕ ਵਿਅਕਤੀ ਦੀ ਮੌਤ ਵੀ ਹੋ ਗਈ ਸੀ। ਬੇਸਲਡਨ ਵਿਚ ਸੱਤ ਹਫਤੇ ਤੱਕ ਚਲੇ ਕੇਸ ਦੌਰਾਨ ਟੋਟਨਹੈਮ ਵਾਸੀ ਤਾਹਾ ਸ਼ਰੀਫ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ।

ਇਸ ਦੇ ਨਾਲ ਹੀ ਤਾਹਾ ਸ਼ਰੀਫ ਦੇ ਨਾਲ ਗ੍ਰਿਫਤਾਰ ਕੀਤੇ ਗਏ ਕੁਝ ਲੋਕ ਸਬੂਤਾਂ ਦੀ ਘਾਟ ਦੇ ਚਲਦੇ ਬਰੀ ਹੋਣ ਵਿਚ ਕਾਮਯਾਬ ਵੀ ਹੋ ਗਏ। ਕੰਨਟੇਨਰ ਵਿਚੋਂ ਬਰਾਮਦ ਕੀਤੇ ਗਏ ਸਾਰੇ ਵਿਅਕਤੀ ਅਫ਼ਗਾਨਿਸਤਾਨ ਦੇ ਰਹਿਣ ਵਾਲੇ ਸਨ। ਏਜੰਟ ਦੀ ਮਦਦ ਨਾਲ ਇਨ੍ਹਾਂ ਨੂੰ ਸਮੁੰਦਰੀ ਰਾਸਤੇ ਰਾਹੀਂ ਕੰਨਟੇਨਰ ਵਿਚ ਬੰਦ ਕਰਕੇ ਇੰਗਲੈਂਡ ਲਿਆਂਦਾ ਜਾ ਰਿਹਾ ਸੀ ਪਰ ਬੰਦਰਗਾਹ ਉਤੇ ਜਦੋਂ ਕੰਨਟੇਨਰ ਨੂੰ ਚੈਕ ਕੀਤਾ ਗਿਆ ਤਾਂ ਸਾਰੇ ਲੋਕ ਫੜੇ ਗਏ।

# ਪਰਸ਼ੂਰਾਮ ਚੇਅਰ ਦੇ ਵਿਰੋਧ ਵਿਚ ਲੱਗੇ ਖ਼ਾਲਿਸਤਾਨ ਦੇ ਨਾਅਰੇ

**ਪਟਿਆਲਾ:** ਇਥੇ ਪੰਜਾਬੀ ਯੂਨੀਵਰਸਿਟੀ ਵਿਚ ਭਗਵਾਨ ਪਰਸ਼ੂਰਾਮ ਦੀ ਚੇਅਰ ਸਥਾਪਤ ਕਰਨ ਮੌਕੇ ਹੋਏ ਸਮਾਗਮ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਉਂ ਹੀ ਬੋਲਣ ਲੱਗੇ ਤਾਂ ਹਾਲ ਵਿਚ 'ਖ਼ਾਲਿਸਤਾਨ ਜ਼ਿੰਦਾਬਾਦ' ਤੇ 'ਬਾਦਲ ਮੁਰਦਾਬਾਦ' ਦੇ ਨਾਅਰੇ ਲੱਗਣੇ ਸ਼ੁਰੂ ਹੋ ਗਏ। ਇਸ ਕਾਰਨ ਪੂਰੇ ਸਮਾਗਮ ਵਿਚ ਹਲਚਲ ਮੱਚ ਗਈ। ਮੌਕੇ ਉਤੇ ਮੌਜੂਦ ਪੁਲਿਸ ਨੇ ਨਾਅਰੇ ਲਾ ਰਹੇ ਕਾਰਕੁਨਾਂ ਨੂੰ ਕਾਬੂ ਕਰ ਲਿਆ।



ਸ. ਬਾਦਲ ਨੇ ਇਨ੍ਹਾਂ ਕਾਰਕੁਨਾਂ ਬਾਰੇ ਮੌਕੇ ਉਤੇ ਹੀ ਸਟੇਜ ਤੋਂ ਸਖ਼ਤ ਪ੍ਰਤੀਕਰਮ ਪ੍ਰਗਟ ਕੀਤਾ। ਨਾਅਰੇ ਲਾਉਣ ਵਾਲੇ ਕਾਰਕੁਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਸਬੰਧਤ ਸਨ, ਜਿਨ੍ਹਾਂ ਵਿਚੋਂ ਜ਼ਿਲ੍ਹਾ ਪ੍ਰਧਾਨ ਸਰੂਪ ਸਿੰਘ ਸੰਧਾ, ਕਿਸਾਨ ਵਿੰਗ ਦੇ ਆਗੂ ਰਾਜਿੰਦਰ ਸਿੰਘ ਛੰਨਾ, ਗੁਰਧਿਆਨ ਸਿੰਘ ਧਨੇਠਾ, ਦਰਸ਼ਨ ਸਿੰਘ ਸਨੌਰ ਨੂੰ ਪੁਲਿਸ ਮੌਕੇ ਉਤੇ ਹੀ ਫੜ ਕੇ ਲੈ ਗਈ।

ਇਸ ਬਾਬਤ ਸ. ਬਾਦਲ ਨੇ ਕਿਹਾ ਕਿ ਇਨ੍ਹਾਂ ਲੋਕਾਂ ਦਾ ਕੰਮ ਹੀ ਪੰਜਾਬ ਦੀ ਸ਼ਾਂਤੀ ਭੰਗ ਕਰਨਾ ਹੈ। ਪੰਜਾਬ ਨੇ ਅਜਿਹੀਆਂ ਸਾਜ਼ਿਸ਼ਾਂ ਕਰਕੇ ਪਹਿਲਾਂ ਹੀ ਬਹੁਤ ਸੰਤਾਪ ਝੱਲਿਆ ਹੈ ਪਰ ਹੁਣ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਸਖ਼ਤ ਕਦਮ ਉਠਾਉਂਦਿਆਂ ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਉਤੇ ਨਜ਼ਰ ਰੱਖਦੇ ਹੋਏ ਰਾਜ ਦੀ ਸ਼ਾਂਤੀ ਤੇ ਵਿਕਾਸ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਆਪਣੇ ਨਿੱਜੀ ਸਵਾਰਥਾਂ ਕਰਕੇ ਰਾਜ ਵਿਚ ਕਾਲੇ ਦਿਨਾਂ ਨੂੰ ਵਾਪਸ ਲਿਆਉਣ ਵਿਚ ਲੱਗੇ ਹੋਏ ਹਨ ਪਰ ਇਨ੍ਹਾਂ ਦੇ ਮਾੜੇ ਇਰਾਦਿਆਂ ਨੂੰ ਕਦੇ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਆਪਣੇ ਆਖਰੀ ਸਾਹਾਂ ਤੱਕ ਇਨ੍ਹਾਂ ਲੋਕਾਂ ਦੇ ਮਾੜੇ ਮਨਸੂਬਿਆਂ ਨੂੰ ਸਫਲ ਨਹੀਂ ਹੋਣ ਦੇਣਗੇ।

# ਬਰਤਾਨੀਆ 'ਚ ਨਿਆਸਰਿਆਂ ਦਾ ਆਸਰਾ ਬਣੇ ਗੁਰੂ ਘਰ

**ਲੰਡਨ:** ਬਰਤਾਨੀਆ ਦੇ 250 ਗੁਰਦੁਆਰਿਆਂ ਵੱਲੋਂ ਹਰੇਕ ਹਫ਼ਤੇ ਪੰਜ ਹਜ਼ਾਰ ਗ਼ੈਰ ਸਿੱਖਾਂ ਨੂੰ ਲੰਗਰ ਵਰਤਾਇਆ ਜਾਂਦਾ ਹੈ। ਹੁਣ ਇਹ ਉਪਰਾਲੇ ਕੀਤੇ ਜਾ ਰਹੇ ਹਨ ਕਿ ਲੰਗਰ ਗੁਰਦੁਆਰਿਆਂ ਤੋਂ ਬਾਹਰ ਵੀ ਵਰਤਾਇਆ ਜਾਏ ਤਾਂ ਜੋ ਸਰਬਤ ਦੇ ਭਲੇ ਦਾ ਮੂਲ ਉਦੇਸ਼ ਪੂਰਾ ਹੋ ਸਕੇ। ਬਰਤਾਨੀਆ ਦੇ ਗੁਰਦੁਆਰਿਆਂ ਵਿਚ ਵਰਤਾਇਆ ਜਾ ਰਿਹਾ ਲੰਗਰ ਨਿਆਸਰਿਆਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਨਵੇਂ ਅਧਿਐਨ ਮੁਤਾਬਕ ਗੁਰਦੁਆਰਿਆਂ ਵਿਚ ਵਰਤਾਇਆ ਜਾਂਦਾ ਗਰਮਾ ਗਰਮ ਲੰਗਰ 'ਫੂਡ ਬੈਂਕ' ਵਜੋਂ ਪ੍ਰਚਲਿਤ ਹੁੰਦਾ ਜਾ ਰਿਹਾ ਹੈ।

ਲਾਸ ਏਂਜਲਸ ਵਿਚ ਖ਼ਾਲਸਾ ਫੂਡ ਪੈਂਟਰੀ ਤੇ ਖ਼ਾਲਸਾ ਪੀਸ ਕੋਰ ਨਿਆਸਰਿਆਂ ਨੂੰ ਲੰਗਰ ਵਰਤਾ ਰਹੇ ਹਨ ਜਦਕਿ ਸਿੱਖਸੈੱਸ ਪ੍ਰੋਜੈਕਟ ਰਾਹੀਂ ਬੇਘਰਿਆਂ ਨੂੰ ਲੰਗਰ ਅਤੇ ਕੱਪੜੇ ਪੂਰੇ ਅਮਰੀਕਾ ਵਿਚ ਮੁਹੱਈਆ ਕਰਵਾਏ ਜਾ ਰਹੇ ਹਨ। ਲੰਗਰ ਪ੍ਰਥਾ ਦੀ ਸ਼ੁਰੂਆਤ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਹੁਣ ਪਾਕਿਸਤਾਨ ਵਿਚ) ਵਿਚ ਕੀਤੀ ਸੀ। ਬਾਬੇ ਨਾਨਕ ਨੇ ਦਸਾਂ ਨਹੁੰਆਂ ਦੀ ਕਿਰਤ ਕਰਕੇ, ਨਾਮ ਜਪਣ ਤੇ ਵੰਡ ਛਕਣ ਦੀ ਸਿੱਖਿਆ ਦਿੱਤੀ ਸੀ। ਲੰਗਰ ਤਿਆਰ ਕਰਨ, ਵਰਤਾਉਣ, ਪੰਗਤ ਵਿਚ ਖਾਣ ਤੇ ਭਾਂਡੇ ਸਾਫ਼ ਕਰਨ ਦੀ ਸੇਵਾ ਰਾਹੀਂ ਜਾਤ-ਪਾਤ ਤੇ ਧਰਮ ਰਹਿਤ ਬਰਾਬਰੀ ਦਾ ਸੁਨੇਹਾ ਦਿੱਤਾ ਗਿਆ ਹੈ।

'ਦਿ ਕਨਵਰਸੇਸ਼ਨ' ਵਿਚ ਲੀਡਸ ਯੂਨੀਵਰਸਿਟੀ ਦੇ ਫੈਲੋ ਜਸਜੀਤ ਸਿੰਘ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬ੍ਰਿਟਿਸ਼ ਸਿੱਖਾਂ ਨੇ ਪੂਰੇ ਮੁਲਕ ਦੇ ਸ਼ਹਿਰਾਂ ਵਿਚ ਲੰਗਰ ਵਰਤਾਉਣ ਵਾਲੀਆਂ ਸੁਸਾਇਟੀਆਂ ਬਣਾ ਲਈਆਂ ਹਨ। ਬਰਮਿੰਘਮ ਵਿਚ ਮਿਡਲੈਂਡ ਲੰਗਰ ਸੇਵਾ ਸੁਸਾਇਟੀ ਤੇ ਡੋਨਕਾਸਟਰ ਤੇ ਐਡਿਨਬਰਗ ਵਿਚ ਗੁਰੂ ਨਾਨਕ ਮੁਫ਼ਤ ਲੰਗਰ ਸੇਵਾ ਇਸ ਦੀਆਂ ਕੁਝ ਮਿਸਾਲਾਂ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਗੁਰਦੁਆਰੇ ਦਾਨ ਰਾਹੀਂ ਸੌਦਾ ਖ਼ਰੀਦਦੇ ਹਨ ਤੇ ਫਿਰ ਲੰਗਰ ਤਿਆਰ ਕਰਕੇ ਉਨ੍ਹਾਂ ਨੂੰ ਸੰਗਤ ਵਿਚ ਵਰਤਾਇਆ ਜਾਂਦਾ ਹੈ। ਇਹ ਰੁਝਾਨ ਸਿਰਫ਼ ਬਰਤਾਨੀਆ ਤੱਕ ਸੀਮਤ ਨਹੀਂ ਹੈ। ਬਰਤਾਨੀਆ ਵਿਚ ਨੌਜਵਾਨ ਸਿੱਖਾਂ ਦੇ ਧਾਰਮਿਕ ਜੀਵਨ ਬਾਰੇ ਅਧਿਐਨ ਕਰ ਰਹੇ ਜਸਜੀਤ ਸਿੰਘ ਮੁਤਾਬਕ ਕੈਨੇਡਾ ਵਿਚ ਸੇਵਾ ਫੂਡ ਬੈਂਕ ਗ਼ਰੀਬ ਤਬਕੇ ਦੇ ਪਰਿਵਾਰਾਂ ਨੂੰ ਲੰਗਰ ਮੁਹੱਈਆ ਕਰਵਾ ਰਿਹਾ ਹੈ।

### ਵਲੈਤ ਵਿਚ ਪੰਜਾਬੀ ਦੀ ਹੋਵੇਗੀ ਬੱਲੇ-ਬੱਲੇ

**ਲੰਡਨ:** ਬਰਤਾਨੀਆ ਸਰਕਾਰ ਸਕੂਲਾਂ ਵਿਚ ਪੰਜਾਬੀ ਭਾਸ਼ਾ ਸਮੇਤ ਕੁਝ ਹੋਰ ਭਾਰਤੀ ਭਾਸ਼ਾਵਾਂ ਨੂੰ ਲਾਗੂ ਕਰਨ ਦੀ ਤਿਆਰੀ ਵਿਚ ਹੈ। ਪੰਜਾਬੀ ਦੇ ਨਾਲ ਗੁਜਰਾਤੀ ਤੇ ਬੰਗਾਲੀ ਭਾਸ਼ਾ ਨੂੰ ਸਕੂਲਾਂ ਵਿਚ ਲਾਗੂ ਕਰਨ ਲਈ ਕੈਮਰੌਨ ਸਰਕਾਰ ਨੇ ਆਪਣੀ ਵਚਨਬੱਧਤਾ ਦੁਹਰਾਈ ਹੈ, ਪਰ ਸਰਕਾਰ ਦੇ ਹੀ ਇਕ ਮਹਿਕਮੇ ਦੀ ਦਲੀਲ ਹੈ ਕਿ ਖੇਤਰੀ ਭਾਸ਼ਾਵਾਂ ਨੂੰ ਸਕੂਲ ਪੱਧਰ ਉਤੇ ਲਾਗੂ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਸਰਕਾਰ ਦੀ ਦਲੀਲ ਹੈ ਕਿ ਇਹ ਕੋਈ ਮੁਸ਼ਕਿਲ ਕੰਮ ਨਹੀਂ ਹੈ। ਯੂ.ਕੇ. ਦੇ ਸਕੂਲ ਸੁਧਾਰ ਮੰਤਰੀ ਨਿੱਕ ਗਿਬ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਅਕਾਦਮਿਕ ਪਾਠਕ੍ਰਮ ਤਹਿਤ ਸਾਰੇ ਵਿਦਿਆਰਥੀਆਂ ਨੂੰ ਵਿਦੇਸ਼ੀ ਭਾਸ਼ਾਵਾਂ ਪੜ੍ਹਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਨਾਲ ਭਾਈਚਾਰੇ ਦੀਆਂ ਭਾਸ਼ਾਵਾਂ ਦਾ ਪਸਾਰ ਹੋਵੇਗਾ। ਉਨ੍ਹਾਂ ਆਖਿਆ ਹੈ ਕਿ ਦੇਸ਼ ਵਿਚ ਰਹਿਣ ਵਾਲੇ ਪਰਵਾਸੀਆਂ ਵਿਚ ਸਾਨੂੰ ਸਿਰਫ਼ ਫਰੈਂਚ, ਜਰਮਨ ਅਤੇ ਸਪੇਨਿਸ਼ ਭਾਸ਼ਾਵਾਂ ਹੀ ਨਹੀਂ ਚਾਹੀਦੀਆਂ ਬਲਕਿ ਬੰਗਾਲੀ, ਗੁਜਰਾਤੀ, ਪੰਜਾਬੀ, ਪੋਲਿਸ਼ ਤੇ ਤਰਕਿਸ਼ ਭਾਸ਼ਾਵਾਂ ਵਿਚ ਵੀ ਮੁਹਾਰਤ ਹੋਣੀ ਚਾਹੀਦੀ ਹੈ। ਬਰਤਾਨੀਆ ਵਿਚ ਭਾਰਤੀ ਭਾਈਚਾਰੇ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਇਸ ਤਹਿਤ ਸਰਕਾਰ ਇਨ੍ਹਾਂ ਭਾਰਤੀ ਭਾਸ਼ਾਵਾਂ ਨੂੰ ਸਕੂਲੀ ਪਾਠਕ੍ਰਮ ਵਿਚ ਲਾਗੂ ਕਰਨਾ ਚਾਹੁੰਦਾ ਹੈ।




## ਪੰਜਾਬ ਤੋਂ ਹਿਮਾਚਲ ਗਈ ਬੱਸ ਦਰਿਆ ਵਿਚ ਡਿੱਗੀ, 44 ਮੌਤਾਂ

**ਕੁੱਲੂ:** ਪੰਜਾਬ ਦੇ ਬਰਨਾਲਾ ਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਸ਼ਰਧਾਲੂਆਂ ਨੂੰ ਮਣੀਕਰਨ ਸਾਹਿਬ ਦੇ ਦਰਸ਼ਨਾਂ ਨੂੰ ਲੈ ਕੇ ਜਾ ਰਹੀ ਇਕ ਨਿੱਜੀ ਸੈਲਾਨੀ ਬੱਸ ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿਚ ਸਾਤਸਤੀ ਪੁਲ ਨੇੜੇ ਹਾਦਸੇ ਦਾ ਸ਼ਿਕਾਰ ਹੋ ਕੇ ਪਾਰਬਤੀ ਉਪ ਨਦੀ ਡਿੱਗ ਗਈ, ਜਿਸ ਕਾਰਨ 40 ਸ਼ਰਧਾਲੂਆਂ ਦੀ ਮੌਤ ਹੋ ਗਈ। ਬੱਸ ਵਿਚ 67 ਯਾਤਰੀ ਸਵਾਰ ਸਨ ਤੇ 20 ਯਾਤਰੀਆਂ ਨੂੰ ਬਚਾ ਲਿਆ ਗਿਆ।

ਬੱਸ ਕਿਸੇ ਵਾਹਨ ਨੂੰ ਰਸਤਾ ਦੇਣ ਲੱਗਿਆਂ ਇਕ ਪਹਾੜੀ ਨਾਲ ਟਕਰਾ ਕੇ ਨੇੜੇ ਵਗ ਰਹੀ ਪਾਰਬਤੀ ਉਪ ਨਦੀ ਵਿਚ ਡਿੱਗ ਗਈ ਜਦੋਂ ਬੱਸ ਪਲਟੀਆਂ ਖਾ ਕੇ ਹੇਠਾਂ ਡਿੱਗੀ ਤਾਂ ਇਸ ਵਿਚੋਂ ਤਕਰੀਬਨ 20 ਯਾਤਰੀ ਵੀ ਹੇਠਾਂ ਡਿੱਗ ਗਏ, ਜਿਨ੍ਹਾਂ ਨੂੰ ਜ਼ਖ਼ਮੀ ਹਾਲਤ ਵਿਚ ਕੁੱਲੂ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਬੱਸ ਦੀ ਹੋਣੀ ਲਈ ਓਵਰਲੋਡਿੰਗ ਤੇ ਤੇਜ਼ ਰਫ਼ਤਾਰ ਜ਼ਿੰਮੇਵਾਰ ਸੀ। 52 ਸੀਟਾਂ ਦੀ ਸਮਰੱਥਾ ਵਾਲੀ ਇਸ ਬੱਸ ਵਿਚ 67 ਵਿਅਕਤੀ ਸਵਾਰ ਸਨ।

# ਐਸੋਚੈਮ ਨੇ ਖੋਲ੍ਹੀ ਪੰਜਾਬ ਵਿਚ ਪੂੰਜੀ ਨਿਵੇਸ਼ ਦੇ ਦਾਅਵਿਆਂ ਦੀ ਪੋਲ

**ਚੰਡੀਗੜ੍ਹ:** ਪੂੰਜੀ ਨਿਵੇਸ਼ ਲਗਾਤਾਰ ਘਟਣ ਦੀ ਸੱਚਾਈ ਨੇ ਪੰਜਾਬ ਸਰਕਾਰ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਐਸੋਸੀਏਟਿਡ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ (ਐਸੋਚੈਮ) ਵੱਲੋਂ ਕਰਵਾਏ ਇਕ ਸਰਵੇ ਅਨੁਸਾਰ ਪਿਛਲੇ ਅੱਠ ਸਾਲਾਂ ਦੌਰਾਨ ਪੰਜਾਬ ਵਿਚ ਨਵੇਂ ਪੂੰਜੀ ਨਿਵੇਸ਼ ਵਿਚ 93 ਫ਼ੀਸਦੀ ਕਮੀ ਆਈ ਹੈ। ਸਰਵੇ ਅਨੁਸਾਰ 2007-08 ਦੌਰਾਨ ਸੂਬੇ ਵਿਚ 36,650 ਕਰੋੜ ਰੁਪਏ ਦਾ ਨਿਵੇਸ਼ ਹੋਇਆ ਸੀ ਜੋ ਕਿ 2014-15 ਵਿਚ ਘਟ ਕੇ ਸਿਰਫ਼ 2,600 ਕਰੋੜ ਰੁਪਏ ਹੀ ਰਹਿ ਗਿਆ ਹੈ। ਸੂਬਾ ਸਰਕਾਰ ਨੇ 2013 ਵਿਚ ਮੁਹਾਲੀ ਵਿਖੇ ਇਕ ਵੱਡਾ ਸਨਅਤੀ ਸਿਖਰ ਸੰਮੇਲਨ ਕਰਵਾ ਕੇ ਸਾਲ ਦੌਰਾਨ 65,000 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਸਬੰਧੀ ਸਹਿਮਤੀ ਹੋਣ ਤੇ ਦੋ ਲੱਖ ਕਰੋੜ ਦੇ ਪ੍ਰੋਜੈਕਟਾਂ ਨੂੰ ਆਕਰਸ਼ਿਤ ਕਰਨ ਦਾ ਦਾਅਵਾ ਕੀਤਾ ਸੀ ਪਰ ਇਸ ਸਮੇਂ ਦੌਰਾਨ ਇਹ 63 ਫ਼ੀਸਦੀ ਦੇ ਲਗਪਗ ਹੇਠਾਂ ਆ ਗਿਆ। ਸਾਲ 2013-14 ਦੌਰਾਨ ਸੂਬੇ ਵਿਚ 7,200 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੇ ਮੁਕਾਬਲੇ 2014-15 ਵਿਚ ਨਵਾਂ ਨਿਵੇਸ਼ ਸਿਰਫ਼ 2,600 ਕਰੋੜ ਹੀ ਰਹਿ ਗਿਆ। ਇਨ੍ਹਾਂ ਅੰਕੜਿਆਂ ਨੇ ਸਰਕਾਰ ਦੇ ਸਨਅਤੀ ਸਿਖਰ ਸੰਮੇਲਨ ਦੀ ਸਫ਼ਲਤਾ ਦੀ ਫੂਕ ਕੱਢ ਕੇ ਰੱਖ ਦਿੱਤੀ ਹੈ। ਪੂੰਜੀ ਨਿਵੇਸ਼ ਸਿਰਫ ਸਨਅਤੀ ਖੇਤਰ ਵਿਚ ਹੀ ਨਹੀਂ ਘਟਿਆ ਬਲਕਿ ਸੂਬੇ ਦਾ ਖੇਤੀ ਖੇਤਰ ਵਿਚ ਯੋਗਦਾਨ ਵੀ ਲਗਾਤਾਰ ਘਟਦਾ ਜਾ ਰਿਹਾ ਹੈ। ਸੂਬੇ ਦੀ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਖੇਤੀ ਖੇਤਰ ਦਾ ਯੋਗਦਾਨ 33 ਫ਼ੀਸਦੀ ਤੋਂ ਘਟ ਕੇ ਸਿਰਫ 20 ਫ਼ੀਸਦੀ ਰਹਿ ਗਿਆ ਹੈ। ਨਾ ਕੇਵਲ ਫ਼ਸਲਾਂ ਦੇ ਉਤਪਾਦਨ ਵਿਚ ਹੀ ਗਿਰਾਵਟ ਆਈ ਹੈ ਬਲਕਿ ਪੇਂਡੂ ਖੇਤਰਾਂ ਵਿਚ ਕਿਸਾਨਾਂ-ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਵੀ ਭਾਰੀ ਹੋਈ ਹੈ। ਇੰਨਾ ਹੀ ਨਹੀਂ, ਵਪਾਰਕ ਗਤੀਵਿਧੀਆਂ ਤੇ ਸੇਵਾਵਾਂ ਦੇ ਖੇਤਰਾਂ ਵਿਚ ਵੀ ਭਾਰੀ ਕਮੀ ਆਈ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਅਜਿਹਾ ਉਸ ਸਮੇਂ ਹੋ ਰਿਹਾ ਹੈ ਜਦੋਂ ਕੌਮੀ ਪੱਧਰ ਉਤੇ ਇਸ ਸਮੇਂ ਦੌਰਾਨ ਪੂੰਜੀ ਨਿਵੇਸ਼ 44 ਫ਼ੀਸਦੀ ਵਧਿਆ ਹੈ ਪਰ ਪੰਜਾਬ ਵਿਚ ਇਹ 93 ਫ਼ੀਸਦੀ ਘਟਿਆ ਹੈ। ਸੂਬੇ ਵਿਚ ਤੇਜ਼ੀ ਨਾਲ ਘਟ ਰਹੇ ਪੂੰਜੀ ਨਿਵੇਸ਼ ਬਾਰੇ ਐਸੋਚੈਮ ਦੀ ਰਿਪੋਰਟ ਵਿਚ ਪੇਸ਼ ਤੱਥ ਅਕਾਲੀ-ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਉਤੇ ਸਵਾਲ ਖੜ੍ਹੇ ਕਰ ਰਹੇ ਹਨ ਪਰ ਸਰਕਾਰੀ ਤੰਤਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ।

ਸੂਬੇ ਦੇ ਸਨਅਤ ਵਿਭਾਗ ਅਨੁਸਾਰ ਕਈ ਕੰਪਨੀਆਂ ਵੱਲੋਂ ਸਿਖਰ ਸੰਮੇਲਨ ਸਮੇਂ ਕੀਤੇ ਗਏ ਵਾਅਦਿਆਂ ਅਨੁਸਾਰ ਪੂੰਜੀ ਨਿਵੇਸ਼ ਕਰਨ ਦੀ ਪ੍ਰਕਿਰਿਆ ਜਾਰੀ ਹੈ ਪਰ ਅਸਲੀਅਤ ਇਹ ਹੈ ਕਿ ਸੂਬੇ ਵਿਚ ਸਨਅਤੀ ਵਾਤਾਵਰਣ ਸੁਖਾਵਾਂ ਨਹੀਂ ਹੈ ਤੇ ਸਨਅਤਕਾਰ ਪੰਜਾਬ ਵਿਚ ਪੂੰਜੀ ਨਿਵੇਸ਼ ਕਰਨ ਤੋਂ ਕੰਨੀ ਕਤਰਾ ਰਹੇ ਹਨ। ਪੰਜਾਬ ਵਿੱਚ ਪੂੰਜੀ ਨਿਵੇਸ਼ ਘਟਣ ਦਾ ਸਿੱਧਾ ਤੇ ਸਪਸ਼ਟ ਅਰਥ ਇਹ ਹੈ ਕਿ ਸੂਬਾ ਸਨਅਤ ਤੇ ਖੇਤੀ ਸਮੇਤ ਸਾਰੇ ਖੇਤਰਾਂ ਵਿਚ ਤੇਜ਼ੀ ਨਾਲ ਪਿੱਛੇ ਜਾ ਰਿਹਾ ਹੈ। 2011-12 ਦੌਰਾਨ ਸਿਰਫ ਖੰਨਾ ਤੇ ਮੰਡੀ ਗੋਬਿੰਦਗੜ੍ਹ ਇਲਾਕੇ ਵਿਚ 688 ਸਨਅਤੀ ਯੂਨਿਟ ਬੰਦ ਹੋ ਗਏ। ਵੱਡੇ ਸਨਅਤੀ ਘਰਾਣੇ ਪੰਜਾਬ ਵਿਚਲੇ ਆਪਣੇ ਸਨਅਤੀ ਯੂਨਿਟਾਂ ਦਾ ਵਿਸਥਾਰ ਮੱਧ ਪ੍ਰਦੇਸ਼, ਗੁਜਰਾਤ ਅਤੇ ਛੱਤੀਸਗੜ੍ਹ ਵਿਖੇ ਕਰਨ ਜਾ ਰਹੇ ਹਨ।

## ਸਨਅਤੀ ਸਿਖਰ ਸੰਮੇਲਨ ਵਾਲੇ ਦਾਅਵੇ ਹਵਾ ਹੋਏ




ਸੂਬਾ ਸਰਕਾਰ ਨੇ ਡੇਢ ਕੁ ਸਾਲ ਪਹਿਲਾਂ ਮੁਹਾਲੀ ਵਿਚ ਸਨਅਤੀ ਸਿਖਰ ਸੰਮੇਲਨ ਕਰਵਾ ਕੇ ਵੱਡੇ ਸਨਅਤੀ ਘਰਾਣਿਆਂ ਨੂੰ ਪੰਜਾਬ ਵਿਚ ਨਿਵੇਸ਼ ਦਾ ਸੱਦਾ ਦਿੱਤਾ ਸੀ। ਉਸ ਸਮੇਂ ਇਹ ਵੀ ਕਿਹਾ ਗਿਆ ਸੀ ਕਿ ਇਨ੍ਹਾਂ ਸਨਅਤੀ ਘਰਾਣਿਆਂ ਨਾਲ ਸਨਅਤਾਂ ਲਾਉਣ ਲਈ ਸੈਂਕੜੇ ਸਮਝੌਤੇ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਸਨਅਤਾਂ ਨਾਲ ਰਾਜ ਵਿਚ 65000 ਕਰੋੜ ਰੁਪਏ ਦਾ ਨਿਵੇਸ਼ ਹੋਵੇਗਾ। ਉਸ ਸੰਮੇਲਨ ਵਿਚ ਦਾਅਵੇ ਅਤੇ ਵਾਅਦੇ ਬਹੁਤ ਕੀਤੇ ਗਏ ਪਰ ਲਗਦਾ ਹੈ ਕਿ ਸਮੇਂ ਦੇ ਬੀਤਣ ਨਾਲ ਇਨ੍ਹਾਂ ਦਾਅਵਿਆਂ ਦੀ ਫੂਕ ਨਿਕਲ ਗਈ ਹੈ। ਪੰਜਾਬ ਵਿਚ ਪੂੰਜੀ ਨਿਵੇਸ਼ ਆਕਰਸ਼ਿਤ ਕਰਨ ਲਈ ਸਰਕਾਰ ਸਨਅਤੀ ਸੰਮੇਲਨ ਤੋਂ ਇਲਾਵਾ ਆਰਥਿਕ ਅਤੇ ਪਰਵਾਸੀ ਭਾਰਤੀ ਸੰਮੇਲਨ ਵੀ ਕਰਵਾ ਚੁੱਕੀ ਹੈ ਪਰ ਇਹ ਵੀ ਨਿਵੇਸ਼ਕਾਂ ਨੂੰ ਖਿੱਚਣ ਵਿਚ ਅਸਫ਼ਲ ਰਹੇ ਹਨ।

## ਐਸੋਚੈਮ ਦੇ ਸਰਵੇਖਣ 'ਚ ਕੋਈ ਦਮ ਨਹੀਂ: ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਸੋਚੈਮ ਦੇ ਤੱਥਾਂ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਇਹ ਸਰਵੇਖਣ ਸੂਬੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਨੇ ਪਿਛਲੇ ਅੱਠਾਂ ਸਾਲਾਂ ਦੌਰਾਨ ਹਰ ਖੇਤਰ ਵਿਚ ਤਰੱਕੀ ਕੀਤੀ ਹੈ।

ਸਿਖਰ ਸੰਮੇਲਨ ਦੌਰਾਨ ਵੱਡੀਆਂ ਕੰਪਨੀਆਂ ਨੇ ਪੂੰਜੀ ਨਿਵੇਸ਼ ਕਰਨ ਦੀ ਜੋ ਹਾਮੀ ਭਰੀ ਸੀ, ਉਸ ਵਿਚ ਸਫਲਤਾ ਮਿਲ ਰਹੀ ਹੈ। ਇਨਫੋਸਿਸ ਵਰਗੀਆਂ ਕੁਝ ਵੱਡੀਆਂ ਕੰਪਨੀਆਂ ਨੇ ਜ਼ਮੀਨਾਂ ਹਾਸਲ ਕਰਨ ਤੋਂ ਬਾਅਦ ਕੰਮ ਸ਼ੁਰੂ ਕਰ ਦਿੱਤਾ ਹੈ ਤੇ ਕੁਝ ਕੰਪਨੀਆਂ ਜਲਦੀ ਹੀ ਕੰਮ ਸ਼ੁਰੂ ਕਰ ਰਹੀਆਂ ਹਨ।

## ਪੰਜਾਬ ਖਾਤਰ ਹੁਣ ਸਾਂਝੇ ਹੰਭਲਾ ਦੀ ਲੋੜ: ਮਨਪ੍ਰੀਤ

**ਅੰਮ੍ਰਿਤਸਰ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਵਿਚ ਸਨਅਤਾਂ ਤੇ ਖੇਤੀ ਦੀ ਨਿਘਰ ਰਹੀ ਹਾਲਤ ਨੂੰ ਧਿਆਨ ਵਿਚ ਰੱਖਦਿਆਂ ਸਾਰੀਆਂ ਸਿਆਸੀ ਧਿਰਾਂ ਨੂੰ ਇਕਜੁੱਟ ਕੇ ਹੰਭਲਾ ਮਾਰਨ ਦੀ ਲੋੜ ਹੈ। ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਪੰਜਾਬ ਸਰਕਾਰ ਖਿਲਾਫ਼ ਸਾਂਝੇ ਸੰਘਰਸ਼ ਦੀ ਜ਼ਰੂਰਤ ਹੈ। ਜੇਕਰ ਅਜੇ ਵੀ ਸਿਆਸੀ ਧਿਰਾਂ ਆਪਣੇ ਨਿੱਜੀ ਮੁਫ਼ਾਦਾਂ ਕਾਰਨ ਇਸ ਤੋਂ ਦੂਰੀ ਬਣਾ ਕੇ ਰੱਖਦੀਆਂ ਹਨ ਤਾਂ ਪੰਜਾਬ ਆਰਥਿਕ ਤੇ ਸਮਾਜਿਕ ਤੌਰ ਉਤੇ ਬਹੁਤ ਪਛੜ ਜਾਵੇਗਾ।

# ਸੰਸਥਾਵਾਂ ਨੂੰ ਮਿਲ ਰਹੇ ਦਾਨ 'ਤੇ ਨਜ਼ਰ ਰੱਖਣ ਦੀ ਵਕਾਲਤ

**ਨਵੀਂ ਦਿੱਲੀ (ਬਿਊਰੋ):** ਸੁਪਰੀਮ ਕੋਰਟ ਵੱਲੋਂ ਕਾਲੇ ਧਨ ਦੀ ਸਮੱਸਿਆ ਉਤੇ ਰਿਪੋਰਟ ਤਿਆਰ ਕਰਨ ਲਈ ਜਸਟਿਸ ਐਮ.ਬੀ. ਸ਼ਾਹ ਦੀ ਅਗਵਾਈ ਵਿਚ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ. ਆਈ. ਟੀ.) ਨੇ ਆਪਣੀ ਤੀਜੀ ਰਿਪੋਰਟ ਵਿਚ ਕਿਹਾ ਹੈ ਕਿ ਕੇਅਮੈਨ ਆਈਲੈਂਡ ਤੋਂ ਪੀ ਨੋਟ (ਪਾਰਟੀਸਿਪੇਟਰੀ ਨੋਟ) ਰਾਹੀਂ ਤਕਰੀਬਨ 85000 ਕਰੋੜ ਰੁਪਏ ਦਾ ਨਿਵੇਸ਼ ਭਾਰਤ ਵਿਚ ਹੋਇਆ ਜਦ ਕਿ ਉਸ ਮੁਲਕ ਦੀ ਕੁੱਲ ਆਬਾਦੀ ਸਿਰਫ਼ 55000 ਦੇ ਨੇੜੇ ਹੈ।

ਕਾਲੇ ਧਨ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੋਈ ਨਹੀਂ ਹੋ ਸਕਦੀ। ਟੀਮ ਨੇ ਕਿਹਾ ਹੈ ਕਿ ਸੇਬੀ ਨੂੰ ਪੀ ਨੋਟ ਦੇ ਲਾਭ ਪ੍ਰਾਪਤ ਮਾਲਕਾਂ ਦਾ ਪਤਾ ਲਾਉਣਾ ਚਾਹੀਦਾ ਹੈ। ਵਰਣਨਯੋਗ ਹੈ ਕਿ ਭਾਰਤੀ ਸ਼ੇਅਰਾਂ ਦੇ ਅਧਾਰ ਉਤੇ ਵਿਦੇਸ਼ਾਂ ਵਿਚ ਜਾਰੀ ਪੀ ਨੋਟ ਰਾਹੀਂ ਅਮੀਰ ਵਿਦੇਸ਼ੀ ਨਿਵੇਸ਼ਕ ਭਾਰਤ ਵਿਚ ਨਿਵੇਸ਼ ਕਰਦੇ ਹਨ।

ਰਿਪੋਰਟ ਵਿਚ ਕਾਲੇ ਧਨ ਦੀ ਸਮੱਸਿਆ ਉਤੇ ਰੋਕ ਲਾਉਣ ਲਈ ਕ੍ਰਿਕਟ ਵਿਚ ਸੱਟੇਬਾਜ਼ੀ ਰੋਕਣ ਲਈ ਸਖ਼ਤ ਨਿਯਮ ਤੇ ਸ਼ੇਅਰ ਬਜ਼ਾਰ ਵਿਚ ਪੀ ਨੋਟ ਰਾਹੀਂ ਹੋਣ ਵਾਲੇ ਨਿਵੇਸ਼ ਨੂੰ ਮਜ਼ਬੂਤ ਕਾਨੂੰਨ ਦੇ ਘੇਰੇ ਵਿਚ ਲਿਆਉਣ ਦੇ ਨਾਲ-ਨਾਲ ਸਿੱਖਿਆ ਤੇ ਧਾਰਮਿਕ ਸੰਸਥਾਵਾਂ ਨੂੰ ਮਿਲਣ ਵਾਲੇ ਦਾਨ ਨੂੰ ਕਰ ਦੇ ਦਾਇਰੇ ਵਿਚ ਲਿਆਉਣ ਦੀ ਵਕਾਲਤ ਕੀਤੀ ਗਈ ਹੈ। ਦਾਨ ਦੀ ਰਾਸ਼ੀ ਦਾ ਭੁਗਤਾਨ ਚੈੱਕ ਨਾਲ ਹੋਵੇ। ਵਿਸ਼ੇਸ਼ ਜਾਂਚ ਟੀਮ ਨੇ ਸੱਟੇਬਾਜ਼ੀ ਦੇ ਨਾਲ-ਨਾਲ ਸਕੂਲਾਂ, ਕਾਲਜਾਂ ਤੇ ਧਾਰਮਿਕ ਸਥਾਨਾਂ ਨੂੰ ਦਿੱਤੇ ਜਾਣ ਵਾਲੇ ਦਾਨ ਵਿਚ ਵੱਡੇ ਪੱਧਰ ਉਤੇ ਕਾਲੇ ਧਨ ਦੀ ਵਰਤੋਂ ਉਪਰ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।

ਰਿਪੋਰਟ ਵਿਚ ਕ੍ਰਿਕਟ ਵਿਚ ਸੱਟੇਬਾਜ਼ੀ ਖਾਸ ਤੌਰ ਉਤੇ ਆਈ.ਪੀ.ਐਲ. ਵਿਚ ਹੋਣ ਵਾਲੀ ਸੱਟੇਬਾਜ਼ੀ ਵਿਚ ਭਾਰੀ ਮਾਤਰਾ ਵਿਚ ਕਾਲੇ ਧਨ ਦੀ ਵਰਤੋਂ ਦਾ ਜ਼ਿਕਰ ਕਰਦਿਆਂ ਇਸ ਨੂੰ ਰੋਕਣ ਲਈ ਅਸਰਦਾਰ ਕਾਨੂੰਨੀ ਕਦਮ ਚੁੱਕਣ ਦੀ ਸਿਫਾਰਸ਼ ਕੀਤੀ ਗਈ ਹੈ।

ਕਾਲੇ ਧਨ ਦੀ ਸ਼ੇਅਰ ਬਜ਼ਾਰ ਵਿਚ ਦੁਰਵਰਤੋਂ ਦੇ ਮੁੱਦੇ ਉਤੇ ਕਮੇਟੀ ਨੇ ਕਿਹਾ ਹੈ ਕਿ ਸੇਬੀ ਨੂੰ ਸ਼ੇਅਰਾਂ ਦੀਆਂ ਕੀਮਤਾਂ ਵਿਚ ਅਚਾਨਕ ਤੇਜ਼ੀ ਆਉਣ ਵਰਗੀਆਂ ਗਤੀਵਿਧੀਆਂ ਉਤੇ ਨਜ਼ਰ ਰੱਖਣ ਲਈ ਪ੍ਰਭਾਵੀ ਪ੍ਰਣਾਲੀ ਬਣਾਉਣੀ ਚਾਹੀਦੀ ਹੈ ਤੇ ਜ਼ਰੂਰੀ ਕਾਰਵਾਈ ਲਈ ਇਸ ਦੀ ਸੂਚਨਾ ਸੀ. ਬੀ. ਡੀ. ਟੀ. ਅਤੇ ਵਿੱਤੀ ਖੁਫ਼ੀਆ ਇਕਾਈ ਤੇ ਹੋਰ ਦੂਜੀਆਂ ਏਜੰਸੀਆਂ ਨੂੰ ਦੇਣੀ ਚਾਹੀਦੀ ਹੈ।


**ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?**
**ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**


## ਡਾ. ਮੋਹਨ ਤਿਆਗੀ ਵਾਪਸ ਇੰਡੀਆ ਪਰਤੇ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਸਾਹਿਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਡਾ. ਮੋਹਨ ਤਿਆਗੀ ਕੈਲੀਫੋਰਨੀਆ ਦੀ ਆਪਣੀ ਫੇਰੀ ਮੁਕੰਮਲ ਕਰ ਕੇ ਪਟਿਆਲਾ ਵਾਪਸ ਪਰਤ ਗਏ ਹਨ। ਉਹ ਵਿਸ਼ਵ ਪੰਜਾਬੀ ਸਾਹਿਤ ਕਾਨਫਰੰਸ ਯੂਨੀਵਰਸਿਟੀ ਪਟਿਆਲਾ ਦੇ ਪਿਛਲੇ ਕਈ ਸਾਲਾਂ ਤੋਂ ਕੋਆਰਡੀਨੇਟਰ ਹਨ।

ਕੈਲੀਫੋਰਨੀਆ ਦੌਰੇ ਦੌਰਾਨ ਉਨ੍ਹਾਂ ਨੇ ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਕਾਨਫਰੰਸ ਵਿਚ ਅਮਰੀਕੀ ਕਵਿਤਾ ਬਾਰੇ ਖੋਜ ਪੱਤਰ ਪੜ੍ਹਿਆ। ਵਿਪਸਾਅ ਦੀ ਇਕੱਤਰਤਾ ਵਿਚ ਉਨ੍ਹਾਂ ਨੇ ਸੰਤ ਰਾਮ ਉਦਾਸੀ ਬਾਰੇ ਲਿਖੀ ਪੁਰਾਣੀ ਪੁਸਤਕ ਦੀ ਘੁੰਡ-ਚੁਕਾਈ ਕੀਤੀ ਅਤੇ ਚਰਨਜੀਤ ਸਿੰਘ ਪੰਨੂ ਦੀ ਲਿਖੀ 'ਮੇਰੀ ਵਾਈਟ ਹਾਊਸ ਫੇਰੀ' ਪੁਸਤਕ ਬਾਰੇ ਬੋਲਦਿਆਂ ਕਿਹਾ ਕਿ ਅਮਰੀਕੀ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਲਿਖੀ ਗਈ ਇਹ ਪੁਸਤਕ ਪੰਜਾਬੀ ਸਫਰਨਾਮਾ ਸਾਹਿਤ ਦੀ ਇਕ ਵੱਡੀ ਪ੍ਰਾਪਤੀ ਹੈ। ਓਮ ਪ੍ਰਕਾਸ਼ ਕਮਲ ਦੇ ਯਤਨਾਂ ਸਦਕਾ ਬਾਜ਼ੀਗਰ ਵਣਜਾਰਾ ਸਭਾ ਵੱਲੋਂ ਮਿਲਪੀਟਸ ਵਿਖੇ ਭੀਮ ਰਾਓ ਅੰਬੇਦਕਰ ਦੀ ਬਰਸੀ 'ਤੇ ਕਰਵਾਏ ਗਏ ਇਕ ਸ਼ਰਧਾਂਜਲੀ ਸਮਾਰੋਹ ਦੌਰਾਨ ਡਾ. ਤਿਆਗੀ ਨੇ ਉਨ੍ਹਾਂ ਬਾਰੇ ਇਕ ਖੋਜ ਭਰਪੂਰ ਪਰਚਾ ਪੜ੍ਹਿਆ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਇਕ ਮੀਟਿੰਗ ਵਿਚ ਉਨ੍ਹਾਂ ਸਰੋਤਿਆਂ ਦੇ ਰੂਬਰੂ ਹੁੰਦਿਆਂ ਮਰਹੂਮ ਸ਼ਾਇਰ ਗੁਰਚਰਨ ਸਿੰਘ ਜ਼ਖਮੀ ਦੀ ਕਿਤਾਬ 'ਕਾਲੇ ਪਾਣੀਆਂ ਤੋਂ ਕਲਮ ਤੱਕ' ਅਤੇ ਕਮਲ ਬੰਗਾ ਦੀਆਂ ਦੋ ਕਿਤਾਬਾਂ 'ਚੰਦ ਦੇ ਟੁਕੜੇ' ਅਤੇ 'ਮੁਸਾਫਿਰ ਸੱਚ ਦਾ' ਰਿਲੀਜ਼ ਕੀਤੀਆਂ।




ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਅਗਸਤ 2015*

# ਦੀਨਾਨਗਰ ਦੀ ਘਟਨਾ: ਕੁਝ ਸਵਾਲ

ਦੀਨਾਨਗਰ ਵਿਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਇਸ ਨਾਲ ਸਬੰਧਤ ਤੱਥ ਜਿਸ ਢੰਗ ਨਾਲ ਉਭਾਰਨ ਦਾ ਯਤਨ ਕੀਤਾ ਗਿਆ, ਉਸ ਨੇ ਬੌਧਿਕ ਹਲਕਿਆਂ ਵਿਚ ਵੱਖਰੀ ਚਰਚਾ ਛੇੜ ਦਿੱਤੀ ਹੈ। ਪਹਿਲੀ ਚਰਚਾ ਮੀਡੀਆ, ਖਾਸ ਕਰ ਕੇ ਇਲੈਕਟ੍ਰਾਨਿਕ ਮੀਡੀਆ (ਟੀ.ਵੀ. ਚੈਨਲਾਂ) ਬਾਰੇ ਹੈ ਜਿਸ ਨੇ ਇਸ ਘਟਨਾ ਬਾਰੇ ਬਹੁਤ ਵਿਤਕਰੇ ਭਰਪੂਰ ਰਿਪੋਰਟਿੰਗ ਕੀਤੀ। ਬੁੱਧੀਜੀਵੀਆਂ ਅਤੇ ਮੀਡੀਆ ਦੇ ਸੰਜੀਦਾ ਹਿੱਸੇ ਨੇ ਤੁਅੱਸਬ ਭਰੀ ਇਸ ਰਿਪੋਰਟਿੰਗ ਦਾ ਬੜਾ ਤਿੱਖਾ ਤੇ ਤੁਰੰਤ ਨੋਟਿਸ ਲਿਆ ਹੈ। ਦੂਜੀ ਚਰਚਾ ਮੁੰਬਈ ਬੰਬ ਧਮਾਕਿਆਂ ਵਾਲੇ ਕੇਸ ਨਾਲ ਜੁੜੇ ਯਾਕੂਬ ਮੈਮਨ ਬਾਬਤ ਹੈ। ਯਾਕੂਬ ਮੈਮਨ ਦੀ ਫਾਂਸੀ ਬਾਰੇ ਸਰਕਾਰ ਜਿਸ ਢੰਗ ਨਾਲ ਪੱਬਾਂ ਭਾਰ ਹੋਈ ਪਈ ਸੀ ਅਤੇ ਫਾਂਸੀ ਦੀ ਸਜ਼ਾ ਖਤਮ ਕਰਵਾਉਣ ਲਈ ਸਰਗਰਮ ਲੋਕ ਜਿੰਨੀ ਇਮਾਨਦਾਰੀ ਨਾਲ ਸਰਕਾਰ ਉਤੇ ਸਵਾਲਾਂ ਦੀ ਵਾਛੜ ਕਰ ਰਹੇ ਸਨ, ਇਸ ਘਟਨਾ ਤੋਂ ਬਾਅਦ ਫਾਂਸੀ ਤੇ ਭਾਰਤ ਦੀਆਂ ਘੱਟ-ਗਿਣਤੀਆਂ ਨਾਲ ਹੁੰਦੀਆਂ ਜ਼ਿਆਦਤੀਆਂ ਵਾਲੀ ਚਰਚਾ ਇਕਦਮ ਪਿਛੇ ਚਲੀ ਗਈ। ਇਸੇ ਕਰ ਕੇ ਹੀ ਕੁਝ ਵਿਸ਼ਲੇਸ਼ਕਾਂ ਨੇ ਇਸ ਘਟਨਾ ਦੇ ਸਮੇਂ ਬਾਰੇ ਚਰਚਾ ਕਰਦਿਆਂ ਕੁਝ ਨਵੇਂ ਤੱਥ ਉਘਾੜਨ ਦਾ ਯਤਨ ਕੀਤਾ। ਇਨ੍ਹਾਂ ਵਿਸ਼ਲੇਸ਼ਕਾਂ ਨੇ ਇਸ ਘਟਨਾ ਨੂੰ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਨਾਲ ਵੀ ਜੋੜਿਆ ਅਤੇ ਟਿੱਪਣੀਆਂ ਕੀਤੀਆਂ ਕਿ ਜਦੋਂ ਵੀ ਭਾਰਤ ਤੇ ਪਾਕਿਸਤਾਨ ਵਿਚਾਲੇ ਦੂਰੀਆਂ ਘਟਾਉਣ ਦੀ ਗੱਲ ਚੱਲਦੀ ਹੈ, ਉਦੋਂ ਹੀ ਅਜਿਹੀਆਂ ਵਾਰਦਾਤਾਂ ਹੋ ਜਾਂਦੀਆਂ ਹਨ। ਜ਼ਾਹਿਰ ਹੈ ਕਿ ਦੀਨਾਨਗਰ ਦੀ ਇਸ ਵਾਰਦਾਤ ਨੂੰ ਇਕੱਲਿਆਂ ਤੌਰ 'ਤੇ ਦੇਖਣ ਦੀ ਥਾਂ ਇਸ ਨੂੰ ਸਮੁੱਚੇ ਅਤੇ ਵਡੇਰੇ ਚੌਖਟੇ ਵਿਚ ਦੇਖਣ ਦੀ ਜ਼ਰੂਰਤ ਹੈ। ਇਸ ਵਾਰਦਾਤ ਦੀਆਂ ਲੜੀਆਂ ਅਤੇ ਕੜੀਆਂ ਇਕ ਨਹੀਂ, ਅਨੇਕ ਪੱਖਾਂ ਨਾਲ ਜੁੜੀਆਂ ਹੋਈਆਂ ਹਨ। ਸੰਭਵ ਹੈ ਕਿ ਆਉਣ ਵਾਲੇ ਦਿਨਾਂ ਵਿਚ ਇਹ ਲੜੀਆਂ ਤੇ ਕੜੀਆਂ ਹੋਰ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਉਣ।

ਜਿਉਂ ਹੀ ਦੀਨਾਨਗਰ ਵਾਲੀ ਇਹ ਘਟਨਾ ਨਸ਼ਰ ਹੋਣੀ ਸ਼ੁਰੂ ਹੋਈ, ਭਾਰਤ ਦੇ ਟੀ.ਵੀ. ਚੈਨਲਾਂ ਨੇ ਪੱਤਰਕਾਰੀ ਦੇ ਜ਼ਬਤ ਅਤੇ ਜ਼ਾਬਤੇ ਨੂੰ ਛਿੱਕੇ ਟੰਗ ਕੇ ਇਸ ਘਟਨਾ ਨੂੰ ਖਾਲਿਸਤਾਨ ਨਾਲ ਜੋੜ ਲਿਆ। ਜ਼ੋਰ-ਸ਼ੋਰ ਨਾਲ ਖਬਰਾਂ ਸੁੱਟੀਆਂ ਜਾਣ ਲੱਗੀਆਂ ਕਿ ਇਹ ਘਟਨਾ ਪੰਜਾਬ ਵਿਚ ਖਾਲਿਸਤਾਨ ਦੀ ਮੁੜ ਸ਼ੁਰੂਆਤ ਦੀ ਸੂਚਕ ਹੈ। ਆਪਣੀ ਇਸ ਖਬਰ ਨੂੰ ਜਚਾਉਣ ਖਾਤਰ ਕੁਝ ਕੁ ਸਿਆਸੀ ਲੀਡਰਾਂ ਦੇ ਬਿਆਨ ਵੀ ਨਾਲ ਜੋੜ ਦਿੱਤੇ ਗਏ। ਇਨ੍ਹਾਂ ਸਿਆਸੀ ਲੀਡਰਾਂ ਦੇ ਬਿਆਨਾਂ ਤੋਂ ਵੀ ਜ਼ਾਹਿਰ ਹੀ ਸੀ ਕਿ ਇਹ ਬਿਆਨ ਕਿੰਨੀ ਗੈਰ-ਜ਼ਿੰਮੇਵਾਰੀ ਨਾਲ ਦਿੱਤੇ ਗਏ। ਭਾਰਤ ਦੇ ਟੀ.ਵੀ. ਚੈਨਲਾਂ ਦੀ ਅਜਿਹੀ ਪਹੁੰਚ ਬਾਰੇ ਅਕਸਰ ਸਵਾਲ ਉਠਦੇ ਰਹੇ ਹਨ, ਪਰ ਅੰਨ੍ਹੀ ਦੌੜ ਵਿਚ ਪਏ ਇਨ੍ਹਾਂ ਚੈਨਲਾਂ ਵਾਲਿਆਂ ਨੇ ਇਸ ਬਾਰੇ ਸ਼ਾਇਦ ਹੀ ਕਦੀ ਵਿਚਾਰ ਕੀਤੀ ਹੋਵੇ। ਅਸਲ ਵਿਚ ਜਿਸ ਤਰ੍ਹਾਂ ਦਾ ਜ਼ਾਬਤਾ ਲੋੜੀਂਦਾ ਹੈ, ਉਸ ਨੂੰ ਬਹੁਤੇ ਚੈਨਲਾਂ ਵਾਲੇ ਕਦੋਂ ਦੇ ਅਲਵਿਦਾ ਕਹਿ ਚੁੱਕੇ ਹਨ। ਬੀ.ਬੀ.ਸੀ. ਅਤੇ ਅਲ-ਜ਼ਜੀਰਾ ਵਰਗੇ ਚੈਨਲ ਜਿਹੜੇ ਦੁਨੀਆਂ ਦੇ ਹੋਰ ਦੇਸ਼ਾਂ ਦੇ ਨਾਲ ਨਾਲ ਭਾਰਤ ਵਿਚ ਵੀ ਬਾਕਾਇਦਾ ਨਸ਼ਰ ਹੁੰਦੇ ਹਨ, ਮੀਡੀਆ ਦੇ ਅਜਿਹੇ ਜ਼ਬਤ ਤੇ ਜ਼ਾਬਤੇ ਦਾ ਪੂਰਾ ਧਿਆਨ ਰੱਖਦੇ ਹਨ, ਪਰ ਬਹੁਤੇ ਭਾਰਤੀ ਚੈਨਲਾਂ ਉਤੇ ਅਜਿਹੇ ਜ਼ਾਬਤੇ ਤੇ ਜ਼ਬਤ ਦਾ ਕੋਈ ਕੁੰਡਾ ਹੀ ਨਹੀਂ ਹੈ। ਸਿਰੇ ਦੀ ਗੈਰ-ਜ਼ਿੰਮੇਵਾਰੀ ਦੇ ਰਾਹ ਚੱਲਦਿਆਂ ਇਹ ਚੈਨਲ ਇਕ-ਦੂਜੇ ਤੋਂ ਅੱਗੇ ਲੰਘਣ ਦੀ ਦੌੜ ਵਿਚ ਜ਼ਾਬਤੇ ਦੇ ਤੂੰਬੇ ਉਡਾ ਰਹੇ ਹਨ। ਮੀਡੀਆ ਦੀ ਅਜਿਹੀ ਪਹੁੰਚ ਦਾ ਖਾਮਿਆਜਾ ਪੰਜਾਬ ਪਹਿਲਾਂ ਹੀ ਬਹੁਤ ਭੁਗਤ ਚੁੱਕਾ ਹੈ। ਉਦੋਂ ਵੀ ਮੀਡੀਆ ਦੀ ਇਸੇ ਤੁਅੱਸਬੀ ਰਿਪੋਰਟਿੰਗ ਨੇ ਸੂਬੇ ਨੂੰ ਬਲਦੀ ਦੇ ਬੁੱਥੇ ਪਾਉਣ ਵਿਚ ਬਹੁਤ ਮਾੜਾ ਰੋਲ ਨਿਭਾਇਆ ਸੀ। ਅਜਿਹੇ ਤੱਥਾਂ ਬਾਰੇ ਚਰਚਾ ਗਾਹੇ-ਬਗਾਹੇ ਚੱਲਦੀ ਰਹਿੰਦੀ ਹੈ, ਪਰ ਅਫਸੋਸ ਵਾਲੀ ਗੱਲ ਇਹ ਹੈ ਕਿ ਮੀਡੀਆ ਦੇ ਇਸ ਹਿੱਸੇ ਉਤੇ ਕੋਈ ਖਾਸ ਫਰਕ ਨਹੀਂ ਪੈ ਰਿਹਾ।

ਇਸ ਘਟਨਾ ਨਾਲ ਯਾਕੂਬ ਮੈਮਨ ਤੇ ਭਾਰਤ-ਪਾਕਿਸਤਾਨ ਦੇ ਰਿਸ਼ਤੇ ਵਾਲੇ ਮਸਲੇ ਸਿੱਧੇ ਤਾਂ ਨਹੀਂ ਜੁੜੇ ਹੋਏ, ਪਰ ਇਸ ਘਟਨਾ ਤੋਂ ਬਾਅਦ ਚਰਚਾ ਦੇ ਪੱਧਰ ਉਤੇ ਜਿਸ ਤਰ੍ਹਾਂ ਦਾ ਮੋੜ ਕੱਟਿਆ ਗਿਆ, ਉਸ ਨੂੰ ਧਿਆਨ ਵਿਚ ਰੱਖਦਿਆਂ ਇਸ ਬਾਰੇ ਚਰਚਾ ਕਰਨੀ ਪ੍ਰਸੰਗ ਤੋਂ ਬਾਹਰੀ ਨਹੀਂ। ਇਹ ਤੱਥ ਤਾਂ ਚਿਰੋਕਣਾ ਸਾਹਮਣੇ ਆ ਚੁੱਕਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਸੁਖਾਵੇਂ ਸਬੰਧ, ਦੋਹਾਂ ਪਾਸਿਆਂ ਦੇ ਗਿਣਤੀ ਦੇ ਕੁਝ ਲੋਕਾਂ ਨੂੰ ਬਹੁਤ ਰੜਕਦੇ ਰਹੇ ਹਨ। ਅਸਲ ਵਿਚ ਕੁਝ ਲੋਕਾਂ ਦੇ ਵਪਾਰਕ ਹਿਤ ਵੀ ਇਸ ਮਸਲੇ ਨਾਲ ਡੂੰਘੇ ਜੁੜੇ ਹੋਏ ਹਨ। ਦੋਹਾਂ ਦੇਸ਼ਾਂ ਵਿਚਕਾਰ ਸਬੰਧ ਸੁਧਰਨ ਦਾ ਸਿੱਧਾ ਜਿਹਾ ਅਰਥ ਹੈ ਕਿ ਆਪਸੀ ਮੇਲ-ਜੋਲ ਵਧੇਗਾ ਅਤੇ ਅਜਿਹਾ ਹੋਣ ਨਾਲ ਆਪਸੀ ਕਾਰੋਬਾਰ ਉਤੇ ਵੀ ਅਸਰ ਪੈਂਦਾ ਹੈ। ਸਰਹੱਦ ਦੇ ਦੋਹੀਂ ਪਾਸੀਂ ਬੈਠੇ ਕੁਝ ਤਕੜੇ ਵਪਾਰੀਆਂ ਦਾ ਖਦਸ਼ਾ ਹੈ ਕਿ ਇਸ ਮੇਲ-ਜੋਲ ਦਾ ਸਿੱਧਾ ਅਸਰ ਉਨ੍ਹਾਂ ਦੇ ਕਾਰੋਬਾਰ ਉਤੇ ਪੈਣਾ ਹੈ। ਇਸੇ ਤਰ੍ਹਾਂ ਯਾਕੂਬ ਮੈਮਨ ਦਾ ਮਾਮਲਾ ਹੈ। ਹੁਣ ਤੱਕ ਜਿੰਨੇ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਇਹੀ ਜ਼ਾਹਿਰ ਹੋ ਰਿਹਾ ਹੈ ਕਿ ਯਾਕੂਬ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਸੀ। ਜਿਉਂ ਹੀ ਉਸ ਦੇ ਹੱਕ ਵਿਚ ਲੱਗ ਰਹੇ ਹਾਅ ਦੇ ਨਾਅਰੇ ਦੀ ਆਵਾਜ਼ ਹੋਰ ਉਚੀ ਉਠਣ ਲੱਗੀ, ਦੀਨਾਨਗਰ ਵਾਲੀ ਘਟਨਾ ਵਾਪਰ ਗਈ ਅਤੇ ਕੁਝ ਹੀ ਘੰਟਿਆਂ ਵਿਚ ਚਰਚਾ ਯਾਕੂਬ ਵਾਲੇ ਮਸਲੇ ਤੋਂ ਖੁਦ-ਬਖੁਦ ਲਾਂਭੇ ਚਲੀ ਗਈ। ਇਸੇ ਕਰ ਕੇ ਇਨ੍ਹਾਂ ਸਾਰੇ ਨੁਕਤਿਆਂ ਨੂੰ ਇਕੱਠਿਆਂ ਵਿਚਾਰਨ ਦੀ ਲੋੜ ਮਹਿਸੂਸ ਹੁੰਦੀ ਹੈ। ਉਂਜ ਵੀ ਦਹਿਸ਼ਤਗਰਦੀ ਅਤੇ ਘੱਟ-ਗਿਣਤੀਆਂ ਨਾਲ ਜੁੜੇ ਮਸਲਿਆਂ ਦੀ ਤੰਦ-ਤਾਣੀ ਇੰਨੀ ਜ਼ਿਆਦਾ ਉਲਝਾ ਦਿੱਤੀ ਗਈ ਹੈ ਕਿ ਆਵਾਮ ਨੂੰ ਤਾਂ ਅਜਿਹੀਆਂ ਘਟਨਾਵਾਂ ਦੇ ਅਸਲੇ ਬਾਰੇ ਕਦੀ ਖਬਰ ਵੀ ਨਹੀਂ ਹੁੰਦੀ। ਇਸੇ ਲਈ ਅਜਿਹੇ ਮਸਲਿਆਂ ਦੀਆਂ ਬਾਰੀਕੀਆਂ ਬੁੱਝਣ ਅਤੇ ਦੱਸਣ ਵਾਲਿਆਂ ਵੱਲੋਂ ਉਠਾਏ ਮੁੱਦਿਆਂ ਵੱਲ ਧਿਆਨ ਧਰਨਾ ਜ਼ਰੂਰੀ ਜਾਪਦਾ ਹੈ। ਇਹ ਇਸ ਕਰ ਕੇ ਵੀ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਅਜਿਹੇ ਹੀ ਮਸਲਿਆਂ ਪ੍ਰਤੀ ਤੁਅੱਸਬੀ ਪਹੁੰਚ ਕਾਰਨ ਬਹੁਤ ਵਾਰ ਗੱਲ ਵਿਗੜਦੀ ਵਿਗੜਦੀ ਵਿਗੜ ਜਾਂਦੀ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *'ਆਪ' ਵਿਚ ਆਪਾ-ਧਾਪੀ?*

ਵੱਜੇ ਡੁਗਡੁਗੀ ਹੋ ਜਾਵੇ ਭੀੜ 'ਕੱਠੀ, ਆਉਣੀ ਚਾਹੀਦੀ 'ਕਲਾ' ਮਦਾਰੀਆਂ ਦੀ।
ਭ੍ਰਿਸ਼ਟਾਚਾਰ ਵਿਚ 'ਚਮਕਦਾ' ਨਾਂ ਹੋਵੇ, ਲੰਬੀ ਲਿਸਟ ਵੀ ਹੋਵੇ ਗੱਦਾਰੀਆਂ ਦੀ।
ਰੇਤਾ, ਬਜਰੀ, ਲੋਹਾ-ਸਭ ਹਜ਼ਮ ਹੋਵੇ, ਖਸਲਤ ਹੋਵੇ ਕੁਰਪਟ 'ਵਪਾਰੀਆਂ' ਦੀ।
ਗਾਉਂਦਾ ਰਹੇ ਵਿਕਾਸ ਦੀ 'ਰਾਗਣੀ' ਨੂੰ, ਕੱਢੇ ਭਾਫ ਨਾ ਬਾਹਰ ਖੁਆਰੀਆਂ ਦੀ।
'ਜ਼ਿੰਦਾਬਾਦ!' ਕਰਵਾਉਣ ਲਈ ਨਾਲ ਹੋਵੇ, ਹੇੜ੍ਹ ਬੋਲੇ ਤੇ ਮੂਜ਼ੀ ਦਰਬਾਰੀਆਂ ਦੀ।
ਕਿਸੇ 'ਆਮ' ਦੇ ਵੱਸ ਦਾ ਰੋਗ ਕਿੱਥੇ? ਸਿਆਸਤ ਖੇਡ ਹੈ 'ਖਾਸ' ਖਿਡਾਰੀਆਂ ਦੀ!

# ਪੂਣੇ ਦੇ ਸੁਆਲਾਂ ਦਾ ਪੰਜਾਬ ਨਾਲ ਰਿਸ਼ਤਾ

*ਜਦੋਂ ਛੋਟੇ ਕੱਦ ਦੇ ਉਮੀਦਵਾਰ ਨੂੰ ਵੱਡੇ ਅਹੁਦੇ ਉਤੇ ਬਿਰਾਜਮਾਨ ਕੀਤਾ ਜਾਂਦਾ ਹੈ ਤਾਂ ਪੂਰੇ ਮਹਿਕਮੇ ਦੀ ਪਸ਼ੇਮਾਨੀ ਅਤੇ ਦਖ਼ਲਅੰਦਾਜ਼ੀ ਦਾ ਸੁੱਬ ਬਣਾ ਦਿੱਤਾ ਜਾਂਦਾ ਹੈ। ਛੋਟੇ ਕੱਦ ਦਾ ਨਾਮਜ਼ਦ ਜੀਅ ਆਵਾਮ ਜਾਂ ਅਦਾਰੇ ਦੀ ਥਾਂ ਆਪਣੇ ਉੱਤੇ ਮਿਹਰਬਾਨ ਹੋਏ 'ਮਾਲਕ' ਜਾਂ ਢਾਣੀ ਲਈ ਜਵਾਬਦੇਹ ਹੁੰਦਾ ਹੈ। ਇਸ ਤੋਂ ਬਾਅਦ 'ਮਾਲਕ' ਦੀ ਦਖ਼ਲਅੰਦਾਜ਼ੀ ਲਈ ਪਿਛਲਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ ਅਤੇ ਮਹਿਕਮੇ ਦੀ ਖ਼ੁਦਮੁਖ਼ਤਾਰੀ ਲਈ ਉੱਠਣ ਵਾਲੀ ਹਰ ਆਵਾਜ਼ ਦੀ ਸੰਘੀ ਬੇਕਿਰਕੀ ਨਾਲ ਨੱਪੀ ਜਾਂਦੀ ਹੈ।... ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਮਾਮਲੇ ਵਿਚ ਪੰਜਾਬ ਦੀ ਚੁੱਪ ਨੂੰ ਸਮਝਣਾ ਬਹੁਤ ਜ਼ਰੂਰੀ ਹੈ।... ਇਸ ਚੁੱਪ ਦਾ ਜੁਆਬ ਪੰਜਾਬ ਦੇ ਅਦਾਰਿਆਂ ਦੀ ਹਾਲਤ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿਚ ਵਿਦਿਅਕ ਅਦਾਰਿਆਂ ਦੀ ਨਿਯੁਕਤੀਆਂ ਕਦੇ ਚਰਚਾ ਦਾ ਵਿਸ਼ਾ ਬਣਦੀਆਂ ਹੀ ਨਹੀਂ। ਪੰਜਾਬ ਦੇ ਅਖ਼ਬਾਰਾਂ ਵਿਚ ਕਦੇ ਮੀਡੀਆ ਸਲਾਹਕਾਰਾਂ ਅਤੇ ਕਮਿਸ਼ਨਾਂ ਦੇ ਮੁਖੀਆਂ ਦੀ ਯੋਗਤਾ ਬਾਰੇ ਬਹਿਸ ਨਹੀਂ ਹੋਈ। ਕਦੇ ਇਹ ਪੁੱਛਿਆ ਹੀ ਨਹੀਂ ਗਿਆ ਕਿ ਕਲਾ ਅਤੇ ਸਾਹਿਤ ਨਾਲ ਜੁੜੇ ਅਦਾਰਿਆਂ ਦੀਆਂ ਨਾਮਜ਼ਦਗੀਆਂ ਵੇਲੇ ਕੀ ਮੁੱਦੇ ਵਿਚਾਰੇ ਗਏ।*

ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਪੂਣੇ ਦੇ ਚੇਅਰਮੈਨ ਦੀ ਨਾਮਜ਼ਦਗੀ, ਵਿਵਾਦ ਦਾ ਸਬੱਬ ਬਣੀ ਹੈ। ਅਦਾਰੇ ਦੇ ਵਿਦਿਆਰਥੀਆਂ ਤੋਂ ਲੈ ਕੇ ਫਿਲਮ ਸਨਅਤ ਦੀਆਂ ਨਾਮਵਰ ਸ਼ਖ਼ਸੀਅਤਾਂ ਦੇ ਨਾਲ ਨਾਲ ਸਿਆਸੀ ਅਤੇ ਸਭਿਆਚਾਰਕ ਜਥੇਬੰਦੀਆਂ ਨੇ ਗਜੇਂਦਰ ਚੌਹਾਨ ਦੀ ਨਾਮਜ਼ਦਗੀ ਨੂੰ ਗ਼ਲਤ ਕਰਾਰ ਦਿੱਤਾ ਹੈ। ਵਿਰੋਧੀ ਧਿਰ ਦੀਆਂ ਸਿਆਸੀ ਪਾਰਟੀਆਂ ਨੇ ਵਿਰੋਧ ਦੀ ਸੁਰ ਵਿਚ ਸੁਰ ਮਿਲਾਈ ਹੈ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਰਸਾਲੇ ਵਿਚ ਇਕ ਲੇਖ ਨੇ ਨਿਯੁਕਤੀ ਉੱਤੇ ਕੀਤੇ ਸੁਆਲਾਂ ਨੂੰ ਮੁਲਕ ਅਤੇ ਹਿੰਦੂ ਵਿਰੋਧੀ ਕਰਾਰ ਦਿੱਤਾ ਹੈ। ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਨੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਬਾਹਰ ਚੱਲ ਰਹੇ ਧਰਨੇ ਖ਼ਿਲਾਫ਼ ਧਰਨੇ-ਮੁਜ਼ਾਹਰੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਮੁਲਕ ਦੇ ਖ਼ਜ਼ਾਨੇ ਵਿਚੋਂ ਚੱਲ ਰਹੇ ਅਦਾਰੇ ਵਿਚ ਕੰਮ-ਕਾਰ ਠੱਪ ਕਰਨਾ ਆਵਾਮ ਨਾਲ ਧੋਖਾ ਹੈ।



**ਦਲਜੀਤ ਅਮੀ**
ਫੋਨ: +91-97811-21873

ਇਸ ਬਹਿਸ ਦੇ ਹਵਾਲੇ ਨਾਲ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੀ ਕਾਰਗੁਜ਼ਾਰੀ ਨਾਲ ਜੁੜੇ ਮਸਲੇ ਖ਼ਾਰਜ ਨਹੀਂ ਹੋ ਜਾਂਦੇ, ਪਰ ਇਸ ਹਵਾਲੇ ਨਾਲ ਜੋੜ ਕੇ ਚਿਰਕਾਲੀ ਸੁਆਲਾਂ ਦੀ ਚਰਚਾ ਕਰਨੀ ਲਾਜ਼ਮੀ ਹੋ ਗਈ ਹੈ। ਇਸ ਬਹਿਸ ਦੇ ਦੋਵਾਂ ਪਾਲਿਆਂ ਵਿਚ ਸ਼ਰਧਾ ਦੇ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇਕ ਪਾਸੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੀ ਹਰ ਕਮੀ ਉੱਤੇ ਪਰਦਾ ਪਾਉਣ ਦਾ ਤਰੱਦਦ ਹੋ ਰਿਹਾ ਹੈ ਤਾਂ ਦੂਜੇ ਪਾਸਿਓਂ ਗਜੇਂਦਰ ਚੌਹਾਨ ਦੀ ਨਾਮਜ਼ਦਗੀ ਨੂੰ ਯੋਗਤਾ ਅਤੇ ਸਰਕਾਰ ਦੇ ਅਖ਼ਤਿਆਰੀ ਖ਼ਾਤੇ ਵਿਚ ਪਾ ਕੇ ਪ੍ਰਵਾਨਗੀ ਦੀ ਤਵੱਕੋ ਕੀਤੀ ਜਾ ਰਹੀ ਹੈ। ਦੋਵਾਂ ਪਾਸਿਆਂ ਦੀਆਂ ਦਲੀਲਾਂ ਇਨ੍ਹਾਂ ਚੌਖਟਿਆਂ ਵਿਚ ਸਮਾਉਣੀਆਂ ਮੁਸ਼ਕਿਲ ਹਨ। ਇਕ ਪਾਸੇ ਨਿਘਾਰ ਦੀ ਕਾਂਗਰਸੀ ਰੀਤ ਨੂੰ ਭਾਜਪਾ ਵੱਲੋਂ ਕਾਇਮ ਰੱਖਣ ਦੀ ਮਸ਼ਕ ਨਾਲ ਜੋੜਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਨੂੰ ਅਦਾਰੇ ਨੂੰ ਲੱਗ ਰਹੇ ਖ਼ੋਰੇ ਦੀ ਨੁਮਾਇੰਦਗੀ ਜਾਂ ਅਗਲੀ ਕੜੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਸੁਆਲ ਦੋ ਪੱਖੋਂ ਅਹਿਮ ਬਣਦਾ ਹੈ: ਇਹ ਮੁੱਦਾ ਕਿਉਂ ਤੇ ਕਿੰਨਾ ਅਹਿਮ ਹੈ? ਇਸ ਪੂਰੀ ਬਹਿਸ ਵਿਚੋਂ ਪੰਜਾਬ ਤਕਰੀਬਨ ਗ਼ੈਰ-ਹਾਜ਼ਰ ਕਿਉਂ ਹੈ? ਕੌਮੀ ਮੁਕਤੀ ਲਹਿਰ ਦਾ ਮਕਸਦ ਜਮਹੂਰੀਅਤ ਨਾਲ ਜੁੜਿਆ ਹੋਇਆ ਸੀ ਅਤੇ ਸੰਵਿਧਾਨ ਇਸੇ ਮਕਸਦ ਨੂੰ ਠੋਸ ਵਾਅਦੇ ਵਜੋਂ ਪ੍ਰਵਾਨ ਕਰਦਾ ਹੈ। ਜਮਹੂਰੀਅਤ ਦਾ ਮਤਲਬ ਸਿਰਫ਼ ਚੋਣਾਂ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਮਜ਼ਬੂਤ ਅਦਾਰਿਆਂ ਦੀ ਅਣਹੋਂਦ ਵਿਚ ਜਮਹੂਰੀਅਤ ਨੂੰ ਯਕੀਨੀ ਬਣਾਉਣਾ ਮੁਸ਼ਕਿਲ ਹੈ। ਅਦਾਰਿਆਂ ਨੇ ਸੰਵਿਧਾਨਕ, ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੀ ਰਾਖੀ, ਬਿਨਾਂ ਕਿਸੇ ਵਿਤਕਰੇ ਤੋਂ ਕਰਨੀ ਹੁੰਦੀ ਹੈ। ਇਸ ਤੋਂ ਅੱਗੇ ਅਦਾਰਿਆਂ ਨੇ ਆਵਾਮ ਨੂੰ ਜਮਹੂਰੀ ਹਕੂਕ ਮਾਣਨ ਵਾਲੀ ਹਾਲਤ ਵਿਚ ਲਿਆਉਣਾ ਹੁੰਦਾ ਹੈ। ਇਸ ਪੱਖੋਂ ਵਿਦਿਅਕ ਅਦਾਰਿਆਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਵਿਦਿਆ ਰਾਹੀਂ ਆਵਾਮ ਨੂੰ, ਆਪਣੀਆਂ ਸਮਰੱਥਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਸਮਰੱਥ ਬਣਾਇਆ ਜਾ ਸਕਦਾ ਹੈ ਜਾਂ ਸ਼ਰਧਾਲੂ ਬਣਾਉਣ ਦੇ ਰਾਹ ਤੋਰਿਆ ਜਾ ਸਕਦਾ ਹੈ। ਗਜੇਂਦਰ ਚੌਹਾਨ ਦੀ ਨਾਮਜ਼ਦਗੀ ਸਿਆਸੀ ਹੈ। ਉਸ ਦੀ ਯੋਗਤਾ ਉੱਤੇ ਸੁਆਲ ਹਨ। ਉਸ ਦੇ ਕੰਮ ਉੱਤੇ ਮਿਆਰ ਨਾਲ ਜੁੜੇ ਸੁਆਲ ਹਨ। ਇਨ੍ਹਾਂ ਤੋਂ ਇਲਾਵਾ ਅਹਿਮ ਤੱਥ ਇਹ ਹੈ ਕਿ ਉਹ ਅਦਾਕਾਰ ਵਜੋਂ ਤਕਰੀਬਨ ਵਿਹਲੇ ਹਨ। ਗਜੇਂਦਰ ਚੌਹਾਨ ਤੋਂ ਬਿਨਾਂ ਵਧੇਰੇ ਯੋਗਤਾ ਵਾਲੇ ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਨ੍ਹਾਂ ਸਾਰੇ ਪੱਖਾਂ ਤੋਂ ਇਲਾਵਾ ਉਸ ਦਾ ਫਿਲਮ ਪੜ੍ਹਨ-ਪੜ੍ਹਾਉਣ ਨਾਲ ਕੋਈ ਰਾਬਤਾ ਨਹੀਂ ਹੈ।

ਮਿਆਰੀ ਪੱਖਾਂ ਦੇ ਸੁਆਲ ਤਾਂ ਸਿਰਫ਼ ਦਲੀਲ ਦਾ ਵਜ਼ਨ ਵਧਾਉਣ ਲਈ ਕੀਤੇ ਜਾ ਰਹੇ ਹਨ। ਦਰਅਸਲ ਇਸ ਅਹੁਦੇ ਉੱਤੇ ਹਮੇਸ਼ਾ ਸਿਆਸੀ ਨਾਮਜ਼ਦਗੀ ਹੁੰਦੀ ਰਹੀ ਹੈ। ਕਈ ਵਾਰ ਸਿਆਸੀ ਮਿਹਰਬਾਨੀ ਅਤੇ ਯੋਗਤਾ ਦਾ ਮੇਲ ਹੁੰਦਾ ਰਿਹਾ ਹੈ। ਭਾਜਪਾ ਨੇ ਸਰਕਾਰ ਬਣਾਉਣ ਤੋਂ ਨਾਮਜ਼ਦਗੀ ਵਾਲੇ ਅਹੁਦਿਆਂ ਉੱਤੇ ਆਪਣੇ ਹਮਾਇਤੀਆਂ ਅਤੇ ਹਮਦਰਦਾਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ ਨਾਮਜ਼ਦਗੀਆਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਤਜਰੀਹਾਂ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਦੀ ਸੋਚ ਦੀ ਨਿਸ਼ਾਨਦੇਹੀ ਕਰਨ ਲਈ ਸਿਆਸੀ ਮਾਹਰ ਹੋਣਾ ਜ਼ਰੂਰੀ ਨਹੀਂ ਹੈ। ਇਹ ਰੁਝਾਨ ਮੰਤਰੀਆਂ ਦੀ ਚੋਣ ਅਤੇ ਮਹਿਕਮਿਆਂ ਦੀ ਵੰਡ ਤੋਂ ਸ਼ੁਰੂ ਹੋ ਕੇ ਪੁਰਾਣੇ ਗਵਰਨਰਾਂ ਨੂੰ ਹਟਾਉਣ ਨਾਲ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਵਿਦਿਆ ਅਤੇ ਖੋਜ ਦੇ ਖੇਤਰ ਨਾਲ ਜੁੜੇ ਅਦਾਰਿਆਂ ਵਿਚ ਨਿਯੁਕਤੀਆਂ ਸੁਆਲਾਂ ਦੇ ਘੇਰੇ ਵਿਚ ਆਉਂਦੀਆਂ ਰਹੀਆਂ ਹਨ। ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਪਹਿਲਾਂ ਇੰਡੀਅਨ ਕੌਂਸਲ ਆਫ਼ ਹਿਸਟੋਰੀਕਲ ਰੀਸਰਚ, ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਐਂਡ ਰੀਸਰਚ, ਨੈਸ਼ਨਲ ਬੁੱਕ ਡੀਪੂ, ਅਡਵਾਂਸ ਸਟੱਡੀਜ਼ ਇੰਸਟੀਚਿਊਟ ਅਤੇ ਹੋਰ ਅਦਾਰਿਆਂ ਦੇ ਮੁਖੀਆਂ ਵਜੋਂ ਭਾਜਪਾ ਦੇ ਹਮਾਇਤੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਕਈ ਕੇਂਦਰੀ ਅਤੇ ਸੂਬਾਈ ਯੂਨੀਵਰਸਿਟੀਆਂ ਵਿਚ ਉਪ-ਕੁਲਪਤੀ ਦੀ ਨਿਯੁਕਤੀ ਵੇਲੇ ਭਾਜਪਾ ਨਾਲ ਹਮਦਰਦੀ ਜਾਂ ਸਿਆਸੀ ਨੇੜਤਾ ਅਹਿਮ ਯੋਗਤਾ ਮੰਨੀ ਗਈ ਹੈ।

ਨਾਮਜ਼ਦ ਜਾਂ ਨਿਯੁਕਤ ਹੋਣ ਵਾਲਿਆਂ ਦੀ ਭਾਜਪਾ ਨਾਲ ਸਿਆਸੀ ਨੇੜਤਾ ਮਾਅਨੇ ਰੱਖਦੀ ਹੈ। ਚੁਣੀ ਹੋਈ ਸਰਕਾਰ ਨੇ ਆਪਣੀ ਸੋਚ ਨੂੰ ਲਾਗੂ ਕਰਨ ਲਈ ਆਪਣੇ ਭਰੋਸੇ ਵਾਲੇ ਬੰਦੇ ਲਗਾਉਣੇ ਹਨ। ਇਹ ਰੁਝਾਨ ਉਸ ਵੇਲੇ ਮਾਅਨੇ ਰੱਖਦਾ ਜਦੋਂ ਅਦਾਰਿਆਂ ਦੀ ਖ਼ੁਦਮੁਖ਼ਤਾਰੀ ਨੂੰ ਸਿਆਸੀ ਸੋਚ ਤੋਂ ਉੱਪਰ ਮੰਨ ਲਿਆ ਜਾਵੇ। ਭਾਜਪਾ ਅਤੇ ਕਾਂਗਰਸ ਦੀ ਸੋਚ ਵਿਚ ਇਤਿਹਾਸ, ਸਮਾਜ ਅਤੇ ਵਿਗਿਆਨ ਦੀ ਸਮਝ ਵਿਚ ਕਸ਼ਮੀਰ ਤੋਂ ਕੰਨਿਆ ਕੁਮਾਰੀ ਜਿੰਨਾ ਫ਼ਾਸਲਾ ਤਾਂ ਸਦਾ ਰਿਹਾ ਹੈ। ਇਨ੍ਹਾਂ ਹਾਲਾਤ ਵਿਚ ਭਾਜਪਾ ਦੇ ਸਰਕਾਰ ਬਣਾਉਣ ਨੂੰ 'ਅੱਠ ਸੌ ਸਾਲ ਬਾਅਦ ਹਿੰਦੂ ਰਾਜ ਦੇ ਪਰਤਣ ਵਜੋਂ' ਪੇਸ਼ ਕੀਤਾ ਜਾਣਾ ਕੋਈ ਅੱਲੋਕਾਰੀ ਗੱਲ ਨਹੀਂ ਹੈ। ਭਾਜਪਾ ਤੋਂ ਇਸ ਦੇ ਹਮਾਇਤੀ ਅਤੇ ਵਿਰੋਧੀ ਮੁਲਕ ਦੇ ਤਮਾਮ ਅਦਾਰਿਆਂ ਦੀ ਸੋਚ ਨੂੰ ਹਿੰਦੂਵਾਦੀ ਮੋੜਾ ਦੇਣ ਦੀ ਤਵੱਕੋ ਕਰਦੇ ਹਨ ਜਾਂ ਖ਼ਦਸ਼ਾ ਜ਼ਾਹਰ ਕਰਦੇ ਹਨ। ਤਵੱਕੋ ਅਤੇ ਖ਼ਦਸ਼ਿਆਂ ਦਾ ਇਹ ਰੁਝਾਨ ਚੋਣਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸ ਤੋਂ ਬਾਅਦ ਭਾਜਪਾ ਦੀਆਂ ਨਾਮਜ਼ਦਗੀਆਂ ਅਤੇ ਨਿਯੁਕਤੀਆਂ ਨਾਲ ਸਮੱਸਿਆ ਕੀ ਹੈ? ਸਮੱਸਿਆ ਦੋ ਪੱਧਰ ਉੱਤੇ ਹੈ: ਇਕ ਤਾਂ ਸੰਵਿਧਾਨ ਮੁਤਾਬਕ ਭਾਰਤ ਧਰਮ ਨਿਰਪੱਖ ਸਮਾਜਵਾਦੀ ਮੁਲਕ ਹੈ, ਦੂਜਾ ਇਹ ਭਾਰਤ ਨੂੰ ਹਿੰਦੂਵਾਦੀ ਮੁਲਕ ਬਣਾਉਣ ਦੀ ਬਹੁਲਤਾ ਮੁਖੀ ਸੋਚ ਦੀਆਂ ਧਾਰਨੀ ਪਹਿਲਕਦਮੀਆਂ ਹਨ।

ਇਸ ਤੋਂ ਬਾਅਦ ਦਲੀਲ ਇਹ ਵੀ ਦਿੱਤੀ ਜਾ ਸਕਦੀ ਹੈ ਕਿ ਭਾਜਪਾ ਹਿੰਦੂਵਾਦੀ ਸੋਚ ਨੂੰ ਲਾਗੂ ਕਰਨ ਲਈ ਯੋਗ ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕਿਉਂ ਕਰਦੀ ਹੈ? ਬਹੁਤ ਸਾਰੇ ਉਮੀਦਵਾਰ ਹਨ ਜਿਨ੍ਹਾਂ ਦੀ ਯੋਗਤਾ ਅਤੇ ਭਾਜਪਾਈ ਸੋਚ ਸੁਆਲਾਂ ਦੇ ਘੇਰੇ ਤੋਂ ਬਾਹਰ ਹੈ। ਅਨੁਪਮ ਖੇਰ ਤੋਂ ਹੇਮਾ ਮਾਲਿਨੀ ਤੱਕ ਦੀ ਵੱਡੀ ਫਹਿਰਿਸਤ ਹੈ। ਅਨੁਪਮ ਖੇਰ ਜਾਂ ਕਿਰਨ ਖੇਰ ਦੀ ਯੋਗਤਾ ਅਤੇ ਸੋਚ ਭਾਜਪਾ ਨਾਲ ਮੇਲ ਖਾਂਦੀ ਹੈ ਪਰ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਗਜੇਂਦਰ ਚੌਹਾਨ ਦੀ ਚੋਣ ਕਰਨ ਦਾ ਕੀ ਮਤਲਬ ਹੈ? ਇਹੋ ਦਲੀਲ ਸਮਰਿਤੀ ਇਰਾਨੀ ਨੂੰ ਮਨੁੱਖੀ ਵਸੀਲੇ ਤੇ ਵਿਕਾਸ ਮੰਤਰੀ ਬਣਾਉਣ ਵੇਲੇ ਵੀ ਪੇਸ਼ ਕੀਤੀ ਗਈ ਸੀ। ਜੇ ਸਮਰਿਤੀ ਇਰਾਨੀ ਤੋਂ ਗਜੇਂਦਰ ਚੌਹਾਨ ਤੱਕ ਦੇ ਰੁਝਾਨ ਨੂੰ ਵੇਖਿਆ ਜਾਵੇ ਤਾਂ ਭਾਜਪਾ ਦੀ ਸੋਚ ਦੇ ਨਾਲ ਨਾਲ ਜੁਗਤ ਵੀ ਸਾਹਮਣੇ ਆ ਜਾਂਦੀ ਹੈ। ਜਦੋਂ ਛੋਟੇ ਕੱਦ ਦੇ ਉਮੀਦਵਾਰ ਨੂੰ ਵੱਡੇ ਅਹੁਦੇ ਉੱਤੇ ਬਿਰਾਜਮਾਨ ਕੀਤਾ ਜਾਂਦਾ ਹੈ ਤਾਂ ਪੂਰੇ ਮਹਿਕਮੇ ਦੀ ਪਸ਼ੇਮਾਨੀ ਅਤੇ ਦਖ਼ਲਅੰਦਾਜ਼ੀ ਦਾ ਸੁੱਬ ਬਣਾ ਦਿੱਤਾ ਜਾਂਦਾ ਹੈ। ਛੋਟੇ ਕੱਦ ਦਾ ਨਾਮਜ਼ਦ ਜੀਅ ਆਵਾਮ ਜਾਂ ਅਦਾਰੇ ਦੀ ਥਾਂ ਆਪਣੇ ਉੱਤੇ ਮਿਹਰਬਾਨ ਹੋਏ 'ਮਾਲਕ' ਜਾਂ ਢਾਣੀ ਲਈ ਜਵਾਬਦੇਹ ਹੁੰਦਾ ਹੈ। ਇਸ ਤੋਂ ਬਾਅਦ 'ਮਾਲਕ' ਦੀ ਦਖ਼ਲਅੰਦਾਜ਼ੀ ਲਈ ਪਿਛਲਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ ਅਤੇ ਮਹਿਕਮੇ ਦੀ ਖ਼ੁਦਮੁਖ਼ਤਾਰੀ ਲਈ ਉੱਠਣ ਵਾਲੀ ਹਰ ਆਵਾਜ਼ ਦੀ ਸੰਘੀ ਬੇਕਿਰਕੀ ਨਾਲ ਨੱਪੀ ਜਾਂਦੀ ਹੈ। ਘੱਟ ਯੋਗਤਾ ਵਾਲੇ ਬੰਦੇ ਨੂੰ ਮੁਖੀ ਵਜੋਂ ਨਾਮਜ਼ਦ ਕਰਨ ਦਾ ਮਕਸਦ ਵਧੇਰੇ ਯੋਗਤਾ ਵਾਲੇ ਇੰਤਜ਼ਾਮੀਆ ਅਤੇ ਹੋਰ ਅਮਲੇ ਨੂੰ ਪਸ਼ੇਮਾਨ ਕਰਨਾ ਵੀ ਹੁੰਦਾ ਹੈ। ਸਮਰਿਤੀ ਇਰਾਨੀ ਦੇ ਸਾਹਮਣੇ ਵਿਦਿਅਕ ਅਦਾਰਿਆਂ ਦੇ ਯੋਗ ਮੁਖੀਆਂ ਅਤੇ ਉਪ-ਕੁਲਪਤੀਆਂ ਦੀ ਸਾਰੀ ਯੋਗਤਾ ਨਿਗੂਣੀ ਹੋ ਜਾਂਦੀ ਹੈ। ਦਰਅਸਲ ਸਮਰਿਤੀ ਇਰਾਨੀ ਉਨ੍ਹਾਂ ਸਾਰਿਆਂ ਇਹ ਦੱਸਣ ਦੀ ਜੁਗਤ ਹੈ ਕਿ 'ਮਾਲਕ' ਕੌਣ ਹੈ? ਮਿਹਰਬਾਨੀਆਂ ਲਈ ਜਵਾਬਦੇਹ ਮੰਤਰੀ-ਸੰਤਰੀ 'ਮਾਲਕ' ਤੋਂ ਦੋ ਕਦਮ ਅੱਗੇ ਹੋ ਕੇ ਪੁਰਾਣੇ 'ਮਾਲਕ' ਦੇ ਵਫ਼ਾਦਾਰਾਂ ਅਤੇ ਸੋਚਵਾਨਾਂ ਨੂੰ ਸਬਕ ਸਿਖਾਉਣ ਦਾ ਮੌਕਾ ਤਾੜਦਾ ਹੈ। ਇਨ੍ਹਾਂ ਹਾਲਾਤ ਵਿਚ ਅਦਾਰੇ ਦੀ ਸੋਚ ਦਾ ਮੁਹਾਣ ਬਦਲਣ ਦੇ ਨਾਲ ਨਾਲ ਖ਼ੁਦਮੁਖ਼ਤਾਰੀ ਦਾ ਤਾਣ ਨਿਕਲ ਜਾਂਦਾ ਹੈ। ਆਜ਼ਾਦ-ਖ਼ਿਆਲੀ ਅਤੇ ਖੁੱਲ੍ਹ-ਨਜ਼ਰੀ ਦੁਆਲੇ ਸ਼ਿਕੰਜਾ ਕਸਿਆ ਜਾਂਦਾ ਹੈ। ਇਹ ਅਦਾਰੇ ਆਵਾਮ ਦੀ ਮੁਖ਼ਾਤਬ ਹੋਣ ਦੀ ਥਾਂ 'ਮਾਲਕ' ਦੀ ਮਿਹਰਬਾਨੀ ਦੀ ਨੁਮਾਇਸ਼ ਹੋ ਜਾਂਦੇ ਹਨ।

ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਮਾਮਲੇ ਵਿਚ ਪੰਜਾਬ ਦੀ ਚੁੱਪ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪੰਜਾਬ ਇਸ ਅਦਾਰੇ ਨਾਲ ਜੁੜੇ ਵਿਵਾਦ ਤੋਂ ਨਿਰਲੇਪ ਕਿਉਂ ਹੈ? ਸਿੱਖਿਆ ਦੇ ਭਗਵੇਂਕਰਨ ਖ਼ਿਲਾਫ਼ ਟਕਸਾਲੀ ਸੱਜਾ-ਖੱਬਾ ਹੁੰਗਾਰਾ ਇਸ ਮਾਮਲੇ ਵਿਚ ਗ਼ੈਰ-ਹਾਜ਼ਰ ਕਿਉਂ ਹੈ? ਜੁਆਬ ਲੱਭਣ ਲਈ ਦੂਜੇ ਸੂਬਿਆਂ ਦੇ ਹੁੰਗਾਰੇ, ਅਦਾਰੇ ਦਾ ਪੰਜਾਬ ਤੋਂ ਫ਼ਾਸਲਾ ਜਾਂ ਇਸ ਅਦਾਰੇ ਤੋਂ ਪੜ੍ਹਨ ਵਾਲੇ ਪੰਜਾਬੀਆਂ ਦੀ ਨਿਗੂਣੀ ਗਿਣਤੀ ਨੂੰ ਦਲੀਲ ਬਣਾਇਆ ਜਾ ਸਕਦਾ ਹੈ। ਇਹ ਦਲੀਲ ਇਸ ਸਮੁੱਚੇ ਰੁਝਾਨ ਨਾਲ ਜੁੜ ਕੇ ਖਾਰਜ ਹੋ ਜਾਂਦੀ ਹੈ ਅਤੇ ਸਿਧਾਂਤਕ ਪੱਖੋਂ ਪੱਲਾ ਛੁਡਾਉਣ ਵਾਲੀ ਜ਼ਿਆਦਾ ਜਾਪਦੀ ਹੈ। ਇਸ ਮਿਆਰੀ ਸੁਆਲ ਸਾਹਮਣੇ ਮਿਕਦਾਰੀ ਦਲੀਲ ਬਹੁਤ ਕਮਜ਼ੋਰ ਪੈਂਦੀ ਹੈ। ਇਸ ਚੁੱਪ ਦਾ ਜੁਆਬ ਪੰਜਾਬ ਦੇ ਅਦਾਰਿਆਂ ਦੀ ਹਾਲਤ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿਚ ਵਿਦਿਅਕ ਅਦਾਰਿਆਂ ਦੀ ਨਿਯੁਕਤੀਆਂ ਕਦੇ ਚਰਚਾ ਦਾ ਵਿਸ਼ਾ ਬਣਦੀਆਂ ਹੀ ਨਹੀਂ। ਸਾਰੀਆਂ ਯੂਨੀਵਰਸਿਟੀਆਂ ਵਿਚ ਭਰਤੀ ਅਤੇ ਤਰੱਕੀਆਂ ਦੀ ਯੋਗਤਾ ਦਾ ਪਹੁੰਚ ਨਾਲ ਰਿਸ਼ਤਾ ਜ਼ਿਆਦਾ ਅਹਿਮ ਮੰਨਿਆ ਜਾਂਦਾ ਹੈ। ਉਪ-ਕੁਲਪਤੀਆਂ ਦੀਆਂ ਨਿਯੁਕਤੀਆਂ ਉੱਤੇ ਸੁਆਲ ਕਰਨ ਦਾ ਤਾਣ ਕਦੇ ਯੂਨੀਵਰਸਿਟੀਆਂ ਵਿਚ ਰਿਹਾ ਹੀ ਨਹੀਂ। ਪ੍ਰੋਫੈਸਰਾਂ ਦੀਆਂ ਤਰੱਕੀਆਂ ਦਾ ਸੁਆਲ ਕਦੇ ਸੰਜੀਦਾ ਤੌਰ ਉੱਤੇ ਵਿਚਾਰਿਆ ਹੀ ਨਹੀਂ

*(ਬਾਕੀ ਅਗਲੇ ਸਫੇ 'ਤੇ)*

*ਜਦੋਂ ਇਨਸਾਫ਼ਪਸੰਦ ਜਾਗਰੂਕ ਲੋਕਾਂ ਦੇ ਵਿਆਪਕ ਵਿਰੋਧ ਦੇ ਬਾਵਜੂਦ ਫਰਵਰੀ 2013 ਵਿਚ ਮੁਹੰਮਦ ਅਫ਼ਜ਼ਲ ਗੁਰੂ ਨੂੰ ਫਾਹੇ ਲਾਇਆ ਗਿਆ, ਉਦੋਂ ਸਮੂਹਕ ਭਾਵਨਾ ਦੇ ਨਾਂ ਹੇਠ ਉਸ ਦੇ ਘਿਨਾਉਣੇ ਕਤਲ ਬਾਰੇ ਰੋਹ ਭਰਿਆ ਪ੍ਰਤੀਕਰਮ ਜ਼ਾਹਿਰ ਕਰਦਿਆਂ ਆਲਮੀ ਪ੍ਰਸਿੱਧੀ ਵਾਲੀ ਲੇਖਿਕਾ ਅਰੁੰਧਤੀ ਰਾਏ ਨੇ ਸਵਾਲ ਕੀਤਾ ਸੀ- "ਮੈਂ ਉਮੀਦ ਕਰਦੀ ਹਾਂ ਕਿ ਹੁਣ ਤਾਂ ਸਾਡੀ ਸਮੂਹਿਕ ਭਾਵਨਾ ਸ਼ਾਂਤ ਹੋ ਗਈ ਹੋਵੇਗੀ, ਜਾਂ ਸਾਡਾ ਖ਼ੂਨ ਦਾ ਖੱਪਰ ਅਜੇ ਅੱਧਾ ਹੀ ਭਰਿਆ ਹੈ?" ਹੁਣ ਹੁਕਮਰਾਨਾਂ ਨੇ ਇਕ ਹੋਰ ਬਲੀ ਦਾ ਬੱਕਰਾ ਲੱਭ ਲਿਆ ਹੈ, ਇਹ ਹੈ ਯਾਕੂਬ ਮੈਮਨ ਜਿਸ ਨੂੰ 1993 ਦੇ ਮੁੰਬਈ ਬੰਬ-ਧਮਾਕਿਆਂ ਦੀ ਸਾਜ਼ਿਸ਼ 'ਚ ਮੁਜਰਿਮ ਕਰਾਰ ਦਿੱਤਾ ਗਿਆ ਹੈ। ਪੱਤਰਕਾਰ ਜਯੋਤੀ ਪੁਨਵਨੀ ਨੇ 1947 ਦੀ ਸੱਤਾ ਬਦਲੀ ਤੋਂ ਬਾਅਦ ਹਿੰਦੁਸਤਾਨ ਦੇ ਹੁਕਮਰਾਨਾਂ ਵਲੋਂ ਦਿੱਤੀਆਂ ਗਈਆਂ ਫਾਂਸੀਆਂ ਦੇ ਵਡੇਰੇ ਪ੍ਰਸੰਗ ਵਿਚ ਇਸ ਦੀ ਚੀਰ-ਫਾੜ ਕੀਤੀ ਹੈ। ਇਸ ਅਹਿਮ ਲੇਖ ਦਾ ਸੰਖੇਪ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

# ਯਾਕੂਬ ਮੈਮਨ ਨੂੰ ਫਾਂਸੀ ਤੋਂ ਉਠਦੇ ਸਵਾਲ

ਮਹਾਰਾਸ਼ਟਰ ਸਰਕਾਰ 1993 ਦੇ ਬੰਬ ਧਮਾਕਿਆਂ ਦੇ ਦੋਸ਼ੀ ਯਾਕੂਬ ਮੈਮਨ ਨੂੰ ਫਾਹੇ ਲਾਉਣ ਲਈ ਐਨੀ ਤਾਹੂ ਕਿਉਂ ਹੈ? ਜਦੋਂ ਉਹਦੀ ਰੀਵਿਊ ਪਟੀਸ਼ਨ ਖਾਰਜ ਕਰ ਦਿੱਤੀ ਗਈ, ਉਦੋਂ ਅਪਰੈਲ 'ਚ ਟਾਡਾ ਅਦਾਲਤ ਨੇ ਉਸ ਨੂੰ ਸਜ਼ਾ-ਏ-ਮੌਤ ਦੀ ਤਰੀਕ ਮੁਕੱਰਰ ਕਰ ਦਿੱਤੀ ਸੀ। ਉਹ ਫਾਂਸੀ ਦੀ ਇੰਤਜ਼ਾਰ 'ਚ ਬੈਠੇ ਕੈਦੀਆਂ ਦੀ ਲੰਮੀ ਸੂਚੀ ਵਿਚ ਪਹਿਲਾ ਨਾਂ ਨਹੀਂ ਹੈ, ਨਾ ਹੀ ਉਹ ਭਾਰਤ ਦਾ ਸਭ ਤੋਂ ਘ੍ਰਿਣਤ ਮੁਜਰਿਮ ਹੈ। ਦਰਅਸਲ ਇਸ ਸਾਬਕਾ ਚਾਰਟਰਡ ਅਕਾਊਂਟੈਂਟ ਬਾਰੇ ਇਸ ਤੋਂ ਜ਼ਿਆਦਾ ਜਾਣਕਾਰੀ ਨਹੀਂ ਮਿਲਦੀ ਕਿ ਉਹ 12 ਮਾਰਚ 1993 ਦੇ ਮੁੰਬਈ ਧਮਾਕਿਆਂ ਦੇ ਯੋਜਨਾਘਾੜੇ ਟਾਈਗਰ ਮੈਮਨ ਦਾ ਭਰਾ ਹੈ। ਉਸ ਬਾਰੇ ਇਹ ਤੱਥ ਗ਼ੌਰਤਲਬ ਹਨ:

-ਇਸ ਜੁਰਮ ਦੀ ਯੋਜਨਾ ਅਮਲ ਵਿਚ ਲਿਆਉਣ ਬਾਬਤ ਉਸ ਦੇ ਖ਼ਿਲਾਫ਼ ਕੋਈ ਸਿੱਧਾ ਸਬੂਤ ਨਹੀਂ ਹੈ। ਸਿਰਫ਼ ਇਕ ਵਾਅਦਾ-ਮੁਆਫ਼ ਦਾ ਬਿਆਨ ਅਤੇ ਇਕ ਸਹਿ-ਮੁਲਜ਼ਿਮ ਦਾ ਇਕਬਾਲੀਆ ਬਿਆਨ ਹੀ ਹੈ ਜੋ ਪਿੱਛੋਂ ਮੁੱਕਰ ਗਿਆ ਸੀ। ਹੇਠਲੀ ਅਦਾਲਤ ਦਾ ਕਹਿਣਾ ਸੀ ਕਿ ਇਹ ਉਸ ਨੂੰ ਮੁਜਰਿਮ ਠਹਿਰਾਉਣ ਲਈ ਕਾਫ਼ੀ ਨਹੀਂ।



ਜਯੋਤੀ ਪੁਨਵਨੀ

-ਬੰਬ ਧਮਾਕਿਆਂ ਤੋਂ ਪਹਿਲਾਂ ਹੀ ਟਾਈਗਰ ਮੈਮਨ ਨੇ ਆਪਣੇ ਸਮੁੱਚੇ ਪਰਿਵਾਰ ਨੂੰ ਦੁਬਈ ਵਿਚ ਮਹਿਫੂਜ਼ ਕਰ ਲਿਆ ਸੀ। ਉਥੋਂ ਆਈ. ਐਸ. ਆਈ. ਉਨ੍ਹਾਂ ਨੂੰ ਪਾਕਿਸਤਾਨ ਲੈ ਗਈ। ਯਾਕੂਬ ਆਈ. ਐਸ. ਆਈ. ਦੀ ਛਤਰੀ ਹੇਠ ਉਥੇ ਐਯਾਸ਼ ਜ਼ਿੰਦਗੀ ਜੀਅ ਸਕਦਾ ਸੀ। ਇਸ ਦੀ ਥਾਂ ਉਸ ਨੇ ਜੁਲਾਈ 1994 ਵਿਚ ਹਿੰਦੁਸਤਾਨ ਪਰਤ ਆਉਣ ਦਾ ਰਾਹ ਚੁਣਿਆ ਅਤੇ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਵੀ ਇਸ ਬਾਰੇ ਕਾਇਲ ਕਰ ਲਿਆ। ਜੁਲਾਈ 1999 ਵਿਚ ਜੇਲ੍ਹ ਵਿਚੋਂ ਚੀਫ਼ ਜਸਟਿਸ ਨੂੰ ਲਿਖੇ ਖ਼ਤ ਵਿਚ ਉਸ ਨੇ ਲਿਖਿਆ ਕਿ ਉਸ ਨੂੰ ਪੱਕਾ ਯਕੀਨ ਹੈ ਕਿ ਉਹ ਹਿੰਦੁਸਤਾਨ ਦੀ ਅਦਾਲਤ ਵਿਚ ਆਪਣੀ ਬੇਗੁਨਾਹੀ ਸਾਬਤ ਕਰ ਦੇਵੇਗਾ ਅਤੇ ਫਿਰ ਆਪਣੇ ਬੱਚਿਆਂ ਨੂੰ ਉਥੇ ਮੰਗਵਾ ਲਵੇਗਾ।

-ਹਿੰਦੁਸਤਾਨ ਦੀ ਹਕੂਮਤ ਉਸ ਦੇ ਆਤਮ-ਸਮਰਪਣ ਵਿਚ ਸ਼ਾਮਲ ਸੀ। ਉਹ ਜਾਣਦੀ ਸੀ ਕਿ ਯਾਕੂਬ ਧਮਾਕਿਆਂ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦੇ ਅਹਿਮ ਸਬੂਤ ਲਿਆਇਆ ਸੀ ਜੋ ਉਂਜ ਇਸ ਦੇ ਹੱਥ ਨਹੀਂ ਸੀ ਲੱਗ ਸਕਦੇ।

-ਪਰ ਹਕੂਮਤ ਨੇ ਪਾਰਲੀਮੈਂਟ ਵਿਚ ਇਹ ਦਾਅਵਾ ਕਰ ਕੇ ਉਸ ਨਾਲ ਧ੍ਰੋਹ ਕੀਤਾ ਕਿ ਉਸ ਨੇ ਸਵੈ-ਇੱਛਾ ਨਾਲ ਆਤਮ-ਸਮਰਪਣ ਨਹੀਂ ਕੀਤਾ, ਉਸ ਨੂੰ ਤਾਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪਰਿਵਾਰ ਸਮੇਤ ਉਸ ਉਪਰ ਟਾਡਾ ਲਗਾ ਦਿੱਤਾ ਗਿਆ ਅਤੇ ਉਨ੍ਹਾਂ ਦੀ ਜ਼ਮਾਨਤ ਦਾ ਵਿਰੋਧ ਕੀਤਾ ਗਿਆ। ਹੁਣ ਤਕ ਯਾਕੂਬ ਜੇਲ੍ਹ ਵਿਚ 23 ਸਾਲ (ਹਵਾਲਾਤੀ ਵਜੋਂ 13 ਸਾਲ) ਗੁਜ਼ਾਰ ਚੁੱਕਾ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਸਮਾਂ ਉਸ ਨੂੰ ਇਕੱਲੇ ਨੂੰ ਬੰਦ ਰੱਖਿਆ ਗਿਆ।

-ਯਾਕੂਬ 1993 ਤੇ ਬੰਬ ਧਮਾਕਿਆਂ ਦਾ ਇਕੋ-ਇਕ ਮੁਲਜ਼ਿਮ ਹੈ ਜਿਸ ਦੀ ਸਜ਼ਾ-ਏ-ਮੌਤ ਨੂੰ ਘਟਾ ਕੇ ਉਮਰ-ਕੈਦ ਵਿਚ ਨਹੀਂ ਬਦਲਿਆ ਗਿਆ। ਸੁਪਰੀਮ ਕੋਰਟ ਨੇ ਜਿਨ੍ਹਾਂ ਨੂੰ ਇਹ ਰਾਹਤ ਦਿੱਤੀ, ਉਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੇ ਘਟਨਾ ਵਾਲੀ ਥਾਂ ਬੰਬ ਰੱਖੇ।

-ਆਪਣੇ ਪਰਿਵਾਰ ਨੂੰ ਤੀਲਾ-ਤੀਲਾ ਹੁੰਦਾ ਦੇਖ ਕੇ ਯਾਕੂਬ ਉਦਾਸੀ-ਰੋਗ ਦਾ ਸ਼ਿਕਾਰ ਹੋ ਗਿਆ। ਉਸ ਨੇ ਆਪਣੇ ਖ਼ਤ ਵਿਚ ਲਿਖਿਆ ਕਿ ਉਸ ਨੂੰ ਇਕ ਸਾਲ ਦੀਆਂ ਘਟਨਾਵਾਂ ਦਾ ਕੋਈ ਇਲਮ ਨਹੀਂ ਅਤੇ ਉਹ ਦਵਾਈਆਂ 'ਤੇ ਨਿਰਭਰ ਸੀ। ਫਿਰ ਵੀ ਜੇਲ੍ਹ-ਜ਼ਿੰਦਗੀ ਦੌਰਾਨ ਹੀ ਉਸ ਨੇ ਅੰਗਰੇਜ਼ੀ ਅਤੇ ਪੁਲੀਟੀਕਲ ਸਾਇੰਸ ਵਿਚ ਦੋ ਡਿਗਰੀਆਂ ਹਾਸਲ ਕੀਤੀਆਂ। ਜੇਲ੍ਹ ਵਿਚ ਉਹ ਹਲੀਮੀ ਲਈ ਮਸ਼ਹੂਰ ਸੀ ਅਤੇ ਜੇਲ੍ਹ ਸਟਾਫ਼ ਵੀ ਉਸ ਦੀ ਸਲਾਹ ਲੈਂਦਾ ਸੀ।

ਜੇ ਉਸ ਦਾ ਆਤਮ-ਸਮਰਪਣ ਕਾਫ਼ੀ ਨਹੀਂ ਸੀ, ਫਿਰ ਜੇਲ੍ਹ ਵਿਚਲਾ ਉਸ ਦਾ ਵਤੀਰਾ ਤਾਂ ਕਾਫ਼ੀ ਸਬੂਤ ਹੋਣਾ ਚਾਹੀਦਾ ਸੀ ਕਿ ਉਹ ਐਸਾ ਕੱਟੜ ਮੁਜਰਿਮ ਨਹੀਂ ਜਿਸ ਦੇ ਸੁਧਰਨ ਦੀ ਗੁੰਜਾਇਸ਼ ਹੀ ਨਾ ਹੋਵੇ; ਜਿਸ ਬਾਰੇ ਇਹ ਵਿਚਾਰ ਬਣਿਆ ਹੋਵੇ ਕਿ ਜੇ ਜਿਉਂਦਾ ਰਹਿ ਗਿਆ ਤਾਂ ਸਮਾਜ ਨੂੰ ਭੈਭੀਤ ਕਰੇਗਾ ਤੇ ਇਸ ਲਈ ਉਹ ਸਿਰਫ਼ ਮੌਤ ਦਾ ਹੱਕਦਾਰ ਹੈ।

ਇਸ ਮਾਮਲੇ ਨੂੰ ਦੇਖ ਕੇ ਬੀਤੇ ਕੁਝ ਦਹਾਕਿਆਂ ਦੀਆਂ ਵਿਵਾਦਪੂਰਨ ਫਾਂਸੀਆਂ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਪਹਿਲੀ ਮਿਸਾਲ ਆਂਧਰਾ ਪ੍ਰਦੇਸ਼ ਦੇ ਨਕਸਲੀ ਦਲਿਤ ਕਿਸਾਨਾਂ- ਕਿਸ਼ਤਾ ਗੌੜ ਅਤੇ ਭੂਮੱਈਆ, ਦੀ ਹੈ ਜਿਨ੍ਹਾਂ ਨੂੰ ਦੋ ਭੋਇਪਤੀਆਂ ਨੂੰ ਮਾਰਨ ਬਦਲੇ ਐਮਰਜੈਂਸੀ ਦੌਰਾਨ ਫਾਹੇ ਲਾ ਦਿੱਤਾ ਗਿਆ ਸੀ। ਪਤਵੰਤ ਸੰਸਦ ਮੈਂਬਰਾਂ ਨੇ ਰਾਸ਼ਟਰਪਤੀ ਨੂੰ ਮਿਲ ਕੇ ਉਨ੍ਹਾਂ ਦੀ ਜਾਨ ਬਖ਼ਸ਼ਣ ਦੀ ਗੁਜ਼ਾਰਿਸ਼ ਕੀਤੀ ਸੀ; ਮਨੁੱਖੀ ਹੱਕਾਂ ਦੇ ਵਕੀਲ ਕੇ.ਜੀ. ਕੰਨਾਬਿਰਨ ਨੇ ਫਰਵਰੀ 1975 ਵਿਚ ਉਨ੍ਹਾਂ ਦੀ ਫਾਂਸੀ 'ਤੇ ਰੋਕ ਵੀ ਲਗਵਾ ਲਈ ਸੀ, ਪਰ ਜਿਵੇਂ ਜਾਰਜ ਫਰਨਾਂਡੇਜ਼ ਨੇ ਉਨ੍ਹਾਂ ਦੀ ਯਾਦ ਵਿਚ ਕੀਤੀ ਤਕਰੀਰ 'ਚ ਕਿਹਾ- ਉਨ੍ਹਾਂ ਨੂੰ ਫਾਂਸੀ ਦੇਣਾ... 'ਸਿਆਸੀ ਕਾਰਕੁਨਾਂ ਨੂੰ ਸਿਆਸੀ ਜੁਰਮਾਂ ਲਈ ਫਾਹੇ ਲਾਉਣ ਦੀ ਆਜ਼ਾਦ ਹਿੰਦੁਸਤਾਨ ਦੀ ਪਹਿਲੀ ਮਿਸਾਲ' ਸੀ।

ਫਿਰ ਇੰਦਰਾ ਗਾਂਧੀ ਦੇ ਰਾਜ ਵਿਚ ਕਸ਼ਮੀਰੀ ਖਾੜਕੂ ਮਕਬੂਲ ਬੱਟ ਨੂੰ ਫਰਵਰੀ 1984 ਵਿਚ ਰਾਸ਼ਟਰਪਤੀ ਵਲੋਂ ਉਸ ਦੀ ਰਹਿਮ ਦੀ ਦਰਖ਼ਾਸਤ ਖਾਰਜ ਕਰਨ ਤੋਂ ਤਿੰਨ ਦਿਨਾਂ ਦੇ ਅੰਦਰ ਹੀ ਫਾਹੇ ਲਾ ਦਿੱਤਾ ਗਿਆ। ਉਸ ਦੇ ਭਰਾ ਨੂੰ ਕਾਗਜ਼ੀ ਕਾਰਵਾਈ ਦੇ ਬਾਵਜੂਦ, ਲਾਸ਼ ਉਸ ਦੇ ਪਰਿਵਾਰ ਨੂੰ ਨਹੀਂ ਦਿੱਤੀ ਗਈ। ਉਸ ਨੂੰ ਫਾਹੇ ਲਾਉਣ ਲਈ ਉਕਸਾਉਣ ਦੀ ਵਜ੍ਹਾ ਸਫ਼ੀਰ ਰਵਿੰਦਰ ਮਹਾਤਰੇ ਦੀ ਹੱਤਿਆ ਬਣਿਆ ਸੀ ਜਿਸ ਨੂੰ ਕਸ਼ਮੀਰੀ ਖਾੜਕੂਆਂ ਨੇ ਬੱਟ ਦੀ ਰਿਹਾਈ ਲਈ ਬਰਮਿੰਘਮ ਤੋਂ ਅਗਵਾ ਕਰ ਲਿਆ ਸੀ। ਉਸ ਦਾ ਜੁਰਮ ਸੀ, 1966 ਵਿਚ ਇਕ ਪੁਲਿਸੀਏ ਦੀ ਹੱਤਿਆ। 1989 ਵਿਚ ਰਾਜੀਵ ਗਾਂਧੀ ਸਰਕਾਰ ਸਮੇਂ ਕਿਹਰ ਸਿੰਘ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਾਰਨ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਵਿਚ ਫਾਹੇ ਲਾਇਆ ਗਿਆ। ਗਵਾਹੀ ਐਨੀ ਥੋਥੀ ਸੀ ਕਿ ਕਾਨੂੰਨਦਾਨਾਂ ਦੇ ਕੌਮਾਂਤਰੀ ਕਮਿਸ਼ਨ ਨੇ ਵੀ ਤਤਕਾਲੀ ਪ੍ਰਧਾਨ ਮੰਤਰੀ ਨੂੰ ਰਹਿਮ ਲਈ ਕਿਹਾ ਸੀ। ਵਕੀਲ ਸ਼ਾਂਤੀ ਭੂਸ਼ਨ ਨਾਲ ਮਿਲ ਕੇ ਉਸ ਦਾ ਮੁਕੱਦਮਾ ਲੜਨ ਬਦਲੇ ਰਾਮ ਜੇਠਮਲਾਨੀ ਨੂੰ ਭਾਜਪਾ ਦੀ ਮੈਂਬਰਸ਼ਿਪ ਛੱਡਣੀ ਪਈ ਸੀ। ਉਸ ਨੇ ਫਾਂਸੀ ਦਿੱਤੇ ਜਾਣ ਤੋਂ ਇਕ ਦਿਨ ਪਹਿਲਾਂ ਉਸ ਦੇ ਹੱਕ ਵਿਚ ਕਿਹਾ ਸੀ: "ਜੇ ਇਹ ਅਦਾਲਤ ਦਖ਼ਲ ਨਹੀਂ ਦੇ ਸਕਦੀ, ਫਿਰ ਭਲਕੇ ਮੇਰਾ ਮੁਵੱਕਿਲ ਹੀ ਫਾਂਸੀ ਨਹੀਂ ਲੱਗੇਗਾ, ਹੋਰ ਵੀ ਜ਼ਿਆਦਾ ਅਹਿਮ ਚੀਜ਼ ਦੀ ਹੱਤਿਆ ਹੋ ਜਾਵੇਗੀ। ਫਾਂਸੀ ਕਿਹਰ ਸਿੰਘ ਨੂੰ ਨਹੀਂ, ਮਰਿਯਾਦਾ ਤੇ ਇਨਸਾਫ਼ ਨੂੰ ਲੱਗੇਗੀ।" ਕਿਹਰ ਸਿੰਘ ਅਤੇ ਬੇਅੰਤ ਸਿੰਘ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਗਈਆਂ।

ਫਿਰ ਪੰਜੀ ਸਾਲ ਪਿੱਛੋਂ ਪਾਰਲੀਮੈਂਟ ਉਪਰ ਹਮਲੇ ਦੀ ਸਾਜ਼ਿਸ਼ ਵਿਚ ਭਾਈਵਾਲ ਹੋਣ ਦੇ ਇਲਜ਼ਾਮ ਵਿਚ ਫਰਵਰੀ 2013 ਵਿਚ ਸਭ ਤੋਂ ਸਦਮਾ ਪਹੁੰਚਾਊ ਫਾਂਸੀ ਅਫ਼ਜ਼ਲ ਗੁਰੂ ਨੂੰ ਦਿੱਤੀ ਗਈ। ਮਹਿਜ਼ ਉਸ ਦੇ ਖ਼ਿਲਾਫ਼ ਸਬੂਤਾਂ ਉਪਰ ਹੀ ਸਵਾਲੀਆ-ਚਿੰਨ੍ਹ ਨਹੀਂ ਸੀ- ਇਹ ਸੁਪਰੀਮ ਕੋਰਟ ਨੇ ਖ਼ੁਦ ਸਵੀਕਾਰ ਕੀਤਾ ਸੀ, ਸਗੋਂ ਉਸ ਦੇ ਪਰਿਵਾਰ ਸਮੇਤ ਕਿਸੇ ਨੂੰ ਵੀ ਫਾਂਸੀ ਦਿੱਤੇ ਜਾਣ ਦੀ ਇਤਲਾਹ ਨਹੀਂ ਦਿੱਤੀ ਗਈ। ਉਸ ਦੀ ਲਾਸ਼ ਵੀ ਉਸ ਦੇ ਵਾਰਿਸਾਂ ਦੇ ਸਪੁਰਦ ਨਹੀਂ ਕੀਤੀ ਗਈ। ਇਸ ਗ਼ੈਰਕਾਨੂੰਨੀ ਸਜ਼ਾ ਤੋਂ ਪਹਿਲਾਂ ਅਜਮਲ ਕਸਾਬ ਨੂੰ ਫਾਂਸੀ ਦਿੱਤੀ ਗਈ ਸੀ। ਉਸ ਨੂੰ ਰਹਿਮ ਦੀ ਦਰਖ਼ਾਸਤ ਲਿਖਣ ਲਈ ਵਕੀਲ ਵੀ ਨਹੀਂ ਦਿੱਤਾ ਗਿਆ ਅਤੇ ਫਾਂਸੀ ਦੇਣ ਵਕਤ ਇਹ ਵੀ ਨਹੀਂ ਦੱਸਿਆ ਗਿਆ ਕਿ ਉਸ ਦੀ ਰਹਿਮ ਦੀ ਦਰਖ਼ਾਸਤ ਰੱਦ ਹੋ ਚੁੱਕੀ ਸੀ।

ਹੁਕਮਰਾਨ ਕਿੰਨੀ ਬੇਹਯਾਈ ਨਾਲ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹਨ, ਤਤਕਾਲੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਤੇ ਮਹਾਰਾਸ਼ਟਰ ਦੇ ਤੱਤਕਾਲੀ ਮੁੱਖ ਮੰਤਰੀ ਪ੍ਰਿਥਵੀਰਾਜ ਚੌਹਾਨ ਦੇ ਟੈਲੀਵਿਜ਼ਨ ਉਪਰ ਦਿੱਤੇ ਸਪਸ਼ਟੀਕਰਨ ਇਸ ਦਾ ਸਬੂਤ ਹਨ। ਉਨ੍ਹਾਂ ਨੇ ਕਿਹਾ ਕਿ ਕਸਾਬ ਦੇ ਮਾਮਲੇ ਵਿਚ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੇ ਰਹਿਮ ਦੀਆਂ ਦਰਖ਼ਾਸਤਾਂ ਪਾ ਰੱਖੀਆਂ ਸਨ, ਸਰਕਾਰ ਨਹੀਂ ਸੀ ਚਾਹੁੰਦੀ ਕਿ ਉਨ੍ਹਾਂ ਨੂੰ ਅਦਾਲਤ ਵਿਚ ਜਾਣ ਦਾ ਮੌਕਾ ਦਿੱਤਾ ਜਾਵੇ; ਇਸ ਲਈ ਫਾਂਸੀ ਗੁਪਤ ਰੱਖੀ ਗਈ।

ਸਸਤੀ ਸ਼ੋਹਰਤ ਤੋਂ ਸਿਵਾਏ ਹਕੂਮਤ ਦੇ ਪੱਲੇ ਕੀ ਪਿਆ? ਕਸਾਬ ਦੇ ਆਕਾ ਅਜੇ ਤਕ ਇਸ ਦੇ ਹੱਥ ਨਹੀਂ ਆਏ, ਜਿਵੇਂ 1993 ਦੇ ਬੰਬ ਧਮਾਕਿਆਂ ਦੇ ਯੋਜਨਾਘਾੜੇ ਦਾਊਦ ਇਬਰਾਹਿਮ ਅਤੇ ਟਾਈਗਰ ਮੈਮਨ ਇਸ ਦੇ ਹੱਥ ਨਹੀਂ ਲੱਗੇ।

ਇਨ੍ਹਾਂ ਫਾਂਸੀਆਂ ਵਿਚ ਸਾਂਝੀ ਚੀਜ਼ ਮਹਿਜ਼ ਕਾਇਦੇ-ਕਾਨੂੰਨ ਦੀਆਂ ਧੱਜੀਆਂ ਉਡਾਉਣਾ ਹੀ ਨਹੀਂ, ਸਗੋਂ ਇਨ੍ਹਾਂ ਫਾਂਸੀਆਂ ਨਾਲ ਜੁੜਿਆ ਸਿਆਸੀ ਪੈਗ਼ਾਮ ਹੈ। ਚਾਹੇ ਕਿਸ਼ਤਾ ਗੌੜ ਜਾਂ ਭੂਮੱਈਆ ਹੋਵੇ, ਜਾਂ ਮਕਬੂਲ ਬੱਟ, ਕਿਹਰ ਸਿੰਘ ਹੋਵੇ ਜਾਂ ਅਫ਼ਜ਼ਲ ਗੁਰੂ; ਜਾਂ ਤਾਂ ਉਨ੍ਹਾਂ ਦਾ ਮਨੋਰਥ ਵਿਚਾਰਧਾਰਕ ਸੀ, ਜਾਂ ਧਾਰਮਿਕ, ਜਾਂ ਅਜਿਹਾ ਜਿਥੇ ਸਿਆਸਤ ਧਰਮ ਨਾਲ ਜੁੜੀ ਹੋਈ ਸੀ। ਮਗਰਲੇ ਦੋ ਮਾਮਲਿਆਂ ਵਿਚ ਜੁਰਮ ਦੇ ਸਬੂਤ ਹੀ ਬੇਯਕੀਨੇ ਸਨ।

ਪੈਗ਼ਾਮ ਸਿੱਧਾ-ਸਪਾਟ ਹੈ: ਸਟੇਟ ਕੋਈ ਖ਼ਤਰਾ ਬਰਦਾਸ਼ਤ ਨਹੀਂ ਕਰੇਗਾ, ਚਾਹੇ ਨਕਸਲਵਾਦ ਹੋਵੇ, ਵੱਖਵਾਦ ਹੋਵੇ ਜਾਂ ਧਾਰਮਿਕ ਜਨੂੰਨ ਤੋਂ ਹੋਵੇ - ਕਾਇਦਾ-ਕਾਨੂੰਨ ਪਵੇ ਢੱਠੇ ਖੂਹ ਵਿਚ। ਜਨੂੰਨ ਕਈ ਸ਼ਕਲਾਂ ਵਿਚ ਸਾਹਮਣੇ ਆਉਂਦਾ ਹੈ। ਕੀ ਇਹ ਮਹਿਜ਼ ਇਤਫ਼ਾਕ ਹੈ ਕਿ ਆਜ਼ਾਦੀ ਦੇ ਸਮੇਂ ਤੋਂ ਲੈ ਕੇ ਜੋ ਬੰਦੇ ਫਾਂਸੀ ਲਾਏ ਗਏ, ਉਨ੍ਹਾਂ ਵਿਚੋਂ ਬਹੁਗਿਣਤੀ ਹਿੰਦੂ ਸਨ, ਪਰ ਹਿੰਦੂਤਵ ਤੋਂ ਪ੍ਰੇਰਤ ਇਕ ਵੀ ਕਾਤਿਲ ਨੂੰ ਫਾਹੇ ਨਹੀਂ ਲਾਇਆ ਗਿਆ? ਦਾਰਾ ਸਿੰਘ ਜਿਸ ਨੇ 1999 ਵਿਚ ਈਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦੋ ਬੱਚਿਆਂ ਨੂੰ ਬੇਰਹਿਮੀ ਨਾਲ ਜਿਉਂਦੇ ਸਾੜਿਆ, ਉਸ ਦੀ ਸਜ਼ਾ-ਏ-ਮੌਤ ਉੜੀਸਾ ਹਾਈਕੋਰਟ ਨੇ ਉਮਰ ਕੈਦ ਵਿਚ ਬਦਲ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਉਸ 'ਤੇ ਮੋਹਰ ਲਾਈ ਸੀ। ਫਿਰ ਇਨ੍ਹਾਂ ਹੀ ਜੱਜਾਂ ਨੇ ਯਾਕੂਬ ਮੈਮਨ ਦੀ ਸਜ਼ਾ-ਏ-ਮੌਤ ਘਟਾ ਕੇ ਉਮਰ ਕੈਦ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਇਸ ਦਾ ਜੋ ਕਾਰਨ ਦੱਸਿਆ, ਉਹ ਐਨਾ ਵਿਵਾਦਪੂਰਨ ਸੀ ਕਿ ਬਾਅਦ ਵਿਚ ਜੱਜਾਂ ਨੇ ਇਸ ਨੂੰ ਖ਼ੁਦ ਹੀ ਫ਼ੈਸਲੇ 'ਚੋਂ ਹਟਾ ਦਿੱਤਾ।

ਭਾਜਪਾ ਦੀ ਮੰਤਰੀ ਮਾਇਆ ਕੋਡਨਾਨੀ ਅਤੇ ਬਜਰੰਗ ਦਲ ਦੇ ਆਗੂ ਬਾਬੂ ਬਜਰੰਗੀ ਜੋ 2002 ਵਿਚ ਅਹਿਮਦਾਬਾਦ ਅੰਦਰ 97 ਮੁਸਲਮਾਨਾਂ ਦੇ ਕਤਲਾਂ ਲਈ ਜ਼ਿੰਮੇਵਾਰ ਸਨ, ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਮੋਦੀ ਹਕੂਮਤ ਨੇ ਇਹ ਇਜਾਜ਼ਤ ਨਹੀਂ ਦਿੱਤੀ ਕਿ ਇਸ ਕੇਸ ਦੀ ਤਫ਼ਤੀਸ਼ੀ ਏਜੰਸੀ (ਵਿਸ਼ੇਸ਼ ਜਾਂਚ ਟੀਮ) ਕੋਡਨਾਨੀ ਬਾਰੇ ਫ਼ੈਸਲੇ ਨੂੰ ਮੌਤ ਦੀ ਸਜ਼ਾ ਵਿਚ ਬਦਲਣ ਲਈ ਅਦਾਲਤ ਵਿਚ ਅਪੀਲ ਕਰੇ। ਬਜਰੰਗੀ ਕੇਸ ਵਿਚ ਵੀ ਜਾਂਚ ਟੀਮ ਨੇ ਚੁੱਪ ਵੱਟ ਲਈ।

ਇਥੇ ਇਕ ਹੋਰ ਵੱਖਰਾ ਮਾਮਲਾ ਹੈ, ਇਹ ਹੈ ਨੱਥੂਰਾਮ ਗੌਡਸੇ ਅਤੇ ਨਾਰਾਇਣ ਆਪਟੇ ਨੂੰ ਨਵੰਬਰ 1949 ਵਿਚ ਦਿੱਤੀ ਫਾਂਸੀ ਦਾ ਮਾਮਲਾ। ਪ੍ਰਿਵੀ ਕੌਂਸਲ ਅਤੇ ਗਵਰਨਰ ਜਨਰਲ ਵਲੋਂ ਗੌਡਸੇ ਪਰਿਵਾਰ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਗਈ ਸੀ। ਦੂਜੇ ਪਾਸੇ, ਗਾਂਧੀ ਦੇ ਪੁੱਤਰਾਂ ਮਨੀਲਾਲ ਅਤੇ ਰਾਮਦਾਸ ਨੇ ਵੀ ਅਸੂਲਾਂ ਦੀ ਵਿਲੱਖਣ ਮਿਸਾਲ ਪੇਸ਼ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੇ ਬਾਪ ਦੀ ਵਿਚਾਰਧਾਰਾ ਅਨੁਸਾਰ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਜਾਵੇ। ਮਹਾਤਮਾ ਗਾਂਧੀ ਵੀ ਇਹ ਨਾ ਚਾਹੁੰਦਾ ਕਿ ਉਸ ਦੇ ਕਾਤਲਾਂ ਨੂੰ ਫਾਹੇ ਲਾਇਆ ਜਾਵੇ। ਨਿਸ਼ਚੇ ਹੀ ਜੋ ਕੁਝ ਪਿੱਛੋਂ ਹੋਇਆ, ਇਹ ਵੀ ਉਸ ਨੂੰ ਪਸੰਦ ਨਹੀਂ ਸੀ ਹੋਣਾ। ਗੌਡਸੇ ਅਤੇ ਆਪਟੇ ਨੂੰ ਅੰਬਾਲਾ ਜੇਲ੍ਹ ਵਿਚ ਫਾਂਸੀ ਦੇ ਕੇ ਉਥੇ ਹੀ ਸਸਕਾਰ ਕਰ ਦਿੱਤਾ ਗਿਆ ਅਤੇ ਅਸਥੀਆਂ ਘੱਗਰ ਦਰਿਆ ਵਿਚ ਜਲ-ਪ੍ਰਵਾਹ ਕਰ ਦਿੱਤੀਆਂ ਗਈਆਂ। ਇਸ ਬਾਬਤ ਕਿਆਸ-ਅਰਾਈ ਹੀ ਹੋ ਸਕਦੀ ਹੈ ਕਿ ਗੌਡਸੇ ਅਤੇ ਆਪਟੇ ਹੀ ਆਜ਼ਾਦੀ ਤੋਂ ਬਾਅਦ ਫਾਹੇ ਲਾਏ ਜਾਣ ਵਾਲੇ ਇਕੋ-ਇਕ ਹਿੰਦੂ ਕਿਉਂ ਸਨ। ਕੀ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਵਿਚ ਬਹੁਗਿਣਤੀ ਦੀਆਂ ਭਾਵਨਾਵਾਂ ਦੇ ਖ਼ਿਲਾਫ਼ ਖੜ੍ਹਨ ਦਾ ਮਾਦਾ ਸੀ, ਜਾਂ ਉਨ੍ਹਾਂ ਨੇ ਮੁਲਕ ਦੇ ਮਿਜ਼ਾਜ ਨੂੰ ਹੁੰਗਾਰਾ ਭਰਿਆ?

ਸੁਪਰੀਮ ਕੋਰਟ ਨੇ ਸਵੀਕਾਰ ਕੀਤਾ ਸੀ ਕਿ ਅਫ਼ਜ਼ਲ ਗੁਰੂ ਦੇ ਗਲ ਵਿਚ ਫੰਦਾ ਪਾਉਣ ਦਾ ਉਸ ਦਾ ਫ਼ੈਸਲਾ ਬਹੁਗਿਣਤੀ ਦੇ ਜਜ਼ਬਾਤ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ (ਇਸ ਨੂੰ "ਸਮੂਹਕ ਭਾਵਨਾ" ਕਿਹਾ ਗਿਆ); ਪਰ ਮਕਬੂਲ ਬੱਟ ਅਤੇ ਕਿਹਰ ਸਿੰਘ ਦੇ ਮਾਮਲੇ ਬਾਰੇ ਕੀ ਖ਼ਿਆਲ ਹੈ? ਕੀ ਜ਼ਿਆਦਾਤਰ ਹਿੰਦੁਸਤਾਨੀ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਫਾਹੇ ਲਾਇਆ ਜਾਵੇ?... ਤੇ ਕੀ ਯਾਕੂਬ ਮੈਮਨ ਨੂੰ ਵੀ ਇਸੇ ਕਾਰਨ ਫਾਂਸੀ ਵੱਲ ਧੱਕਿਆ ਜਾ ਰਿਹਾ ਹੈ?



ਯਾਕੂਬ ਮੈਮਨ

ਉਨ੍ਹਾਂ ਜੁਰਮਾਂ ਬਾਰੇ ਕੀ ਖ਼ਿਆਲ ਹੈ ਜਿਨ੍ਹਾਂ ਦੇ ਸਿੱਟੇ ਵਜੋਂ 1993 ਦੇ ਬੰਬ ਧਮਾਕੇ ਕੀਤੇ ਗਏ? ਦਸੰਬਰ 1992 ਵਿਚ ਬਾਬਰੀ ਮਸਜਿਦ ਨੂੰ ਢਾਹਿਆ ਗਿਆ ਅਤੇ ਇਸ ਤੋਂ ਬਾਅਦ ਮੁੰਬਈ ਵਿਚ ਫ਼ਸਾਦ ਭੜਕੇ। ਮੁੰਬਈ ਦੇ ਸਾਢੇ ਅੱਠ ਸੌ ਬਾਸ਼ਿੰਦੇ ਮਾਰੇ ਗਏ ਸਨ ਜਿਨ੍ਹਾਂ ਵਿਚੋਂ ਦੋ-ਤਿਹਾਈ ਹਿੱਸਾ ਮੁਸਲਮਾਨ ਸਨ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਦੋ ਆਜ਼ਾਦਾਨਾ ਜਾਂਚ ਕਮਿਸ਼ਨਾਂ ਨੇ ਜਿਨ੍ਹਾਂ ਨੂੰ ਇਸ ਦੇ ਜ਼ਿੰਮੇਵਾਰ ਠਹਿਰਾਇਆ, ਉਹ ਤਾਂ ਸਾਡੇ ਉਪਰ ਰਾਜ ਕਰਦੇ ਰਹੇ!

ਯਾਕੂਬ ਮੈਮਨ ਦਾ ਮਾਮਲਾ ਪ੍ਰੇਸ਼ਾਨ ਕਰਨ ਵਾਲਾ ਹੈ। ਯਾਕੂਬ ਵਲੋਂ ਅਦਾਲਤ ਨੂੰ ਦਿੱਤੀ ਜਾਣਕਾਰੀ ਅਨੁਸਾਰ ਉਸ ਦੇ ਭਾਈ ਟਾਈਗਰ ਨੇ ਉਸ ਨੂੰ ਇਹ ਲਫ਼ਜ਼ ਕਹੇ ਸਨ: "ਤੂੰ ਬਤੌਰ ਗਾਂਧੀਵਾਦੀ ਵਾਪਸ ਜਾ ਰਿਹਾ ਏਂ, ਪਰ ਹਿੰਦੁਸਤਾਨੀ ਹਕੂਮਤ ਤੈਨੂੰ ਸਿਰਫ਼ ਦਹਿਸ਼ਤਗਰਦ ਹੀ ਮੰਨੇਗੀ"। ਉਸ ਦੇ ਬੋਲ ਸੱਚ ਸਾਬਤ ਹੋਏ ਹਨ। ਸੁਪਰੀਮ ਕੋਰਟ ਨੇ 1993 ਦੇ ਬੰਬ ਧਮਾਕਿਆਂ ਵਿਚ ਬੰਬ ਰੱਖਣ ਵਾਲੇ ਬੇਪਛਾਣ ਬੰਦਿਆਂ ਦੀ ਸਜ਼ਾ-ਏ-ਮੌਤ ਇਹ ਕਹਿ ਕੇ ਘਟਾ ਦਿੱਤੀ ਸੀ ਕਿ ਉਹ ਤਾਂ ਮਹਿਜ਼ ਮੋਹਰੇ ਸਨ। ਉਨ੍ਹਾਂ ਦੇ ਖ਼ਿਲਾਫ਼ ਸਬੂਤ ਥੋਥੇ ਨਹੀਂ ਸਨ, ਫਿਰ ਵੀ ਅਦਾਲਤ ਨੇ ਉਨ੍ਹਾਂ ਦੀ ਗ਼ਰੀਬੀ, ਉਨ੍ਹਾਂ ਦੀ ਜਵਾਨ ਉਮਰ ਅਤੇ ਉਨ੍ਹਾਂ ਵਲੋਂ ਪਹਿਲਾਂ ਹੀ ਵੀਹ ਸਾਲ ਸੀਖਾਂ ਪਿੱਛੇ ਗੁਜ਼ਾਰਨ ਨੂੰ ਧਿਆਨ 'ਚ ਰੱਖਿਆ ਸੀ; ਪਰ ਯਾਕੂਬ ਮੈਮਨ ਦੇ ਖ਼ਿਲਾਫ਼ ਥੋਥੇ ਸਬੂਤਾਂ ਦੇ ਬਾਵਜੂਦ ਇਨ੍ਹਾਂ ਪਹਿਲੂਆਂ ਨੂੰ ਵਿਚਾਰਿਆ ਹੀ ਨਹੀਂ ਗਿਆ।

ਲਗਦਾ ਹੈ, ਜਿਵੇਂ ਜੇਲ੍ਹ ਦੀ ਕਾਲ-ਕੋਠੜੀ ਵਿਚੋਂ ਯਾਕੂਬ ਮੈਮਨ ਦੇ ਮਾਯੂਸੀ ਭਰੇ ਸਵਾਲ ਦਾ ਜਵਾਬ ਦਿੱਤਾ ਜਾ ਰਿਹਾ ਹੋਵੇ: 'ਇਸਤਗਾਸਾ ਅਨੁਸਾਰ, ਜੇ ਇਕ ਜੀਅ ਗ਼ਲਤ ਕੰਮ ਕਰਦਾ ਹੈ, ਇਸ ਦੀ ਸਜ਼ਾ ਸਮੁੱਚੇ ਟੱਬਰ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਸਮਾਜ ਨੂੰ ਇਹ ਦਿਖਾਇਆ ਜਾ ਸਕਦਾ ਹੈ ਕਿ ਇਨਸਾਫ਼ ਹੋ ਰਿਹਾ ਹੈ?' ਜੇ ਇਹ ਇਨਸਾਫ਼ ਯਾਕੂਬ ਮੈਮਨ ਨੂੰ ਨਾਜਾਇਜ਼ ਅਤੇ ਜਲਦਬਾਜ਼ੀ ਵਿਚ ਫਾਹੇ ਲਾ ਦੇਣ ਦੀ ਸ਼ਕਲ ਅਖ਼ਤਿਆਰ ਕਰਦਾ ਹੈ, ਫਿਰ ਅਸੀਂ ਉਸ ਸਵਾਲ ਦੇ ਜਵਾਬ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਾਂਗੇ ਜੋ ਸਾਡੀ ਬਹੁਤ ਹੀ ਧੂਮ-ਧੜੱਕੇ ਨਾਲ ਪ੍ਰਚਾਰੀ ਜਾਂਦੀ 'ਧਰਮ ਨਿਰਪੱਖਤਾ' ਉਪਰ ਉਠੇਗਾ- ਹਕੂਮਤ ਚਾਹੇ ਕੋਈ ਵੀ ਪਾਰਟੀ ਕਰਦੀ ਹੋਵੇ।

## ਪੂਣੇ ਦੇ ਸੁਆਲਾਂ ਦਾ ਪੰਜਾਬ ਨਾਲ ਰਿਸ਼ਤਾ


(ਪਿਛਲੇ ਸਫੇ ਦੀ ਬਾਕੀ)

ਗਿਆ। ਪੰਜਾਬ ਦੇ ਅਖ਼ਬਾਰਾਂ ਵਿਚ ਕਦੇ ਮੀਡੀਆ ਸਲਾਹਕਾਰਾਂ ਅਤੇ ਕਮਿਸ਼ਨਾਂ ਦੇ ਮੁਖੀਆਂ ਦੀ ਯੋਗਤਾ ਬਾਰੇ ਬਹਿਸ ਨਹੀਂ ਹੋਈ। ਕਦੇ ਇਹ ਪੁੱਛਿਆ ਹੀ ਨਹੀਂ ਗਿਆ ਕਿ ਕਲਾ ਅਤੇ ਸਾਹਿਤ ਨਾਲ ਜੁੜੇ ਅਦਾਰਿਆਂ ਦੀਆਂ ਨਾਮਜ਼ਦਗੀਆਂ ਵੇਲੇ ਕੀ ਮੁੱਦੇ ਵਿਚਾਰੇ ਗਏ। ਪੰਜਾਬ ਦੇ ਸ਼੍ਰੋਮਣੀ ਸਨਮਾਨ ਦੀ ਫ਼ਹਿਰਿਸਤ ਵਿਚ ਸ਼ਾਮਿਲ ਨਾਵਾਂ ਦੇ ਕੰਮ ਦੀ ਚਰਚਾ ਕਰਨ ਦੀ ਤਕਰੀਬਨ ਮਨਾਹੀ ਹੈ। ਇਨ੍ਹਾਂ ਨਾਮਾਂ ਦੀ ਚੋਣ ਦੌਰਾਨ ਵਿਚਾਰੇ ਗਏ ਦੂਜੇ ਉਮੀਦਵਾਰਾਂ ਦੇ ਨਾਮ ਅਤੇ ਚੋਣ ਦੌਰਾਨ ਦਿੱਤੀਆਂ ਗਈਆਂ ਦਲੀਲਾਂ ਕਦੇ ਨਸ਼ਰ ਨਹੀਂ ਹੁੰਦੀਆਂ। ਇਨਾਮ ਹਾਸਲ ਕਰਨ ਦੀਆਂ ਜੁਗਤਾਂ ਦੀ ਚਰਚਾ ਮਹਿਫ਼ਲਾਂ ਵਿਚ ਰੰਗ ਜ਼ਰੂਰ ਭਰਦੀ ਹੈ।

ਵਫ਼ਾਦਾਰੀ ਅਤੇ ਰਿਸ਼ਤੇਦਾਰੀ ਜਾਂ ਖ਼ਾਤਰਦਾਰੀ ਦੀ ਯੋਗਤਾ ਕਾਰਨ ਹੋਈ ਭਰਤੀ ਦੇ ਨਤੀਜੇ ਵਜੋਂ ਪੰਜਾਬ ਦੇ ਅਦਾਰੇ ਕਦੇ ਪੈਰੀਂ ਨਹੀਂ ਹੋ ਸਕਦੇ। ਆਜ਼ਾਦ-ਖ਼ਿਆਲੀ, ਖੁੱਲ੍ਹ-ਨਜ਼ਰੀ ਅਤੇ ਖ਼ੁਦ-ਮੁਖ਼ਤਾਰੀ ਦਾ ਸੁਆਦ ਨਾ ਦੇਖਣ ਵਾਲੇ ਅਦਾਰੇ ਇਨ੍ਹਾਂ ਸੁਆਲਾਂ ਨੂੰ ਮੁਖ਼ਾਤਬ ਮਨੁੱਖ ਕਿਵੇਂ ਪੈਦਾ ਕਰਨਗੇ? ਜੇ ਕੋਈ ਸੁਆਲ ਆ ਜਾਵੇ ਤਾਂ ਇਹ ਆਪਣੀ ਹੋਂਦ ਕਿਵੇਂ ਬਚਾਉਣਗੇ? ਸੁਆਲੀ ਦੀ ਹੋਣੀ ਸਨਕ ਨਾਲ ਜੋੜ ਕੇ ਰੱਦ ਕਿਉਂ ਨਹੀਂ ਕੀਤੀ ਜਾਵੇਗੀ? ਜੇ ਇਨ੍ਹਾਂ ਸੁਆਲਾਂ ਸਨਮੁੱਖ ਸਰਕਾਰੀ ਅਦਾਰਿਆਂ ਦੀ ਹਾਲਤ ਖ਼ਸਤਾ ਹੈ ਤਾਂ ਸਮਾਜਕ-ਸਾਹਿਤਕ ਅਦਾਰਿਆਂ ਨੇ ਕੀ ਹੁੰਗਾਰਾ ਦਿੱਤਾ ਹੈ? ਉਨ੍ਹਾਂ ਦੀ ਚੁੱਪ ਨੂੰ ਕਿਵੇਂ ਸਮਝਿਆ ਜਾਵੇ? ਜ਼ਿਆਦਾਤਰ ਅਦਾਰਿਆਂ ਉੱਤੇ ਸਾਬਕਾ ਅਫ਼ਸਰਸ਼ਾਹੀ, ਪੁਲਿਸ ਅਫ਼ਸਰ ਅਤੇ ਸਾਬਕਾ ਜਰਨੈਲ-ਕਰਨੈਲ ਕਾਬਜ਼ ਹਨ ਜੋ ਵਫ਼ਾਦਾਰੀ ਨੂੰ ਸਭ ਤੋਂ ਵੱਡਾ ਗੁਣ ਮੰਨਦੇ ਹਨ। ਇਸ ਤੋਂ ਬਾਅਦ ਕੁਝ ਅਦਾਰੇ ਜਾਇਦਾਦਾਂ ਜਾਂ ਜਗੀਰਾਂ ਤੱਕ ਮਹਿਦੂਦ ਹੋ ਗਏ ਹਨ ਜਾਂ ਸਿਆਸੀ ਆਗੂਆਂ ਦੇ ਨਾਮ-ਲੇਵਾ ਨੁਮਾਇਸ਼ੀ ਪ੍ਰਧਾਨਾਂ ਦੀ 'ਦੂਰਅੰਦੇਸ਼ੀ' ਸੋਚ ਨਾਲ ਚੱਲ ਰਹੇ ਹਨ। ਕੁਝ ਸਾਹਿਤਕ ਅਤੇ ਸਮਾਜਕ ਜਥੇਬੰਦੀਆਂ ਪੱਤਰਕਾਰਾਂ ਦੇ ਭਰੋਸੇ ਨਾਲ ਜਾਂ ਕਿਸੇ ਜਾਣੂ ਦੀ ਬੇਨਤੀ ਨਾਲ ਪੂਣੇ ਦੇ ਸੁਆਲਾਂ ਨਾਲ ਹਮਦਰਦੀ ਪ੍ਰਗਟ ਕਰਦਾ ਬਿਆਨ ਜਾਰੀ ਕਰ ਸਕਦੇ ਹਨ। ਇਸ ਤੋਂ ਜ਼ਿਆਦਾ ਤਵੱਕੋ ਪੰਜਾਬ ਤੋਂ ਕਿਵੇਂ ਕੀਤੀ ਜਾ ਸਕਦੀ ਹੈ?

# ਸੇਵਾ-ਮੁਕਤੀ, ਸਬਰ-ਸ਼ੁਕਰ ਤੇ ਸੇਵਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪੰਜ-ਸੱਤ ਬੰਦਿਆਂ ਦੇ ਇਕੱਠ ਵਿਚ ਜੇ ਕਿਤੇ ਧਾਰਮਿਕ ਜਾਂ ਸਿਆਸੀ ਮਸਲਿਆਂ ਉਤੇ ਗੱਲਬਾਤ ਚੱਲ ਰਹੀ ਹੋਵੇ ਤਾਂ ਉਨ੍ਹਾਂ ਵਿਚ ਇਕ-ਦੋ ਅਜਿਹੇ ਬੰਦੇ ਹੋ ਸਕਦੇ ਨੇ ਜੋ ਖਾਮੋਸ਼ ਰਹਿੰਦਿਆਂ, ਸਿਰਫ਼ ਸਰੋਤੇ ਹੀ ਬਣੇ ਰਹਿਣ, ਪਰ ਜੇ ਕਿਧਰੇ 'ਦੁਨੀਆਂ ਬਹੁਤ ਵਿਗੜ ਗਈ ਐ' ਜਾਂ 'ਸਮਾਜ ਦਾ ਭੱਠਾ ਬਹਿ ਗਿਆ' ਵਰਗਾ ਵਿਸ਼ਾ ਛਿੜ ਪਵੇ, ਤਦ ਹਾਜ਼ਰੀਨ ਦੇ ਚਿਹਰੇ ਚਮਕ ਉਠਦੇ ਨੇ। ਚਾਹੇ ਉਸ ਇਕੱਠ ਵਿਚ ਕੋਈ ਪੜ੍ਹਿਆ-ਲਿਖਿਆ ਹੋਵੇ ਜਾਂ ਅਨਪੜ੍ਹ, ਹਰ ਇਕ ਕੋਲ ਵਿਗੜੀ ਹੋਈ ਦੁਨੀਆਂ ਦਾ ਬੇਅੰਤ ਮਸਾਲਾ ਹੋਵੇਗਾ। ਸਾਰੇ ਜਣੇ ਹੀ 'ਆਪਣਾ-ਆਪਣਾ ਕਿੱਸਾ' ਸੁਣਾਉਣ ਲਈ ਇਕ-ਦੂਜੇ ਨਾਲੋਂ ਕਾਹਲੇ ਪੈਣਗੇ।

'ਲਓ ਜੀ ਮੈਂ ਤੁਹਾਨੂੰ ਦੱਸਾਂ...', ਤੋਂ ਸ਼ੁਰੂ ਕਰ ਦੇਣਗੇ ਤੇ ਕੋਈ ਹੈਰਤ-ਅੰਗੇਜ਼ ਕਿੱਸਾ ਛੇੜ ਕੇ ਇਉਂ ਜਤਾਉਣਗੇ ਕਿ ਜਿਹੜਾ ਵਾਕਿਆ ਉਹਨੇ ਸੁਣਾਇਆ ਹੈ, ਸਭ ਤੋਂ ਵੱਡੇ ਸਮਾਜੀ ਨਿਘਾਰ ਦੀ ਮਿਸਾਲ ਇਹੀ ਹੈ। ਅਜਿਹੀ ਮਹਿਫ਼ਿਲ ਦਾ ਸ਼ਿੰਗਾਰ ਬਣਿਆ ਕੋਈ ਵੀ ਮਾਈ-ਭਾਈ ਐਸਾ ਨਹੀਂ ਹੋਵੇਗਾ ਜੋ ਕਿਸੇ ਅਣਹੋਣੀ ਵਾਰਤਾ ਦਾ ਵਕਤਾ ਨਾ ਬਣੇ। ਜਿਵੇਂ ਕਿਤੇ ਦੁਨੀਆਂ ਵਿਗੜਨ ਵਾਲੀ ਚਰਚਾ ਸਾਰਿਆਂ ਦਾ ਹੀ ਮਨ ਭਾਉਂਦਾ ਵਿਸ਼ਾ ਹੋਵੇ! ਉਂਜ ਆਪਣੇ ਆਲੇ-ਦੁਆਲੇ ਦੇ ਵਿਗੜੇ ਹੋਣ ਦੀ 'ਚਿੰਤਾ' ਬਹੁਤੀ ਉਹੀ ਲੋਕ ਕਰਦੇ ਹਨ, ਜਿਨ੍ਹਾਂ ਜਵਾਨੀ-ਮਸਤਾਨੀ ਦੀਆਂ ਨਾਦਾਨੀਆਂ ਤੋਂ ਬਾਅਦ ਬਾਲ ਬੱਚਿਆਂ ਦੇ ਵਿਆਹ ਵਗੈਰਾ ਕਰ ਦਿੱਤੇ ਹੁੰਦੇ ਨੇ। ਵਿਹਲ ਦੇ ਪਲਾਂ ਵਿਚੋਂ ਉਹ ਸਮਾਜ ਦੀ ਚੀਰ-ਫਾੜ ਕਰਦੇ ਰਹਿੰਦੇ ਨੇ।

ਜੇ ਕੋਈ ਭਲਾਮਾਣਸ ਇਨ੍ਹਾਂ ਚਿੰਤਾਵਾਨਾਂ ਨੂੰ ਸਵਾਲ ਕਰ ਦਏ ਕਿ ਭੱਦਰਪੁਰਸ਼ੋ! ਤੁਸੀਂ ਕੋਈ ਸੱਤਵੇਂ ਆਸਮਾਨ ਵਿਚ ਤਾਂ ਨਹੀਂ ਰਹਿੰਦੇ, ਇਸੇ ਸਮਾਜ ਦੇ ਪ੍ਰਾਣੀ ਹੋ। ਜਿਹੜਾ ਸਮਾਜ ਤੁਹਾਡੇ ਸ਼ਬਦਾਂ ਵਿਚ 'ਵਿਗੜ ਤੇ ਤਿਗੜ' ਚੁੱਕਾ ਹੈ, ਇਹਦੇ ਪ੍ਰਤੀ ਤੁਹਾਡੇ ਵੀ ਕੋਈ ਫਰਜ਼ ਹੈਗੇ ਨੇ। ਕ੍ਰਿਪਾ ਕਰ ਕੇ ਇਹ ਦੱਸੋ ਕਿ ਤੁਸੀਂ ਖੁਦ ਕਿੰਨੇ ਕੁ ਫ਼ਰਜ਼ ਅਦਾ ਕੀਤੇ ਨੇ? ਜਾਂ ਹੁਣ ਗਲੇ-ਸੜੇ ਸਮਾਜ ਨੂੰ ਸੁਧਾਰਨ ਲਈ ਕੀ ਕੁਝ ਕਰ ਰਹੇ ਹੋ? ਮੰਨਿਆਂ ਕਿ ਤੁਸੀਂ ਕਿਰਤ-ਕਮਾਈ ਕਰ ਕੇ ਆਪਣੇ ਪੁੱਤਾਂ-ਧੀਆਂ ਨੂੰ ਗ੍ਰਹਿਸਥ ਮਾਰਗ ਦੇ ਪਟੇ 'ਤੇ ਚਾੜ੍ਹ ਦਿੱਤਾ ਹੈ, ਪਰ ਕੀ ਹੁਣ ਸਾਰੀ ਉਮਰ ਆਪਣੇ ਪਰਿਵਾਰ ਦੀ ਚਿੰਤਾ ਵਿਚ ਹੀ ਗ੍ਰਸੇ ਰਹਿਣਾ ਹੈ? ਜ਼ਿੰਦਗੀ ਦੇ 'ਬੋਨਸ ਵਰ੍ਹੇ' ਤਾਂ ਸਮਾਜ ਦੇ ਭਲੇ ਲਈ ਲਾ ਦਿਓ? ਜਦ ਪੁੱਤਰ-ਧੀਆਂ ਆਪਣਾ ਕਮਾ, ਖਾ ਤੇ ਹੰਢਾ ਰਹੇ ਨੇ, ਤਾਂ ਤੁਸੀਂ ਆਪਣਾ ਬਚਿਆ-ਖੁਚਿਆ ਚੂਨ-ਭੂਨ ਜ਼ਰੂਰ ਰੱਜਿਆਂ ਨੂੰ ਰਜਾਉਣ ਲਈ ਹੀ ਦੇਈ ਜਾਣਾ ਏ? ਲੋਕ ਵਿਗੜ ਗਏ, ਧਰਮ ਵਿਚ ਨਿਘਾਰ ਆ ਗਿਆ, ਚਰਿੱਤਰਹੀਣਤਾ ਵਧ ਗਈ ਐ, ਖ਼ੁਦਗਰਜ਼ੀ ਸਿਰ ਚੜ੍ਹ ਕੇ ਬੋਲ ਰਹੀ ਹੈ, ਵਗੈਰਾ ਵਗੈਰਾ, ਸਾਰੇ ਫਿਕਰ ਸਿਰਫ਼ ਗਿਣਾਉਣ ਲਈ ਹੀ ਹਨ? ਇਨ੍ਹਾਂ ਨੂੰ ਮਿਟਾਉਣ ਲਈ ਬਣਦਾ ਯੋਗਦਾਨ ਪਾਉਣਾ ਕੀ ਸਰਬ-ਸਾਂਝਾ ਫਰਜ਼ ਨਹੀਂ ਹੈ?

ਬਾਕੀਆਂ ਦੀ ਗੱਲ ਇਕ ਪਾਸੇ ਰੱਖ ਕੇ ਜੇ ਉਹ ਲੋਕ ਸਮਾਜ ਸੁਧਾਰ ਜਾਂ ਲੋਕ ਸੇਵਾ ਲਈ ਕਮਰ ਕੱਸੇ ਕਰ ਲੈਣ, ਜਿਹੜੇ ਸੁਭਾਗੇ ਸੱਜਣ



ਲੰਮੀਆਂ ਨੌਕਰੀਆਂ ਉਪਰੰਤ ਸੇਵਾ-ਮੁਕਤੀ ਹੰਢਾ ਰਹੇ ਹੁੰਦੇ ਹਨ, ਤਾਂ ਫਿਰ ਵੀ ਸਮਾਜਕ ਵਿਗਾੜਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਜਿਵੇਂ ਅਸੀਂ ਆਪਣੇ ਘਰ ਦੀ ਸਾਫ਼-ਸਫਾਈ ਲਈ ਖੁਦ ਨੂੰ ਜ਼ਿੰਮੇਵਾਰ ਸਮਝਦੇ ਹਾਂ, ਇੰਜ ਹੀ ਸਾਨੂੰ ਆਪਣੇ ਆਲੇ-ਦੁਆਲੇ, ਆਪਣੇ ਭਾਈਚਾਰੇ ਲਈ ਵੀ ਕੁਝ ਨਾ ਕੁਝ ਜ਼ਿੰਮੇਵਾਰੀ ਚੁੱਕਣੀ ਚਾਹੀਦੀ ਹੈ। ਘੱਟੋ-ਘੱਟ ਉਨ੍ਹਾਂ ਭਲੇ ਪੁਰਸ਼ਾਂ ਨੂੰ ਤਾਂ ਜ਼ਰੂਰ ਇਸ ਮਸਲੇ 'ਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ, ਜਿਹੜੇ ਰਿਟਾਇਰ ਹੋ ਚੁਕੇ ਹਨ।

ਹਿੰਦੂ ਸੰਸਕ੍ਰਿਤੀ ਵਿਚ ਵੀ ਜ਼ਿੰਦਗੀ ਨੂੰ ਜਿਹੜੇ ਚਾਰ ਆਸ਼ਰਮਾਂ ਵਿਚ ਵੰਡਿਆ ਗਿਆ ਹੈ, ਉਨ੍ਹਾਂ ਵਿਚ ਬ੍ਰਹਮਚਰਯ (ਵਿਦਿਆ ਪ੍ਰਾਪਤੀ ਲਈ ਪਹਿਲੇ ਪੱਚੀ ਵਰ੍ਹੇ), ਦੂਜੇ ਗ੍ਰਹਿਸਥ ਆਸ਼ਰਮ ਪੰਜਾਹ ਸਾਲ ਤੱਕ, ਤੀਜੇ ਵਾਨਪ੍ਰਸਥ ਭਾਵ ਗ੍ਰਹਿਸਥ ਆਦਿਕ ਦਾ ਤਿਆਗ ਕਰ ਕੇ ਪਝੱਤਰ ਸਾਲ ਦੀ ਆਯੂ ਤੱਕ ਲੋਕ-ਸੇਵਕ ਵਾਂਗ ਵਿਚਰਨਾ (ਚੌਥੇ ਆਸ਼ਰਮ 'ਸੰਨਿਆਸ' ਨੂੰ ਸ਼ਾਇਦ ਕੋਈ ਪ੍ਰਵਾਨ ਨਾ ਕਰੇ, ਕਿਉਂਕਿ ਇਸ ਵਿਚ ਸਭ ਕੁਝ ਤਿਆਗ ਕੇ ਭਿੱਖਿਆ ਮੰਗ ਕੇ ਨਿਰਬਾਹ ਕਰਨ ਦੀ ਹਦਾਇਤ ਹੈ)।

ਇਕ ਸਮਾਂ ਸੀ ਜਦੋਂ ਪਿੰਡਾਂ-ਥਾਂਵਾਂ ਵਿਚ ਪੈਨਸ਼ਨੀਏ ਫੌਜੀ ਆਪਣੀ ਕਬੀਲਦਾਰੀ ਵਿਚ ਘੱਟ, ਪਰ ਭਾਈਚਾਰੇ ਦੇ ਕੰਮਾਂ ਵਿਚ ਮੋਹਰੀ ਰੋਲ ਅਦਾ ਕਰਦੇ ਹੁੰਦੇ ਸਨ। ਪਿੰਡਾਂ ਵਿਚ ਰਾਸ਼ਨ ਕਾਰਡ ਬਣਾਉਣ ਜਾਂ ਕੋਈ ਹੋਰ ਫਾਰਮ ਵਗੈਰਾ ਭਰਾਉਣ ਸਮੇਂ 'ਪਿਲਸਣੀਏ' ਦਾ ਦਰਵਾਜ਼ਾ ਹੀ ਖੜਕਾਇਆ ਜਾਂਦਾ ਸੀ। ਹਿੰਦੀ-ਨੁਮਾ ਪੰਜਾਬੀ ਬੋਲਦੇ ਇਨ੍ਹਾਂ ਸਾਬਕਾ ਫੌਜੀਆਂ ਦਾ ਪਿੰਡ ਵਿਚ ਹੀ ਨਹੀਂ, ਸਗੋਂ ਪੂਰੇ ਇਲਾਕੇ ਵਿਚ ਮਾਣ-ਸਤਿਕਾਰ ਹੁੰਦਾ ਸੀ ਤੇ ਕਿਸੇ ਹੱਦ ਤੱਕ ਆਮ ਲੋਕ ਉਨ੍ਹਾਂ ਤੋਂ ਡਰਦੇ ਵੀ ਹੁੰਦੇ ਸਨ। ਕਿਸੇ ਵੀ ਤਰ੍ਹਾਂ ਦੇ ਸਲਾਹ-ਮਸ਼ਵਰੇ ਲਈ ਇਹ ਹਰ ਪਿੰਡ ਵਾਸੀ ਨੂੰ ਹਰ ਵੇਲੇ ਖਿੜੇ ਮੱਥੇ ਮਿਲਦੇ ਸਨ।

ਸਾਡੇ ਗੁਆਂਢੀ ਪਿੰਡ ਸ਼ੇਖ਼ੂਪੁਰ ਦਾ ਇਕ ਸਾਬਕਾ ਫੌਜੀ ਬਰਮਾ ਦੀ ਜੰਗ ਤੋਂ ਵਾਪਸ ਮੁੜਿਆ ਹੋਇਆ ਦੱਸਿਆ ਜਾਂਦਾ ਹੈ। ਮੈਂ ਆਪਣੇ ਬਚਪਨ ਤੋਂ ਹੀ ਉਸ ਨੂੰ ਸੱਥਾਂ, ਪੰਚਾਇਤਾਂ ਤੇ ਪਿੰਡ ਵਿਚ ਹੋਣ ਵਾਲੇ ਸਿਆਸੀ ਜਾਂ ਧਾਰਮਿਕ ਸਮਾਗਮਾਂ ਦਾ ਸ਼ਿੰਗਾਰ ਬਣਿਆ ਦੇਖਦਾ ਰਿਹਾ ਹਾਂ। ਚੁਸਤ-ਦਰੁਸਤ ਡੀਲ-ਡੌਲ ਵਾਲਾ ਇਹ ਫੌਜੀ ਸਰਦਾਰ ਆਪਣੇ ਘਰ ਮੂਹਰੇ ਆਰਾਮ ਕੁਰਸੀ 'ਤੇ ਬਹਿ ਕੇ ਉਰਦੂ ਦੀ ਅਖ਼ਬਾਰ ਪੜ੍ਹਦਾ ਹੁੰਦਾ ਸੀ। ਲੰਘਦਿਆਂ-ਵੜਦਿਆਂ ਨੂੰ 'ਵਾਜ਼ਾਂ ਮਾਰ ਮਾਰ ਚਾਹ ਪਿਲਾਉਣੀ ਅਤੇ ਉਨ੍ਹਾਂ ਦੇ ਦੁੱਖ-ਸੁੱਖ ਪੁੱਛਣੇ, ਇਸ ਦਾ ਨਿੱਤ ਕਰਮ ਹੁੰਦਾ ਸੀ। ਪਿੰਡ ਦੇ ਸਾਂਝੇ ਕੰਮਾਂ ਵਿਚ ਇਹ ਸਭ ਤੋਂ ਮੂਹਰੇ ਹੋ ਕੇ ਅਗਵਾਈ ਕਰਦਾ ਸੀ। ਸਹਿਜ-ਸਾਦਗੀ ਅਤੇ ਸਬਰ-ਸ਼ੁਕਰ ਨਾਲ ਜ਼ਿੰਦਗੀ ਬਿਤਾਉਣ ਵਾਲਾ ਇਹ ਤਿਆਗੀ ਬੰਦਾ, ਹੁਣ ਸੌ ਸਾਲ ਨੂੰ ਢੁੱਕਿਆ ਹੋਇਆ ਹੈ।

ਆਪਣੀ ਸੇਵਾ-ਮੁਕਤੀ ਵਾਲੀ ਜ਼ਿੰਦਗੀ ਲੋਕਾਈ ਲੇਖੇ ਲਾਉਣ ਵਾਲੇ ਸਾਡੇ ਇਕ ਹੋਰ ਗੁਆਂਢੀ ਪਿੰਡ ਅਟਾਰੀ ਦੇ ਮੀਆਂ-ਬੀਵੀ ਹਨ ਜੋ ਦੋਵੇਂ ਅਧਿਆਪਕ ਸਨ। ਇਨ੍ਹਾਂ ਨੇ ਵੀ ਸਰਕਾਰੀ ਨੌਕਰੀ ਤੋਂ ਸੇਵਾ-ਮੁਕਤ ਹੋਣ ਬਾਅਦ ਪ੍ਰਾਈਵੇਟ ਸਕੂਲਾਂ ਦੇ ਗੇੜੇ ਨਹੀਂ ਮਾਰੇ, ਨਾ ਹੀ ਘਰ ਵਿਚ ਟਿਊਸ਼ਨਾਂ ਦੀ ਕਮਾਈ ਲਈ 'ਜੁਗਾੜ' ਬਣਾਇਆ। ਹਾਂ, ਪਿੰਡ ਦੇ ਵਿਦਿਆਰਥੀਆਂ ਨੂੰ ਲੋੜੀਂਦੀ ਮਦਦ ਦੇਣ ਤੋਂ ਇਨ੍ਹਾਂ ਕਦੇ ਘੌਲ ਨਹੀਂ ਕੀਤੀ। ਆਪਣੇ ਪਿੰਡ ਦੇ ਬੱਚਿਆਂ ਨੂੰ ਉਨ੍ਹਾਂ ਦੀ ਯੋਗਤਾ ਪਰਖ ਕੇ ਅਗਲੀ ਸਟੱਡੀ ਲਈ ਸੇਧ ਦਿੰਦੇ ਰਹਿੰਦੇ ਹਨ।

ਮਾਸਟਰ ਸੰਤਾ ਸਿੰਘ ਅਟਾਰੀ ਵਾਲੇ ਉਰਦੂ ਫਾਰਸੀ ਦੇ ਜਾਣਕਾਰ ਹੋਣ ਨਾਤੇ ਮਹਿਕਮਾ ਮਾਲ ਨਾਲ ਸਬੰਧਤ ਪੁਰਾਣੇ ਰਿਕਾਰਡ ਪੜ੍ਹਨ ਲਈ ਕਈ ਵਾਰ ਇਲਾਕੇ ਦੇ ਲੋਕਾਂ ਨਾਲ ਤਹਿਸੀਲੇ ਵੀ ਜਾਂਦੇ ਰਹਿੰਦੇ ਹਨ। ਵੱਡੀ ਉਮਰ ਦੇ ਲੋਕਾਂ ਦੀਆਂ ਜਨਮ ਤਰੀਕਾਂ ਲੱਭਣ ਵਾਸਤੇ ਪੁਰਾਣੇ, ਰੱਦੀ ਜਿਹੇ ਰਜਿਸਟਰ ਲੈ ਕੇ, ਲੋਕੀਂ ਉਨ੍ਹਾਂ ਦੇ ਘਰ ਆਏ ਰਹਿੰਦੇ ਹਨ। ਦਿਲ ਕਰੇ ਤਾਂ ਪਿੰਡ ਦੇ ਗੁਰਦੁਆਰੇ ਜਾ ਕੇ ਨਿੱਤਨੇਮ ਕਰ ਆਉਂਦੇ ਹਨ। ਸੰਗਰਾਂਦ ਵਾਲੇ ਦਿਨ 'ਬਾਰਹਮਾਂਹ' ਪੜ੍ਹਨ ਦੀ ਪੱਕੀ ਸੇਵਾ ਨਿਭਾਉਂਦੇ ਹਨ। ਸੇਵਾ-ਮੁਕਤ ਹੋਣ ਤੋਂ ਬਾਅਦ ਇਹ ਪਤੀ ਪਤਨੀ ਜੇ ਕਿਸੇ ਪ੍ਰਾਈਵੇਟ ਸਕੂਲ ਵਿਚ ਲੱਗ ਵੀ ਜਾਂਦੇ, ਫਿਰ ਕਿਹੜਾ ਇਨ੍ਹਾਂ ਸੋਨੇ ਦੀਆਂ ਰੋਟੀਆਂ ਖਾਣੀਆਂ ਸ਼ੁਰੂ ਕਰ ਦੇਣੀਆਂ ਸਨ? ਉਨ੍ਹਾਂ ਦੇ ਸਬਰ-ਸ਼ੁਕਰ ਦੀ ਇਕ ਹੋਰ ਗੱਲ ਸੁਣੀ ਹੈ। ਮਾਸਟਰ ਜੀ ਦੇ ਬਹੁਤ ਸਾਰੇ ਪੁਰਾਣੇ ਵਿਦਿਆਰਥੀ ਵਿਦੇਸ਼ਾਂ ਵਿਚ ਵੱਸਦੇ ਹਨ। ਉਨ੍ਹਾਂ ਨੇ ਮਾਸਟਰ ਜੀ ਨੂੰ ਕਈ ਵਾਰ 'ਸਪਾਂਸਰਸ਼ਿਪ' ਭੇਜਣ ਦੀ ਪੇਸ਼ਕਸ਼ ਕੀਤੀ ਪਰ ਉਹ ਅੱਗਿਉਂ ਹਰ ਵਾਰ ਇਹ ਕਹਿ ਦਿੰਦੇ ਹਨ, 'ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ।'

ਜਿਨ੍ਹਾਂ ਮਹਾਨ ਰਹਿਬਰਾਂ ਦੇ ਜਨਮ ਦਿਹਾੜੇ ਜਾਂ ਬਰਸੀਆਂ ਮਨਾਈਆਂ ਜਾਂਦੀਆਂ ਨੇ, ਉਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਦਾ ਕੁਝ ਹਿੱਸਾ ਨਹੀਂ, ਬਲਕਿ ਕੁੱਲ ਹਯਾਤੀ ਦੇਸ਼-ਕੌਮ ਦੇ ਲੇਖੇ ਲਾਈ ਹੁੰਦੀ ਹੈ। ਉਨ੍ਹਾਂ ਦੀ ਬਦੌਲਤ ਹੱਕ ਮਿਲੇ, ਆਜ਼ਾਦੀਆਂ ਆਈਆਂ, ਨਵੇਂ ਵਿਚਾਰ ਹੋਂਦ ਵਿਚ ਆਏ ਅਤੇ ਸਮਾਜ ਸੁਧਾਰ ਹੋਏ। ਅਜਿਹੇ ਮਹਾਂ-ਮਾਨਵਾਂ ਦੀ 'ਕਰਨੀ' ਤੋਂ ਸਾਨੂੰ ਵੀ ਥੋੜ੍ਹਾ ਬਹੁਤ ਸਬਕ ਲੈਣਾ ਚਾਹੀਦਾ ਹੈ।

ਸੂਰਜ ਨਾ ਬਨ ਸਕੋ ਤੋ
ਸ਼ਮਾਂ ਰਾਹ-ਗੁਜ਼ਰ ਸਹੀ
ਦੁਨੀਆਂ ਮੇ ਜੀਨੇ ਕਾ ਕੋਈ ਮੁੱਦਾਅ ਤੋ ਹੋ।

ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਦੇਖਦਿਆਂ ਪੰਜਾਹ-ਸੱਠ ਸਾਲ ਨੌਕਰੀਆਂ ਕਰ ਕੇ ਟੱਬਰ-ਟੀਹਰ ਸੈੱਟ ਕਰਨ ਉਪਰੰਤ ਸੇਵਾ-ਮੁਕਤੀ ਲੈ ਕੇ ਵੀ, ਜੇ ਸਬਰ-ਸ਼ੁਕਰ ਨਾਲ ਲੋਕ ਸੇਵਾ ਲਈ ਸਮੇਂ ਦਾ ਦਸਵੰਧ ਕੱਢਣਾ ਹੀ ਨਹੀਂ, ਤਾਂ ਫਿਰ 'ਦੁਨੀਆਂ ਵਿਗੜਨ' ਦੀ 'ਰਾਗਣੀ' ਗਾਈ ਜਾਣ ਦਾ ਕੀ ਫਾਇਦਾ?

ਟੁੱਟਾ ਹੋਇਆ ਦਿਲ
ਜੇ ਤੂੰ ਕਿਸੇ ਦਾ ਨਾ ਸੀਤਾ
ਨਿਰੀ ਮਾਲਾ ਫੇਰੀ ਤੈਂ ਕੱਖ ਵੀ ਨਾ ਕੀਤਾ।

## ਕਾਵਿ-ਕਿਆਰੀ

### ਫੇਸ-ਬੁੱਕ

ਆਗਾਸ ਵੇਲ
ਹਰਿਆਲੇ ਬਿਰਛ ਨੂੰ
ਚਿੰਬੜ ਗਈ ਹੈ
ਮੈਨੂੰ ਰਿਸ਼ਤਿਆਂ ਦੇ ਪੱਤੇ
ਪੀਲੇ ਪੈਣ ਦੀ ਚਿੰਤਾ ਨਹੀਂ ਰਹੀ
ਮੈਂ ਆਗਾਸ ਵੇਲ ਦੀਆਂ
ਤਾਰਾਂ ਨੂੰ ਗਿਣਦਾ
ਵਧਦੀ ਗਿਣਤੀ ਦੇਖ ਕੇ ਖ਼ੁਸ਼ ਹੁੰਦਾ
ਘੱਟ ਰਹੀ ਰਿਸ਼ਤਿਆਂ ਦੀ
ਹਰਿਆਵਲ ਤੋਂ ਬੇਖ਼ਬਰ
ਦਿਸਦੇ-ਮਿਲਦੇ ਆਪਣਿਆਂ ਤੋਂ
ਟੁੱਟ ਰਿਹਾ ਹਾਂ
ਅਣਜਾਣੀ, ਦਿਸਦੀ-ਅਣਦਿਸਦੀ
ਫੇਸ-ਬੁੱਕ ਦੀ ਭੀੜ 'ਚ ਗੁੰਮ ਰਿਹਾ ਹਾਂ
'ਫਸੀਆਂ' ਨੂੰ ਛੱਡ ਕੇ
'ਉਡਦਿਆਂ' ਮਗਰ ਲਗਦਾ ਹਾਂ
ਜਿਹੜਾ ਅਣਜਾਣ ਮੈਨੂੰ ਪਸੰਦ ਨਹੀਂ
ਇਕ ਕਲਿਕ ਨਾਲ
ਉਸ ਦੀ ਤਾਰ ਕੱਟ ਦਿੰਦਾ ਹਾਂ
ਕਿੰਨਾ ਅਹਿਸਾਸਹੀਣ ਹੋ ਗਿਆ ਹਾਂ
ਬੱਚਾ ਵੀ ਟੁੱਟ ਗਏ ਖਿਡੌਣੇ ਨੂੰ
ਕਈ ਕਈ ਦਿਨ
ਹਿੱਕ ਨਾਲ ਲਾਈ ਫਿਰਦਾ ਹੈ
ਮਸੋਸਿਆ ਮਸੋਸਿਆ
ਮੇਰੇ ਲਈ ਰਿਸ਼ਤੇ ਦਾ ਅਹਿਸਾਸ
ਟੁੱਟ ਗਏ ਖਿਡੌਣੇ ਜਿੰਨਾ ਵੀ ਨਹੀਂ ਰਿਹਾ।

'ਲਾਈਕਸ' ਦੀ ਭੁੱਖ ਨੇ
ਮੇਰਾ ਬਰਦਾਸ਼ਤ-ਮਾਦਾ
ਕਿੰਨਾ ਖੀਣ ਕਰ ਦਿੱਤਾ ਹੈ
'ਅਨਲਾਈਕ' ਕਰਨ ਵਾਲੇ ਨੂੰ
ਅੱਖ ਦੇ ਫੋਰ ਵਿਚ 'ਅਨ-ਫਰੈਂਡ'
ਕਰ ਦਿੰਦਾ ਹਾਂ
ਕਦੇ ਕਦੇ ਮੈਨੂੰ ਆਪਣਾ ਆਪ
ਕਾਤਿਲ ਜਾਪਦਾ ਹੈ
'ਸੰਵਾਦ' ਦੀ ਗੁੰਜਾਇਸ਼ ਦਾ
'ਦੋਸਤੀ' ਦੇ ਅਰਥ
'ਚਾਪਲੂਸੀ' ਤੱਕ ਸਿਮਟ ਕੇ ਰਹਿ ਗਏ ਨੇ।

ਅਸਲੀਅਤ ਨਾਲੋਂ ਟੁੱਟਾਂਗਾ ਤਾਂ
ਬਿਜਲਈ ਬਾਰਿਸ਼ ਵਿਚ
ਚਿਹਰਾ ਤਾਂ ਖੁਰੇਗਾ ਹੀ
ਮੈਂ ਕਿੰਨਾ ਖੋਖਲਾ ਹੁੰਦਾ ਜਾ ਰਿਹਾ ਹਾਂ
ਖੁਰ ਰਹੇ ਚਿਹਰੇ ਨੂੰ
ਉਸ 'ਫੇਸ-ਬੁੱਕ' ਰਾਹੀਂ
ਬਚਾਉਣ ਦੀ ਕੋਸ਼ਿਸ਼ 'ਚ ਹਾਂ
ਜਿਸ ਦਾ ਆਧਾਰ ਮਹਿਜ਼
ਬਿਜਲ-ਤਰੰਗਾਂ ਹਨ
ਦਿਲੀ ਤਰੰਗਾਂ ਨਹੀਂ
ਜ਼ਮਾਨੇ 'ਚ ਫੈਲ ਜਾਣ ਦੀ ਲਾਲਸਾ 'ਚ
ਏਨਾ ਬੁੱਧ-ਹੀਣ ਹੋ ਰਿਹਾ ਹਾਂ
ਆਪਣੀ ਹੋਂਦ ਨੂੰ ਲੱਗੇ ਖੋਰੇ ਦਾ
ਅਹਿਸਾਸ ਬਾਕੀ ਨਹੀਂ ਰਿਹਾ।

ਸ਼ਾਇਦ ਬ੍ਰਹਿਮੰਡਲੀ ਸੱਚਾਂ ਤੋਂ
ਕੱਟੇ ਹੋਏ ਲੋਕ
ਸੋਸ਼ਲ-ਨੈਟਵਰਕਿੰਗ ਥਾਣੀਂ
ਪਾਲ ਰਹੇ ਨੇ ਆਪਣੀ
ਸਮਾਜੀ ਸ਼ਿਰਕਤ ਦਾ ਭਰਮ।

ਆਗਾਸ ਵੇਲ
ਮੇਰੀਆਂ ਅੱਖਾਂ ਵਿਚ ਦੀ ਲੰਘ ਕੇ
ਮੇਰੇ ਮਨ-ਮਸਤਕ ਨੂੰ
ਇੰਜ ਬੈਠੀ ਹੈ ਮੱਲ
ਮੈਂ ਦਿਲੀ ਰਿਸ਼ਤਿਆਂ ਦੀ ਥਾਂ
ਵਾਕਿਫ ਲਗਦੀ ਭੀੜ ਨੂੰ
'ਸੱਚ' ਸਮਝਣ ਲੱਗ ਪਿਆ ਹਾਂ
ਉਹ ਵਾਕਿਫ ਭੀੜ
ਜਿਹੜੀ ਇਕ ਕਲਿਕ ਨਾਲ
ਕੰਪਿਊਟਰ ਦੀ ਸਕਰੀਨ ਤੋਂ
ਸਾਫ ਹੋ ਜਾਂਦੀ ਹੈ
ਨਾ ਦਿਲ ਵਿਚ ਵਸਦੀ ਹੈ
ਨਾ ਤਸੱਵਰ ਵਿਚ ਰਸਦੀ ਹੈ।

*-ਸੁਰਿੰਦਰ ਸੋਹਲ*

### ਮੁਆਫ ਕਰਨਾ !

ਜਾਗੀ ਨਹੀਂ ਜ਼ਮੀਰ ਅਜੇ,
ਸ਼ਹਿਰ ਮੇਰੇ ਦੇ ਲੋਕਾਂ ਦੀ।
ਕਾਸ਼! ਜਾਂਦੀ ਭੁਗਤ ਸਵਾਰੀ,
ਇਨ੍ਹਾਂ ਖੂਨ ਪੀਣੀਆਂ ਜੋਕਾਂ ਦੀ।
ਆ ਗਏ ਜੋ ਕਰਨ ਮੀਟਿੰਗਾਂ,
ਨਾ ਸਾਰ ਜੁੱਤੀ ਦੀਆਂ ਨੋਕਾਂ ਦੀ।
ਪੰਜਾਬ ਨੂੰ ਲੁੱਟ ਕੇ ਖਾ ਗਏ,
ਚਿੱਟਾ ਵੇਚ ਭਰੀ ਬੋਰੀ ਨੋਟਾਂ ਦੀ।
ਇਹ ਨਾ ਲੋਕਾਂ ਦੀ ਪੀੜ ਸਮਝਦੇ,
ਮੰਗਤੇ ਬਣ ਭੀਖ ਮੰਗਦੇ ਵੋਟਾਂ ਦੀ।
ਵਿਚ ਗਰਮੀ ਨਿਕਲੇ ਵਾਂਗ ਭਮਕੜਾਂ,
ਨਾ ਸਾਰ ਵਿਦੇਸ਼ਾਂ ਦੀਆਂ ਚੋਟਾਂ ਦੀ।
ਵਿਚ ਵਿਦੇਸ਼ਾਂ ਹੋ'ਗੀ ਤੋਏ ਤੋਏ,
ਬਾਦਲ ਦੇ ਖਾਸ ਜਿਹੇ ਲੋਕਾਂ ਦੀ।

*-ਸਤਿੰਦਰ ਸਿੰਘ ਸੁਸਾਣਾ*

### ਤੀਆਂ ਤੀਜ ਦੀਆਂ

ਹੁਣ ਨਾ ਬਾਗਾਂ ਦੇ ਵਿਚ ਆਈਆਂ ਤੀਆਂ,
ਹੁਣ ਨਾ ਹੀ ਕਿਤੇ ਪੀਂਘਾਂ ਪਾਈਆਂ ਧੀਆਂ।
ਹੁਣ ਨਾ ਕਿਸੇ ਲਵਾਈ ਹੱਥੀਂ ਮਹਿੰਦੀ,
ਹੁਣ ਨਾ ਕੋਈ ਵਹੁਟੀ ਬਣ ਬਣ ਬਹਿੰਦੀ।
ਹੁਣ ਨਾ ਕਿਸੇ ਚੜ੍ਹਾਈਆਂ ਵੰਗਾਂ,
ਹੁਣ ਨਾ ਕਿਸੇ ਵਧਾਇਆ ਚੂੜਾ ਰੰਗਲਾ।
ਹੁਣ ਨਾ ਕਿਸੇ ਦਾ ਮਾਹੀਆ ਛੁੱਟੀ ਆਇਆ,
ਹੁਣ ਨਾ ਕਿਸੇ ਨੇ ਦੁੱਖ ਚਿੱਠੀ ਰਾਹੀਂ ਸੁਣਾਇਆ।
ਹੁਣ ਨਾ ਕੋਈ ਕੱਢੇ ਬੈਠੀ ਸੂਹੀ ਰੇਸ਼ਮੀ ਫੁਲਕਾਰੀ,
ਹੁਣ ਨਾ ਕੋਈ ਤੰਦ ਚਰਖੇ ਪਾਉਣ ਦੀ ਕਰੇ ਤਿਆਰੀ।
ਹੁਣ ਨਾ ਕਿਸੇ ਸਜਾਇਆ ਮੱਥੇ 'ਤੇ ਜੜਾਉ ਟਿੱਕਾ,
ਹੁਣ ਨਾ ਕਿਸੇ ਦੇ ਸੱਗੀ ਫੁੱਲ ਅੱਗੇ ਚੰਨ ਫਿੱਕਾ।
ਹੁਣ ਨਾ ਕਿਸੇ ਦੀ ਗੁੱਤ ਵਿਚ ਝੂਮੇ ਲਾਲ ਪਰਾਂਦੀ,
ਹੁਣ ਨਾ ਕਿਸੇ ਦੀ ਹਿੱਕ ਨਾਲ ਖਹਿੰਦੀ ਕਾਲੀ ਗਾਨੀ।
ਹੁਣ ਨਾ ਕੋਈ ਘੋੜੀਆਂ, ਸੁਹਾਗ, ਸਿੱਠਣੀਆਂ ਗਾਵੇ,
ਹੁਣ ਨਾ ਕੋਈ ਵੀਰ ਭੈਣ ਨੂੰ ਪੈਕੇ ਘਰ ਲਿਆਵੇ।
ਰੱਬਾ ਕੋਈ ਤਾਂ ਮੋੜ ਲਿਆਵੇ ਮੇਰੇ ਪੰਜਾਬ ਦੀਆਂ ਤੀਆਂ,
ਜੋ ਪੁੱਤ, ਪਰਦੇਸ ਦੇ ਮੋਹ ਦੀ ਬਲੀ ਚੜ੍ਹ ਗਈਆਂ।

*-ਦਵਿੰਦਰ ਕੌਰ ਕੈਨੇਡਾ*


### ਅੱਜ ਫੇਰ

ਅੱਜ ਫੇਰ ਤਹਿਜ਼ੀਬ ਇਨਸਾਨ ਦੀ ਖੁਦਕਸ਼ੀ ਕਰ ਰਹੀ,
ਅੱਜ ਫੇਰ ਜ਼ਿੰਦਗੀ ਆਖਰੀ ਸਾਹਾਂ ਦੇ ਹਉਕੇ ਭਰ ਰਹੀ।
ਅੱਜ ਫੇਰ ਮਜ਼ਹਬਾਂ ਦਾ ਆਪਸੀ ਵੈਰ ਕਾਰਾ ਕਰ ਗਿਆ,
ਅੱਜ ਫੇਰ ਅਮਨ ਦੀ ਤਲੀ 'ਤੇ ਕਾਲਾ ਨੂੰਹਾਂ ਲੜ ਗਿਆ।
ਅੱਜ ਫੇਰ ਸੁਦਾਗਰ ਮੌਤ ਦੇ ਨਿੱਤ ਚੱਲਦੇ ਨਵੀਂ ਚਾਲ ਨੇ,
ਅੱਜ ਫੇਰ ਭੁੱਖੀਂ ਵਿਲਕ ਰਹੇ ਠੰਰੂ ਠਰੂੰ ਕਰਦੇ ਬਾਲ ਨੇ।
ਅੱਜ ਫੇਰ ਰੋਂਦੀ ਭੈਣ ਕੋਈ ਵੀਰ ਨੂੰ ਪਈ ਉਡੀਕਦੀ,
ਅੱਜ ਫੇਰ ਅੱਖਾਂ ਦੇ ਤਾਰੇ ਲਈ ਬੈਠੀ ਮਾਂ ਉਮੀਦ ਲਈ।
ਅੱਜ ਫੇਰ ਕਾਲਖ ਮੌਤ ਦੀ ਧੁਆਂਖੀ ਚਾ ਸਵੇਰ ਸੰਦਲੀ,
ਅੱਜ ਫੇਰ ਸੜ੍ਹਾਂਦਾਂ ਪਈ ਮਾਰਦੀ ਪੌਣ ਮਹਿਕਾਂ ਵੰਡਦੀ।
ਅੱਜ ਫੇਰ ਇਨਸਾਨੀ ਰੱਤ ਨਾਲ ਗੱਚ ਨੇ ਮੈਰੇ ਚਾਹੀਆਂ,
ਅੱਜ ਫੇਰ ਸਹਿਮੀਆਂ ਬੈਠੀਆਂ ਧਰਤੀ ਦੀਆਂ ਜਾਈਆਂ।
ਅੱਜ ਫੇਰ ਆਬਰੂ ਇੱਜ਼ਤਾਂ ਬੇਖੌਫ ਲੁੱਟੀਆਂ ਜਾ ਰਹੀਆਂ,
ਅੱਜ ਫੇਰ ਧੀਆਂ ਕੁੱਖੀਂ ਵੱਢੀਆਂ ਟੁੱਕੀਆਂ ਜਾ ਰਹੀਆਂ।
ਅੱਜ ਫੇਰ ਪੂਜਾ ਘਰ ਰੱਬ ਦੇ ਨੇ ਕਤਲਗਾਹਾਂ ਬਣ ਗਏ,
ਅੱਜ ਫੇਰ ਇਨਸਾਨੀ ਰਿਸ਼ਤੇ ਰੁਲ ਗਏ ਨੇ ਖਾਕ ਬਣ ਕੇ।
ਅੱਜ ਫੇਰ ਧਰਮਾਂ ਦੇ ਨਾਂ 'ਤੇ ਹੋ ਰਹੀਆਂ ਅਣ-ਹੋਣੀਆਂ,
ਅੱਜ ਫੇਰ ਬੇਗੁਨਾਹਾਂ ਦੀਆਂ ਲਾਸ਼ਾਂ ਪੈ ਰਹੀਆਂ ਢੋਣੀਆਂ।
ਅੱਜ ਫੇਰ ਰਾਜੇ ਖਲਕ ਦੇ ਖੂਨੀ ਬਘਿਆੜਾਂ ਤੋਂ ਵੱਧ ਨੇ,
ਅੱਜ ਫੇਰ ਹਾਕਮ, ਮੁਨਸਬ ਜਨਤਾ ਦਾ ਲਹੂ ਰਹੇ ਚੱਟ ਨੇ।
ਅੱਜ ਫੇਰ ਪੱਲਾ ਇਨਸਾਫ ਦਾ ਡਾਵਾਂਡੋਲ ਏ ਹੋ ਗਿਆ,
ਅੱਜ ਫੇਰ ਝੂਠੇ ਅਦਲ ਨੇ ਗਰੀਬ ਲਈ ਬੂਹਾ ਢੋ ਲਿਆ।
ਅੱਜ ਫੇਰ ਕਿਰਤੀ, ਕਾਮਾ ਰੋਟੀ ਲਈ ਤਰਲੇ ਲੈ ਰਿਹਾ,
ਅੱਜ ਫੇਰ ਨਿਖੱਟੂ ਵਿਹਲੜ ਸਾਂਭ ਕੇ ਸਾਰਾ ਬਹਿ ਗਿਆ।
ਅੱਜ ਫੇਰ ਪੈਸੇ ਦੀ ਹੋੜ੍ਹ ਨੇ ਇਖਲਾਕ ਬੰਦੇ ਦਾ ਰੋੜ੍ਹਿਆ,
ਅੱਜ ਫੇਰ ਜਵਾਨੀ ਦਾ ਭਵਿੱਖ ਨੰਗੇਜ਼, ਨਸ਼ਿਆਂ ਬੋੜਿਆ।
ਅੱਜ ਫੇਰ ਅਨਪੜ੍ਹਤਾ, ਜਹਾਲਤ ਡੋਬੇ ਚਾ ਭਾਗ ਦੇਸ਼ ਦੇ,
ਅੱਜ ਫੇਰ ਭੇਖ, ਪਖੰਡ ਰਲ ਪਏ ਰੱਬ ਦਾ ਨਾਂ ਨੇ ਵੇਚਦੇ।
ਅੱਜ ਫੇਰ ਰੱਬ ਨੂੰ ਭਾਲਦਾ ਇਨਸਾਨ ਕੁਰਾਹੇ ਪੈ ਗਿਆ,
ਅੱਜ ਫੇਰ ਭਰਮਾਂ-ਵਹਿਮਾਂ ਦੇ ਡੂੰਘੇ ਵਹਿਣ ਵਹਿ ਗਿਆ।
ਅੱਜ ਫੇਰ ਖੁਦ ਤੋਂ ਸਹਿਮਿਆ ਮਨੁਖ ਬੇਵੱਸ ਜੀ ਰਿਹਾ,
ਅੱਜ ਫੇਰ ਮਨੁਖਤਾ ਦਾ ਸਮੁੰਦਰ ਨਫਰਤ ਨੇ ਪੀ ਲਿਆ।
ਅੱਜ ਫੇਰ ਕਾਦਰ ਦਾ ਜਲਵਾ ਤਬਾਹ ਨੇ ਬੰਦੇ ਕਰ ਰਹੇ,
ਅੱਜ ਫੇਰ ਸਿਤਾਰੇ, ਚੰਨ, ਸੂਰਜ ਆਦਮੀ ਤੋਂ ਡਰ ਰਹੇ।
ਅੱਜ ਫੇਰ ਆਵੇ ਕੋਈ ਮਾਂਦਰੀ ਕੀਲੇ ਜ਼ਹਿਰੀ ਨਾਗ ਨੂੰ,
ਅੱਜ ਫੇਰ ਮਨੁਖਤਾ ਦੇ ਮੱਥਿਉਂ ਚਾ ਧੋਵੇ ਕਾਲੇ ਦਾਗ ਨੂੰ।

*-ਚੰਨ, ਫੋਨ: 908-788-8427*

# ਰਾਜਨੀਤੀ ਅਤੇ ਜੁੱਤੀ-ਸੁੱਟ ਕਲਚਰ ਦੇ ਨਤੀਜੇ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲਾ ਹਫਤਾ ਅਮਰੀਕਾ ਤੇ ਕੈਨੇਡਾ ਵਿਚ ਪੰਜਾਬੀ ਪਰਵਾਸੀਆਂ ਦੇ ਅਕਾਲੀ ਵਜ਼ੀਰਾਂ ਵਿਰੁਧ ਵਿਖਾਵੇ ਦੀਆਂ ਖਬਰਾਂ ਪੜ੍ਹ ਕੇ ਕੁਝ ਲੋਕਾਂ ਲਈ ਭਾਵੇਂ ਚਸਕੇ ਵਾਲਾ ਰਿਹਾ ਹੋਵੇ, ਅਸੀਂ ਇਸ ਤੋਂ ਅਵਾਜ਼ਾਰ ਰਹੇ ਹਾਂ। ਨਾ ਅਸੀਂ ਉਥੇ ਇਹੋ ਜਿਹਾ ਰੋਸ ਪ੍ਰਗਟਾਵਾ ਕਰਨ ਵਾਲਿਆਂ ਨੂੰ ਠੀਕ ਆਖ ਸਕਦੇ ਹਾਂ ਅਤੇ ਨਾ ਉਨ੍ਹਾਂ ਦੇ ਰੋਸ ਪ੍ਰਗਟਾਵੇ ਅੱਗੇ ਨੀਂਵੀਂ ਪਾਈ ਤੁਰੇ ਜਾਂਦੇ ਪੰਜਾਬ ਵਿਚ ਬੜ੍ਹਕਾਂ ਮਾਰਨ ਵਾਲੇ ਅਕਾਲੀ ਵਜ਼ੀਰਾਂ ਦਾ ਪੱਖ ਲੈ ਸਕਦੇ ਹਾਂ। ਹਕੀਕਤਾਂ ਨੂੰ ਸਮਝਣਾ ਇਸ ਹਾਲਤ ਨੇ ਹੋਰ ਜ਼ਰੂਰੀ ਬਣਾ ਦਿੱਤਾ ਹੈ। ਜਿਨ੍ਹਾਂ ਲੋਕਾਂ ਨੇ ਇਸ ਦੌਰਾਨ ਟਿੱਪਣੀਆਂ ਕਰ ਕੇ ਸਿਆਸੀ ਦਾਅ ਖੇਡਣ ਦੀ ਕੋਸ਼ਿਸ਼ ਕੀਤੀ ਹੈ, ਉਹ ਵੀ ਸੂਝ ਤੋਂ ਸੱਖਣੇ ਹਨ। ਭਲਕ ਨੂੰ ਉਨ੍ਹਾਂ ਨੂੰ ਵੀ ਇਹੋ ਕੁਝ ਭੁਗਤਣਾ ਪੈ ਸਕਦਾ ਹੈ।

ਹਕੀਕੀ ਸਥਿਤੀ ਇਹ ਹੈ ਕਿ ਬਾਹਰ ਵੱਸਦੇ ਸਾਡੇ ਪੰਜਾਬੀ ਭਾਈਬੰਦ ਇਥੋਂ ਦੀ ਅਕਾਲੀ-ਭਾਜਪਾ ਸਰਕਾਰ ਦੇ ਕਾਰ-ਵਿਹਾਰ ਤੋਂ ਡਾਢੇ ਤੰਗ ਹਨ ਤੇ ਓਨੇ ਹੀ ਤੰਗ ਪੰਜਾਬ ਵਿਚਲੇ ਲੋਕ ਵੀ ਹਨ। ਰਾਜ ਵਿਚ ਹਰ ਪਾਸੇ ਭ੍ਰਿਸ਼ਟਾਚਾਰ ਦੇ ਨਜ਼ਾਰੇ ਹਨ। ਨਸ਼ੀਲੇ ਪਦਾਰਥਾਂ ਦੀ ਵਿਕਰੀ ਸਿਆਸੀ ਸਰਪ੍ਰਸਤੀ ਹੇਠ ਹੋ ਰਹੀ ਹੈ। ਜਾਅਲਸਾਜ਼ੀ ਹਾਕਮ ਧਿਰ ਦੇ ਆਗੂਆਂ ਦੇ ਨਾਂ ਉਤੇ ਕੀਤੀ ਜਾਂਦੀ ਹੈ। ਇਸ ਦੀ ਇੱਕ ਮਿਸਾਲ ਇਸ ਹਫਤੇ ਉਦੋਂ ਬਾਹਰ ਆਈ, ਜਦੋਂ ਸਾਰੇ ਰਾਜ ਵਿਚ ਬੁਢਾਪਾ ਪੈਨਸ਼ਨਾਂ ਦੀ ਜਾਂਚ ਪਿੱਛੋਂ ਦੋ ਲੱਖ 93 ਹਜ਼ਾਰ ਕੇਸ ਜਾਅਲੀ ਨਿਕਲੇ। ਜਿਸ ਰਾਜ ਵਿਚ 13 ਲੱਖ 69 ਹਜ਼ਾਰ ਵਿਚੋਂ ਕਰੀਬ ਤਿੰਨ ਲੱਖ ਪੈਨਸ਼ਨਾਂ ਜਾਅਲੀ ਹੋਣ, ਉਹ ਹਾਕਮ ਧਿਰ ਦੇ ਨੇੜਲੇ ਲੋਕਾਂ ਤੋਂ ਬਿਨਾਂ ਕੋਈ ਨਹੀਂ ਲਵਾ ਸਕਦਾ। ਪਿੰਡ ਬਾਦਲ ਤੋਂ ਇਹ ਗੱਲ ਹੋਰ ਸਾਫ ਹੋ ਜਾਂਦੀ ਹੈ। ਖੁਦ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਦੇ ਇਸ ਪਿੰਡ ਵਿਚ 37 ਜਣੇ ਕਈ ਚਿਰਾਂ ਤੋਂ ਜਾਅਲੀ ਪੈਨਸ਼ਨ ਲੈਂਦੇ ਸਾਬਤ ਹੋਏ ਸਨ।

ਦੂਸਰਾ ਪੱਖ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਿੱਖੀ-ਪ੍ਰੇਮ ਦਾ ਹੈ। ਇਹ ਅਸਲੀ ਤੋਂ ਵੱਧ ਸਿਆਸੀ ਲੋੜ ਦਾ ਮੋਹ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਦੇ ਕੰਟਰੋਲ ਹੇਠ ਹੈ। ਤਿੰਨਾਂ ਵੱਡੇ ਤਖਤ ਸਾਹਿਬਾਨ ਨਾਲ ਜੁੜੇ ਧਰਮ ਅਸਥਾਨਾਂ ਦੇ ਮੈਨੇਜਰ ਇਖਲਾਕੀ ਗਿਰਾਵਟ ਦੇ ਦੋਸ਼ਾਂ ਲਈ ਚਰਚਿਤ ਹਨ। ਗੁਰੂ ਕੀ ਗੋਲਕ ਦੀ ਦੁਰਵਰਤੋਂ ਆਮ ਗੱਲ ਹੈ। ਸ਼੍ਰੋਮਣੀ ਕਮੇਟੀ ਵਜ਼ੀਫੇ ਦੇਣ ਲਈ ਹਰ ਸਾਲ ਸਿੱਖੀ ਸੂਝ ਦਾ ਟੈਸਟ ਲੈਂਦੀ ਹੈ। ਇਸ ਵਾਰੀ ਪ੍ਰੀਖਿਆ ਵਿਚ 53 ਹਜ਼ਾਰ ਤੋਂ ਵੱਧ ਬੱਚੇ ਬੈਠੇ ਸਨ ਤੇ 1666 ਪਾਸ ਹੋਏ। ਇਨ੍ਹਾਂ ਵਿਚ ਪਹਿਲੇ ਨੰਬਰ ਉਤੇ ਆਈ ਬੱਚੀ ਸਿੱਖ ਨਹੀਂ, ਈਸਾਈ ਪਰਿਵਾਰ ਤੋਂ ਹੈ। ਕਾਰਸਪੈਂਡੈਂਸ ਦੇ ਕੋਰਸ ਵਾਲੇ ਬੱਚਿਆਂ ਵਿਚੋਂ ਸਾਰੇ ਦੇਸ਼ ਵਿਚੋਂ ਪਹਿਲੇ ਨੰਬਰ ਵਾਲੀ ਬੱਚੀ ਵੀ ਸਿੱਖ ਨਹੀਂ, ਉਹ ਹਿੰਦੂ ਪਰਿਵਾਰ ਤੋਂ ਹੈ। ਸਿੱਖ ਬੱਚਿਆਂ ਨੂੰ ਸਿੱਖੀ ਬਾਰੇ ਪਤਾ ਨਹੀਂ ਅਤੇ ਦੂਸਰੇ ਧਰਮਾਂ ਵਾਲੇ ਉਨ੍ਹਾਂ ਤੋਂ ਸਿੱਖੀ ਬਾਰੇ ਵੱਧ ਇਸ ਲਈ ਜਾਣਦੇ ਹਨ ਕਿ ਸ਼੍ਰੋਮਣੀ ਕਮੇਟੀ ਦਾ ਧਰਮ ਪ੍ਰਚਾਰ ਦਾ ਫੰਡ ਵੀ ਤੇ ਸਟਾਫ ਵੀ ਅਕਾਲੀ ਦਲ ਦੀਆਂ ਸਿਆਸੀ ਲੋੜਾਂ ਦੇ ਲੇਖੇ ਲੱਗਦਾ ਹੈ। ਨਗਰ ਕੀਰਤਨ ਵੀ ਹੁਣ ਸਿਆਸੀ ਲੋੜ ਮੁਤਾਬਕ ਨਿਕਲਣ ਲੱਗੇ ਹਨ।

ਵਿਧਾਨ ਸਭਾ ਚੋਣਾਂ ਵਿਚ ਜਦੋਂ ਥੋੜ੍ਹਾ ਸਮਾਂ ਰਹਿ ਗਿਆ ਤਾਂ ਅਕਾਲੀ ਦਲ ਦੇ ਅਗਵਾਨੂੰ ਬਾਪ-ਬੇਟੇ ਨੇ ਵਿਦੇਸ਼ ਵਿਚ ਬੈਠੇ ਪੰਜਾਬੀਆਂ ਤੱਕ ਪਹੁੰਚ ਲਈ ਅਕਾਲੀ ਵਜ਼ੀਰਾਂ ਨੂੰ ਓਧਰ ਤੋਰ ਦਿੱਤਾ। ਜਿਸ ਪਾਸੇ ਜਾਣਾ ਹੋਵੇ, ਕੁਝ ਹੋਮ-ਵਰਕ ਕਰ ਕੇ ਜਾਣਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਕੋਲ ਚੱਲੇ ਸਨ, ਉਨ੍ਹਾਂ ਦੇ ਰੋਸਿਆਂ ਬਾਰੇ ਵੀ ਸੋਚ ਲੈਂਦੇ। ਪੰਜਾਬ ਪੁਲਿਸ ਦੇ ਐਨ ਆਰ ਆਈ ਸੈਲ ਤੋਂ ਇਸ ਹਫਤੇ ਇਹ ਸੂਚਨਾ ਅਖਬਾਰਾਂ ਤੱਕ ਪੁੱਜੀ ਹੈ ਕਿ ਪਿਛਲੇ ਸਮੇਂ ਵਿਚ ਪਰਵਾਸੀ ਲੋਕਾਂ ਵੱਲੋਂ ਸ਼ਿਕਾਇਤਾਂ ਵਧ ਗਈਆਂ ਹਨ ਤੇ ਬਹੁਤੀਆਂ ਸ਼ਿਕਾਇਤਾਂ ਨਾਜਾਇਜ਼ ਕਬਜ਼ਿਆਂ ਬਾਰੇ ਹਨ। ਅਗਲੀ ਗੱਲ ਇਹ ਕਿ ਜ਼ਮੀਨ-ਜਾਇਦਾਦ ਉਤੇ ਨਾਜਾਇਜ਼ ਕਬਜ਼ੇ ਕਰਨ ਵਾਲੇ ਲੋਕਾਂ ਵਿਚ ਰਾਜ ਕਰਦੀ ਧਿਰ ਦੇ ਕੁਝ ਆਗੂ ਵੀ ਸ਼ਾਮਲ ਹਨ ਅਤੇ ਕਈ ਕੇਸਾਂ ਵਿਚ ਪੁਲਿਸ ਅਤੇ ਸਿਵਲ ਅਫਸਰ ਵੀ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿਚ ਪਰਵਾਸੀ ਪੰਜਾਬੀਆਂ ਵੱਲੋਂ 3141 ਸ਼ਿਕਾਇਤਾਂ ਆਈਆਂ ਹਨ, ਜਿਸ ਦਾ ਅਰਥ ਹੈ ਕਿ ਰੋਜ਼ ਸਤਾਰਾਂ-ਅਠਾਰਾਂ ਸ਼ਿਕਾਇਤਾਂ ਆ ਰਹੀਆਂ ਹਨ ਅਤੇ ਇਨ੍ਹਾਂ ਵਿਚੋਂ 1343 ਸ਼ਿਕਾਇਤਾਂ ਨਾਜਾਇਜ਼ ਕਬਜ਼ੇ ਦੀਆਂ ਹਨ, ਭਾਵ ਹਰ ਰੋਜ਼ ਸੱਤ-ਅੱਠ ਸ਼ਿਕਾਇਤਾਂ ਇਸੇ ਕਿਸਮ ਦੀ ਜ਼ੋਰਾਵਰੀ ਦੀਆਂ ਹੁੰਦੀਆਂ ਹਨ।



ਜਗੀਰ ਕੌਰ



ਤੋਤਾ ਸਿੰਘ

ਵਿਦੇਸ਼ ਜਾਣ ਵੇਲੇ ਸੋਚ ਲੈਣਾ ਚਾਹੀਦਾ ਸੀ ਕਿ ਜਿਨ੍ਹਾਂ ਪਰਵਾਸੀ ਲੋਕਾਂ ਵੱਲੋਂ ਸ਼ਿਕਾਇਤਾਂ ਦੇ ਢੇਰ ਲੱਗੇ ਪਏ ਹਨ, ਉਹ ਕਿੰਨਾ ਉਬਲਦੇ ਹੋਣਗੇ, ਪਰ ਇਸ ਦੀ ਥਾਂ ਬਾਹਰ ਜਾਣ ਵਾਲੇ ਇਹ ਆਗੂ ਸੱਤਾ ਦੇ ਸਰੂਰ ਵਿਚ ਮਸਤ ਨਜ਼ਰ ਆ ਰਹੇ ਸਨ।

ਅਸੀਂ ਇਹ ਗੱਲ ਮੰਨ ਸਕਦੇ ਹਾਂ ਕਿ ਕੁਝ ਥਾਂਵਾਂ ਉਤੇ ਰੋਸ ਪ੍ਰਗਟਾਵੇ ਕਰਨ ਵੇਲੇ ਖਾਲਿਸਤਾਨੀ ਸੋਚ ਵਾਲੇ ਬੰਦੇ ਬਾਕੀ ਲੋਕਾਂ ਤੋਂ ਅੱਗੇ ਹੋਣਗੇ ਪਰ ਹਰ ਇੱਕ ਰੋਸ ਪ੍ਰਗਟਾਵੇ ਦੇ ਸਬੰਧ ਵਿਚ ਸੁਖਬੀਰ ਸਿੰਘ ਬਾਦਲ ਦਾ ਇਹੀ ਬਿਆਨ ਹਾਸੋਹੀਣਾ ਹੈ। ਉਸ ਨੂੰ ਰੋਸ ਪ੍ਰਗਟਾਵਾ ਕਰਦੇ ਲੋਕ ਹੁਣ ਦੇਸ਼-ਧ੍ਰੋਹੀ ਵੀ ਲੱਗਣ ਲੱਗੇ ਹਨ। ਇਸ ਬਾਰੇ ਕੋਈ ਇੱਕ ਪੱਖ ਸੋਚ ਕੇ ਗੱਲ ਨਹੀਂ ਕਹਿ ਦੇਣੀ ਚਾਹੀਦੀ। ਬਹੁਤ ਸਾਰੇ ਪੱਖ ਸੋਚਣ ਵਾਲੇ ਹਨ।

ਇਨ੍ਹਾਂ ਵਿਚੋਂ ਪਹਿਲੀ ਗੱਲ ਇਹ ਕਿ ਅਕਾਲੀ ਲੀਡਰਾਂ ਦਾ ਵਤੀਰਾ ਵਿਦੇਸ਼ ਜਾ ਕੇ ਵੀ ਲੋਕਾਂ ਨਾਲ ਤਾਲਮੇਲ ਦਾ ਨਹੀਂ, ਭਾਸ਼ਣ ਝਾੜ ਕੇ ਖਿਸਕ ਜਾਣ ਦਾ ਸੀ। ਲੋਕ ਸਵਾਲ ਕਰਦੇ ਸਨ ਤਾਂ ਸਾਹਮਣਾ ਕਰਦੇ। ਜਦੋਂ ਲੋਕ ਵਿਰੋਧ ਕਰਦੇ ਸਨ ਤਾਂ ਵਿਰੋਧ ਵੀ ਸਿਦਕ ਨਾਲ ਸਹਾਰਦੇ। ਪੰਜਾਬ ਦਾ ਇੱਕ ਮੰਤਰੀ ਕੈਨੇਡਾ ਵਿਚ ਵੀ ਬਠਿੰਡਾ ਮਾਰਕਾ ਬੋਲੀ ਬੋਲਣ ਲੱਗਾ ਤਾਂ ਇਥੋਂ ਤੱਕ ਕਹਿ ਗਿਆ ਕਿ ਕੈਨੇਡਾ ਦੀ ਪੁਲਿਸ ਕਿਸੇ ਕੰਮ ਦੀ ਨਹੀਂ, ਪੰਜਾਬ ਪੁਲਿਸ ਚੰਗੀ ਹੈ। ਉਹ ਆਪਣੇ ਰਾਜ ਦੀ ਪੁਲਿਸ ਨੂੰ ਲੱਖ ਵਾਰੀ ਚੰਗਾ ਕਹੇ, ਇਹ ਉਸ ਦਾ ਹੱਕ ਹੈ, ਪਰ ਜਿਸ ਦੇਸ਼ ਵਿਚ ਬੈਠਾ ਸੀ, ਉਥੋਂ ਦੇ ਸਿਸਟਮ ਦੇ ਕਿਸੇ ਅੰਗ ਬਾਰੇ ਏਦਾਂ ਕਹਿਣ ਦਾ ਹੱਕ ਉਸ ਨੂੰ ਨਹੀਂ ਸੀ। ਨਤੀਜਾ ਇਹ ਨਿਕਲਿਆ ਕਿ ਪਹਿਲੀ ਵਾਰ ਕੈਨੇਡਾ ਦੇ ਕਿਸੇ ਮੰਤਰੀ ਵੱਲੋਂ ਪੰਜਾਬ ਬਾਰੇ ਮੋੜਵੀਂ ਸਿੱਧੀ ਟਿੱਪਣੀ ਕਰਨ ਦਾ ਸਬੱਬ ਬਣ ਗਿਆ। ਲੋਕਾਂ ਵਿਚ ਇਸ ਗੱਲ ਦਾ ਵੀ ਰੋਸ ਬਣਿਆ ਕਿ ਇਥੇ ਆਣ ਕੇ ਵੀ ਇਹ ਮੰਤਰੀ ਸਾਨੂੰ ਪੰਜਾਬ ਪੁਲਿਸ ਦੀ ਧੌਂਸ ਦਿੰਦਾ ਫਿਰਦਾ ਹੈ।

ਦੂਸਰੀ ਗੱਲ ਇਹ ਕਿ ਅਕਾਲੀ ਦਲ ਨੇ ਬਾਹਰ ਆਗੂ ਕਿਹੜੇ ਭੇਜੇ ਸਨ? ਵਿਧਾਇਕ ਪ੍ਰਗਟ ਸਿੰਘ ਜਾਂ ਗੜ੍ਹਸ਼ੰਕਰ ਵਾਲੇ ਸੁਰਿੰਦਰ ਸਿੰਘ ਠੇਕੇਦਾਰ ਵਰਗੇ ਦੋ-ਚਾਰ ਉਹ ਭੇਜੇ, ਜਿਨ੍ਹਾਂ ਉਤੇ ਖਾਸ ਦੋਸ਼ ਨਹੀਂ ਲੱਗਦਾ, ਪਰ ਬਾਕੀ ਸਾਰੇ ਇੱਕ ਤੋਂ ਇੱਕ ਚੜ੍ਹਦੇ ਸਨ। ਜਥੇਦਾਰ ਤੋਤਾ ਸਿੰਘ ਨੂੰ ਅਦਾਲਤ ਤੋਂ ਕੈਦ ਦੀ ਸਜ਼ਾ ਹੋਈ ਹੈ। ਬੀਬੀ ਜਗੀਰ ਕੌਰ ਨੂੰ ਆਪਣੀ ਸਕੀ ਧੀ ਦੀ ਮੌਤ ਦੇ ਕੇਸ ਵਿਚ ਅਦਾਲਤ ਨੇ ਕੈਦ ਦੀ ਸਜ਼ਾ ਦਿੱਤੀ ਹੈ। ਸਿਕੰਦਰ ਸਿੰਘ ਮਲੂਕਾ ਪੰਜਾਬ ਵਿਚ ਵੀ ਕਈ ਕਿਸਮ ਦੇ ਵਿਵਾਦਾਂ ਵਿਚ ਫਸਿਆ ਰਹਿੰਦਾ ਹੈ। ਸੈਕੰਡਰੀ ਐਜੂਕੇਸ਼ਨ ਦੇ ਵਿਵਾਦ ਵਿਚ ਜਿੰਨੀ ਕੁ ਭੰਡੀ ਹੋਈ ਸੀ, ਉਹ ਸਾਰਿਆਂ ਨੂੰ ਪਤਾ ਸੀ। ਇਹੋ ਜਿਹੇ ਸੁਲੱਖਣੇ ਆਗੂ ਚੁਣ ਕੇ ਵਿਦੇਸ਼ ਵਾਲੇ ਪੰਜਾਬੀਆਂ ਨੂੰ ਪਤਿਆਉਣ ਲਈ ਜਦੋਂ ਅਕਾਲੀ ਲੀਡਰਸ਼ਿਪ ਨੇ ਭਿਜਵਾਏ ਸਨ, ਉਦੋਂ ਇਹ ਗੱਲ ਕਿਉਂ ਨਹੀਂ ਸੀ ਸੋਚੀ ਕਿ ਇਹ ਬੰਦੇ ਪਰਵਾਸੀ ਪੰਜਾਬੀਆਂ ਨੂੰ ਕਿਹੜੀ ਨੇਕ-ਚੱਲਣੀ ਦੇ ਸਰਟੀਫਿਕੇਟ ਵਿਖਾ ਕੇ ਸਮਝਾ ਲੈਣਗੇ?

ਤੀਸਰਾ ਪੱਖ ਮੁਜ਼ਾਹਰੇ ਕਰਨ ਵਾਲਿਆਂ ਬਾਰੇ ਹੈ। ਉਨ੍ਹਾਂ ਨੂੰ ਰੋਸ ਕਰਨ ਦਾ ਹੱਕ ਹੈ, ਪਰ ਕੋਈ ਕਾਨੂੰਨ ਗਾਲ੍ਹਾਂ ਕੱਢਣ ਦਾ ਹੱਕ ਨਹੀਂ ਦੇ ਸਕਦਾ। ਅਸੀਂ ਇੱਕ ਵੀਡੀਓ ਵੇਖੀ ਹੈ, ਜਿੱਥੇ ਮੀਟਿੰਗ ਤੋਂ ਵਾਪਸ ਜਾਂਦੇ ਵਜ਼ੀਰਾਂ ਮਗਰ ਕੁਝ ਲੋਕ ਬਹੁਤ ਬੇਹੂਦੀ ਭਾਸ਼ਾ ਬੋਲਦੇ ਜਾਂਦੇ ਹਨ। ਜਿਹੜੇ ਦੇਸ਼ਾਂ ਵਿਚ ਉਹ ਲੋਕ ਬੈਠੇ ਹਨ, ਉਥੋਂ ਦੇ ਸੱਭਿਆਚਾਰ ਨੂੰ ਵੇਖ ਕੇ ਆਪਣੇ ਵਿਚਾਰ ਪ੍ਰਗਟ ਕਰਨ ਦੇ ਸਾਊ ਢੰਗ ਨਹੀਂ ਸਿੱਖ ਸਕੇ। ਪਰਪੱਕ ਲੋਕਤੰਤਰ ਵਾਲੇ ਦੇਸ਼ਾਂ ਦੀ ਹਵਾ ਉਨ੍ਹਾਂ ਨੇ ਸੁੰਘ ਕੇ ਨਹੀਂ ਵੇਖੀ ਤੇ ਜਿੱਦਾਂ ਪੰਜਾਬ ਵਿਚ ਕਰਦੇ ਸਨ, ਉਹੋ ਉਥੇ ਕਰੀ ਜਾਂਦੇ ਹਨ। ਅਮਰੀਕਾ ਅਤੇ ਕੈਨੇਡਾ ਵਿਚਲੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਉਥੋਂ ਵਾਲੇ ਮਾਹੌਲ ਵਿਚ ਪਲੀ ਹੋਣ ਕਰ ਕੇ ਇਸ ਤੋਂ ਖਿਝਦੀ ਹੈ। ਇਹ ਲੋਕ ਆਏ ਦਿਨ ਗੁਰੂ ਘਰਾਂ ਵਿਚ ਵੀ ਆਪੋ 'ਚ ਖਹਿਬੜਦੇ ਤੇ ਸੰਗਤ ਦੇ ਸਾਹਮਣੇ ਗੰਦੀ ਬੋਲੀ ਬੋਲਣ ਤੱਕ ਚਲੇ ਜਾਇਆ ਕਰਦੇ ਹਨ। ਹਰ ਮਾਮਲੇ 'ਚ ਕੋਈ ਹੱਦ ਹੁੰਦੀ ਹੈ, ਪਰ ਇਸ ਮਾਮਲੇ 'ਚ ਕੋਈ ਵੀ ਹੱਦ ਨਹੀਂ ਰੱਖੀ ਜਾਂਦੀ।

ਚੌਥਾ ਮੁੱਦਾ ਸਾਡੀ ਜਾਚੇ ਇਹ ਹੈ ਕਿ ਜਿਹੜਾ ਕੋਈ ਕੰਡੇ ਬੀਜਦਾ ਹੈ, ਉਸ ਨੂੰ ਇਸ ਫਸਲ ਦਾ ਫਲ ਵੀ ਕਦੇ ਨਾ ਕਦੇ ਭੁਗਤਣਾ ਪੈਂਦਾ ਹੈ। ਇਸ ਵਾਰੀ ਵਿਦੇਸ਼ ਵਿਚ ਜੋ ਕੁਝ ਅਕਾਲੀ ਲੀਡਰਾਂ ਨਾਲ ਹੋਇਆ, ਉਸ ਤੋਂ ਇੱਕ ਪਾਸੇ ਕਾਂਗਰਸ ਵਾਲੇ ਖੁਸ਼ ਹੋ ਗਏ ਤੇ ਦੂਸਰੇ ਪਾਸੇ ਭਗਵੰਤ ਮਾਨ ਕਹਿੰਦਾ ਹੈ ਕਿ ਪਰਵਾਸੀ ਪੰਜਾਬੀਆਂ ਨੇ ਅਕਾਲੀਆਂ ਨੂੰ ਟਰੇਲਰ ਵਿਖਾ ਦਿੱਤਾ ਹੈ, ਫਿਲਮ ਫੇਰ ਵਿਖਾਉਣੀ ਹੈ। ਦੋਵੇਂ ਧਿਰਾਂ ਗਲਤ ਹਨ। ਪੰਜਾਬ ਦੇ ਸਿਆਸੀ ਆਗੂ ਤਜਰਬਾ ਯਾਦ ਨਹੀਂ ਰੱਖਦੇ। ਜਦੋਂ ਕਾਂਗਰਸ ਦੇ ਮੰਤਰੀ ਪੀ. ਚਿਦੰਬਰਮ ਉਤੇ ਦਿੱਲੀ ਵਿਚ ਜਰਨੈਲ ਸਿੰਘ ਨਾਂ ਦੇ ਪੱਤਰਕਾਰ ਨੇ ਜੁੱਤੀ ਸੁੱਟੀ ਸੀ, ਅਕਾਲੀ ਆਗੂਆਂ ਨੇ ਉਸ ਦੀਆਂ ਸਿਫਤਾਂ ਕੀਤੀਆਂ ਸਨ ਅਤੇ ਜਿੱਥੇ ਕਿਤੇ ਗਿਆ, ਹਰ ਥਾਂ ਉਸ ਨੂੰ ਸਿਰੋਪੇ ਦਿੰਦੇ ਫਿਰਦੇ ਸਨ। ਸਾਡੇ ਕੋਲ ਕਈ ਵੱਡੇ ਅਕਾਲੀ ਆਗੂਆਂ ਦੇ ਬਿਆਨ ਹਾਲੇ ਤੱਕ ਪਏ ਹਨ, ਜਿਨ੍ਹਾਂ ਨੇ ਕਿਹਾ ਸੀ ਕਿ ਕਾਂਗਰਸੀ ਲੀਡਰ ਕੀਤੀ ਦਾ ਫਲ ਭੁਗਤ ਰਹੇ ਹਨ। ਫਿਰ ਸਾਡੇ ਪੰਜਾਬ ਵਿਚ ਇਹੋ ਹੋ ਗਿਆ। ਇੱਕ ਸਿਰਫਿਰੇ ਛੋਕਰੇ ਨੇ ਮੁੱਖ ਮੰਤਰੀ ਵੱਲ ਜੁੱਤੀ ਸੁੱਟ ਦਿੱਤੀ। ਹੁਣ ਅਮਰੀਕਾ ਵਿਚ ਇੱਕ ਉਸੇ ਤਰ੍ਹਾਂ ਦੇ ਬੰਦੇ ਨੇ ਅਕਾਲੀ ਦਲ ਦੇ ਇੱਕ ਮੰਤਰੀ ਵੱਲ ਜੁੱਤੀ ਸੁੱਟਣ ਨਾਲ ਖਬਰਾਂ ਬਣਾ ਦਿੱਤੀਆਂ ਹਨ। ਅਕਾਲੀ ਆਗੂ ਆਪੋ ਵਿਚ ਬੈਠ ਕੇ ਇਹ ਸੋਚਣ ਕਿ ਜਦੋਂ ਜਰਨੈਲ ਸਿੰਘ ਨੂੰ ਸਿਰੋਪੇ ਦਿੰਦੇ ਫਿਰਦੇ ਸਨ, ਕੀ ਉਦੋਂ ਉਹ ਇਸੇ 'ਜੁੱਤੀ-ਸੁੱਟ' ਰੁਝਾਨ ਨੂੰ ਹੱਲਾਸ਼ੇਰੀ ਨਹੀਂ ਸਨ ਦੇ ਰਹੇ? ਭਗਵੰਤ ਮਾਨ ਨੂੰ ਵੀ ਅਕਲ ਦੇ ਰਾਹ ਪੈਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਨੇ ਜਰਨੈਲ ਸਿੰਘ ਦੀ ਇਸੇ 'ਜੁੱਤੀ-ਸੁੱਟ' ਵਾਲੀ ਭੱਲ ਦਾ ਲਾਭ ਲੈਣ ਲਈ ਉਸ ਨੂੰ ਆਪਣੇ ਨਾਲ ਜੋੜ ਲਿਆ, ਪਰ ਚੋਣਾਂ ਵਿਚ ਕਈ ਲੋਕਾਂ ਨੇ ਅਰਵਿੰਦ ਕੇਜਰੀਵਾਲ ਨੂੰ ਵੀ ਪਿੱਛੋਂ ਆਣ ਕੇ ਘਸੁੰਨ ਮਾਰ ਦਿੱਤਾ ਜਾਂ ਉਸ ਉਤੇ ਕਾਲਾ ਰੰਗ ਡੋਲ੍ਹਣ ਦਾ ਕੰਮ ਕਰ ਵਿਖਾਇਆ। ਉਦੋਂ ਇਸ ਪਾਰਟੀ ਦੇ ਆਗੂ ਕਹਿੰਦੇ ਸਨ ਕਿ ਭਾਜਪਾ ਕਰਵਾ ਰਹੀ ਹੈ। ਇਹ ਭਾਣਾ ਕਿਸੇ ਲੀਡਰ ਨਾਲ ਵੀ ਵਾਪਰ ਸਕਦਾ ਹੈ ਤੇ ਇਸ ਦਾ ਕਾਰਨ ਸਿਰਫ ਸਿਆਸੀ ਵਿਰੋਧ ਨਹੀਂ ਹੁੰਦਾ, ਕਈ ਵਾਰ ਕੁਝ ਲੋਕ ਸਿਰਫ ਬੱਲੇ-ਬੱਲੇ ਕਰਵਾਉਣ ਲਈ ਇਸ ਤਰ੍ਹਾਂ ਕਰ ਦਿੰਦੇ ਹਨ। ਜਿਸ ਮਾੜੇ ਕਲਚਰ ਨੂੰ ਹੱਲਾਸ਼ੇਰੀ ਦੇਣ ਦਾ ਖਮਿਆਜ਼ਾ ਅੱਜ ਅਕਾਲੀ ਆਗੂ ਭੁਗਤ ਰਹੇ ਹਨ, ਬਾਕੀ ਧਿਰਾਂ ਦੇ ਸਿਆਸੀ ਆਗੂ ਹੁਣ ਉਸ ਪਾਸੇ ਨਾ ਪੈਣ।

ਸਾਨੂੰ ਅਫਸੋਸ ਹੈ ਕਿ ਇਹ ਕੁਝ ਵਿਦੇਸ਼ਾਂ ਵਿਚ ਜਾ ਕੇ ਹੋਇਆ, ਤੇ ਉਥੇ ਹੋਇਆ ਹੈ, ਜਿੱਥੋਂ ਦੇ ਲੋਕਾਂ ਲਈ ਪੰਜਾਬ ਤੋਂ ਗਏ ਸਾਰੇ ਲੋਕ ਇੱਕੋ ਜਿਹੇ ਹੁੰਦੇ ਹਨ। ਉਹ ਗਿੱਲ, ਗਰੇਵਾਲ ਅਤੇ ਰੰਧਾਵੇ ਦਾ ਭੇਦ ਨਹੀਂ ਕਰਦੇ, ਸਭ ਨੂੰ 'ਮਿਸਟਰ ਸਿੰਘ' ਕਹਿ ਕੇ ਬੁਲਾਉਂਦੇ ਹਨ। ਹੁਣ ਵਾਲੀ ਇਸ ਖੇਡ ਦੇ ਬਾਅਦ ਵੀ ਉਹ ਇਹ ਫਰਕ ਨਹੀਂ ਕਰਨਗੇ ਕਿ ਅਕਾਲੀਆਂ ਨਾਲ ਖਾਲਿਸਤਾਨੀ ਭਿੜਦੇ ਹਨ ਜਾਂ ਕਾਂਗਰਸੀ ਅਤੇ ਆਮ ਆਦਮੀ ਪਾਰਟੀ ਵਾਲੇ ਲੜਦੇ ਹਨ, ਉਨ੍ਹਾਂ ਨੂੰ ਇਹੋ ਸਮਝ ਆਵੇਗੀ ਕਿ ਸਿੰਘਾਂ ਨਾਲ ਸਿੰਘ ਲੜੇ ਹਨ। ਜਲੂਸ ਸਾਰੇ ਪੰਜਾਬੀਆਂ ਦਾ ਨਿਕਲੇਗਾ। ਇਹ ਸਾਡੇ ਸਾਰਿਆਂ ਲਈ ਸ਼ਰਮ ਦੀ ਗੱਲ ਹੈ ਕਿ ਜਿੱਦਾਂ ਦੇ ਭੇੜ ਅਸੀਂ ਪੰਜਾਬ ਵਿਚ ਭਿੜਿਆ ਕਰਦੇ ਸਾਂ, ਹੁਣ ਵਿਦੇਸ਼ ਵਿਚ ਵੀ ਆਪਣੀ ਉਸੇ ਬੇਅਕਲੀ ਦਾ ਵਿਸ਼ਵੀਕਰਨ ਕਰਨ ਲੱਗ ਪਏ ਹਾਂ। ਬੇਅਕਲੀ ਦੀ ਇਸ ਓੜਕ ਬਾਰੇ ਰੋਇਆ ਜਾਵੇ ਕਿ ਹੱਸਿਆ ਜਾਵੇ, ਫੈਸਲਾ ਕਰਨਾ ਔਖਾ ਹੈ, ਪਰ ਪੰਜਾਬੀ ਦਾ ਇੱਕ ਅਖਾਣ ਯਾਦ ਹੈ, 'ਲਾਹੌਰ ਦੇ ਬੁੱਧੂ, ਪਸ਼ੌਰ ਵਿਚ ਵੀ ਬੁੱਧੂ'। ਜਿੰਨਾ ਕੁਝ ਇਸ ਵਾਰ ਹੋ ਗਿਆ ਹੈ, ਇਸ ਤੋਂ ਸਾਰੀਆਂ ਧਿਰਾਂ ਨੂੰ ਸਬਕ ਸਿੱਖਣ ਦੀ ਲੋੜ ਹੈ। ਇਸ ਧਮੱਚੜ ਦੌਰਾਨ ਚਰਚਿਤ ਰਹੀਆਂ ਧਿਰਾਂ ਨੂੰ ਵੀ ਸਿੱਖਣ ਦੀ ਲੋੜ ਹੈ, ਅਤੇ ਚਸਕੇ ਲੈਣ ਵਾਲਿਆਂ ਨੂੰ ਵੀ।

---

# ਪੰਜਾਬ ਲਈ ਜੰਗ ਦਾ ਬਿਗਲ

## ਸੱਚੋ-ਸੱਚ



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਕੈਨੇਡਾ ਅਤੇ ਅਮਰੀਕਾ ਦੀ ਸਰਜ਼ਮੀਨ ਨੂੰ ਸਦਾ ਹੀ ਇਹ ਮਾਣ ਪ੍ਰਾਪਤ ਹੋਇਆ ਹੈ ਕਿ ਜਦੋਂ ਵੀ ਪੰਜਾਬ ਉਤੇ ਭੀੜ ਬਣੀ, ਇਥੇ ਵੱਸਦੇ ਪੰਜਾਬੀਆਂ ਨੇ ਜ਼ੁਲਮ ਤੇ ਜ਼ਾਲਮ- ਦੋਵਾਂ ਦਾ ਟਾਕਰਾ ਕਰਨ ਲਈ ਆਪਣੀ ਆਵਾਜ਼ ਬੁਲੰਦ ਕੀਤੀ। ਇਹ ਵਹੀਰਾਂ ਘੱਤ ਕੇ ਪੰਜਾਬ ਪਹੁੰਚੇ ਅਤੇ ਜ਼ਾਲਮ ਜਰਵਾਣਿਆਂ ਕੋਲੋਂ ਪੰਜਾਬ ਨੂੰ ਬਚਾਇਆ। ਅੱਜ ਫਿਰ ਕੈਨੇਡਾ, ਅਮਰੀਕਾ 'ਚ ਵੱਸਦੇ ਪੰਜਾਬੀ ਭਾਈਚਾਰੇ 'ਚ ਵਿਦਰੋਹ ਉਠਿਆ ਹੈ ਜਿਸ ਦੀਆਂ ਬਾਤਾਂ ਹਰ ਥਾਂ ਪੈ ਰਹੀਆਂ ਹਨ।

ਮੰਝਧਾਰ ਵਿਚ ਡੁੱਬ ਰਹੀ ਪੰਜਾਬ ਦੀ ਬੇੜੀ ਤੋਂ ਪਰਦੇਸੀਂ ਵੱਸਦਾ ਹਰ ਪੰਜਾਬੀ ਭਲੀਭਾਂਤ ਜਾਣੂ ਹੈ, ਪੀੜਤ ਵੀ ਹੈ ਅਤੇ ਇਸ ਨੂੰ ਬਚਾਉਣ ਲਈ ਉਤਾਵਲਾ ਵੀ ਹੈ। ਸਿਆਣੇ ਆਖਦੇ ਹਨ, ਹਰ ਕੰਮ ਦਾ ਸਹੀ ਵਕਤ ਹੁੰਦਾ ਹੈ, ਤੇ ਉਹ ਸਹੀ ਵਕਤ ਹੁਣ ਪੰਜਾਬੀਆਂ ਦੇ ਸਾਹਮਣੇ ਆਣ ਖਲੋਤਾ ਹੈ। ਪੰਜਾਬ ਦੀ ਪੰਥਕ ਅਖਵਾਉਂਦੀ ਤੇ ਬੀ.ਜੇ.ਪੀ. ਨਾਲ ਰਲ ਕੇ ਬਣੀ ਅਕਾਲੀ-ਭਾਜਪਾ ਸਰਕਾਰ ਨੇ ਸੂਬੇ ਦਾ ਬੇੜਾ ਗਰਕ ਕਰਨ ਵਿਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ। ਕਹਾਵਤ ਹੈ ਕਿ ਜਦੋਂ ਗਿੱਦੜ ਦੀ ਮੌਤ ਆਉਂਦੀ ਹੈ, ਉਹ ਪਿੰਡ ਵੱਲ ਤੁਰ ਪੈਂਦਾ ਹੈ; ਬਿਲਕੁਲ ਇਵੇਂ ਹੀ ਪੰਜਾਬ ਸਰਕਾਰ ਦੇ ਕੁਝ ਮੰਤਰੀ, ਸੰਤਰੀ, ਧਾਰਮਿਕ ਲੀਡਰ ਅਤੇ ਉਚੇ ਅਹੁਦਿਆਂ ਉਤੇ ਬੈਠੇ ਲੋਕ ਪਿਛਲੇ ਕੁਝ ਕੁ ਹਫਤਿਆਂ ਤੋਂ ਟੋਲੇ ਬਣਾ ਬਣਾ ਕੈਨੇਡਾ, ਅਮਰੀਕਾ ਵਿਚ ਸੰਗਤ ਦਰਸ਼ਨ ਕਰਨ ਪਹੁੰਚੇ ਹੋਏ ਹਨ। ਇਸ ਦਾ ਅਸਲ ਮਕਸਦ 2017 ਦੀਆਂ ਚੋਣਾਂ ਵਾਸਤੇ ਬਾਦਲ ਪਰਿਵਾਰ ਲਈ ਵੋਟ ਬੈਂਕ ਸੈੱਟ ਕਰਨਾ, ਰੁੱਸਿਆਂ ਨੂੰ ਮਨਾਉਣਾ, ਪਾਰਟੀ ਦੇ ਗੁਣ ਗਾ ਕੇ ਖਾਮੀਆਂ ਉਤੇ ਮਿੱਟੀ ਪਾਉਣੀ, ਝੂਠਾ ਪ੍ਰਚਾਰ ਕਰ ਕੇ ਲੋਕਾਂ ਨੂੰ ਗੁੰਮਰਾਹ ਕਰਨਾ ਹੈ, ਪਰ ਹੁਣ ਬਾਹਰ ਵੱਸਦੇ ਪੰਜਾਬੀ ਜਾਗ ਉਠੇ ਹਨ ਤੇ ਇਨ੍ਹਾਂ ਦੇ ਚਿਹਰਿਆਂ ਤੋਂ ਨਕਾਬ ਲਾਹੁਣ ਲਈ ਤਿਆਰ ਬੈਠੇ ਹਨ।

ਅਕਾਲੀ ਸਰਕਾਰ ਦੇ ਇਹ ਸਿਆਸੀ ਪ੍ਰਚਾਰਕ ਭਾਵੇਂ ਆਪਣੇ ਲੱਛੇਦਾਰ ਭਾਸ਼ਣਾਂ ਨਾਲ ਲੋਕਾਂ ਨੂੰ ਮਾਇਆ ਜਾਲ ਵਿਚ ਫਸਾ ਕੇ ਨੋਟ ਅਤੇ ਵੋਟ ਲੈਣ ਦੀ ਤਕੜੀ ਮੁਹਾਰਤ ਰੱਖਦੇ ਹਨ, ਪਰ ਸਦਕੇ ਜਾਈਏ ਪੰਜਾਬੀਆਂ ਦੇ ਜਿਨ੍ਹਾਂ ਨੇ ਕੈਨੇਡਾ-ਅਮਰੀਕਾ ਵਿਚ ਆਏ ਇਨ੍ਹਾਂ ਸਰਕਾਰੀ ਪ੍ਰਚਾਰਕਾਂ ਦਾ ਭਰਵਾਂ 'ਸਵਾਗਤ' ਕੀਤਾ ਹੈ।

ਅਸਲ ਵਿਚ ਪੰਜਾਬੀਆਂ ਨੇ ਇਕ ਵਾਰੀ ਫਿਰ ਪੰਜਾਬ ਦੀ ਰੱਖ ਵਿਖਾਈ ਹੈ ਅਤੇ ਇਨ੍ਹਾਂ ਪ੍ਰਚਾਰਕਾਂ ਨੂੰ ਦੱਸ ਦਿੱਤਾ ਹੈ ਕਿ ਉਹ ਭਾਵੇਂ ਪੰਜਾਬ ਤੋਂ ਦੂਰ-ਦੁਰਾਡੇ ਬੈਠੇ ਹਨ, ਪਰ ਪੰਜਾਬ ਨੂੰ ਭੁੱਲੇ ਨਹੀਂ ਹਨ। ਪੰਜਾਬ ਉਨ੍ਹਾਂ ਦਾ ਹੈ ਤੇ ਉਹ ਪੰਜਾਬ ਦੇ ਵਾਰਸ ਤੇ ਰਾਖੇ ਵੀ ਹਨ। ਪੰਜਾਬੀਆਂ ਵੱਲੋਂ ਪੰਜਾਬ ਦੇ ਹੱਕ ਵਿਚ ਚੁੱਕਿਆ ਇਹ ਕਦਮ ਇਤਿਹਾਸ ਵਿਚ ਮੀਲ ਪੱਥਰ ਹੋ ਨਿਬੜੇਗਾ।

ਅੱਜ ਪਰਦੇਸੀਂ ਬੈਠਾ ਹਰ ਪੰਜਾਬੀ ਪਰਿਵਾਰ, ਪੰਜਾਬ ਸਰਕਾਰ ਤੇ ਅਫ਼ਸਰਸ਼ਾਹੀ ਦੀਆਂ ਮਨਮਾਨੀਆਂ ਤੋਂ ਬੇਹੱਦ ਦੁਖੀ ਹੈ। ਇਹ ਪਰਦੇਸੀ ਪੰਜਾਬੀ ਜਦੋਂ ਪੰਜਾਬ ਜਾਂਦੇ ਹਨ ਤਾਂ ਜੋ ਕੁਝ ਉਨ੍ਹਾਂ ਨਾਲ ਉਥੇ ਹੁੰਦਾ ਹੈ, ਉਸ ਨੂੰ ਬੱਸ ਉਹੀ ਜਾਣਦੇ ਹਨ। ਉਥੇ ਗਿਆ ਹਰ ਆਦਮੀ ਤ੍ਰਾਸ-ਤ੍ਰਾਸ ਕਰਦਾ ਪਰਤ ਆਉਂਦਾ ਹੈ। ਕਿਸੇ ਦੀ ਜ਼ਮੀਨ ਨੂੰ ਕੋਈ ਵੇਚ ਕੇ ਖਾ ਜਾਂਦਾ ਹੈ, ਕਿਸੇ ਦੇ ਪਲਾਟ ਉਤੇ ਕੋਈ ਘਰ ਬਣਾ ਕੇ ਬੈਠ ਜਾਂਦਾ ਹੈ, ਕਿਸੇ ਦੀ ਕੋਠੀ ਕੋਈ ਆਪਣੇ ਨਾਂ ਕਰਵਾ ਲੈਂਦਾ ਹੈ, ਕਿਸੇ ਦੇ ਬੈਂਕ ਖਾਤੇ ਵਿਚੋਂ ਕੋਈ ਪੈਸੇ ਕਢਵਾ ਕੇ ਤੁਰਦਾ ਬਣਦਾ ਹੈ। ਸਰਕਾਰੇ-ਦਰਬਾਰੇ ਚੋਰ ਹੀ ਚੋਰ, ਲੁਟੇਰੇ ਹੀ ਲੁਟੇਰੇ ਬੈਠੇ ਹਨ। ਐਨ. ਆਰ. ਆਈ. ਥਾਣਿਆਂ 'ਚ ਗੁਹਾਰ ਲਾਉਣ ਗਿਆ ਹਰ ਆਦਮੀ ਆਪਣੀ ਲੋਈ ਲੁਹਾ ਕੇ ਘਰ ਪਰਤਦਾ ਹੈ।

ਬਾਹਰ ਵੱਸਦਾ ਹਰ ਪੰਜਾਬੀ ਪਰਿਵਾਰ ਚਾਹੁੰਦਾ ਹੈ ਕਿ ਪੰਜਾਬ ਵਿਚ ਉਹਦਾ ਵੀ ਘਰ ਹੋਵੇ, ਜ਼ਮੀਨ ਹੋਵੇ ਤਾਂ ਕਿ ਜਦੋਂ ਉਹ ਪੰਜਾਬ ਜਾਵੇ, ਆਪਣੇ ਘਰ ਵਿਚ ਰਹੇ, ਆਪਣੇ ਖੂਹ 'ਤੇ ਗੇੜਾ ਮਾਰੇ ਅਤੇ ਸੁੱਖ ਦੇ ਕੁਝ ਦਿਨ ਪੰਜਾਬ ਵਿਚ ਬਿਤਾ ਕੇ ਆਵੇ, ਪਰ ਅਖੌਤੀ ਲੀਡਰਾਂ ਨੇ ਪੰਜਾਬ ਨੂੰ ਬੁਰਛਾਗਰਦੀ ਦਾ ਅਖਾੜਾ ਬਣਾ ਦਿੱਤਾ ਹੈ। ਪੰਜਾਬ ਉਜੜ ਚੁੱਕਾ ਹੈ, ਨਸ਼ਿਆਂ ਦੇ ਸੈਲਾਬ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ ਹੈ। ਹਰ ਘਰ-ਪਰਿਵਾਰ ਦੇ ਬੁੱਢੇ-ਬੱਚੇ ਨਸ਼ੇੜੀ ਹੋ ਚੁੱਕੇ ਹਨ। ਹੋਰ ਤਾਂ ਹੋਰ, ਮੰਤਰੀ ਤੇ ਸੰਤਰੀ ਹੀ ਨਸ਼ਿਆਂ ਦੇ ਤਸਕਰ ਬਣੀ ਬੈਠੇ ਹਨ। ਧੀਆਂ-ਭੈਣਾਂ ਇਨ੍ਹਾਂ ਨਸ਼ੇੜੀਆਂ ਦੀ ਹਵਸ ਦਾ ਸ਼ਿਕਾਰ ਹੋ ਰਹੀਆਂ ਹਨ। ਲੋਕਾਂ ਦੇ ਘਰ-ਘਾਟ ਲੁੱਟੇ ਜਾ ਰਹੇ ਹਨ। ਬਾਹਰ ਵੱਸਦਾ ਹਰ ਪੰਜਾਬੀ ਪੰਜਾਬ ਨੂੰ ਉਜੜਦਾ ਵੇਖ ਕੇ ਖੂਨ ਦੇ ਅੱਥਰੂ ਕੇਰ ਰਿਹਾ ਹੈ। ਉਪਰੋਂ ਇਹ ਸਰਕਾਰੀ ਪ੍ਰਚਾਰਕ, ਸਰਕਾਰ ਦੇ ਕਸੀਦੇ ਪੜ੍ਹਨ ਲਈ ਧੜਾ-ਧੜ ਵਿਦੇਸ਼ਾਂ ਵਿਚ ਆਣ ਪਹੁੰਚੇ ਹਨ। ਲਾਹਨਤਾਂ ਤਾਂ ਇਨ੍ਹਾਂ ਮੰਤਰੀਆਂ ਤੇ ਸੰਤਰੀਆਂ ਨੂੰ ਹਰ ਥਾਂ ਹੀ ਪੈ ਰਹੀਆਂ ਹਨ, ਪਰ ਇਨ੍ਹਾਂ ਦਾ ਜੋ ਸਵਾਗਤ ਇੱਟਾਂ-ਰੋੜਿਆਂ ਤੇ ਜੁੱਤੀਆਂ ਨਾਲ ਨਿਊ ਯਾਰਕ ਵਿਚ ਹੋਇਆ ਹੈ, ਉਸ ਨੇ ਪੰਜਾਬ ਸਰਕਾਰ ਦੀਆਂ ਆਸਾਂ ਉਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ।

ਜੇਲ੍ਹਾਂ ਵਿਚ ਸਜ਼ਾਵਾਂ ਕੱਟ ਚੁੱਕੇ ਅਣਗਿਣਤ ਸਿੱਖਾਂ ਨੂੰ ਰਿਹਾ ਨਾ ਕਰਵਾ ਸਕਣਾ, ਸੰਨ ਚੁਰਾਸੀ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਨਾ ਦਿਵਾ ਸਕਣਾ, ਬੀ.ਜੇ.ਪੀ. ਦੇ ਪੈਰਾਂ ਵਿਚ ਬੈਠ ਕੇ ਵਜ਼ੀਰੀਆਂ ਲੈਣੀਆਂ, ਇਹ ਪੰਜਾਬ ਨਾਲ ਫਰੇਬ ਨਹੀਂ ਤਾਂ ਹੋਰ ਕੀ ਹੈ? ਹੁਣ ਤਾਂ ਇਹ ਸਵਾਲ ਵੀ ਸਭ ਦੀ ਜ਼ੁਬਾਨ ਉਤੇ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੈਨੇਡਾ ਅਤੇ ਅਮਰੀਕਾ ਦਾ ਗੇੜਾ ਖੁਦ ਕਿਉਂ ਨਹੀਂ ਲਾਉਂਦੇ? ਦਰਅਸਲ, ਹੁਣ ਜੰਗ ਦਾ ਬਿਗਲ ਵੱਜ ਚੁੱਕਾ ਹੈ ਅਤੇ ਇਹ ਖਬਰ ਬਾਦਲਾਂ ਨੂੰ ਵੀ ਹੋ ਗਈ ਹੋਈ ਹੈ। ਜ਼ੁਲਮ ਦੀ ਸ਼ੂਕਦੀ ਹਨੇਰੀ ਨੂੰ ਹੁਣ ਇਹ ਸੁਨੇਹਾ ਮਿਲ ਚੁੱਕਾ ਹੈ ਕਿ ਕੈਨੇਡਾ-ਅਮਰੀਕਾ ਵਿਚ ਵੱਸਦੇ ਪੰਜਾਬੀ ਇਸ ਹਨੇਰੀ ਨੂੰ ਠੱਲ੍ਹ ਪਾਉਣ ਅਤੇ ਪੰਜਾਬ ਨੂੰ ਬਚਾਉਣ ਤੁਰ ਪਏ ਹਨ। ਇਹ ਕਾਫ਼ਲੇ ਹੁਣ ਰੁਕਣਗੇ ਨਹੀਂ।

# ਕੈਲੇਫੋਰਨੀਆ ਗਤਕਾ ਦਲ ਵੱਲੋਂ ਗਤਕਾ ਕੈਂਪ



**ਸੈਨ ਹੋਜ਼ੇ (ਬਿਊਰੋ):** ਮੀਰੀ-ਪੀਰੀ, ਸੰਤ-ਸਿਪਾਹੀ ਤੇ ਦੇਗ-ਤੇਗ ਫਤਿਹ ਦੇ ਮਹਾਨ ਸਿੱਖ ਫਲਸਫੇ ਨੂੰ ਪ੍ਰਣਾਈ ਜਥੇਬੰਦੀ ਕੈਲੀਫੋਰਨੀਆ ਗਤਕਾ ਦਲ ਨੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਤਿੰਨ ਦਿਨਾਂ ਦਾ ਵਿਸ਼ੇਸ਼ ਗਤਕਾ ਕੈਂਪ ਲਾਇਆ। ਕੈਂਪ ਵਿਚ ਮਨਟੀਕਾ, ਰਿਵਰਸਾਈਡ, ਯੂਬਾ ਸਿਟੀ, ਸੈਕਰਾਮੈਂਟੋ, ਫਰਿਜ਼ਨੋ, ਬੇਕਰਜ਼ਫੀਲਡ, ਟਰੇਸੀ, ਮਾਡੈਸਟੋ-ਸਿਰੀਜ਼, ਸਟਾਕਟਨ, ਫਰੀਮਾਂਟ ਤੇ ਐਲ ਸਬਰਾਂਟੇ ਦੀਆਂ ਗਤਕਾ ਮਿਸਲਾਂ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪੇ ਸ਼ਾਮਲ ਹੋਏ।

ਗਤਕਾ ਕੈਂਪ ਵਿਚ ਕੈਲੇਫੋਰਨੀਆ ਗਤਕਾ ਦਲ ਦੇ ਜਥੇਦਾਰਾਂ ਨੇ ਸਿੱਖੀ ਦੇ ਮੁਢਲੇ ਸਿਧਾਂਤਾਂ ਦੀ ਵਾਰਤਾ ਤੇ ਗਤਕੇ ਦਾ ਗੁਰੂ ਇਤਿਹਾਸ ਪੜਚੋਲ ਨਾਲ ਸੁਣਾਇਆ। ਬਾਣੀ ਤੇ ਬਾਣੇ ਦੇ ਅਸਲ ਜੀਵਨ ਦੀ ਸੋਝੀ ਦੱਸੀ ਤੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਿੱਖੀ ਚਰਿੱਤਰ ਨੂੰ ਇਲਾਹੀ ਗੁਰਬਾਣੀ ਅਨੁਸਾਰ ਨਿਖਾਰਨਾ, ਉਚਾ-ਸੁਚਾ ਰਖਣਾ ਤੇ ਸਰਬੱਤ ਦੇ ਭਲੇ ਲਈ 'ਰਾਜ ਕਰੇਗਾ ਖਾਲਸਾ' ਦਾ ਨਿਸ਼ਾਨਾ ਸਾਹਮਣੇ ਰਖਣਾ, ਸਿੱਖੀ ਦੇ ਅਸਲ ਅਸੂਲ ਹਨ।

ਸਵੇਰੇ ਸ਼ਾਮ ਨਿੱਤਨੇਮ ਕੀਤੇ ਗਏ ਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗੁਰਦੁਆਰਾ ਕਮੇਟੀ ਵੱਲੋਂ ਭਾਈ ਸੁਖਦੇਵ ਸਿੰਘ ਬੈਨੀਵਾਲ ਨੇ ਸਣੇ ਪਰਿਵਾਰ ਆਪ ਗਤਕਾ ਕੈਂਪ ਦੌਰਾਨ ਤਿੰਨੇ ਦਿਨ ਸੇਵਾ ਨਿਭਾਈ। ਗਤਕਾ ਅਖਾੜਾ ਲਾਇਆ ਗਿਆ।

ਕਮੇਟੀ ਵੱਲੋਂ ਜਥੇਦਾਰ ਬਾਬਾ ਚਤਰ ਸਿੰਘ, ਜਥੇਦਾਰ ਦੀਦਾਰ ਸਿੰਘ, ਭਾਈ ਸੁੱਖਾ ਸਿੱਖ, ਗਤਕਾ ਅਖਾੜੇ ਦੇ ਬੁਲਾਰੇ ਭਾਈ ਰਣਜੀਤ ਸਿੰਘ, ਭਾਈ ਅਕਾਲ ਸਿੰਘ, ਭਾਈ ਨਿਹਾਲ ਸਿੰਘ, ਜਥੇਦਾਰ ਬਲਜੀਤ ਸਿੰਘ, ਜਥੇਦਾਰ ਰਾਜ ਸਿੰਘ ਤੇ ਜਥੇਦਾਰ ਅੰਮ੍ਰਿਤ ਸਿੰਘ ਨੂੰ ਗੁਰਦੁਆਰਾ ਕਮੇਟੀ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

# ਸਨੀਵੇਲ ਤੀਆਂ ਵਿਚ ਲੋਕ ਨਾਚ

**ਸਨੀਵੇਲ (ਬਿਊਰੋ):** ਇਥੇ ਇੰਡੋ-ਅਮੈਰਿਕਨ ਸੁਸਾਇਟੀ ਆਫ਼ ਬੇ-ਏਰੀਆ ਵੱਲੋਂ ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਰਵਾਇਤੀ ਤੀਆਂ ਦੇ ਮੇਲਾ ਸਨੀਵੇਲ ਹਿੰਦੂ ਟੈਂਪਲ ਦੇ ਕਮਿਊਨਿਟੀ ਸੈਂਟਰ ਵਿਚ ਕਰਵਾਇਆ ਗਿਆ ਜਿਸ ਵਿਚ ਬੀਬੀਆਂ, ਬੱਚਿਆਂ ਤੇ ਮੁਟਿਆਰਾਂ ਨੇ ਭਰਵੀਂ ਸ਼ਿਰਕਤ ਕੀਤੀ। ਲੰਮੇ ਅਰਸੇ ਤੋਂ ਬੇ-ਏਰੀਆ ਵਿਚ ਇਕ ਤਰ੍ਹਾਂ ਨਾਲ ਤੀਆਂ ਦੇ ਮੇਲੇ ਦੀ ਮੋਢੀ ਕਰ ਕੇ ਜਾਣੀ ਜਾਂਦੀ ਭੂਆ ਛੀਨਾ ਨੇ ਇਸ ਵਾਰ ਸੰਮੀ ਲੋਕ ਨਾਚ ਦੀ ਪੇਸ਼ਕਾਰੀ ਕਰਵਾ ਕੇ ਕਮਾਲ ਦੀ ਨਵੀਂ ਦਿਖ ਤੀਆਂ ਦੇ ਇਕੱਠ ਨੂੰ ਵਿਖਾਈ। ਅਟਾਰਨੀ ਗਿੰਨੀ ਬੇਦੀ ਵੱਲੋਂ ਤਿਆਰ ਇਸ ਲੋਕ ਨਾਚ ਦਾ ਹਾਜ਼ਰ ਬੀਬੀਆਂ ਨੇ ਭਰਵਾਂ ਲੁਤਫ਼ ਲਿਆ।



ਮੇਲੇ ਦੀ ਸ਼ੁਰੂਆਤੀ ਰਸਮ ਵਿਚ ਨਿੱਕੇ ਬੱਚਿਆਂ ਲਈ ਕਰਵਾਏ ਪ੍ਰੋਗਰਾਮ, ਆਉਣ ਵਾਲੀਆਂ ਨਸਲਾਂ ਨੂੰ ਵਿਰਸੇ ਨਾਲ ਜੋੜਨ ਦਾ ਸਫ਼ਲ ਯਤਨ ਸਨ। ਗਿੰਨੀ ਬੇਦੀ, ਸੋਨੀਆ ਚੇੜਾ ਤੇ ਜੱਸੀ ਬਣਵੈਤ ਦੀ ਅਗਵਾਈ ਵਿਚ ਪੇਸ਼ ਗਿੱਧਾ ਆਪਣਾ ਹੀ ਰਸ ਬਿਖੇਰ ਗਿਆ। ਹਾਸਰਸ ਰੰਗ, ਸਕਿੱਟਾਂ, ਐਕਸ਼ਨ ਸਾਂਗ ਤੋਂ ਇਲਾਵਾ ਸੁਲਤਾਨ ਅਖਤਰ ਤੇ ਗੁਰਜੀਤ ਜੀਤੀ ਨੇ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਚੰਗੀ ਧਮਾਲ ਪਾਈ। ਭੂਆ ਛੀਨਾ ਨੇ ਕਿਹਾ ਕਿ ਉਹ ਲੰਮੇ ਅਰਸੇ ਤੋਂ ਕਲਚਰ ਨੂੰ ਸਮਰਪਿਤ ਹੈ ਅਤੇ ਆਉਣ ਵਾਲੇ ਸਮੇਂ ਵਿਚ ਉਹ ਆਪਣੀਆਂ ਵਿਰਾਸਤੀ ਸਰਗਰਮੀਆਂ ਨੂੰ ਹੋਰ ਤੇਜ਼ ਕਰੇਗੀ। ਉਸ ਨੇ ਟੀਨਾ ਭਨੋਟ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ। ਖਾਣ-ਪੀਣ ਤੋਂ ਇਲਾਵਾ ਖਰੀਦੋ-ਫਰੋਖਤ ਦੇ ਸਟਾਲ ਵੀ ਲਗਾਏ ਗਏ ਸਨ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

# ਸ਼੍ਰੋਮਣੀ ਕਮੇਟੀ ਦੇ 6 ਮੁਲਾਜ਼ਮਾਂ ਖਿਲਾਫ ਕੇਸ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਛੇ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਕੀਰਤਪੁਰ ਸਾਹਿਬ ਦੇ ਇਤਿਹਾਸਿਕ ਗੁਰਦੁਆਰਾ ਬਾਬਾ ਗੁਰਦਿੱਤਾ ਜੀ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਉਲਟੀ ਕਰਨ ਤੋਂ ਬਾਅਦ ਅਖੰਡ ਪਾਠ ਨੂੰ ਖੰਡਿਤ ਕਰਕੇ ਮੌਕੇ ਉਤੇ ਪਏ ਸਬੂਤਾਂ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ ਵਿਚ ਇਹ ਕਾਰਵਾਈ ਕੀਤੀ ਗਈ ਹੈ।

ਇਸ ਮਾਮਲੇ ਵਿਚ ਤਖ਼ਤ ਕੇਸਗੜ੍ਹ ਸਾਹਿਬ ਦੇ ਐਡੀਸ਼ਨਲ ਮੈਨੇਜਰ ਰਣਬੀਰ ਸਿੰਘ ਕਲੌਤਾ ਵੱਲੋਂ ਦਿੱਤੀ ਸ਼ਿਕਾਇਤ ਦੇ ਆਧਾਰ ਉਤੇ ਕੀਰਤਪੁਰ ਸਾਹਿਬ ਪੁਲਿਸ ਨੇ ਸ਼੍ਰੋਮਣੀ ਕਮੇਟੀ ਦੇ ਅੱਧੀ ਦਰਜਨ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਮੁਤਾਬਕ ਐਡੀਸ਼ਨਲ ਮੈਨੇਜਰ ਰਣਬੀਰ ਸਿੰਘ ਵੱਲੋਂ ਸ਼ਿਕਾਇਤ ਦਿੱਤੀ ਗਈ ਹੈ ਕਿ ਅਖੰਡ ਪਾਠ ਕਰਨ ਵਾਲੇ ਹਿੰਮਤ ਸਿੰਘ, ਸੀਨੀਅਰ ਗ੍ਰੰਥੀ ਜ਼ੈਮਲ ਸਿੰਘ ਅਤੇ ਰੁਪਿੰਦਰ ਸਿੰਘ, ਸੇਵਾਦਾਰ ਗੁਰਬੇਸ ਸਿੰਘ ਤੇ ਹਰਭਜਨ ਸਿੰਘ ਸਮੇਤ ਮੀਤ ਮੈਨੇਜਰ ਅਮਰੀਕ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ। ਇਸ ਕਰਕੇ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਸ਼ਿਕਾਇਤ ਦੀ ਮੁਢਲੀ ਪੜਤਾਲ ਤੋਂ ਬਾਅਦ ਇਨ੍ਹਾਂ ਛੇ ਜਣਿਆਂ ਖ਼ਿਲਾਫ਼ ਧਾਰਾ 295 ਏ, 120 ਵੀ, 201 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਹੈ।

# ਡੇਰਾ ਸਿਰਸਾ ਮੁਖੀ ਦੀ ਫਿਲਮ ਉਤੇ ਰੋਕ ਜਾਰੀ ਰਹੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਡੇਰਾ ਸਿਰਸਾ ਮੁਖੀ ਦੀ ਵਿਵਾਦਿਤ ਫ਼ਿਲਮ ਐਮ.ਐੱਸ.ਜੀ.-ਦ ਮੈਸੇਂਜਰ ਆਫ਼ ਗਾਡ ਉਤੇ ਇਸ ਸਾਲ ਦੀ ਸ਼ੁਰੂਆਤ ਵਿਚ ਲਾਈ ਰੋਕ ਜਾਰੀ ਰਹੇਗੀ। ਹਾਈਕੋਰਟ ਨੇ ਫ਼ਿਲਮ ਤੋਂ ਰੋਕ ਹਟਾਉਣ ਦੀ ਮੰਗ ਖ਼ਾਰਜ ਕਰ ਦਿੱਤੀ ਹੈ।

ਡਿਵੀਜ਼ਨ ਬੈਂਚ ਨੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਇਹ ਮਾਮਲਾ ਜਨਹਿਤ ਨਾਲ ਜੁੜਿਆ ਨਹੀਂ ਹੈ। ਅਜਿਹੇ ਵਿਚ ਜਨਹਿਤ ਮੰਗ ਦੇ ਤੌਰ ਉਤੇ ਇਸ ਦੀ ਸੁਣਵਾਈ ਨਹੀਂ ਕੀਤੀ ਜਾ ਸਕਦੀ।

ਪਟਿਆਲਾ ਨਿਵਾਸੀ ਪਰਵੀਨ ਕੋਮਲ ਨਾਮੀ ਵਿਅਕਤੀ ਵੱਲੋਂ ਇਹ ਪਟੀਸ਼ਨ ਦਾਇਰ ਕਰਕੇ ਕਿਹਾ ਗਿਆ ਸੀ ਕਿ ਇਸ ਫ਼ਿਲਮ ਨੂੰ ਪੂਰੇ ਦੇਸ਼ ਵਿਚ ਰਿਲੀਜ਼ ਕੀਤਾ ਗਿਆ ਸੀ ਤੇ ਕਿਧਰੇ ਵੀ ਕਿਸੇ ਪ੍ਰਕਾਰ ਦੀ ਕੋਈ ਹਿੰਸਾ ਨਹੀਂ ਹੋਈ। ਅਜਿਹੇ ਵਿਚ ਇਸ ਫ਼ਿਲਮ ਕਾਰਨ ਪੰਜਾਬ ਵਿਚ ਹਿੰਸਾ ਜਾਂ ਕੋਈ ਵਿਵਾਦ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ, ਜਿਸ ਕਰਕੇ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਫ਼ਿਲਮ ਦੀ ਰਿਲੀਜ਼ ਉਤੇ ਲਾਈ ਰੋਕ ਨੂੰ ਹਟਾਇਆ ਜਾਵੇ।

Entry Free
"ਆਜੋ ਕੁੜੀਓ ਨੀ ਤੁਹਾਨੂੰ ਗਿੱਧਾ ਵਾਜਾਂ ਮਾਰਦਾ"
Entry Free
P.C.S. Sacramento
ਵਲੋਂ ਪੇਸ਼ ਹੈ 15ਵੀਆਂ
ਤੀਆਂ
TEEYAN


On Sunday, the 16th AUGUST 2015 At 1.00 P. M.
AT S.E.S. Hall
10427 E. STOCKTON BLVD. ELK GROVE, CA 95624
Featuring : Songs, Gidha, Dances, Skits, D.J. and Much More
All LADIES AND GIRLS ARE INVITED
ORGANIZING COMMITTEE
Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Simran Sandhu, Aman Kaur, Harinder Kaur, Laddi Thandi, Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala
For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010,
Email: palpharwala@yahoo.com | Website : www.sacpcs.com
ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।
ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਸਿੱਖ ਗੁਰਦੁਆਰਾ, ਸੈਨ ਹੋਜ਼ੇ ਦੀਆਂ ਚੋਣਾਂ

# ਸਾਧ ਸੰਗਤ ਸਲੇਟ

ਗੁਰੂ ਪਿਆਰੀ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰਦੁਆਰਾ ਸੁਧਾਰ ਕਮੇਟੀ, ਸੈਨ ਹੋਜ਼ੇ ਨੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਲੰਮੇ ਸੰਘਰਸ਼ ਅਤੇ ਕਾਨੂੰਨੀ ਲੜਾਈ ਲੜ ਕੇ ਸਿੱਖ ਗੁਰਦੁਆਰਾ, ਸੈਨ ਹੋਜ਼ੇ ਦੀ ਸਮੂਹ ਜਨਰਲ ਬਾਡੀ ਦੇ ਵੋਟ ਪਾਉਣ ਦੇ ਹੱਕਾਂ ਨੂੰ ਬਹਾਲ ਕਰਾਇਆ ਹੈ। ਇਸ ਸੰਘਰਸ਼ ਦੀ ਕਾਮਯਾਬੀ ਦਾ ਸਦਕਾ ਹੀ ਇਸ ਗੁਰਦੁਆਰਾ ਸਾਹਿਬ ਵਿਚ ਪਿਛਲੇ 30 ਸਾਲਾਂ ਵਿਚ ਪਹਿਲੀ ਵਾਰੀ ਸਮੁਚੀ ਪ੍ਰਬੰਧਕ ਕਮੇਟੀ ਦੀ ਚੋਣ ਹੋ ਰਹੀ ਹੈ। ਹੁਣ ਕੋਈ ਵੀ ਕਮੇਟੀ ਮੁਠੀ ਭਰ ਪਰਿਵਾਰਾਂ ਅਤੇ ਹਮਾਇਤੀਆਂ ਦੀ ਮਦਦ ਨਾਲ ਜਨਰਲ ਬਾਡੀ ਨੂੰ ਸੂਚਿਤ ਕੀਤੇ ਬਿਨਾ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿਚ ਮਨਮਰਜ਼ੀ ਦੀਆਂ ਸੋਧਾਂ ਕਰ ਕੇ ਉਮਰ ਭਰ ਲਈ ਗੁਰਦੁਆਰਾ ਸਾਹਿਬ ਤੇ ਕਾਬਜ ਹੋਣ ਦਾ ਹੀਆ ਨਹੀਂ ਕਰ ਸਕੇਗੀ।

ਹੁਣ ਤਬਦੀਲੀ ਦਾ ਸਮਾਂ ਆ ਗਿਆ ਹੈ। ਇਸ ਤਬਦੀਲੀ ਨੂੰ ਅਮਲੀ ਰੂਪ ਦੇਣ ਲਈ ਸਾਡਾ ਸਾਥ ਦਿਓ। ਇਹ ਇਤਿਹਾਸਕ ਤਬਦੀਲੀ ਕਰਨ ਦੀ ਤਾਕਤ ਸਿਰਫ ਆਪ ਜੀ ਦੇ ਕੋਲ ਹੈ। ਇਸ ਤਾਕਤ ਨੂੰ ਵੋਟ ਪਾ ਕੇ ਇਸਤੇਮਾਲ ਕਰੋ। ਸਾਧ ਸੰਗਤ ਸਲੇਟ ਤੁਹਾਡੀ ਆਪਣੀ ਸਲੇਟ ਹੈ ਜਿਸ ਦੇ ਉਮੀਦਵਾਰਾਂ ਨੇ ਤੁਹਾਡੇ ਹੱਕਾਂ ਦੀ ਬਹਾਲੀ ਲਈ ਅਹਿਮ ਰੋਲ ਅਦਾ ਕੀਤਾ ਹੈ। ਇਹ ਉਮੀਦਵਾਰ ਆਪ ਜੀ ਦੀ ਅਵਾਜ਼ ਬਣ ਕੇ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਬਹੁਤ ਵਧੀਆ ਤਰੀਕੇ ਅਤੇ ਪੰਥਕ ਰਵਾਇਤਾਂ ਅਨੁਸਾਰ ਚਲਾਉਣ ਦਾ ਵਾਅਦਾ ਕਰਦੇ ਹਨ। ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪਣਾ ਕੀਮਤੀ ਵੋਟ ਦੇ ਕੇ ਇਨ੍ਹਾਂ ਉਮੀਦਵਾਰਾਂ ਨੂੰ ਕਾਮਯਾਬ ਕਰੋ:


Dr. Tarlochan Singh Nahal
ਡਾ. ਤਰਲੋਚਨ ਸਿੰਘ ਨਾਹਲ


Bhai Gurmail Singh Bath
ਭਾਈ ਗੁਰਮੇਲ ਸਿੰਘ ਖਾਲਸਾ (ਬਾਠ)



Bhai Bhupinder Singh Cheema
ਭਾਈ ਭੁਪਿੰਦਰ ਸਿੰਘ ਚੀਮਾ


Bhai Jagjit Singh Mand
ਭਾਈ ਜਗਜੀਤ ਸਿੰਘ ਮੰਡ


Bhai Sukhwinder Singh Mann
ਭਾਈ ਸੁਖਵਿੰਦਰ ਸਿੰਘ ਮਾਨ


Bibi Surinderjit Kaur
ਬੀਬੀ ਸੁਰਿੰਦਰਜੀਤ ਕੌਰ


Bibi Surinder Kaur
ਬੀਬੀ ਸੁਰਿੰਦਰ ਕੌਰ


Bibi Davinder Kaur Pannu
ਬੀਬੀ ਦਵਿੰਦਰ ਕੌਰ ਪੰਨੂੰ


Bhai Onkar Singh
ਭਾਈ ਉਂਕਾਰ ਸਿੰਘ


Bhai Siasat Singh
ਭਾਈ ਸਿਆਸਤ ਸਿੰਘ


Bhai Balkar Singh
ਭਾਈ ਬਲਕਾਰ ਸਿੰਘ


Bhai Bahadur Singh Sandhu
ਭਾਈ ਬਹਾਦਰ ਸਿੰਘ ਸੰਧੂ


Bhai Jaspal Singh
ਭਾਈ ਜਸਪਾਲ ਸਿੰਘ



Bhai Gurbachan Singh (Tanda)
ਭਾਈ ਗੁਰਬਚਨ ਸਿੰਘ (ਟਾਂਡਾ)


Bhai Kamaljeet Singh
ਭਾਈ ਕਮਲਜੀਤ ਸਿੰਘ


Bhai Bhupinder Singh
ਭਾਈ ਭੁਪਿੰਦਰ ਸਿੰਘ


Bhai Manpreet Singh Badesha
ਭਾਈ ਮਨਪ੍ਰੀਤ ਸਿੰਘ ਬਿਦੇਸ਼ਾ


Bhai Avtar Singh Khella
ਭਾਈ ਅਵਤਾਰ ਸਿੰਘ ਖੇਲਾ


Bhai Gurvinder Singh Prince
ਭਾਈ ਗੁਰਵਿੰਦਰ ਸਿੰਘ ਪ੍ਰਿੰਸ


Bhai Iqbal Singh Mann
ਭਾਈ ਇਕਬਾਲ ਸਿੰਘ ਮਾਨ

## Sadh Sangat Slate, Sikh Gurdwara - San Jose

www.sudharcommittee.com

### ਬੇਨਤੀ ਕਰਤਾ

| | | | | |
|---|---|---|---|---|
| ਡਾ. ਤਰਲੋਚਨ ਸਿੰਘ ਨਾਹਲ (408) 629-1958 | ਭਾਈ ਗੁਰਮੇਲ ਸਿੰਘ ਖਾਲਸਾ (408) 509-1082 | ਭਾਈ ਜਗਜੀਤ ਸਿੰਘ ਮੰਡ (408) 858-3845 | ਭਾਈ ਦਲਜੀਤ ਸਿੰਘ (408) 332-6780 | ਭਾਈ ਜਸਵੰਤ ਸਿੰਘ ਹੋਠੀ (408) 898-7056 |
| ਭਾਈ ਬਲਬੀਰ ਸਿੰਘ ਢਿੱਲੋਂ (408) 772-0600 | ਭਾਈ ਹਰਦੁਮਨ ਸਿੰਘ ਸੰਘੇੜਾ (408) 520-8800 | ਭਾਈ ਗੁਰਦਿਆਲ ਸਿੰਘ (408) 469-9749 | ਭਾਈ ਰਾਜਵੰਤ ਸਿੰਘ (650) 883-3442 | ਭਾਈ ਭੁਪਿੰਦਰ ਸਿੰਘ ਚੀਮਾ (408) 203-8054 |

# ਕੌਮਾਂਤਰੀ ਸਚਿੱਤਰ ਮੈਗਜ਼ੀਨ 'ਇੱਕੀ' ਹੋਇਆ ਦਸ ਦੇਸ਼ਾਂ 'ਚ ਰਿਲੀਜ਼

**ਜਲੰਧਰ (ਬਿਊਰੋ):** ਪੰਜਾਬੀ ਸਾਹਿਤ, ਸੱਭਿਆਚਾਰ ਤੇ ਜ਼ੁਬਾਨ ਦੀ ਪੰਜਾਬ ਦੇ ਪਿੰਡ ਭੌਰੇ ਤੋਂ ਲੈ ਕੇ ਅਮਰੀਕਾ ਦੇ ਨਾਮੀ ਸ਼ਹਿਰ ਸੈਕਰਾਮੈਂਟੋ ਤੋਂ ਹੁੰਦੇ ਹੋਏ ਸਮੁੱਚੇ ਸੰਸਾਰ ਵਿਚ ਆਪਣੀ ਲੇਖਣੀ ਤੇ ਪੱਤਰਕਾਰੀ ਨਾਲ ਮਹਿਕਾਂ ਬਿਖੇਰਨ ਵਾਲ਼ੇ ਸ਼੍ਰੀ ਐਸ. ਅਸ਼ੋਕ ਭੌਰਾ ਨੇ ਕੌਮਾਂਤਰੀ ਪੰਜਾਬੀ ਮੈਗਜ਼ੀਨ '21' ਦੁਨੀਆਂ ਭਰ ਦੇ ਕਰੀਬ 10 ਮੁਲਕਾਂ ਵਿਚ ਰਿਲੀਜ਼ ਕਰਵਾ ਕੇ ਪੰਜਾਬ ਤੇ ਪੰਜਾਬੀ ਲਈ ਜ਼ਿਕਰਯੋਗ ਕਾਰਜ ਕੀਤਾ ਹੈ। ਐਸ. ਅਸ਼ੋਕ ਭੌਰਾ ਦੀ ਸੰਪਾਦਨਾ ਤੇ ਪ੍ਰਬੰਧਾਂ ਹੇਠ ਜਾਰੀ ਇਹ



ਸ਼ਾਇਰ ਸੁਰਜੀਤ ਪਾਤਰ ਜਲੰਧਰ ਪ੍ਰੈਸ ਕਲੱਬ 'ਚ 'ਇੱਕੀ' ਰਿਲੀਜ਼ ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਨਾਲ ਬੈਠੇ ਹਨ ਜਸਵੰਤ ਸਿੰਘ ਕੰਵਲ ਤੇ ਓਮ ਗੌਰੀ ਦੱਤ ਸ਼ਰਮਾ।

ਮੈਗਜ਼ੀਨ ਉਸ ਦੀ ਉਮਰ ਭਰ ਦੀ ਤਨੋਂ, ਮਨੋਂ ਤੇ ਧਨੋਂ ਅਤੇ ਸੂਖਮ ਤੇ ਸਹੀ ਸੋਚ ਦਾ ਸਿੱਟਾ ਹੈ। 148 ਸਫਿਆਂ ਦਾ ਗਲੇਜ਼ਡ ਪੇਪਰ ਉਪਰ ਇਹ ਸਚਿੱਤਰ ਤ੍ਰੈ-ਮਾਸਿਕ ਪੰਜਾਬੀ ਮੈਗਜ਼ੀਨ 'ਇੱਕੀ' ਜਲੰਧਰ ਦੇ ਪ੍ਰੈਸ ਕਲੱਬ ਵਿਖੇ ਸ਼੍ਰੀ ਜੋਗਿੰਦਰ ਸੰਧੂ ਦੀ ਸਰਪ੍ਰਸਤੀ ਹੇਠ ਨਾਮਵਰ ਨਾਵਲਕਾਰ ਡਾ. ਜਸਵੰਤ ਸਿੰਘ ਕੰਵਲ, ਸ਼ਾਇਰ ਸੁਰਜੀਤ ਪਾਤਰ, ਅਖਬਾਰ ਅਜੀਤ ਦੇ ਕਾਰਜਕਾਰੀ ਸੰਪਾਦਕ ਸਤਨਾਮ ਮਾਣਕ, ਦੂਰਦਰਸ਼ਨ ਜਲੰਧਰ ਦੇ ਡਿਪਟੀ ਡਾਇਰੈਕਟਰ ਓਮ ਗੋਰੀ ਦੱਤ ਸ਼ਰਮਾ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਕ੍ਰਿਪਾਲ ਸਿੰਘ ਕਸੇਲ ਤੇ ਦੀਪਕ ਬਾਲੀ ਵਲੋਂ ਰਿਲੀਜ਼ ਕੀਤਾ ਗਿਆ।

ਰਸਾਲੇ ਦੇ ਸੰਪਾਦਕ ਜੋਗਿੰਦਰ ਸੰਧੂ ਨੇ ਦੱਸਿਆ ਕਿ 21ਵੀਂ ਸਦੀ ਦਾ ਪਹਿਲਾ ਅੰਤਰ-ਰਾਸ਼ਟਰੀ ਤ੍ਰੈ-ਮਾਸਿਕ ਪੰਜਾਬੀ ਮੈਗਜ਼ੀਨ 'ਇੱਕੀ' ਇੱਕੋ ਸਮੇਂ ਲਾਹੌਰ ਸਮੇਤ ਦੁਨੀਆਂ ਦੇ ਦਸ ਮੁਲਕਾਂ ਵਿਚ ਰਿਲੀਜ਼ ਹੋ ਰਿਹਾ ਹੈ। ਇਸ ਦੇ ਮੁੱਖ ਸੰਪਾਦਕ ਤੇ ਮੁੱਖ ਪ੍ਰਬੰਧਕ ਸ਼੍ਰੀ ਐਸ ਅਸ਼ੋਕ ਭੌਰਾ, ਪ੍ਰਬੰਧਕੀ ਨਿਰਦੇਸ਼ਕ ਸ਼੍ਰੀ ਮਨਵੀਰ ਭੌਰਾ ਅਮਰੀਕਾ ਤੇ ਮੈਨੇਜਰ ਅਨਮੋਲ ਜੀ ਹਨ।

ਪੱਤਰਕਾਰ ਕੁਲਦੀਪ ਸਿੰਘ ਬੇਦੀ ਨੇ ਆਸ ਪ੍ਰਗਟਾਈ ਕਿ ਇਹ ਮੈਗਜ਼ੀਨ ਪੰਜਾਬੀ ਮਾਂ ਬੋਲੀ ਨੂੰ ਅੰਗਰੇਜ਼ੀ ਦੇ ਲੱਗ ਰਹੇ ਗ੍ਰਹਿਣ ਤੋਂ ਬਚਾ ਕੇ




ਵਰਿਆਮ ਸੰਧੂ, ਇਕਬਾਲ ਮਾਹਲ, ਗੁਰਦਿਆਲ ਬੱਲ, ਹਰਿੰਦਰ ਬੀਸਲਾ ਅਤੇ ਡਾ. ਨਾਹਰ ਸਿੰਘ ਟੋਰਾਂਟੋ 'ਚ ਮੈਗਜ਼ੀਨ 'ਇੱਕੀ' ਜਾਰੀ ਕਰਦਿਆਂ।

ਰੱਖੇਗਾ। ਇਸ ਦੀ ਦਿੱਖ ਤੇ ਮੈਟਰ ਆਪਣੇ ਆਪ ਇਹ ਸੱਚਾਈ ਬਿਆਨ ਕਰ ਰਹੇ ਹਨ।

ਸਤਨਾਮ ਮਾਣਕ ਨੇ ਕਿਹਾ ਕਿ ਅਸ਼ੋਕ ਭੌਰਾ ਪੰਜਾਬੀ ਸਾਹਿਤ ਸੱਭਿਆਚਾਰ ਤੇ ਪੱਤਰਕਾਰੀ ਵਿਚ ਜਾਣਿਆ-ਪਹਿਚਾਣਿਆ ਨਾਮ ਹੈ। ਉਹ ਮੇਰਾ ਮਿੱਤਰ ਹੈ ਪਰ ਮੈਂ ਉਸ ਨੂੰ ਪੰਜਾਬੀ ਲੇਖਣੀ ਤੇ ਪੱਤਰਕਾਰੀ ਕਰ ਕੇ ਵੱਧ ਜਾਣਦਾ ਹਾਂ। ਅਸ਼ੋਕ ਭੌਰੇ ਨੇ ਉਸ ਸਮੇਂ ਅੰਤਰ-ਰਾਸ਼ਟਰੀ ਪੱਧਰ 'ਤੇ 'ਇੱਕੀ' ਰਸਾਲੇ ਰਾਹੀਂ ਠੋਸ ਤੇ ਨਿੱਗਰ ਯਤਨ ਕੀਤਾ ਹੈ ਜਦੋਂ ਹੁਕਮਰਾਨ ਹੀ ਪੰਜਾਬੀ ਨੂੰ ਵਿਸਾਰਨ ਵਿਚ ਜੁੱਟੇ ਹੋਏ ਹਨ। ਅਸ਼ੋਕ ਭੌਰਾ ਦੇ ਇਸ ਵੱਡੇ ਤੇ ਸਾਰਥਕ ਯਤਨ ਨੂੰ ਸਲਾਮ ਆਖਦਿਆਂ ਉਨ੍ਹਾਂ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਜੇਕਰ ਕੋਈ ਫੇਸਬੁੱਕ ਉਪਰ ਵੀ ਚੰਦ ਲਾਈਨਾਂ ਪੰਜਾਬੀ ਵਿਚ ਲਿਖਦਾ ਹੈ ਤਾਂ ਮੈਂ ਉਸ ਨੂੰ ਵੀ ਸਲਾਮ ਕਰਦਾ ਹਾਂ। ਉਨ੍ਹਾਂ ਆਸ ਪ੍ਰਗਟਾਈ ਕਿ ਭੌਰੇ ਦਾ ਇਹ ਉਪਰਾਲਾ ਪੰਜਾਬੀ ਮਾਂ ਬੋਲੀ ਨੂੰ ਜਿਉਂਦਾ ਰੱਖਣ ਵਿਚ ਲੰਬੇ ਸਮੇਂ ਤੱਕ ਸਹਾਈ ਹੋਵੇਗਾ। ਓਮ ਗੌਰੀ ਦੱਤ ਸ਼ਰਮਾ ਨੇ ਭੌਰੇ ਦੇ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਰਕਾਰ ਅਜਿਹੇ ਯਤਨਾਂ ਨੂੰ ਖੁੱਲ੍ਹ ਕੇ ਸਰਪ੍ਰਸਤੀ ਦੇਵੇ ਤਾਂ ਕਿ ਪੰਜਾਬੀ ਬੋਲੀ ਉਪਰ ਹਰ ਇੱਕ ਨੂੰ ਮਾਣ ਹੋ ਸਕੇ।

ਸ਼ਾਇਰ ਸੁਰਜੀਤ ਪਾਤਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਸ ਰਾਜ ਵਿਚ ਬੱਚਿਆਂ ਨੂੰ ਮਾਤ ਭਾਸ਼ਾ ਬੋਲਣ 'ਤੇ ਜ਼ੁਰਮਾਨਾ ਲੱਗਦਾ ਹੋਵੇ, ਉਸ ਭਾਸ਼ਾ ਵਿਚ ਇੱਡਾ ਵੱਡਾ ਖਰਚ ਕਰਕੇ ਰੰਗਦਾਰ ਤੇ ਉਹ ਵੀ ਗਲੇਜ਼ਡ ਪੇਪਰ 'ਤੇ ਰਸਾਲਾ ਛਾਪਣਾ ਪੰਜਾਬੀ ਸਾਹਿਤ ਲਈ ਬਹੁਤ ਵੱਡਾ ਕਾਰਜ ਹੈ। ਉਨ੍ਹਾਂ ਕਿਹਾ ਕਿ ਅਸ਼ੋਕ ਭੌਰਾ ਮੇਰਾ ਦੋਸਤ ਹੈ, ਮੈਨੂੰ ਮਾਣ ਹੈ ਕਿ ਉਹ ਇਸ ਮੈਗਜ਼ੀਨ ਰਾਹੀਂ ਪੰਜਾਬੀ ਸਾਹਿਤ ਦੀ ਸੰਭਾਲ ਵਿਚ ਵਿਸ਼ੇਸ਼ ਯੋਗਦਾਨ ਪਾਵੇਗਾ।

ਪ੍ਰੋ. ਕ੍ਰਿਪਾਲ ਸਿੰਘ ਕਸੇਲ ਨੇ ਪੰਜਾਬੀ ਸੰਗੀਤਕ ਵਿੱਦਿਆ ਨੂੰ ਪ੍ਰਾਈਵੇਟ ਪੱਧਰ 'ਤੇ ਮਾਨਤਾ ਦਵਾਉਣ ਦੀ ਮੰਗ ਨੂੰ ਜੋਰਦਾਰ ਢੰਗ ਨਾਲ ਉਭਾਰਿਆ ਤੇ ਦੀਪਕ ਬਾਲੀ ਨੂੰ ਇਸ ਕਾਰਜ ਲਈ ਅਸ਼ੋਕ ਭੌਰਾ ਵਾਂਗ ਅੱਗੇ ਆ ਕੇ ਸਿਰਤੋੜ ਯਤਨ ਕਰਨ ਲਈ ਪ੍ਰੇਰਿਆ। ਪ੍ਰੋ. ਗੁਰਲਾਲ ਸਿੰਘ ਨੇ ਅਸ਼ੋਕ ਭੌਰੇ ਵਲੋਂ ਅਰੰਭ ਕੀਤੇ ਗਏ ਇਸ ਮੈਗਜ਼ੀਨ ਨੂੰ ਜੀ ਆਇਆਂ ਆਖਦਿਆਂ ਯਕੀਨ ਪ੍ਰਗਟਾਇਆ ਕਿ ਮੇਰਾ ਇਹ ਵਿਸ਼ਵਾਸ ਵੀ ਹੈ ਕਿ ਇਹ ਘਟੀਆ ਪੱਧਰ ਦੀ ਸਹਾਇਤਾ ਤੇ ਸਮੱਗਰੀ ਤੋਂ ਦੂਰ ਰਹੇਗਾ ਅਤੇ ਲੰਬੇ ਸਮੇਂ ਤੱਕ ਚੱਲੇਗਾ ਵੀ।

ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਕਿਹਾ ਕਿ ਅਸ਼ੋਕ ਭੌਰੇ ਦਾ ਤਿਆਰ ਕੀਤਾ ਤ੍ਰੈ-ਮਾਸਿਕ ਮੈਗਜ਼ੀਨ ਪੰਜਾਬੀ ਭਾਸ਼ਾ ਲਈ ਸੰਜੀਵਨੀ ਬੂਟੀ ਦਾ ਕੰਮ ਕਰੇਗਾ ਬੇਸ਼ੱਕ ਸਰਕਾਰਾਂ ਕੁਝ ਕਰਨ ਜਾਂ ਨਾ ਕਰਨ। ਉਨ੍ਹਾਂ ਭੌਰੇ ਵਲੋਂ ਪੰਜਾਬੀ ਬੋਲੀ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਸਭ ਨੂੰ ਅਸ਼ੋਕ ਭੌਰੇ ਵਾਂਗ ਪੰਜਾਬੀ ਤੇ ਪੰਜਾਬ ਨੂੰ ਬਚਾਈ ਰੱਖਣ ਦੇ ਹੰਭਲੇ ਮਾਰਨ ਦਾ ਸੱਦਾ ਦਿਤਾ।

ਇਸ ਮੌਕੇ ਸੁਰਜੀਤ ਕੌਰ ਨਈਅਰ, ਪ੍ਰਵੀਨ ਅਬਰੋਲ, ਜਸਪਾਲ ਸਿੰਘ ਜੀਰਵੀ, ਮੱਖਣ ਮਾਨ, ਮੋਹਨ ਸਿੰਘ ਸਹਿਗਲ, ਦੇਸ ਰਾਜ ਕਾਲੀ, ਪ੍ਰੋ. ਖੁਸ਼ਪਾਲ ਸਿੰਘ, ਬਲਜਿੰਦਰ ਮਾਨ, ਰਾਓ ਕੈਂਡੋਵਾਲ਼ ਸਮੇਤ ਉਘੇ ਸਾਹਿਤਕਾਰ ਤੇ ਪੱਤਰਕਾਰ ਹਾਜ਼ਰ ਸਨ। ਮੰਚ ਸੰਚਾਲਨ ਦੀਪਕ ਬਾਲੀ ਨੇ ਕੀਤਾ।

**ਫਰੀਮਾਂਟ, ਕੈਲੀਫੋਰਨੀਆ:** ਨਵਾਂ ਸ਼ੁਰੂ ਹੋਇਆ 'ਇੱਕੀ' ਮੈਗਜ਼ੀਨ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਲਈ ਪੰਜਾਬੀ ਸਾਹਿਤ ਅਤੇ ਸਭਿਆਚਾਰ ਨਾਲ ਜੁੜਨ ਦਾ ਇਕ ਵੱਡਾ ਵਸੀਲਾ ਬਣੇਗਾ। ਇਹ ਵੀ ਮਾਣ ਵਾਲੀ ਗੱਲ ਹੈ ਕਿ ਇਹ ਇੱਕੋ ਵੇਲੇ ਦਸ ਦੇਸ਼ਾਂ ਵਿਚ ਰਿਲੀਜ਼ ਕੀਤੇ ਗਏ ਇਸ ਤ੍ਰੈ-ਮਾਸਿਕ ਦਾ ਅਮਰੀਕਾ ਨਾਲ ਗੂੜਾ ਸਬੰਧ ਹੋਵੇਗਾ ਕਿਉਂਕਿ ਇਸ ਦਾ ਮੁੱਖ ਦਫਤਰ ਵੀ ਕੈਲੀਫੋਰਨੀਆ ਵਿਚ ਹੀ ਹੈ ਅਤੇ ਇਸ ਦਾ ਮੁੱਖ ਸੰਪਾਦਕ ਐਸ ਅਸ਼ੋਕ ਭੌਰਾ ਵੀ ਇਥੇ ਹੀ ਹਨ। ਇਹ ਵਿਚਾਰ ਇਥੇ ਸਵਾਗਤ ਰੈਸਟੋਰੈਂਟ ਵਿਚ 'ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ' ਵਲੋਂ ਕੀਤੇ ਗਏ 'ਇੱਕੀ ਮੈਗਜ਼ੀਨ' ਦੇ ਰਿਲੀਜ਼ ਸਮਾਰੋਹ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪ੍ਰਗਟਾਏ। ਹਾਜ਼ਰੀਨ ਨੇ ਜਿੱਥੇ ਇਸ ਮੈਗਜ਼ੀਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ, ਉਥੇ ਉਸ ਨੂੰ ਨਿਰੰਤਰ ਜਾਰੀ ਰੱਖਣ ਲਈ ਕਈ ਤਰ੍ਹਾਂ ਦੇ ਸੁਝਾਅ ਵੀ ਦਿੱਤੇ।

ਪ੍ਰਧਾਨਗੀ ਮੰਡਲ ਵਿਚ ਬਜ਼ੁਰਗ ਸ਼ਾਇਰ ਈਸ਼ਰ ਸਿੰਘ ਮੋਮਨ, ਲੇਖਕ ਤਰਲੋਚਨ ਸਿੰਘ ਦੁਪਾਲਪੁਰ, ਬਿਜ਼ਨਸਮੈਨ ਕੁਲਵੰਤ ਸਿੰਘ ਨਿੱਝਰ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਡਾਕਟਰ ਧਰਮਵੀਰ ਹਾਜ਼ਰ ਸਨ। ਹਾਜ਼ਰੀਨ ਨੇ ਕੁਝ ਪੰਨੇ ਔਰਤਾਂ ਦੀਆਂ ਸਮੱਸਿਆਵਾਂ ਅਤੇ ਪ੍ਰਵਾਸੀ ਜੀਵਨ ਨੂੰ ਨਵੀਂ ਸੇਧ ਦੇਣ ਲਈ ਰਾਖਵੇਂ ਰੱਖਣ ਦਾ ਸੁਝਾਅ ਵੀ ਦਿੱਤਾ।

ਨਾਟਕਕਾਰ ਅਸ਼ੋਕ ਤਾਂਗੜੀ, ਮਹਿੰਗਾ ਸਿੰਘ ਸਰਪੰਚ, ਲੇਖਕ ਜਗਤਾਰ ਸਿੰਘ ਗਿੱਲ, ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ, ਰੇਡੀਓ ਚੜ੍ਹਦੀ ਕਲਾ ਦੇ ਲਖਵੀਰ ਸਿੰਘ ਪਟਵਾਰੀ, ਕਹਾਣੀਕਾਰ ਚਰਨਜੀਤ ਪੰਨੂ, ਸ਼ਾਇਰ ਗੁਰਮੀਤ ਸਿੰਘ ਬਰਸਾਲ ਤੇ ਤਾਰਾ ਸਿੰਘ ਸਾਗਰ ਤੋਂ ਸਿਵਾ ਗੁਰਬਚਨ ਸਿੰਘ ਢਿੱਲੋਂ, ਪਰਮਿੰਦਰ ਸਿੰਘ ਗੁਰਾਇਆਂ ਨੇ ਵੀ ਆਪਣੇ ਵਿਚਾਰ ਪ੍ਰਗਟਾਉਂਦਿਆਂ ਇਸ ਮੈਗਜ਼ੀਨ ਨੂੰ ਕੌਮਾਂਤਰੀ ਪੰਜਾਬੀ ਜਗਤ ਲਈ



ਮਿਲਪੀਟਸ ਵਿਚ 'ਇੱਕੀ' ਰਿਲੀਜ਼ ਸਮਾਗਮ ਦੀਆਂ ਕੁਝ ਝਲਕਾਂ।

ਸ਼ੁਭ ਸ਼ਗਨ ਦੱਸਿਆ।

ਮੁੱਖ ਸੰਪਾਦਕ ਐਸ ਅਸ਼ੋਕ ਭੌਰਾ ਨੇ ਧੰਨਵਾਦੀ ਸ਼ਬਦਾਂ ਵਿਚ ਇਹ 'ਇੱਕੀ ਮੈਗਜ਼ੀਨ' ਕਿਉਂ, ਕਿਵੇਂ ਅਤੇ ਕਿਸ ਲਈ ਅਰੰਭ ਕੀਤਾ ਗਿਆ ਹੈ, ਦੀ ਵਿਆਖਿਆ ਕਰਦਿਆਂ ਕਿਹਾ ਕਿ ਇਹ ਸਾਹਿਤ ਦਾ ਇਕ ਸਿਰਨਾਵਾਂ ਬਣੇਗਾ ਜਿਸ ਵੀ ਘਰ ਵਿਚ ਇਹ ਜਾਵੇਗਾ, ਉਥੇ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੋੜਨ ਦਾ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਅਨੇਕਾਂ ਔਕੜਾਂ ਆਉਣਗੀਆਂ ਪਰ ਉਹ ਆਪਣੇ 38 ਸਾਲਾਂ ਦੇ ਅਨੁਭਵ ਨਾਲ ਇਸ ਮੈਗਜ਼ੀਨ ਨੂੰ ਚਲਾਉਣ ਦਾ ਹਰ ਹੀਲਾ ਕਰਨਗੇ। ਇਹ ਪਹਿਲੀ ਵਾਰ ਹੈ ਕਿ ਕਿਸੇ ਮੈਗਜ਼ੀਨ ਨੂੰ ਇਕੋ ਵੇਲੇ ਵਿਸ਼ਵ ਦੇ ਦਸ ਦੇਸ਼ਾਂ ਵਿਚ ਜਾਰੀ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ। ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ। ਇਸ ਮੌਕੇ ਅੰਮ੍ਰਿਤਪਾਲ ਸਰਾਂ, ਨਵੀ ਸਰਾਂ, ਰੇ ਵਾਲੀਆ, ਕੇ ਵਾਲੀਆ, ਗੁਰਮੀਤ ਕੌਰ ਛੀਨਾ, ਡਾ. ਹਰਮੇਸ਼ ਕੁਮਾਰ, ਓਮ ਪ੍ਰਕਾਸ਼ ਕਮਲ, ਸੁਖਬੀਰ ਨਿੱਝਰ, ਵਿਨੋਦ ਕੁਮਾਰ ਚੁੰਬਰ, ਬਿੱਲਾ ਸੰਘੇੜਾ, ਇਕਬਾਲ ਸਿੰਘ ਗਾਖਲ, ਜਸਵੰਤ ਸਿੰਘ ਹੋਠੀ, ਸੋਨੀਆ ਚੇੜਾ, ਮਨਜੀਤ ਚੇੜਾ ਤੋਂ ਸਿਵਾ ਇੱਕੀ ਦੇ ਪ੍ਰਬੰਧਕੀ ਨਿਰਦੇਸ਼ਕ ਮਨਵੀਰ ਭੌਰਾ ਅਤੇ ਅਨਮੋਲ ਭੌਰਾ ਵੀ ਹਾਜ਼ਰ ਸਨ।

**ਕੈਨੇਡਾ, ਟੋਰਾਂਟੋ:** ਇਥੇ ਕਲਮਾਂ ਦੇ ਕਾਫਲੇ ਵਲੋਂ ਵਰਿਆਮ ਸੰਧੂ, ਡਾ. ਨਾਹਰ ਸਿੰਘ ਅਤੇ ਗੁਰਭਜਨ ਗਿੱਲ ਦੀ ਅਗਵਾਈ ਹੇਠ 'ਇੱਕੀ' ਨੂੰ ਜਾਰੀ ਕਰਨ ਮੌਕੇ ਵੱਡੀ ਗਿਣਤੀ ਵਿਚ ਸਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਇਸ ਨਿਵੇਕਲੀ ਦਿੱਖ ਵਾਲੇ ਮੈਗਜ਼ੀਨ ਦੀ ਖ਼ੂਬ ਪ੍ਰਸ਼ੰਸਾ ਕੀਤੀ। 'ਇੱਕੀ' ਦੇ ਅਹਿਮ ਅੰਗ ਹਰਿੰਦਰ ਬੀਸਲਾ ਨੇ ਕਿਹਾ ਕਿ ਇਸ ਦੇ ਸੰਪਾਦਕ ਅਸ਼ੋਕ ਭੌਰਾ ਦਾ ਸਾਹਿਤ ਦੇ



ਜਲੰਧਰ ਪ੍ਰੈਸ ਕਲੱਬ 'ਚ 'ਇੱਕੀ' ਜਾਰੀ ਕੀਤੇ ਜਾਣ ਦਾ ਦ੍ਰਿਸ਼।

ਖੇਤਰ ਵਿਚ ਬੜਾ ਲੰਬਾ ਤਜਰਬਾ ਹੈ ਤੇ ਇਹੀ ਕਾਰਨ ਹੈ ਕਿ ਉਹ ਇਸ ਮੈਗਜ਼ੀਨ ਨੂੰ ਬਿਲਕੁਲ ਹੀ ਨਵਾਂ ਰੂਪ ਦੇਣ ਵਿਚ ਕਾਮਯਾਬ ਹੋਇਆ ਹੈ। ਵਿਜ਼ਨ ਆਫ ਪੰਜਾਬ ਟੀ ਵੀ ਦੇ ਇਕਬਾਲ ਮਾਹਲ ਨੇ 'ਇੱਕੀ' ਮੈਗਜ਼ੀਨ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪਹਿਲਾਂ ਵੀ ਅਸੀਂ ਅਸ਼ੋਕ ਨਾਲ ਖੜੇ ਹਾਂ ਤੇ ਅੱਗੋਂ ਵੀ ਉਸ ਦਾ ਸਾਥ ਦਿੰਦੇ ਰਹਾਂਗੇ। ਇਸ ਮੌਕੇ ਕ੍ਰਿਪਾਲ ਸਿੰਘ ਪੰਨੂੰ, ਗੁਰਚਰਨ ਭੌਰਾ, ਡਾ. ਸੁਖਦੇਵ ਸਿੰਘ ਢਿੱਲੋਂ, ਕਹਾਣੀਕਾਰ ਜਰਨੈਲ ਸਿੰਘ, ਗੁਰਦਿਆਲ ਬੱਲ, ਸ੍ਰੀ ਕਾਹਲੋਂ ਸਮੇਤ ਕਈ ਨਾਮੀ ਹਸਤੀਆਂ ਹਾਜ਼ਰ ਸਨ।

**ਹਮਬਰਗ (ਜਰਮਨੀ):** 21ਵੀਂ ਸਦੀ ਨੂੰ ਸਮਰਪਿਤ ਇਕ ਤ੍ਰੈਮਾਸਿਕ ਮੈਗਜ਼ੀਨ ਦਾ ਪਹਿਲਾ ਅੰਕ ਇਥੇ ਗੁਰਦੁਆਰਾ ਸਿੰਘ ਸਭਾ ਵਿਚ ਇਕ ਸਮਾਗਮ ਵਿਚ ਰਿਲੀਜ਼ ਕੀਤਾ ਗਿਆ। ਇਸ ਸਮੇਂ ਰੇਸ਼ਮ ਭਰੋਲੀ ਨੇ ਅਸ਼ੋਕ ਭੌਰਾ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਆਸ ਪ੍ਰਗਟਾਈ ਕਿ ਇਸ ਮੈਗਜ਼ੀਨ ਰਾਹੀਂ ਪਾਠਕਾਂ ਨੂੰ ਮਿਆਰੀ ਪੜ੍ਹਨ ਸਮੱਗਰੀ ਮਿਲਦੀ ਰਹੇਗੀ।

ਅਮਰਜੀਤ ਸਿੰਘ ਸਿੱਧੂ ਨੇ ਕਿਹਾ ਕਿ ਅਸ਼ੋਕ ਭੌਰਾ ਦੀ ਪੰਜਾਬੀ ਬੋਲੀ ਦੇ ਪਸਾਰ ਲਈ ਕੀਤੀ ਘਾਲ ਕਮਾਈ ਦੇ ਨਮੂਨਿਆਂ 'ਚੋਂ 'ਇੱਕੀ' ਤ੍ਰੈਮਾਸਿਕ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹੈ। ਦਲਬੀਰ ਸਿੰਘ ਭਾਊ, ਬਲਵਿੰਦਰ ਸਿੰਘ ਭਿੰਦਾ, ਰੇਸ਼ਮ ਭਰੋਲੀ, ਦਰਸ਼ਨ ਸਿੰਘ ਚੌਹਾਨ, ਅਮਰਜੀਤ ਸਿੰਘ ਸਿੱਧੂ, ਸਤਨਾਮ ਸਿੰਘ ਦੌਧਰ, ਸੁਖਦੇਵ ਸਿੰਘ ਚਾਹਲ, ਗੁਰਬਚਨ ਸਿੰਘ ਗੈਰੀ, ਬਲਵੀਰ ਸਿੰਘ, ਹਿੰਮਤਪੁਰਾ, ਸਵਤੰਤਰਵੀਰ ਸਿੰਘ, ਬਿਕਰਮ ਸਿੰਘ ਗਿੱਲ, ਗਾਇਕ ਤੇ ਗੀਤਕਾਰ ਲਵਲੀ ਮੌਟੀ ਬ੍ਰਦਰਜ਼ ਆਦਿ ਇਸ ਮੌਕੇ ਹਾਜ਼ਰ ਸਨ।

**ਓਕਲੈਂਡ (ਨਿਊਜ਼ੀਲੈਂਡ):** ਅਸ਼ੋਕ ਭੌਰਾ ਦੇ ਸੰਪਾਦਨ ਹੇਠ ਨਵਾਂ ਨਿਕਲਿਆ ਕੌਮਾਂਤਰੀ ਤ੍ਰੈ-ਮਾਸਿਕ ਰਸਾਲਾ 'ਇੱਕੀ' ਇਥੇ ਇਕ ਸਮਾਗਮ ਵਿਚ ਰਿਲੀਜ਼ ਕੀਤਾ ਗਿਆ। ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਆਸ ਪ੍ਰਗਟਾਈ ਕਿ ਇਸ ਮੈਗਜ਼ੀਨ ਰਾਹੀਂ ਸਾਹਿਤਕ, ਸਿਆਸੀ, ਧਾਰਮਿਕ, ਸਭਿਆਚਾਰ, ਸਾਇੰਸ ਅਤੇ ਤਕਨਾਲੋਜੀ ਬਾਰੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਮਿਲਦੀ ਰਹੇਗੀ।

ਇਸ ਮੌਕੇ ਪ੍ਰੋ. ਮਨਜੀਤ ਸਿੰਘ, ਹਰਪਾਲ ਸਿੰਘ ਪਾਲ, ਤੀਰਥ ਸਿੰਘ ਅਟਵਾਲ, ਸੁਖਜੀਤ ਸਿੰਘ, ਸੋਹਣ ਸਿੰਘ, ਹਰਮੀਕ ਸਿੰਘ, ਪਰਮਿੰਦਰ ਸਿੰਘ ਪਾਪਾਟੋਏਟੋਏ, ਤਰਨਦੀਪ ਦਿਉਲ, ਗਾਇਕ ਸੱਤਾ ਵੈਰੋਵਾਲੀਆ, ਪੰਜਾਬੀ ਜਾਗਰਣ ਤੋਂ ਪੱਤਰਕਾਰ ਹਰਜਿੰਦਰ ਸਿੰਘ ਬਸਿਆਲਾ, ਸੰਗੀਤਕਾਰ ਜੱਸੀ ਸੈਣੀ, ਅਮਰੀਕ ਸਿੰਘ ਨੱਚਦਾ ਪੰਜਾਬ ਰੇਡੀਓ, ਰੀਨਾ ਸਿੰਘ, ਅਮਨਦੀਪ ਕੌਰ ਪਾਂਗਲੀ, ਦਲਜਿੰਦਰ ਪਾਂਗਲੀ ਨੇ ਕਿਹਾ ਕਿ ਅਸ਼ੋਕ ਭੌਰਾ ਨੇ ਪੰਜਾਬੀ ਬੋਲੀ ਦੀ ਝੋਲੀ ਵਿਚ ਖੂਬਸੂਰਤ ਲਿਖਤਾਂ ਪਾਈਆਂ ਹਨ। 'ਇੱਕੀ' ਦੀ ਦਸਤਕ ਸੰਪਾਦਕੀ ਰਾਹੀਂ ਉਸਨੇ ਇਸ ਮੈਗਜ਼ੀਨ ਦਾ ਅਸਲ ਮਨਰੋਥ ਪਾਠਕਾਂ ਸਾਹਮਣੇ ਖੋਲ੍ਹ ਦਿੱਤਾ ਹੈ। ਇਸ ਰਸਾਲੇ ਦੇ ਪਹਿਲੇ ਹੀ ਅੰਕ ਵਿਚ ਵੱਖ ਵੱਖ ਤਰ੍ਹਾਂ ਦੀ ਸ਼ਾਮਲ ਕੀਤੀ ਗਈ ਸਮੱਗਰੀ ਨੇ ਇਹ ਜਾਹਰ ਕਰ ਦਿੱਤਾ ਹੈ ਕਿ ਇਹ ਬਹੁਪੱਖੀ, ਬਹੁਰੰਗੀ ਮੈਗਜ਼ੀਨ ਹੋ ਨਿਬੜੇਗਾ। ਉਸ ਨੇ ਪਹਿਲਾ ਲੇਖ '...ਨਹੀਂ ਤੁਧੁ ਜੇਹਿਆ' ਛਾਪ ਕੇ ਗੁਰਲਿੱਪੀ ਦਾ ਖਜ਼ਾਨਾ ਦੇਣ ਵਾਲੇ ਸਿੱਖ ਗੁਰੂਆਂ ਨੂੰ ਨਮਨ ਕੀਤਾ ਹੈ, 'ਚਾਨਣ ਮੁਨਾਰੇ' ਸਿਰਲੇਖ ਅਧੀਨ ਭਗਤ ਪੂਰਨ ਸਿੰਘ ਦੇ ਜੀਵਨ ਨੂੰ ਛਾਪ ਕੇ 'ਏਹ ਜਨਮ ਤੁਮਹਾਰੇ ਲੇਖੇ' ਦੇ ਅਰਥ ਸਮਝਾਏ ਹਨ। ਸਭਿਆਚਾਰ ਦੀ ਬਾਂਹ ਫੜਦਿਆਂ ਉਸ ਨੇ 'ਵੰਗਾਂ' ਲੇਖ ਛਾਪ ਕੇ ਪੰਜਾਬੀ ਸਭਿਆਚਾਰ ਦੀ ਇਕ ਵੰਨਗੀ ਦੀ ਸੰਗੀਤ ਮਈ ਛਣਛਣਾਹਟ ਛੱਡੀ ਹੈ। ਬਾਕੀ ਸਾਰੇ ਲੇਖ ਵੀ ਵੱਖ ਵੱਖ ਵਿਸ਼ਿਆਂ ਸਾਹਿਤ, ਹਾਸ ਰਸ, ਖੇਡ ਸੰਸਾਰ, ਸੰਗੀਤ ਅਤੇ ਸਿਆਸਤ 'ਤੇ ਪਾਠਕਾਂ ਨੂੰ ਨਵੀਂ ਰੋਸ਼ਨੀ ਦਿੰਦੇ ਹਨ।



ਹਮਬਰਗ 'ਚ ਰੇਸ਼ਮ ਭਰੋਲੀ ਦੀ ਅਗਵਾਈ ਹੇਠ 'ਇੱਕੀ' ਦੀ ਲੋਕ ਅਰਪਣਾ।



ਹਰਜਿੰਦਰ ਬਸਿਆਲਾ ਦੀ ਅਗਵਾਈ ਹੇਠ ਓਕਲੈਂਡ ਵਿਖੇ 'ਇੱਕੀ' ਸਾਹਿਤ ਪ੍ਰੇਮੀਆਂ ਦੇ ਹੱਥਾਂ 'ਚ

# ਪੀ ਸੀ ਐਸ ਦਾ ਤੀਆਂ ਦਾ ਮੇਲਾ 16 ਅਗਸਤ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਦਾ ਤੀਆਂ ਦਾ ਮੇਲਾ 16 ਅਗਸਤ, ਐਤਵਾਰ ਨੂੰ ਐਸ ਈ ਐਸ ਹਾਲ (10427 ਈਸਟ ਸਟਾਕਟਨ ਬੁਲੇਵਾਰਡ, ਐਲਕ ਗਰੋਵ) ਵਿਚ ਕਰਵਾਇਆ ਜਾਵੇਗਾ। ਸੰਸਥਾ ਦੇ ਇਸਤਰੀ ਵਿੰਗ ਦੀ ਇਥੇ ਹੋਈ ਇਕ ਮੀਟਿੰਗ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।

ਮੇਲੇ ਵਿਚ ਗੀਤ-ਸੰਗੀਤ, ਸਟੇਜ 'ਤੇ ਲਾਈਵ ਬੋਲੀਆਂ ਅਤੇ ਡੀ.ਜੇ. ਦਾ ਦੌਰ ਚੱਲੇਗਾ। ਕੋਈ 200 ਕਲਾਕਾਰ ਆਪਣੀ ਕਲਾ ਦਿਖਾਉਣਗੇ। ਬੀਬੀਆਂ ਲਈ ਖਰੀਦੋ-ਫਰੋਖਤ ਦੇ ਸਟਾਲ ਵੀ ਲਾਏ ਜਾਣਗੇ। ਮੇਲੇ ਲਈ ਕੋਈ ਟਿਕਟ ਨਹੀਂ ਹੈ ਅਤੇ ਇਸ ਵਿਚ ਕੁੜੀਆਂ ਤੋਂ ਲੈ ਕੇ ਵਡੇਰੀ ਉਮਰ ਤੱਕ ਦੀਆਂ ਬੀਬੀਆਂ ਹਿੱਸਾ ਲੈ ਸਕਦੀਆਂ ਹਨ। ਖਾਣੇ ਦਾ ਪ੍ਰਬੰਧ ਵੀ ਹੋਵੇਗਾ।

ਸੰਸਥਾ ਦੀ ਇਕ ਆਗੂ ਬੀਬੀ ਮਨਦੀਪ ਕੌਰ ਫਰਵਾਲਾ ਨੇ ਮੀਟਿੰਗ ਵਿਚ ਪਹੁੰਚੀਆਂ ਬੀਬੀਆਂ ਦਾ ਧੰਨਵਾਦ ਕਰਦਿਆਂ ਮੇਲੇ ਵਿਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਹੈ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਪਰਦੀਪ ਕੌਰ, ਰਾਜਵਿੰਦਰ ਪੂਨੀ, ਭਵਨ ਕੌਰ, ਰੁਪਿੰਦਰ ਮੱਲ੍ਹੀ, ਪਰਮਜੀਤ ਕੌਰ, ਬਲਦੇਵ ਕੌਰ, ਰਾਣੀ ਸਰਹੱਦੀ, ਅਮਨ ਕੌਰ, ਰਾਣੀ ਬਿੰਦਰਾ, ਦਲਜੀਤ ਕੌਰ, ਰੋਜ਼ੀ ਸਿੰਘ, ਪਰਮਜੀਤ ਔਲਖ, ਰਸ਼ਪਾਲ ਕੌਰ, ਪਰਮਜੀਤ ਕੌਰ, ਜਸਮੀਰ ਕੌਰ, ਜਤਿੰਦਰ ਸੰਘਾ, ਜਸਮੀਨ ਕੌਰ, ਸਰਬਜੀਤ ਕੌਰ, ਹਰਿੰਦਰ ਕੌਰ, ਸਿਮਰਨ ਕੌਰ, ਸੁਰਿੰਦਰ ਗਿੱਲ ਤੇ ਪਰਮਜੀਤ ਮਿਨਹਾਸ ਹਾਜ਼ਰ ਸਨ।



# 'ਮਹਿਫਿਲ-ਏ-ਗਜ਼ਲ' ਦੇ ਫਰਿਜ਼ਨੋ 'ਚ ਰੰਗ

**ਫਰਿਜ਼ਨੋ (ਬਿਊਰੋ):** ਬੀਤੇ ਦਿਨੀਂ ਸਥਾਨਕ ਇੰਡੀਅਨ ਓਵਨ ਰੈਸਟੋਰੈਂਟ ਵਿਚ ਇੱਕ 'ਮਹਿਫਿਲ-ਏ-ਗਜ਼ਲ' ਸ਼ਾਮ ਬਾਲੀਵੁੱਡ ਐਂਟਰਟੇਨਰ ਦੇ ਜਸਵੰਤ ਸਿੰਘ ਮਹਿਮੀ ਨੇ ਆਪਣੇ ਸਹਿਯੋਗੀਆਂ ਨਾਲ ਰਲ ਕੇ ਕਰਵਾਈ। ਮਹਿਫਿਲ ਦਾ ਆਗਾਜ਼ ਕੁਲਬੀਰ ਬਰਾੜ ਨੇ ਸਭ ਨੂੰ ਜੀ ਆਇਆ ਕਹਿੰਦਿਆਂ ਕੀਤਾ।

ਗਾਇਕ ਸੁਰਿੰਦਰ ਖਾਨ ਨੇ ਆਪਣੀ ਗਾਇਕੀ ਰਾਹੀਂ ਵੱਖ-ਵੱਖ ਗਜ਼ਲਾਂ ਅਤੇ ਗੀਤ ਆਪਣੀ ਸੁਰੀਲੀ ਆਵਾਜ਼ ਰਾਹੀਂ ਸਰੋਤਿਆਂ ਦੇ ਰੂਬਰੂ ਕੀਤੇ। 'ਵਾਇਸ ਆਫ ਪੰਜਾਬ' ਅਵਾਰਡ ਜੇਤੂ ਪਰਮਜੀਤ ਕੌਰ ਨੇ ਵੀ ਆਪਣੀ ਬੁਲੰਦ ਆਵਾਜ਼ ਰਾਹੀ ਬਹੁਤ ਸਾਰੇ ਗੀਤ ਗਾ ਕੇ ਸਰੋਤਿਆਂ ਨੂੰ ਵਜਦ ਵਿਚ ਲੈ ਆਂਦਾ।



# ਗੁਰਦੁਆਰਾ ਮਨਟੀਕਾ ਵਿਖੇ ਮੀਰੀ ਪੀਰੀ ਦਿਵਸ ਮਨਾਇਆ



**ਮਨਟੀਕਾ (ਬਿਊਰੋ):** ਸਥਾਨਕ ਗੁਰਦੁਆਰਾ ਗੁਰਮਤਿ ਪ੍ਰਕਾਸ਼ ਵਿਖੇ ਮੀਰੀ ਪੀਰੀ ਦਿਵਸ ਸੰਗਤਾਂ ਨੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ। ਜਿਸ ਦੌਰਾਨ ਕਥਾ ਕੀਰਤਨ ਦਾ ਪ੍ਰਵਾਹ ਚਲਿਆ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਬਖਸ਼ੇ ਹੋਏ ਮੀਰੀ ਪੀਰੀ ਦੇ ਮਹਾਨ ਸਿਧਾਂਤ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ ਗਈ।

ਦੀਵਾਨ ਦੀ ਸਮਾਪਤੀ ਯੁੱਧ ਚੈਂਪੀਅਨ ਭਾਈ ਦੀਦਾਰ ਸਿੰਘ ਨੇ ਸਿੰਘਾਂ-ਸਿੰਘਣੀਆਂ ਦੇ ਸਹਿਯੋਗ ਨਾਲ ਗਤਕੇ ਦਾ ਅਖਾੜਾ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬੋਲੇ ਸੋ ਨਿਹਾਲ ਦੇ ਜੈਕਾਰੇ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗਜਾਏ ਗਏ। ਗੁਰਦੁਆਰਾ ਸਾਹਿਬ ਕਮੇਟੀ ਵਲੋਂ ਭਾਈ ਦੀਦਾਰ ਸਿੰਘ, ਭਾਈ ਰਣਜੀਤ ਸਿੰਘ ਤੇ ਭਾਈ ਅਜੈਪਾਲ ਸਿੰਘ ਦਾ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ।

# ਕੋਹਿਨੂਰ ਭਾਰਤ ਨੂੰ ਵਾਪਸ ਕੀਤਾ ਜਾਵੇ: ਕੀਥ ਵਾਜ਼

**ਲੰਡਨ:** ਬਰਤਾਨੀਆ ਦੇ ਭਾਰਤੀ ਮੂਲ ਦੇ ਐਮ.ਪੀ. ਕੀਥ ਵਾਜ਼ ਨੇ ਕਿਹਾ ਕਿ ਦੁਨੀਆਂ ਦਾ ਮਸ਼ਹੂਰ ਅਤੇ ਬੇਸ਼ਕੀਮਤੀ ਹੀਰਾ ਕੋਹਿਨੂਰ ਭਾਰਤ ਨੂੰ ਵਾਪਸ ਕਰ ਦੇਣਾ ਚਾਹੀਦਾ ਹੈ। ਕੋਹਿਨੂਰ ਹੀਰਾ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨਵੰਬਰ 2015 ਵਿਚ ਯੂ.ਕੇ. ਫੇਰੀ ਮੌਕੇ ਉਨ੍ਹਾਂ ਨੂੰ ਸਾਪ ਦੇਣਾ ਚਾਹੀਦਾ ਹੈ। ਇਹ ਬਹੁਤ ਸੁਨਹਿਰੀ ਮੌਕਾ ਹੋਵੇਗਾ ਜਦੋਂ ਸ੍ਰੀ ਮੋਦੀ ਆਪਣੀ ਯਾਤਰਾ ਨੂੰ ਖਤਮ ਕਰ ਕੇ ਭਾਰਤ ਨੂੰ ਇਸ ਵਾਅਦੇ ਨਾਲ ਵਾਪਸ ਜਾਣਗੇ ਕਿ ਕੋਹਿਨੂਰ ਭਾਰਤ ਨੂੰ ਵਾਪਸ ਮਿਲੇਗਾ।

ਯਾਦ ਰਹੇ ਕਿ ਕੋਹਿਨੂਰ ਹੀਰਾ ਮਹਾਰਾਣੀ ਐਲਿਜ਼ਾਬੈੱਥ ਦੀ ਮਾਂ ਦੇ ਤਾਜ ਵਿਚ ਜੜਿਆ ਹੋਇਆ ਹੈ ਜਿਸ ਨੂੰ ਪੰਜਾਬ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਵਿਕਟੋਰੀਆ ਨੂੰ ਦਿਵਾਇਆ ਗਿਆ ਸੀ। ਇਸੇ ਦੌਰਾਨ ਸਿੱਖ ਜਥੇਬੰਦੀਆਂ ਨੇ ਇਸ ਦਾ ਵਿਰੋਧ ਕੀਤਾ ਹੈ।


Residential
New or Upgrade
High Definition
Satellite Plus
Security cameras inc.
www.SPSecurityCameras.com
Commercial
New Or Upgrade
High Definition
*Homes*
*Retail Stores*
*Restaurants*
*Hotels*
*Motels*
*Truck Stops*
Since 1995
559.226.1510
ACCREDITED BUSINESS A+





Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Northwest Truck Driving School
3241 Industrial Drive, Yuba City, CA 95993
ਨਾਰਥਵੈਸਟ ਟਰੱਕਿੰਗ ਕੰਪਨੀ ਨੇ ਯੂਬਾ ਸਿਟੀ ਵਿਚ ਆਪਣਾ ਟਰੱਕ ਡਰਾਈਵਿੰਗ ਸਕੂਲ ਖੋਲ੍ਹ ਦਿੱਤਾ ਹੈ
- ਇਥੇ $1200 ਵਿਚ Commercial A Class License ਲੈਣ ਲਈ 10 ਸਪੀਡ ਦੇ ਟਰੱਕ ਸਿਖਾਉਂਦੇ ਹਾਂ
- ਲਾਇਸੈਂਸ ਮਿਲਣ 'ਤੇ ਜੌਬ ਦੀ ਗਾਰੰਟੀ
Northwest Freightway ਨੂੰ ਡਰਾਈਵਰਾਂ ਦੀ ਲੋੜ ਹੈ
40 ਸੈਂਟ ਪ੍ਰਤੀ ਮੀਲ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਗੁਰਪ੍ਰੀਤ ਸੰਘਾ, ਫੋਨ: 530-777-6737




# ਸੁਰਾਂ ਲਈ ਡਾਕਟਰੀ ਛੱਡੀ

## ਸੁਬਰਾਮਨੀਅਮ ਨੇ ਵੀਣਾ ਨਾਲ ਵਲ਼ਿਆ ਵਿਸ਼ਵ

**ਐਲ. ਸੁਬਰਾਮਨੀਅਮ ਸੰਗੀਤ ਦੀ ਦੁਨੀਆਂ ਦੇ ਸ਼ਾਹਸਵਾਰ ਹਨ। ਵੀਣਾਂ ਦੀਆਂ ਧੁਨਾਂ ਦੇ ਜ਼ਰੀਏ ਉਨ੍ਹਾਂ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਭਰਿਆ ਹੋਇਆ ਹੈ। 'ਸਲਾਮ ਬੰਬੇ', 'ਮਿਸਸਿਪੀ ਮਸਾਲਾ', 'ਲਿਟਲ ਬੁੱਧਾ' ਅਤੇ 'ਕੌਟਨ ਮੈਰੀ' ਵਰਗੀਆਂ ਫਿਲਮਾਂ ਨੂੰ ਸੰਗੀਤ ਨਾਲ ਸਜਾ ਕੇ ਉਹ ਆਪਣੇ ਸਰੋਤਿਆਂ ਦਾ ਘੇਰਾ ਵਾਹਵਾ ਵਿਰਾਟ ਕਰ ਚੁੱਕੇ ਹਨ। ਵੀਣਾ ਨੂੰ ਉਨ੍ਹਾਂ ਸੰਸਾਰ ਵਾਲੇ ਮੁਕਾਮ ਉਤੇ ਪਹੁੰਚਾਉਣ ਵਿਚ ਬੜਾ ਅਹਿਮ ਰੋਲ ਨਿਭਾਇਆ ਹੈ। -ਸੰਪਾਦਕ**



**ਕਲਾ ਪਰਿਕਰਮਾ**

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਆਪਣੀ ਵੀਣਾ ਦੀਆਂ ਅਨੋਖੀਆਂ ਧੁਨਾਂ ਨਾਲ ਸਭ ਦਾ ਧਿਆਨ ਆਪਣੇ ਵੱਲ ਖਿੱਚਣ ਵਾਲੇ ਕਲਾਕਾਰ ਐਲ. ਸੁਬਰਾਮਨੀਅਮ ਅਸਲ ਵਿਚ ਡਾਕਟਰ ਸਨ। ਉਨ੍ਹਾਂ ਮਦਰਾਸ ਮੈਡੀਕਲ ਕਾਲਜ ਤੋਂ ਬਾਕਾਇਦਾ ਐਮ.ਬੀ.ਬੀ.ਐਸ. ਦੀ ਡਿਗਰੀ ਹਾਸਲ ਕੀਤੀ ਸੀ ਅਤੇ ਉਨ੍ਹਾਂ ਨੇ ਇਹ ਡਿਗਰੀ ਹਾਸਲ ਕਰਨ ਤੋਂ ਬਾਅਦ ਮੈਡੀਕਲ ਪ੍ਰੈਕਟਿਸ ਵੀ ਸ਼ੁਰੂ ਕਰ ਲਈ ਸੀ, ਪਰ ਇਸੇ ਦੌਰਾਨ ਸੰਗੀਤ ਨੇ ਉਨ੍ਹਾਂ ਉਤੇ ਇੰਨਾ ਜ਼ਿਆਦਾ ਜ਼ੋਰ ਪਾਇਆ ਕਿ ਉਨ੍ਹਾਂ ਆਖਰਕਾਰ ਡਾਕਟਰੀ ਵਾਲਾ ਖੇਤਰ ਛੱਡ-ਛਡਾ ਕੇ ਸੰਗੀਤ ਦੀ ਦੁਨੀਆਂ ਵਿਚ ਪੂਰਾ ਕਦਮ ਧਰਨ ਦਾ ਫੈਸਲਾ ਕਰ ਲਿਆ। ਅੱਜ ਆਪਣੇ ਇਸ ਫੈਸਲੇ 'ਤੇ ਉਨ੍ਹਾਂ ਨੂੰ ਕੋਈ ਮਲਾਲ ਨਹੀਂ ਹੈ, ਸਗੋਂ ਉਹ ਬੇਹੱਦ ਖੁਸ਼ ਹਨ ਕਿ ਉਨ੍ਹਾਂ ਉਸ ਵਕਤ ਐਨ ਸਹੀ ਫੈਸਲਾ ਕੀਤਾ। ਉਹ ਹੁੱਬ ਕੇ ਦੱਸਦੇ ਹਨ ਕਿ ਉਸ ਫੈਸਲੇ ਦੀ

**ਗੁਰਬਖਸ਼ ਸਿੰਘ ਸੋਢੀ**

ਬਦੌਲਤ ਹੀ ਉਸ ਨੂੰ ਅੰਬੀ ਸੁਬਰਾਮਨੀਅਮ ਵਰਗਾ ਕਲਾਕਾਰ ਪੁੱਤਰ ਅਤੇ ਕਵਿਤਾ ਕ੍ਰਿਸ਼ਨਾਮੂਰਤੀ ਵਰਗੀ ਕਲਾਕਾਰ ਬੀਵੀ ਮਿਲੀ।

ਕਵਿਤਾ ਕ੍ਰਿਸ਼ਨਾਮੂਰਤੀ ਉਨ੍ਹਾਂ ਦੀ ਦੂਜੀ ਬੀਵੀ ਹੈ ਜਿਸ ਦਾ ਸੰਗੀਤ ਦੀ ਦੁਨੀਆਂ ਵਿਚ ਆਪਣਾ ਵੱਖਰਾ ਮੁਕਾਮ ਹੈ। ਇਸ ਸੰਗੀਤ ਜੋੜੀ ਦੀ ਕੋਈ ਆਪਣੀ ਔਲਾਦ ਨਹੀਂ ਹੈ। ਅੰਬੀ ਸੁਬਰਾਮਨੀਅਮ ਉਸ ਅਤੇ ਉਸ ਦੀ ਪਹਿਲੀ ਬੀਵੀ ਵਿਜੀ ਦਾ ਬੇਟਾ ਹੈ। ਅਸਲ ਵਿਚ ਪਹਿਲੀ ਪਤਨੀ ਤੋਂ ਉਸ ਕੋਲ ਚਾਰ ਬੱਚੇ ਹਨ- ਅੰਬੀ ਸੁਬਰਾਮਨੀਅਮ, ਬਿੰਦੂ ਸੁਬਰਾਮਨੀਅਮ, ਡਾਕਟਰ ਨਰਾਇਣ ਸੁਬਰਾਮਨੀਅਮ ਅਤੇ ਜਿੰਜਰ ਸੁਬਰਾਮਨੀਅਮ। ਇਨ੍ਹਾਂ ਵਿਚੋਂ ਡਾਕਟਰ ਨਰਾਇਣ ਸੁਬਰਾਮਨੀਅਮ ਨੂੰ ਛੱਡ ਕੇ ਬਾਕੀ ਤਿੰਨੇ ਬੱਚੇ ਸੰਗੀਤ ਨੂੰ ਪ੍ਰਨਾਏ ਹੋਏ ਹਨ ਅਤੇ ਆਪੋ-ਆਪਣੇ ਖੇਤਰ ਦੇ ਮਾਹਰ ਹਨ। ਇਨ੍ਹਾਂ ਵਿਚੋਂ ਅੰਬੀ ਸੁਬਰਾਮਨੀਅਮ ਤਾਂ ਸੰਸਾਰ ਪੱਧਰ 'ਤੇ ਵੀਣਾ ਦੇ ਖੇਤਰ ਵਿਚ ਨਾਮਣਾ ਖੱਟ ਚੁੱਕਾ ਹੈ। ਡਾਕਟਰ ਐਲ. ਸੁਬਰਾਮਨੀਅਮ ਦਾ ਜਨਮ ਭਾਰਤ ਦੀ ਆਜ਼ਾਦੀ ਤੋਂ ਐਨ ਪਹਿਲਾਂ, 23 ਜੁਲਾਈ 1947 ਨੂੰ ਹਿੰਦੂ ਤਾਮਿਲ ਪਰਿਵਾਰ ਦੇ ਘਰੇ ਜਾਫਨਾ (ਸ੍ਰੀਲੰਕਾ) ਵਿਚ ਹੋਇਆ ਸੀ। ਉਨ੍ਹਾਂ ਦਾ ਬਚਪਨ ਜਾਫਨਾ ਵਿਚ ਹੀ ਬੀਤਿਆ। ਆਪੇ ਪਿਤਾ ਵੀ. ਲਕਸ਼ਮੀਨਰਾਇਣ ਦੀ ਦੇਖ-ਰੇਖ ਹੇਠ ਉਨ੍ਹਾਂ ਨੇ ਵੀਣਾ ਛੋਟੀ ਉਮਰ ਵਿਚ ਹੀ ਸਿੱਖਣੀ ਆਰੰਭ ਕਰ ਦਿੱਤੀ ਸੀ। ਮਗਰੋਂ ਉਨ੍ਹਾਂ ਕੈਲੀਫੋਰਨੀਆ ਇੰਸਟੀਚਿਊਟ ਆਫ ਆਰਟਸ ਤੋਂ ਪੱਛਮੀ ਕਲਾਸੀਕਲ ਸੰਗੀਤ ਦੀ ਸਿੱਖਿਆ ਵੀ ਲਈ। ਉਨ੍ਹਾਂ ਨੂੰ ਯਹੂਦੀ ਮੈਨੂਹਿਨ ਤੇ ਜਾਂ ਪੀਅਰ ਵਰਗੇ ਚੋਟੀ ਦੇ ਸੰਗੀਤਕਾਰਾਂ ਨਾਲ ਕੰਮ ਕਰਨ ਦਾ ਮੌਕਾ ਵੀ ਮਿਲਿਆ। 1999 ਵਿਚ ਆਈ ਉਨ੍ਹਾਂ ਦੀ ਐਲਬਮ 'ਗਲੋਬਲ ਫਿਊਜ਼ਨ' ਦੀਆਂ ਧੁੰਮਾਂ ਤਾਂ ਸੰਸਾਰ ਭਰ ਵਿਚ ਪਈਆਂ। 2011 ਵਿਚ ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਵੱਲੋਂ ਸੁਰਾਂ ਦੀ ਛਹਿਬਰ ਲਾਉਣ ਦਾ ਮੌਕਾ ਵੀ ਮਿਲਿਆ ਸੀ।

ਐਲ. ਸੁਬਰਾਮਨੀਅਮ ਆਪਣੀਆਂ ਪ੍ਰਾਪਤੀਆਂ ਬਾਰੇ ਪੁੱਛਣ 'ਤੇ ਬਹੁਤ ਚਾਅ ਨਾਲ ਦੱਸਦੇ ਹਨ ਕਿ ਉਨ੍ਹਾਂ ਨੂੰ ਸੰਸਾਰ ਭਰ ਦੇ ਲੋਕਾਂ ਦਾ ਬਹੁਤ ਭਰਵਾਂ ਪਿਆਰ ਨਸੀਬ ਹੋਇਆ ਹੈ। ਸੰਗੀਤ ਦੇ ਖੇਤਰ ਨਾਲ ਜੁੜੇ ਬਹੁਤ ਸਾਰੇ ਇਨਾਮ ਵੀ ਉਨ੍ਹਾਂ ਦੀ ਝੋਲੀ ਪਏ ਹਨ, ਪਰ ਉਨ੍ਹਾਂ ਦਾ ਆਖਣਾ ਹੈ ਕਿ ਅਸਲ ਇਨਾਮ ਤਾਂ ਸਰੋਤਿਆਂ ਦਾ ਪਿਆਰ ਹੁੰਦਾ ਹੈ। ਉਹ ਖੁਸ਼ ਹਨ ਕਿ ਉਨ੍ਹਾਂ ਦੇ ਚਾਰੇ ਬੱਚੇ ਵੀ ਸੰਗੀਤ ਨਾਲ ਗਹਿਰੇ ਜੁੜੇ ਹੋਏ। ਇਕ ਬੇਟਾ ਨਾਰਾਇਣ ਸੁਬਰਾਮਨੀਅਮ ਭਾਵੇਂ ਪੇਸ਼ੇਵਰ ਤੌਰ 'ਤੇ ਡਾਕਟਰ ਹੈ, ਪਰ ਉਸ ਦਾ ਵੀ ਸੰਗੀਤ ਨਾਲ ਗਹਿਰਾ ਲਗਾਉ ਹੈ। ਬਾਕੀ ਤਿੰਨੇ ਬੱਚੇ ਤਾਂ ਆਪੋ-ਆਪਣੇ ਖੇਤਰ ਵਿਚ ਸੰਗੀਤ ਦੀ ਦੁਨੀਆ ਨਾਲ ਜੁੜੇ ਹੋਏ ਹਨ।



*ਵੀਣਾ ਨਾਲ ਸਾਂਝ...*



*ਜਵਾਨੀ ਵੇਲੇ ਐਲ. ਸੁਬਰਾਮਨੀਅਮ।*



### ਘਰ-ਪਰਿਵਾਰ ਦੀਆਂ ਸਾਂਝੀਆਂ ਸੁਰਾਂ

*ਇਸ ਤਸਵੀਰ ਵਿਚ ਐਲ. ਸੁਬਰਾਮਨੀਅਮ ਆਪਣੀ ਪਤਨੀ ਕਵਿਤਾ ਕ੍ਰਿਸ਼ਨਾਮੂਰਤੀ ਅਤੇ ਬੱਚਿਆਂ- ਅੰਬੀ, ਬਿੰਦੂ, ਨਰਾਇਣ ਨਾਲ ਨਜ਼ਰ ਆ ਰਹੇ ਹਨ। ਚੌਥੀ ਬੱਚੀ ਜਿੰਜਰ ਸੁਬਰਾਮਨੀਅਮ ਇਸ ਤਸਵੀਰ ਵਿਚ ਨਹੀਂ ਹੈ। ਸਾਰੇ ਟੱਬਰ ਵਿਚੋਂ ਸਿਰਫ ਨਰਾਇਣ ਸੁਬਰਾਮਨੀਅਮ (ਐਨ ਖੱਬੇ) ਨੂੰ ਛੱਡ ਕੇ ਸਭ ਸੰਗੀਤ ਨਾਲ ਜੁੜੇ ਹੋਏ ਹਨ। ਨਰਾਇਣ ਸੁਬਰਾਮਨੀਅਮ ਡਾਕਟਰ ਹੈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਅਗਸਤ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-180



ਚਿੱਤਰਕਾਰ ਜਰਨੈਲ ਸਿੰਘ

**ਕੁਰਸੀ ਉਤੇ ਬਹਿ ਕੇ ਹਾਕਮ ਜਦੋਂ ਚਲਾਉਂਦੇ ਚੰਮ ਦੀਆਂ।**
**ਤਦ ਇਤਿਹਾਸ ਨੇ ਤਿੱਖੀਆਂ ਸੂਲਾਂ ਦੇਖੀਆਂ ਨੇ ਫਿਰ ਜੰਮਦੀਆਂ।**
**ਦੱਸਦਾ ਏ ਕੁਝ ਚਿੱਤਰ ਯੁਗ ਉਹ ਕਿੰਨੇ ਦੁਖੜੇ ਢਾਹੁੰਦਾ ਸੀ।**
**ਸਿੰਘਾਂ ਦੇ ਜਦ ਮੁੱਲ ਸਿਰਾਂ ਦੇ ਖਾਨ ਜ਼ਕਰੀਆ ਪਾਉਂਦਾ ਸੀ।**

## ਕੈਪਸ਼ਨ ਮੁਕਾਬਲਾ-178



ਵਿਚ ਵਿਦੇਸ਼ਾਂ ਵਸਣ ਪੰਜਾਬੀ
ਨੱਚਣ-ਟੱਪਣ ਖੁਸ਼ੀ ਮਨਾਵਣ।
ਮੇਲਿਆਂ ਦੇ ਸ਼ੌਕੀਨ ਬੜੇ ਨੇ
ਗੋਰਿਆਂ ਤਾਈਂ ਨੱਚਣ ਲਾਵਣ।
ਨਿੱਕੇ ਬੱਚੇ ਰੀਸੋ ਰੀਸੀ
ਲੱਜ਼ਤ ਦੇ ਵਿਚ ਲੱਕ ਹਿਲਾਵਣ।

*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਛੱਡ ਵਤਨਾਂ ਨੂੰ ਵਿਚ ਪਰਦੇਸੀਂ
ਜਦੋਂ ਆਣ ਡੇਰੇ ਸਨ ਲਾਏ।
ਦਸਾਂ ਨਹੁੰਆਂ ਦੀ ਕਿਰਤ ਕਮਾਈ 'ਚੋਂ
ਵੱਡੇ ਵੱਡੇ ਘਰ ਬਣਾਏ।
ਬੱਚਿਆਂ ਲੁੱਟੀਆਂ ਮੌਜ ਬਹਾਰਾਂ
ਹੁਣ ਮਾਰਨ ਉਡਾਰੀਆਂ ਉਚੀਆਂ।
ਆਪਣਾ ਧਰਮ ਤੇ ਆਪਣਾ ਵਿਰਸਾ
ਰੱਖੀਆਂ ਸਾਂਭ ਚੀਜਾਂ ਇਹ ਸੁੱਚੀਆਂ।
ਸਦਾ ਹੀ ਰਹਿਣਾ ਵੰਡਦੇ ਖੁਸ਼ੀਆਂ
ਨਾ ਅਕ੍ਰਿਤਘਣ ਅਖਵਾਈਏ।
'ਨਾ ਕੋਈ ਵੈਰੀ ਨਹੀਂ ਬਿਗਾਨਾ' ਵਾਲਾ
ਨੁਕਤਾ ਸਭ ਨੂੰ ਸਮਝਾਈਏ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਇਕ ਦੂਜੇ ਨੂੰ ਵੰਡੀਏ ਖੁਸ਼ੀਆਂ
ਫਿਰ ਖੁਦ ਦਾ ਵੀ ਮਾਣ ਬਥੇਰਾ ਹੋਵੇ।
ਕੌਮ, ਮੁਲਕ ਦਾ ਭੇਤ ਦਾ ਕੋਈ
ਜੇ ਦਿਲ ਵਿਚ ਖੇੜਾ ਹੋਵੇ।

*-ਹਰਮੀਕ ਸਿੰਘ ਵਿੱਕੀ*
*ਸਟਾਕਟਨ, ਕੈਲੀਫੋਰਨੀਆ।*

## ਕੈਪਸ਼ਨ ਮੁਕਾਬਲਾ-177

ਯਾਦਾਂ ਦੀ ਬਹਿ ਖੋਲ੍ਹ ਪਟਾਰੀ
ਜਦੋਂ ਤੱਕਾਂ ਸ਼ਹਿਰ ਲੁਧਿਆਣਾ।
ਜਗਰਾਵਾਂ ਪੁਲ ਤੇ ਫੀਲਡਗੰਜ ਦੁਆਲੇ
ਘੁੱਗ ਵੱਸਦਾ ਸ਼ਹਿਰ ਪੁਰਾਣਾ।
ਕੂਕਿਆਂ ਵਾਲੀ ਜੇਲ੍ਹ ਤੇ ਸੀ ਐਮ ਸੀ ਨੂੰ
ਰਸਤਾ ਨੱਕ ਦੀ ਸੇਧ ਨੂੰ ਜਾਵੇ।
ਮਾਧੋਪੁਰੀ ਤੇ ਸਮਰਾਲਾ ਚੌਕ ਨੂੰ
ਧੁਰ ਅੱਗੇ ਜਾਣ ਮਿਲਾਵੇ।
ਪੰਜਾਬ ਦੀ 'ਡਰਾਈ ਪੋਰਟ' 'ਚੋਂ ਲੰਘਣਾ ਔਖਾ
ਜਦੋਂ ਸੀਜ਼ਨ ਹੌਜ਼ਰੀ ਦਾ ਆਵੇ।
ਕੰਨਾਂ ਨੂੰ ਹੱਥ ਲਾਵਣ ਲੋਕੀਂ
ਜਦੋਂ ਆਟੋ ਵਿਚ ਫਸ ਜਾਵੇ।
ਫਲਾਈ ਓਵਰ ਦਾ ਆਇਆ ਜ਼ਮਾਨਾ
ਸਭ ਤਹਿਸ਼-ਨਹਿਸ਼ ਹੈ ਕੀਤਾ।
ਘੰਟਾ ਘਰ ਤੇ ਢੋਲੇਵਾਲ ਚੌਕ ਦਾ
ਜਿਨ੍ਹਾਂ ਬਿਸਤਰਾ ਗੋਲ ਹੈ ਕੀਤਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

# Imperial Truck Driving School

3506 Nielsen Ave., Fresno, CA 93706

ਖੁਸ਼ਖਬਰੀ ! ਖੁਸ਼ਖਬਰੀ ! !

ਖੁਲ੍ਹ ਗਿਆ ਹੈ ਇੰਪੀਰੀਅਲ ਟਰੱਕ ਡਰਾਈਵਿੰਗ ਸਕੂਲ




ਟਰੇਨਿੰਗ ਦੇਣ ਲਈ ਅਨੁਭਵੀ ਅਤੇ ਵਧੀਆ ਟਰੇਨਰ
ਲਾਇਸੈਂਸ ਲੈਣ ਤੋਂ ਬਾਅਦ ਜਾਬ ਲੱਭਣ ਵਿਚ ਮਦਦ ਕਰਾਂਗੇ
ਟਰੇਨਿੰਗ ਲਈ ਵਧੀਆ ਨਵੇਂ ਟਰੱਕ, ਵਾਜਬ ਫੀਸ

ਰਹਿਣ ਵਾਸਤੇ ਖਾਸ ਪ੍ਰਬੰਧ

Ph: 559-266-4000, Cell: 916-470-5520

# D Line Logistics Inc.

*(Office & Yard Base In Elk Grove Village, IL)*

ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

Drivers & Owner Operators Wanted

ਮਿਡਵੈਸਟ ਤੋਂ ਕੈਲੀਫੋਰਨੀਆ ਅਤੇ ਵਾਪਸ ਮਿਡਵੈਸਟ ਦੇ ਸਾਡੇ ਪਾਸ ਪੱਕੇ ਰੂਟ ਹਨ, ਮਿਡਵੈਸਟ ਲਈ ਵਾਧੂ ਲੋਡ, 100% ਨੋ ਟੱਚ, ਨਵੇਂ ਟਰੈਕਟਰ-ਟਰੇਲਰ (2015-16), ਟਰੈਕਟਰ ਅਲਟਰਾ 1-ਸ਼ਿਫਟ (ਆਟੋਮੈਟਿਕ ਟਰਾਂਸਮਿਸ਼ਨ), ਬਿਲਕੁਲ ਸਾਫ-ਸੁਥਰੇ

ਵੀਕਲੀ ਪੇਅ, ਵਧੀਆ ਇੰਸਪੈਕਸ਼ਨਾਂ ਅਤੇ ਸੇਫਟੀ ਚੈਕਾਂ ਲਈ ਇਨਾਮ

ਓਨਰ ਅਪਰੇਟਰਾਂ ਨੂੰ ਸਸਤਾ ਡੀਜ਼ਲ ਲੈਣ ਲਈ ਫਲੀਟ ਕਾਰਡ ਦਿੰਦੇ ਹਾਂ। ਬਹੁਤ ਹੀ ਵਾਜਬ ਡਿਸਪੈਚ ਚਾਰਜ। ਤੁਸੀਂ ਸਾਡੇ 'ਲੀਜ਼ ਟੂ ਓਅਨ' ਪ੍ਰੋਗਰਾਮ ਦਾ ਵੀ ਫਾਇਦਾ ਉਠਾ ਸਕਦੇ ਹੋ



ਯੋਗਤਾਵਾਂ: ਸਾਫ ਸੁਥਰਾ ਐਮ ਵੀ ਆਰ ਸਮੇਤ ਏ ਕਲਾਸ ਸੀ ਡੀ ਐਲ, ਘੱਟੋ ਘੱਟ ਉਮਰ 23 ਸਾਲ

ਡਰਾਈਵਰਾਂ ਦੀ ਫੌਰੀ ਲੋੜ ਹੈ

ਸੰਪਰਕ ਕਰੋ

ਫੋਨ: 847-309-6542 ਜਾਂ 224-456-2713

31 & 33




GAS SIGN
MESSAGE BOARD

Box & Channel Letters SIGNS

We Install any where in California

ELECTRIC SIGN COMPANY

Call For More Info:
1-661-586-5080

Surveillance Camera Surveillance Camera






Now Sell & Install ONLY
HIGH DEFINITION
Systems

- Fully Trained Technical Staff.
- Serving Since 1999.
- We Install any where in California.
- Commercial Grade Equipment.
- Solution for Gas stations,Liquor Stores, Hotel/Motel,warehouse & Homes

2 Year Warranty

Call Sukhpal 1-661-586-5080
Email: commvision@sbcglobal.net

# ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਦੱਬਣ ਦੇ ਕੇਸਾਂ 'ਚ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਉਤੇ ਨਾਜਾਇਜ਼ ਕਬਜ਼ਿਆਂ ਦੀਆਂ ਸ਼ਿਕਾਇਤਾਂ ਦਾ ਭਾਰ ਵਧ ਰਿਹਾ ਹੈ। ਸਰਕਾਰ ਵੱਲੋਂ ਕਾਇਮ ਕੀਤੇ ਪਰਵਾਸੀ ਭਾਰਤੀ ਸੈੱਲ ਕੋਲ ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ 3141 ਸ਼ਿਕਾਇਤਾਂ ਪੁੱਜੀਆਂ ਜਿਸ ਵਿਚੋਂ 1343 ਜਾਇਦਾਦ ਦੇ ਮਸਲਿਆਂ ਨਾਲ ਹੀ ਸਬੰਧਤ ਹਨ। ਪਰਵਾਸੀਆਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਕਰਨ ਦੇ ਦੋਸ਼ਾਂ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂਆਂ ਤੋਂ ਇਲਾਵਾ ਪੰਜਾਬ ਪੁਲਿਸ ਦੇ ਕਰਮਚਾਰੀ ਤੇ ਸੀਨੀਅਰ ਅਧਿਕਾਰੀ ਵੀ ਘਿਰੇ ਹੋਏ ਹਨ। ਪਰਵਾਸੀਆਂ ਵੱਲੋਂ ਕੀਤੀਆਂ ਸ਼ਿਕਾਇਤਾਂ ਦੇ ਆਧਾਰ ਉਤੇ ਪੁਲਿਸ ਇਸ ਸਾਲ 30 ਜੂਨ ਤੱਕ ਵੱਖ-ਵੱਖ ਧਾਰਾਵਾਂ ਤਹਿਤ 142 ਕੇਸ ਦਰਜ ਕਰ ਚੁੱਕੀ ਹੈ। ਇਨ੍ਹਾਂ ਵਿਚੋਂ 135 ਮਾਮਲਿਆਂ ਵਿਚ ਤਫ਼ਤੀਸ਼ ਜਾਰੀ ਹੈ ਜਦਕਿ ਸੱਤ ਕੇਸਾਂ ਦਾ ਚਲਾਨ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਹੈ। ਪਿਛਲੇ ਸਾਲ ਪੁਲਿਸ ਵੱਲੋਂ ਅਪਰਾਧਿਕ ਧਾਰਾਵਾਂ ਤਹਿਤ 193 ਕੇਸ




ਦਰਜ ਕੀਤੇ ਗਏ ਸਨ ਤੇ ਇਨ੍ਹਾਂ ਵਿਚੋਂ 62 ਕੇਸਾਂ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਵਿੰਗ ਨਾਲ ਸਬੰਧਤ ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜ਼ਿਆਦਾਤਰ ਮਾਮਲੇ ਜਾਇਦਾਦਾਂ ਉਤੇ ਕਬਜ਼ੇ ਕਰਨ ਤੇ ਵਿਆਹਾਂ ਨਾਲ ਹੀ ਸਬੰਧਤ ਹੁੰਦੇ ਹਨ। ਪੁਲਿਸ ਅਧਿਕਾਰੀ ਮੁਤਾਬਕ ਸਿਆਸਤਦਾਨਾਂ ਤੇ ਪੁਲਿਸ ਅਫ਼ਸਰਾਂ ਦੀ ਇਨ੍ਹਾਂ ਕੇਸਾਂ ਵਿਚ ਸਿੱਧੀ ਸ਼ਮੂਲੀਅਤ ਭਾਵੇਂ ਕੁਝ ਹੀ ਮਾਮਲਿਆਂ ਵਿਚ ਹੁੰਦੀ ਹੈ, ਪਰ ਅਜਿਹੇ ਮਾਮਲਿਆਂ ਵਿਚ ਦੋਸ਼ੀ, ਰਾਜਸੀ ਲੋਕਾਂ ਤੇ ਅਫ਼ਸਰਾਂ ਦੀ ਹਮਾਇਤ ਲੈਣ ਵਿਚ ਕਾਮਯਾਬ ਹੋ ਜਾਂਦੇ ਹਨ।

ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਹੋਣ ਕਾਰਨ ਉਨ੍ਹਾਂ ਵਿਚ ਸਰਕਾਰ ਪ੍ਰਤੀ ਰੋਸ ਲਗਾਤਾਰ ਵਧ ਰਿਹਾ ਹੈ। ਸਰਕਾਰ ਵੱਲੋਂ ਭਾਵੇਂ ਐਨ.ਆਰ.ਆਈ. ਪੁਲਿਸ ਸਟੇਸ਼ਨਾਂ ਦਾ ਵੀ ਗਠਨ ਕੀਤਾ ਗਿਆ ਹੈ, ਪਰ ਅਸਰ ਰਸੂਖ ਵਾਲੇ ਵਿਅਕਤੀਆਂ ਦੀ ਸ਼ਹਿ ਕਾਰਨ ਪੁਲਿਸ ਜ਼ਿਆਦਾਤਰ ਮਾਮਲਿਆਂ ਵਿਚ ਕੇਸ ਦਰਜ ਕਰਨ ਵਿਚ ਸਫ਼ਲ ਨਹੀਂ ਹੁੰਦੀ।

ਮਿਸਾਲ ਵਜੋਂ ਸਾਲ 2014 ਦੌਰਾਨ ਸ਼ਿਕਾਇਤਾਂ ਤਾਂ 7936 ਹਾਸਲ ਹੋਈਆਂ, ਪਰ ਕੇਸ 193 ਹੀ ਦਰਜ ਹੋ ਸਕੇ। ਐਨ.ਆਰ.ਆਈ. ਵਿੰਗ ਤੋਂ ਹਾਸਲ ਜਾਣਕਾਰੀ ਮੁਤਾਬਕ ਜਲੰਧਰ, ਲੁਧਿਆਣਾ ਤੇ ਮੋਗਾ ਜ਼ਿਲ੍ਹਿਆਂ ਵਿਚ ਸਭ ਤੋਂ ਜ਼ਿਆਦਾ ਸ਼ਿਕਾਇਤਾਂ ਆ ਰਹੀਆਂ ਹਨ। ਇਕੱਲੇ ਮੋਗਾ ਜ਼ਿਲ੍ਹੇ ਵਿਚ 420 ਸ਼ਿਕਾਇਤਾਂ ਆਈਆਂ। ਲੁਧਿਆਣਾ ਵਿਚ 410 ਤੇ ਜਲੰਧਰ ਸ਼ਹਿਰ ਵਿਚ 261 ਸ਼ਿਕਾਇਤਾਂ ਮਿਲੀਆਂ ਸਨ। ਹੋਰਨਾਂ ਜ਼ਿਲ੍ਹਿਆਂ ਦਾ ਅੰਕੜਾ ਔਸਤਨ 300 ਸ਼ਿਕਾਇਤ ਦੇ ਨੇੜੇ ਤੇੜੇ ਹੀ ਹੈ। ਮੋਗਾ ਨਾਲ ਸਬੰਧਤ ਇਕ ਪੁਲਿਸ ਅਫ਼ਸਰ ਨੇ ਆਪਣਾ ਨਾਮ ਗੁਪਤ ਰਖਦਿਆਂ ਦੱਸਿਆ ਕਿ ਇਸ ਜ਼ਿਲ੍ਹੇ ਵਿਚ ਪਰਵਾਸੀਆਂ ਦੀਆਂ ਜਾਇਦਾਦਾਂ ਉਤੇ ਕਬਜ਼ੇ ਕਰਨ ਵਾਲਾ ਇਕ ਗਰੋਹ ਸਰਗਰਮ ਹੈ ਜਿਸ ਨੂੰ ਸਿਆਸੀ ਆਗੂਆਂ ਦੀ ਸਰਪ੍ਰਸਤੀ ਹਾਸਲ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਪੰਜਾਬ ਦੇ ਮੰਤਰੀਆਂ ਵੱਲੋਂ ਯੂਰਪੀ ਮੁਲਕਾਂ ਵਿਚ ਪਾਰਟੀ ਦੇ ਵਿੱਢੇ ਪ੍ਰਚਾਰ ਦੌਰਾਨ ਉਨ੍ਹਾਂ ਨੂੰ ਪਰਵਾਸੀਆਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਦੇ ਪਰਵਾਸੀ ਭਾਰਤੀ ਮਾਮਲੇ ਵਿਭਾਗ ਤੋਂ ਇਕ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਸਰਕਾਰ ਨੇ ਪੰਜ ਕੁ ਸਾਲ ਪਹਿਲਾਂ ਪਰਵਾਸੀ ਭਾਰਤੀਆਂ ਬਾਰੇ ਸਹੀ ਤੱਥ ਜਾਣਨ ਲਈ ਗਣਨਾ (ਸੈਨਸਿਜ਼) ਕਰਨ ਦਾ ਫੈਸਲਾ ਕੀਤਾ ਸੀ। ਪਰਵਾਸੀਆਂ ਦੇ ਪੰਜਾਬ ਰਹਿੰਦੇ ਪਰਿਵਾਰਕ ਮੈਂਬਰਾਂ ਵੱਲੋਂ ਇਸ ਗਣਨਾ ਸਬੰਧੀ ਸਹਿਯੋਗ ਨਾ ਦਿੱਤੇ ਜਾਣ ਕਾਰਨ ਇਹ ਕੰਮ ਵਿਚਾਲੇ ਹੀ ਠੱਪ ਕਰ ਦਿੱਤਾ ਗਿਆ ਸੀ। ਉਦੋਂ ਪਰਵਾਸੀ ਭਾਰਤੀਆਂ ਵਿਚ ਗਣਨਾ ਨੂੰ ਲੈ ਕੇ ਦੋ ਤਰ੍ਹਾਂ ਦੇ ਸ਼ੰਕੇ ਪਾਏ ਜਾ ਰਹੇ ਸਨ- ਇਕ ਤਾਂ ਗੈਰਕਾਨੂੰਨੀ ਪਰਵਾਸ ਕਰਨ ਵਾਲਿਆਂ ਬਾਰੇ ਜਾਣਕਾਰੀ ਰਿਕਾਰਡ ਉਤੇ ਆ ਜਾਵੇਗੀ ਅਤੇ ਦੂਸਰਾ ਪਰਵਾਸੀਆਂ ਬਾਰੇ ਪੁਖ਼ਤਾ ਜਾਣਕਾਰੀ ਹੋਣ ਕਾਰਨ ਉਨ੍ਹਾਂ ਦੀ ਸਮੁੱਚੀ ਜਾਇਦਾਦ ਦਾ ਵੇਰਵਾ ਵੀ ਸਰਕਾਰ ਕੋਲ ਹੋਵੇਗਾ।

## ਪਟੌਦੀ ਵਿਚ ਮਾਰੇ 17 ਸਿੱਖਾਂ ਦੇ ਵਾਰਸਾਂ ਦੇ ਬਿਆਨ ਦਰਜ

**ਚੰਡੀਗੜ੍ਹ:** ਹੋਦ ਚਿੱਲੜ ਕਾਂਡ ਬਾਰੇ ਜੱਜ ਟੀ.ਪੀ. ਗਰਗ ਦੀ ਅਗਵਾਈ ਵਾਲੇ ਜਾਂਚ ਕਮਿਸ਼ਨ ਕੋਲ ਪਟੌਦੀ ਕਸਬੇ ਵਿਚ 1984 ਵਿਚ ਕਤਲ ਕੀਤੇ 17 ਸਿੱਖਾਂ ਦੇ ਵਾਰਸਾਂ ਨੇ ਬਿਆਨ ਦਰਜ ਕਰਵਾਏ। ਕਮਿਸ਼ਨ ਦੀ ਹਿਸਾਰ ਵਿਚ ਲੱਗੀ ਅਦਾਲਤ ਵਿਚ 80 ਸਾਲਾ ਬਜ਼ੁਰਗ ਈਸਰੀ ਦੇਵੀ ਨੇ ਦੱਸਿਆ ਕਿ ਭੀੜ ਨੇ ਉਸ ਦੇ ਪਤੀ ਹਰਨਾਮ ਸਿੰਘ ਨੂੰ ਉਸ ਦੀਆਂ ਅੱਖਾਂ ਸਾਹਮਣੇ ਮਾਰ ਦਿੱਤਾ ਸੀ। 72 ਸਾਲਾ ਅੰਮ੍ਰਿਤ ਕੌਰ ਨੇ ਦੱਸਿਆ ਕਿ ਭੀੜ ਨੇ ਉਸ ਦੇ ਪਤੀ ਅਮਰੀਕ ਸਿੰਘ ਉਤੇ ਪਾਊਡਰ ਛਿੜਕ ਕੇ ਅੱਗ ਲਾ ਦਿੱਤੀ ਸੀ। ਉਸ ਨੇ ਕਿਹਾ ਕਿ ਕਮਿਸ਼ਨ ਬਣਨ ਨਾਲ ਉਸ ਨੂੰ ਇਨਸਾਫ਼ ਦੀ ਆਸ ਜਾਗੀ ਹੈ। ਬਜ਼ੁਰਗ ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਦੋ ਪੁੱਤਰਾਂ ਅਰਜਨ ਸਿੰਘ ਤੇ ਭਗਤ ਸਿੰਘ ਨੂੰ ਭੀੜ ਨੇ ਦਾਤੀਆਂ ਨਾਲ ਵੱਢ ਕੇ ਮਾਰ ਦਿੱਤਾ ਸੀ।

ਜੱਜ ਨੇ ਕਿਹਾ ਕਿ ਅਗਲੀ ਪੇਸ਼ੀ ਉਤੇ ਸਾਰੀਆਂ ਗਵਾਹੀਆਂ ਯਕੀਨੀ ਕੀਤੀਆਂ ਜਾਣ। ਕਮਿਸ਼ਨ ਦੀ ਮਿਆਦ 30 ਸਤੰਬਰ ਤੱਕ ਹੈ ਤੇ ਉਸ ਤੋਂ ਪਹਿਲਾਂ ਜੱਜ ਨੇ ਰਿਪੋਰਟ ਸਰਕਾਰ ਨੂੰ ਸੌਂਪਣੀ ਹੈ। ਹੋਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਪੀੜਤਾਂ ਨਾਲ ਅਦਾਲਤ ਵਿਚ ਪਹੁੰਚੇ ਸਨ।

## ਗੁਰੂ ਕੀ ਨਗਰੀ 'ਤੇ ਵਧ ਰਹੀ ਹੈ ਪ੍ਰਦੂਸ਼ਣ ਦੀ ਮਾਰ

**ਨਵੀਂ ਦਿੱਲੀ:** ਸੰਸਦ ਦੀ ਸਥਾਈ ਕਮੇਟੀ ਨੇ ਗੁਰੂ ਨਗਰੀ ਅੰਮ੍ਰਿਤਸਰ ਵਿਚ ਤੇਜ਼ੀ ਨਾਲ ਵਧ ਰਹੇ ਹਵਾ, ਪਾਣੀ ਤੇ ਆਵਾਜ਼ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਕੁਝ ਸੁਝਾਅ ਦਿੱਤੇ ਹਨ। ਸੰਸਦੀ ਕਮੇਟੀ ਨੇ ਸ਼ਹਿਰ ਵਿਚ ਪ੍ਰਦੂਸ਼ਣ ਘੱਟ ਕਰਨ ਲਈ ਜ਼ਰੂਰੀ ਕਦਮ ਚੁੱਕਣ ਦੀ ਸਿਫਾਰਸ਼ ਕੀਤੀ ਹੈ। ਕਮੇਟੀ ਨੇ ਸ਼ਹਿਰ ਵਿਚ ਹਰਿਆਲੀ ਵਧਾਉਣ ਉਤੇ ਜ਼ੋਰ ਦਿੰਦਿਆਂ ਵਧੇਰੇ ਪੌਦੇ ਲਾਉਣ ਦਾ ਸੁਝਾਅ ਦਿੱਤਾ ਹੈ। ਸੰਸਦ ਦੀ ਵਿਗਿਆਨ ਤੇ ਤਕਨੀਕ, ਵਾਤਾਵਰਨ ਤੇ ਜੰਗਲਾਤ ਮੰਤਰਾਲੇ ਬਾਰੇ ਕਮੇਟੀ ਨੇ ਤਿਉਹਾਰਾਂ ਦੇ ਦਿਨਾਂ ਦੌਰਾਨ ਆਵਾਜ਼ ਪ੍ਰਦੂਸ਼ਣ ਵਧੇਰੇ ਵਧਣ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਆਵਾਜ਼ ਪ੍ਰਦੂਸ਼ਣ ਰੋਕਣ ਲਈ ਰਾਤ ਨੂੰ 10 ਵਜੇ ਤੋਂ ਬਾਅਦ ਡੀ.ਜੇ. ਅਤੇ ਲਾਊਡ ਸਪੀਕਰਾਂ ਉਤੇ ਮੁਕੰਮਲ ਪਾਬੰਦੀ ਲਾਉਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਜਨਤਾ ਨੂੰ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਕਮੇਟੀ ਨੇ ਕਿਹਾ ਕਿ ਆਵਾਜ਼ ਪ੍ਰਦੂਸ਼ਣ ਨੂੰ ਰੋਕਣ ਲਈ ਤੈਅ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤੇ ਕੂੜਾ ਕਰਕਟ (ਸਾਲਿਡ ਵੇਸਟ) ਦੇ ਸਹੀ ਨਿਪਟਾਰੇ ਲਈ ਅਜਿਹੇ ਤਰੀਕੇ ਲੱਭਣੇ ਚਾਹੀਦੇ ਹਨ ਕਿ ਵਾਤਾਵਰਣ ਸੁਰੱਖਿਅਤ ਰਹਿ ਸਕੇ। ਸ਼ਹਿਰ ਵਿਚ ਰੋਜ਼ਾਨਾ ਪੈਦਾ ਹੁੰਦੇ 655 ਮੀਟ੍ਰਿਕ ਟਨ ਕੂੜੇ 'ਤੇ ਚਿੰਤਾ ਪ੍ਰਗਟਾਉਂਦਿਆਂ ਕਮੇਟੀ ਨੇ ਕਿਹਾ ਕਿ ਨਗਰ ਨਿਗਮ ਨੂੰ ਇਸ ਦੇ ਖਾਤਮੇ ਲਈ ਆਧੁਨਿਕ ਢੰਗ-ਤਰੀਕਿਆਂ ਨੂੰ ਅਪਣਾਉਣਾ ਚਾਹੀਦਾ ਹੈ। ਮੈਰਿਜ ਪੈਲੇਸਾਂ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪੋ-ਆਪਣੇ ਕੂੜੇ ਜਾਂ ਹੋਰ ਵਿਅਰਥ ਸਾਮਾਨ ਜਿਵੇਂ ਪਲਾਸਟਿਕ ਦੀਆਂ ਬੋਤਲਾਂ ਜਾਂ ਲਿਫਾਫਿਆਂ ਆਦਿ ਨੂੰ ਵਾਤਾਵਰਣ-ਪੱਖੀ ਤਰੀਕਿਆਂ ਨਾਲ ਸੁੱਟਣ।



ਇਸ ਤੋਂ ਇਲਾਵਾ ਸਨਅਤੀ ਇਕਾਈਆਂ ਤੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵੀ ਸ਼ਹਿਰ ਵਿਚ ਪ੍ਰਦੂਸ਼ਣ ਨੂੰ ਰੋਕਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਸੰਸਦੀ ਕਮੇਟੀ ਨੇ ਕਿਹਾ ਕਿ ਸ਼ਹਿਰ ਵਿਚ ਇਲੈਕਟ੍ਰਿਕ ਥਰੀਵੀਲ੍ਹਰਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ ਤੇ ਹੋਰ ਮੋਟਰ-ਗੱਡੀਆਂ ਲਈ ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ ਜ਼ਰੂਰੀ ਕਰਾਰ ਦੇਣੇ ਚਾਹੀਦੇ ਹਨ।

## ਆਦਮਪੁਰ ਹਵਾਈ ਅੱਡੇ ਤੋਂ ਆਮ ਉਡਾਣਾਂ ਲਈ ਮਿਲੀ ਹਰੀ ਝੰਡੀ

**ਨਵੀਂ ਦਿੱਲੀ:** ਪੰਜਾਬ ਦੇ ਆਦਮਪੁਰ ਹਵਾਈ ਅੱਡੇ ਤੋਂ ਆਮ ਉਡਾਣਾਂ ਸ਼ੁਰੂ ਕਰਨ ਦੀ ਕਵਾਇਦ ਹੇਠ ਰੱਖਿਆ ਮੰਤਰੀ ਮਨੋਹਰ ਪਾਰੀਕਰ ਨੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਕੇਂਦਰੀ ਮੰਤਰੀ ਵਿਜੈ ਸਾਂਪਲਾ ਨੇ ਰੱਖਿਆ ਮੰਤਰੀ ਮਨੋਹਰ ਪਾਰੀਕਰ ਨਾਲ ਮੁਲਾਕਾਤ ਤੋਂ ਬਾਅਦ ਸੰਸਦ ਵਿਚ ਸ਼ਹਿਰੀ ਹਵਾਬਾਜ਼ੀ ਬਾਰੇ ਮੰਤਰੀ ਅਸ਼ੋਕ ਗਜਪਤੀ ਰਾਜੂ ਨਾਲ ਵੀ ਮੁਲਾਕਾਤ ਕੀਤੀ। ਸ੍ਰੀ ਸਾਂਪਲਾ, ਜੋ ਇਸ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਲਈ ਵਿਸ਼ੇਸ਼ ਤੌਰ ਉਤੇ ਕੋਸ਼ਿਸ਼ ਕਰ ਰਹੇ ਹਨ, ਨੇ ਦੱਸਿਆ ਕਿ ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਉਨ੍ਹਾਂ ਨੂੰ ਸਾਕਰਾਤਮਿਕ ਜਵਾਬ ਦਿੱਤਾ ਹੈ। ਕੇਂਦਰ ਵੱਲੋਂ ਇਸ ਪ੍ਰੋਜੈਕਟ ਲਈ ਲੋੜੀਂਦੀ 50 ਏਕੜ ਜ਼ਮੀਨ ਲਈ ਵੀ ਪੰਜਾਬ ਸਰਕਾਰ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ।

ਆਦਮਪੁਰ ਹਵਾਈ ਅੱਡੇ ਤੋਂ ਆਮ ਉਡਾਣਾਂ ਸ਼ੁਰੂ ਕਰਨ ਦੇ ਇਸ ਅਮਲ ਦੇ ਮੁਕੰਮਲ ਹੋਣ ਉਤੇ ਹੁਣ ਪ੍ਰੋਜੈਕਟ ਵਿਚ ਹੋਰ ਤੇਜ਼ੀ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਪੰਜਾਬ ਦੇ ਦੁਆਬਾ ਖੇਤਰ ਵਿਚ ਤਕਰੀਬਨ 20 ਸਾਲਾਂ ਤੋਂ ਹਵਾਈ ਅੱਡਾ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ।

## ਲਿੰਕ ਨਹਿਰ: ਪੰਜਾਬ ਦੀ ਪਟੀਸ਼ਨ ਰੱਦ

**ਚੰਡੀਗੜ੍ਹ:** ਸਤਲੁਜ ਯਮੁਨਾ ਜੋੜ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਨੂੰ ਲੈ ਕੇ ਤਕਰੀਬਨ ਤਿੰਨ ਦਹਾਕਿਆਂ ਤੋਂ ਚਲੇ ਆ ਰਹੇ ਵਿਵਾਦ ਉਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਵੱਲੋਂ ਪਾਈ ਨਜ਼ਰਸਾਨੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਵੱਲੋਂ ਪ੍ਰਗਟਾਏ ਗਏ ਤੌਖਲਿਆਂ ਵਿਚ ਕੋਈ ਦਮ ਨਹੀਂ ਹੈ। ਪੰਜਾਬ ਸਰਕਾਰ ਨੇ ਸਾਲਸੀ ਵੱਲੋਂ ਦਿੱਤੇ ਗਏ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਸੀ। ਸਾਲਸੀ ਨੇ ਨਹਿਰ ਦੀ ਉਸਾਰੀ ਕਰਨ ਵਾਲੇ ਠੇਕੇਦਾਰ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਦੀ ਹਦਾਇਤ ਕੀਤੀ ਸੀ।

ਪਟੀਸ਼ਨ ਨੂੰ ਖਾਰਜ ਕਰਦਿਆਂ ਜਸਟਿਸ ਕੇ ਕਾਨਨ ਨੇ ਕਿਹਾ ਕਿ ਸਾਲਸੀ ਦਾ ਫ਼ੈਸਲਾ ਠੀਕ ਸੀ ਤੇ ਪੰਜਾਬ ਸਰਕਾਰ ਨੂੰ ਸ਼ਿਕਾਇਤ ਕਰਨ ਦਾ ਕੋਈ ਆਧਾਰ ਨਹੀਂ ਬਣਦਾ। ਜ਼ਿਕਰਯੋਗ ਹੈ ਕਿ ਸਾਲਸੀ ਨੇ ਠੇਕੇਦਾਰ ਨੂੰ ਹੋਏ ਨੁਕਸਾਨ ਉਤੇ 15 ਫ਼ੀਸਦੀ ਦਾ ਸਾਲਾਨਾ ਵਿਆਜ ਦੇਣ ਦੀ ਵਕਾਲਤ ਕੀਤੀ ਸੀ ਅਤੇ ਰਾਜ ਸਰਕਾਰ ਮੁਤਾਬਕ ਠੇਕੇਦਾਰ ਨੂੰ 40 ਲੱਖ ਰੁਪਏ ਅਦਾ ਕਰਨੇ ਪੈਣੇ ਹਨ।

## ਗੁਹਾਟੀ ਵਿਚ ਸਿੱਖ ਜਰਨੈਲ ਦੀ ਯਾਦਗਾਰ ਲਈ ਮਦਦ ਦਾ ਭਰੋਸਾ

**ਅੰਮ੍ਰਿਤਸਰ:** ਆਸਾਮ ਤੋਂ ਆਏ ਸਿੱਖਾਂ ਦੇ ਇਕ ਵਫ਼ਦ ਨੂੰ ਪੰਜਾਬ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਗੁਹਾਟੀ ਵਿਚ ਸਿੱਖ ਜਰਨੈਲ ਜਨਰਲ ਚੇਤਨ ਸਿੰਘ ਦੀ ਯਾਦ ਵਿਚ ਸਭਿਆਚਾਰਕ ਕੰਪਲੈਕਸ ਦੀ ਉਸਾਰੀ ਲਈ ਸਹਿਯੋਗ ਦਿੱਤਾ ਜਾਵੇਗਾ। ਇਹ ਭਰੋਸਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਿੱਤਾ ਹੈ।

ਆਸਾਮ ਤੋਂ ਆਏ ਸਿੱਖਾਂ ਦਾ ਇਹ ਵਫ਼ਦ ਮੁੱਖ ਮੰਤਰੀ ਨੂੰ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਮਿਲਿਆ। ਉਨ੍ਹਾਂ ਮੁੱਖ ਮੰਤਰੀ ਨੂੰ ਦੱਸਿਆ ਕਿ ਜਰਨਲ ਚੇਤਨ ਸਿੰਘ ਦੀ ਯਾਦ ਵਿਚ ਗੁਹਾਟੀ ਵਿਚ ਸਭਿਆਚਾਰਕ ਕੰਪਲੈਕਸ ਉਸਾਰਿਆ ਜਾ ਰਿਹਾ ਹੈ। ਇਸ ਸਿੱਖ ਜਰਨੈਲ ਨੂੰ ਮਹਾਰਾਜਾ ਰਣਜੀਤ ਸਿੰਘ ਵੱਲੋਂ ਬਰਮਾ ਉਤੇ ਕਬਜ਼ਾ ਕਰਨ ਲਈ ਭੇਜਿਆ ਗਿਆ ਸੀ, ਜਿਸ ਨੇ ਉਥੇ ਆਸਾਮ ਦੇ ਲੋਕਾਂ ਦੇ ਹੱਕਾਂ ਦੀ ਬਹਾਲੀ ਵਾਸਤੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਸਿੱਖ ਜਰਨੈਲ ਦੀ ਯਾਦਗਾਰ ਗੁਹਾਟੀ ਵਿਚ ਬਣਾਈ ਜਾ ਰਹੀ ਹੈ। ਇਸ ਮਾਮਲੇ ਵਿਚ ਉਨ੍ਹਾਂ ਅਕਾਲੀ ਸਰਕਾਰ ਕੋਲੋਂ ਮਦਦ ਦੀ ਮੰਗ ਕੀਤੀ।

## ਇਰਾਕ ਵਿਚ ਬੰਦੀ ਬਣਾਏ 39 ਪੰਜਾਬੀ ਸੁਰੱਖਿਅਤ

**ਨਵੀਂ ਦਿੱਲੀ:** ਇਰਾਕ ਵਿਚ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ ਵੱਲੋਂ ਇਕ ਸਾਲ ਪਹਿਲਾਂ ਬੰਦੀ ਬਣਾਏ ਗਏ 39 ਪੰਜਾਬੀ ਸੁਰੱਖਿਅਤ ਹਨ। ਇਹ ਦਾਅਵਾ ਕੇਂਦਰ ਸਰਕਾਰ ਨੇ ਕੀਤਾ ਹੈ। 39 ਪੰਜਾਬੀਆਂ ਦੇ ਸੁਰੱਖਿਅਤ ਹੋਣ ਦੀ ਖਬਰ ਨਾਲ ਪਿਛਲੇ ਸਵਾ ਸਾਲ ਤੋਂ ਅੱਧ ਵਿਚਾਲੇ ਰਿੜਕ ਰਹੇ ਪੀੜਤ ਪਰਿਵਾਰਾਂ ਵਿਚ ਰੌਣਕਾਂ ਪਰਤ ਆਈਆਂ ਹਨ। ਬਹੁਤੇ ਪਰਿਵਾਰਾਂ ਨੂੰ ਅਖਬਾਰਾਂ ਪੜ੍ਹ ਕੇ ਹੀ ਇਸ ਖਬਰ ਦਾ ਪਤਾ ਲੱਗਾ ਤੇ ਕਈਆਂ ਨੇ ਇਕ ਦੂਜੇ ਨੂੰ ਫੋਨ ਕਰਕੇ ਵੀ ਦੱਸਿਆ ਕਿ ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ.ਕੇ. ਸਿੰਘ ਨੇ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਨੂੰ ਮਿਲੀਆਂ ਤਾਜ਼ੀਆਂ ਰਿਪੋਰਟਾਂ ਵਿਚ ਬੰਧਕ ਬਣਾਏ ਸਾਰੇ 39 ਪੰਜਾਬੀ ਸੁਰੱਖਿਅਤ ਹਨ ਤੇ ਭਾਰਤ ਸਰਕਾਰ ਉਨ੍ਹਾਂ ਨੂੰ ਛਡਾਉਣ ਲਈ ਇਰਾਕ ਦੀ ਸਰਕਾਰ ਨਾਲ ਕੂਟਨੀਤਿਕ ਰਣਨੀਤੀ ਬਣਾ ਰਹੀ ਹੈ।

ਪਿਛਲੇ ਸਵਾ ਸਾਲ ਤੋਂ ਆਪਣਿਆਂ ਦੀ ਕੋਈ ਉਘ-ਸੁਘ ਨਾ ਮਿਲਣ ਉਤੇ ਕਈ ਤਰ੍ਹਾਂ ਦੀਆਂ ਮੁਸੀਬਤਾਂ ਵਿਚੋਂ ਲੰਘ ਰਹੇ ਪਰਿਵਾਰਾਂ ਨੂੰ ਇਸ

### ਕੇਂਦਰ ਸਰਕਾਰ ਵੱਲੋਂ ਛੇਤੀ ਵਾਪਸੀ ਦਾ ਦਾਅਵਾ



ਖਬਰ ਨੇ ਨਵੀਂ ਜਾਨ ਫੂਕ ਦਿੱਤੀ ਹੈ। ਚਰਾਜ ਪਿੰਡ ਦੀ ਰਹਿਣ ਵਾਲੀ ਮਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਦਵਿੰਦਰ ਸਿੰਘ ਇਨ੍ਹਾਂ ਬੰਧਕਾਂ ਵਿਚ ਸ਼ਾਮਲ ਹੈ। ਜਦੋਂ ਅਖਬਾਰ ਪੜ੍ਹੀ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਉਸ ਨੇ ਆਪਣੇ ਬੱਚਿਆਂ ਨੂੰ ਵੀ ਦੱਸਿਆ ਕਿ ਉਨ੍ਹਾਂ ਦੇ ਪਾਪਾ ਠੀਕ ਠਾਕ ਹਨ ਤੇ ਜਲਦ ਹੀ ਘਰ ਪਰਤ ਆਉਣਗੇ। ਮਨਜੀਤ ਕੌਰ ਨੇ ਦੱਸਿਆ ਕਿ ਕਈ ਰਿਸ਼ਤੇਦਾਰਾਂ ਦੇ ਵੀ ਉਨ੍ਹਾਂ ਨੂੰ ਵਧਾਈਆਂ ਦੇ ਫੋਨ ਆਏ। ਨਕਦੋਰ ਨੇੜਲੇ ਪਿੰਡ ਬਾਠ ਕਲਾਂ ਦੀ ਕਮਲਜੀਤ ਨੇ ਦੱਸਿਆ ਕਿ ਉਸ ਦਾ ਪਤੀ ਰੂਪ ਲਾਲ ਇਨ੍ਹਾਂ ਬੰਧਕਾਂ ਵਿਚ ਸ਼ਾਮਲ ਹੈ। ਉਸ ਨੂੰ ਕਿਸੇ ਪੀੜਤ ਪਰਿਵਾਰ ਨੇ ਫੋਨ ਕਰਕੇ ਦੱਸਿਆ ਸਾਰੇ ਪੰਜਾਬੀ ਸੁਰੱਖਿਅਤ ਹਨ। ਰੂਪ ਲਾਲ ਦੇ ਭਰਾ ਮਦਨ ਲਾਲ ਦਾ ਕਹਿਣਾ ਸੀ ਕਿ ਸਾਨੂੰ ਸਾਰਿਆਂ ਨੂੰ ਬੜਾ ਚੰਗਾ ਲੱਗਾ ਜਦੋਂ ਉਨ੍ਹਾਂ ਨੂੰ ਇਹ ਖਬਰ ਮਿਲੀ। ਹਰਜੀਤ ਮਸੀਹ ਦੇ ਦਾਅਵੇ ਦਾ ਵੀ ਉਨ੍ਹਾਂ ਨੂੰ ਯਕੀਨ ਨਹੀਂ ਸੀ ਆਉਂਦਾ ਜਿਸ ਨੇ ਕਿਹਾ ਸੀ ਕਿ ਉਸ ਦੀਆਂ ਅੱਖਾਂ ਸਾਹਮਣੇ ਪੰਜਾਬੀਆਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਸੀ ਪਰ ਉਹ ਖੁਸ਼ਕਿਸਮਤੀ ਨਾਲ ਬਚ ਗਿਆ ਸੀ।

ਜਲੰਧਰ ਸ਼ਹਿਰ ਨੇੜਲੇ ਪਿੰਡ ਢੱਡਿਆ ਦੇ ਬਲਵੰਤ ਰਾਏ ਦੀ ਪਤਨੀ ਗਿਆਨ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਉਡਦੀ-ਉਡਦੀ ਖਬਰ ਮਿਲੀ ਸੀ ਕਿ ਇਰਾਕ ਵਿਚ ਫਸੇ ਸਾਰੇ ਪੰਜਾਬੀ ਜਿਉਂਦੇ ਹਨ ਤਾਂ ਉਹ ਆਪਣੇ ਗੁਆਂਢੀਆਂ ਕੋਲੋਂ ਅਖਬਾਰਾਂ ਲੈ ਕੇ ਆਈ ਜਿਸ ਵਿਚ ਵਿਦੇਸ਼ ਰਾਜ ਮੰਤਰੀ ਵੀ.ਕੇ ਸਿੰਘ ਨੇ ਕਿਹਾ ਸੀ ਸਾਰੇ ਪੰਜਾਬੀ ਠੀਕ ਠਾਕ ਹਨ। ਗਿਆਨ ਕੌਰ ਨੇ ਕਿਹਾ ਕਿ ਉਹ ਰੱਬ ਦਾ ਸ਼ੁਕਰ ਮਨਾਉਂਦੇ ਹਨ।

# ਖਜਾਨੇ ‘ਤੇ ਸੱਤ ਸੌ ਕਰੋੜ ਦਾ ਬੋਝ ਪਾਵੇਗਾ ਗ੍ਰੀਨ ਟ੍ਰਿਬਿਊਨਲ ਦਾ ਫੈਸਲਾ

**ਚੰਡੀਗੜ੍ਹ:** ਕੌਮੀ ਗ੍ਰੀਨ ਟ੍ਰਿਬਿਊਨਲ ਵੱਲੋਂ ਪੰਜਾਬ ਦੇ ਟਿਊਬਵੈੱਲ ਕੁਨੈਕਸ਼ਨਾਂ ਉੱਤੇ ਲੱਗੀ ਰੋਕ ਹਟਾਉਣ ਨਾਲ ਪੰਜਾਬ ਸਰਕਾਰ ਦੀਆਂ ਚਿੰਤਾਵਾਂ ਵਧ ਗਈਆਂ ਹਨ। ਸਵਾ ਲੱਖ ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਹੋਣ ਨਾਲ ਸਰਕਾਰੀ ਖ਼ਜ਼ਾਨੇ ਉਤੇ ਸਬਸਿਡੀ ਦੀ ਰਾਸ਼ੀ ਵਜੋਂ ਸੱਤ ਸੌ ਕਰੋੜ ਰੁਪਏ ਦਾ ਹੋਰ ਵਿੱਤੀ ਬੋਝ ਪਏਗਾ। ਉਧਰ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ ਤਕਰੀਬਨ ਚਾਲੀ ਹਜ਼ਾਰ ਕਿਸਾਨ ਕੁਨੈਕਸ਼ਨਾਂ ਉੱਤੇ ਰੋਕ ਲੱਗਣ ਕਾਰਨ ਦੋਹਰੀ ਮਾਰ ਝੱਲ ਰਹੇ ਹਨ। ਪਾਵਰਕੌਮ ਦੇ ਖਾਤੇ ਵਿਚ ਕਰੋੜਾਂ ਰੁਪਏ ਜਮ੍ਹਾਂ ਕਰਵਾ ਕੇ ਉਹ ਸਾਲ ਡੇਢ ਸਾਲ ਤੋਂ ਵਿਆਜ ਭਰ ਰਹੇ ਹਨ ਤੇ ਇਸ ਸਮੇਂ ਦੌਰਾਨ ਡੀਜ਼ਲ ਪੰਪ ਰਾਹੀਂ ਸਿੰਚਾਈ ਕਰਕੇ ਵਾਧੂ ਆਰਥਿਕ ਬੋਝ ਵੀ ਉਠਾ ਰਹੇ ਹਨ। ਹੁਣ ਸਰਕਾਰ ਲਈ ਵੱਡਾ ਸਵਾਲ ਇਹ ਹੈ ਕਿ ਟ੍ਰਿਬਿਊਨਲ ਦਾ ਫੈਸਲਾ ਲਾਗੂ ਕਰਨ ਸਮੇਂ ਕਿਸਾਨਾਂ ਦੇ ਪੈਸੇ ਦਾ ਵਿਆਜ ਪਾਵਰਕੌਮ ਅਦਾ ਕਰੇਗੀ ਜਾਂ ਨਹੀਂ?

## ਟਿਊਬਵੈੱਲ ਕੁਨੈਕਸ਼ਨਾਂ ‘ਤੇ ਰੋਕ ਹਟਣ ਨਾਲ ਪੰਜਾਬ ਸਰਕਾਰ ਦਾ ਫਿਕਰ ਵਧਿਆ



ਪਾਵਰਕੌਮ ਵੱਲੋਂ ਗ੍ਰੀਨ ਟ੍ਰਿਬਿਊਨਲ ਕੋਲ ਪੇਸ਼ ਕੀਤੇ ਤੱਥਾਂ ਅਨੁਸਾਰ ਕੁਨੈਕਸ਼ਨਾਂ ਉੱਤੇ ਰੋਕ ਲੱਗਣ ਤੋਂ ਪਹਿਲਾਂ 4.05 ਲੱਖ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਪੈਂਡਿੰਗ ਸਨ। ਇਨ੍ਹਾਂ ਵਿਚੋਂ 82,822 ਅਰਜ਼ੀਆਂ ਤਾਂ ਇਕ ਤੋਂ ਢਾਈ ਏਕੜ ਜ਼ਮੀਨ ਵਾਲੇ ਕਿਸਾਨਾਂ ਦੀਆਂ ਹਨ। ਢਾਈ ਤੋਂ ਪੰਜ ਏਕੜ ਵਾਲੇ ਕਿਸਾਨਾਂ ਦੀਆਂ 91,841 ਅਰਜ਼ੀਆਂ ਪੈਂਡਿੰਗ ਹਨ। ਸਵਾ ਲੱਖ ਨੂੰ ਤਾਂ ਕੁਨੈਕਸ਼ਨ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ। ਪਾਵਰਕੌਮ ਨੇ ਟ੍ਰਿਬਿਊਨਲ ਕੋਲ ਇਹ ਗੱਲ ਮੰਨੀ ਹੈ ਕਿ ਉਸ ਨੇ ਕੁਨੈਕਸ਼ਨਾਂ ਉੱਤੇ ਰੋਕ ਦਾ ਹੁਕਮ ਲਾਗੂ ਕੀਤਾ ਹੈ, ਪਰ ਡਿਮਾਂਡ ਨੋਟਿਸ ਹਾਸਲ ਕਰ ਚੁੱਕੇ ਕਿਸਾਨਾਂ ਤੋਂ ਹੀ ਕੁਨੈਕਸ਼ਨ ਲੈਣ ਲਈ 75 ਹਜ਼ਾਰ ਰੁਪਏ ਪ੍ਰਤੀ ਕੁਨੈਕਸ਼ਨ ਦਾ ਬਕਾਇਆ ਭਰਵਾਇਆ ਗਿਆ ਸੀ।

ਸੂਤਰਾਂ ਅਨੁਸਾਰ ਕਿਸਾਨਾਂ ਨੂੰ 1.25 ਲੱਖ ਕੁਨੈਕਸ਼ਨ ਤੁਰੰਤ ਦੇਣ ਉੱਤੇ ਅਜੇ ਵੀ ਕਈ ਸਵਾਲ ਖੜ੍ਹੇ ਹਨ। ਸਰਕਾਰ ਨੂੰ 12.26 ਲੱਖ ਟਿਊਬਵੈੱਲਾਂ ਵਾਸਤੇ ਮੁਫ਼ਤ ਬਿਜਲੀ ਵਜੋਂ ਤਕਰੀਬਨ 4500 ਕਰੋੜ ਰੁਪਏ ਦੀ ਸਬਸਿਡੀ ਦੇਣੀ ਪੈ ਰਹੀ ਹੈ। ਸਵਾ ਲੱਖ ਕੁਨੈਕਸ਼ਨ ਹੋਰ ਵਧਣ ਨਾਲ ਸਬਸਿਡੀ ਦੀ ਰਾਸ਼ੀ ਸੱਤ ਸੌ ਕਰੋੜ ਰੁਪਏ ਹੋਰ ਵਧਣ ਦਾ ਅਨੁਮਾਨ ਹੈ।

ਸਰਕਾਰੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਮੁਫ਼ਤ ਬਿਜਲੀ ਵਾਲੇ ਟਿਊਬਵੈੱਲਾਂ ਉੱਤੇ ਡੀਜ਼ਲ ਜਨਰੇਟਰ ਚਲਾਉਣ ਉੱਤੇ ਰੋਕ ਨਾਲ ਸਮੱਸਿਆ ਖੜ੍ਹੀ ਹੋ ਸਕਦੀ ਹੈ। ਸਰਕਾਰ ਨੂੰ ਤੀਹ ਦਿਨਾਂ ਦੇ ਅੰਦਰ ਇਸ ਬਾਰੇ ਨੀਤੀ ਬਣਾਉਣ ਦਾ ਹੁਕਮ ਦਿੱਤਾ ਗਿਆ ਹੈ। ਖੇਤੀ ਕਮਿਸ਼ਨਰ ਡਾ. ਬੀ.ਐਸ. ਸਿੱਧੂ ਨੇ ਕਿਹਾ ਕਿ ਟ੍ਰਿਬਿਊਨਲ ਦੀ ਜਜਮੈਂਟ ਮਿਲਣ ਤੋਂ ਬਾਅਦ ਸਬੰਧਤ ਵਿਭਾਗਾਂ ਦੀ ਮੀਟਿੰਗ ਕਰਕੇ ਸਰਕਾਰ ਨੀਤੀ ਸਬੰਧੀ ਵਿਚਾਰ ਕਰੇਗੀ ਤੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਉਧਰ ਕੌਮੀ ਗ੍ਰੀਨ ਟ੍ਰਿਬਿਊਨਲ ਵਿਚ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਮੁਫ਼ਤ ਬਿਜਲੀ ਦੀ ਸੁਵਿਧਾ ਬੰਦ ਕਰਨ ਤੇ ਨਵੇਂ ਬਿਜਲੀ ਕੁਨੈਕਸ਼ਨ ਜਾਰੀ ਕਰਨ ਉੱਤੇ ਰੋਕ ਲਗਾਉਣ ਦੀ ਮੰਗ ਨੂੰ ਲੈ ਕੇ ਪਟੀਸ਼ਨ ਪਾਉਣ ਵਾਲੀ ਐਨ.ਜੀ.ਓ. ‘ਸਫ਼ਲ ਭਾਰਤ ਗੁਰੂ ਪ੍ਰੰਪਰਾ’ ਨੇ ਸਫੈਦੇ ਦੇ ਮੁੱਦੇ ਉੱਤੇ ਸੁਪਰੀਮ ਕੋਰਟ ਜਾਣ ਦਾ ਫੈਸਲਾ ਕੀਤਾ ਹੈ।

ਗੌਰਤਲਬ ਹੈ ਕਿ ਟ੍ਰਿਬਿਊਨਲ ਨੇ ਸਫੈਦੇ ਉੱਤੇ ਰੋਕ ਲਗਾਉਣ ਦੇ ਬਜਾਇ ਸਰਕਾਰ ਉੱਤੇ ਛੱਡ ਦਿੱਤਾ ਹੈ ਕਿ ਉਹ ਸੇਮ ਤੇ ਹੋਰ ਜ਼ਰੂਰੀ ਖੇਤਰਾਂ ਵਿਚ ਸਫੈਦਾ ਲਗਾਉਣ ਦੀ ਇਜਾਜ਼ਤ ਦੇ ਸਕਦੀ ਹੈ।

### ਕਿਸਾਨਾਂ ਦੇ ਬਕਾਏ ਬਾਰੇ ਖੜ੍ਹੇ ਹੋਏ ਸਵਾਲ

ਪਾਵਰਕੌਮ ਨੇ ਕਿਸਾਨਾਂ ਤੋਂ ਕੁਨੈਕਸ਼ਨ ਲੈਣ ਲਈ 75 ਹਜ਼ਾਰ ਰੁਪਏ ਪ੍ਰਤੀ ਕੁਨੈਕਸ਼ਨ ਦਾ ਬਕਾਇਆ ਭਰਵਾਇਆ ਗਿਆ ਸੀ। ਪਾਵਰਕੌਮ ਦੇ ਖਾਤੇ ਵਿਚ ਕਰੋੜਾਂ ਰੁਪਏ ਜਮ੍ਹਾਂ ਕਰਵਾ ਕੇ ਕਿਸਾਨ ਡੇਢ ਸਾਲ ਤੋਂ ਵਿਆਜ ਭਰ ਰਹੇ ਹਨ ਤੇ ਇਸ ਸਮੇਂ ਦੌਰਾਨ ਡੀਜ਼ਲ ਪੰਪ ਰਾਹੀਂ ਸਿੰਚਾਈ ਕਰਕੇ ਵਾਧੂ ਆਰਥਿਕ ਬੋਝ ਵੀ ਉਠਾ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਸਵਾਲ ਕੀਤਾ ਹੈ ਕਿ ਜੇ ਕੁਨੈਕਸ਼ਨਾਂ ਉੱਤੇ ਰੋਕ ਲੱਗੀ ਹੋਈ ਸੀ ਤਾਂ ਪੈਸਾ ਕਿਉਂ ਭਰਵਾਇਆ ਗਿਆ? ਜੇ ਭਰਵਾਇਆ ਹੈ ਤਾਂ ਇਸ ਉੱਤੇ ਵਿਆਜ ਦਿੱਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਪਾਵਰਕੌਮ ਦੇ ਡਾਇਰੈਕਟਰ (ਵੰਡ) ਕੇ.ਐਲ. ਸ਼ਰਮਾ ਨੇ ਕਿਹਾ ਕਿ ਪਾਵਰਕੌਮ ਨੇ ਟ੍ਰਿਬਿਊਨਲ ਦੇ ਹੁਕਮਾਂ ਨੂੰ ਅਮਲ ਵਿਚ ਲਿਆਉਣ ਲਈ ਤਿੰਨ ਮੈਂਬਰਾਂ ਦੀ ਕਮੇਟੀ ਬਣਾ ਦਿੱਤੀ ਹੈ।

## ਅਡਾਨੀ ਗਰੁਪ ਨੇ ਆਸਟਰੇਲੀਆ ਵਾਲਾ ਪ੍ਰਾਜੈਕਟ ਰੋਕਿਆ

**ਮੈਲਬਰਨ:** ਅਡਾਨੀ ਗਰੁੱਪ ਨੇ ਆਸਟਰੇਲੀਆ ਵਿਚ ਕੋਲੇ ਦੀ ਖਾਣ ਦਾ ਵੱਡਾ ਪ੍ਰੋਜੈਕਟ ਬੰਦ ਕਰ ਦਿੱਤਾ ਹੈ। ਅਡਾਨੀ ਗਰੁੱਪ ਨੇ ਉੱਤਰੀ ਕੁਈਨਜ਼ਲੈਂਡ ਵਿਚ ਕੋਲੇ ਦੀ ਵੱਡੀ ਖਾਣ ਦੇ ਪ੍ਰੋਜੈਕਟਾਂ ਵਿਚੋਂ ਮੁੱਖ ਠੇਕੇਦਾਰਾਂ ਨੂੰ ਕੰਮ ਤੋਂ ਹਟਾ ਦਿੱਤਾ ਹੈ। ਪ੍ਰੋਜੈਕਟ ਬੰਦ ਕਰਨ ਨਾਲ ਇਥੇ ਹੋਣ ਵਾਲੇ ਅਰਬਾਂ ਰੁਪਏ ਦੇ ਨਿਵੇਸ਼ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਗਰੁੱਪ ਵੱਲੋਂ ਦੋ ਠੇਕੇਦਾਰ ਫ਼ਰਮਾਂ ਦੇ ਅਧਿਕਾਰੀਆਂ ਦੀ ਨੌਕਰੀਆਂ ਖ਼ਤਮ ਕਰ ਦਿੱਤੀਆਂ ਗਈਆਂ ਹਨ। ਉੱਤਰੀ ਕੁਈਨਜ਼ਲੈਂਡ ਵਿਚ ਅਦਾਨੀ ਗਰੁੱਪ ਦਾ ਇਹ ਪ੍ਰੋਜੈਕਟ 2800 ਹੈਕਟੇਅਰ ਵਿਚ ਫੈਲਿਆ ਹੋਇਆ ਸੀ। ਆਸਟਰੇਲੀਆ ਸਰਕਾਰ ਦਾ ਵੀ ਨਿਵੇਸ਼ ਇਸ ਵਿਚ ਹੋਇਆ ਸੀ। ਆਸਟਰੇਲੀਆ ਵਿਚ ਵਿਸ਼ਵ ਦੀ ਸਭ ਤੋਂ ਵੱਡੀ ਕੋਲਾ ਖਾਣ ਲਗਾਉਣ ਦਾ ਅਡਾਨੀ ਗਰੁੱਪ ਦਾ ਇਹ ਪ੍ਰੋਜੈਕਟ ਕਾਫੀ ਪੁਰਾਣਾ ਸੀ।


Flat Rate Funding Group

Are you tired of waiting to get paid on your outstanding freight invoices?
Get your $$$ now!
At Flat Rate Funding Group, we offer the lowest fixed factoring rate in the transportation industry-
***1.5%!***
Call Goldy Dhillon 734-444-9625
sales@flatratefunding.com

ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ



ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ
ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਮੋਇਆਂ ਨੂੰ ਵੀ ਦਾਅ ਲਾਉਣ 'ਤੇ ਤੁਲ ਗਏ ਹਨ ਹਾਕਮ

**ਚੰਡੀਗੜ੍ਹ:** ਪੰਜਾਬ ਸਰਕਾਰ ਆਰਥਿਕ ਤੰਗੀ ਕਾਰਨ ਖੁਦਕੁਸ਼ੀ ਕਰ ਗਏ ਕਿਸਾਨਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਦੀ ਥਾਂ ਇਨ੍ਹਾਂ ਮੌਤਾਂ ਬਾਰੇ ਤੱਥ ਲੁਕਾਉਣ ਵਿਚ ਜੁਟੀ ਹੋਈ ਹੈ। ਸਰਕਾਰ ਵੱਲੋਂ ਕੇਂਦਰ ਨੂੰ ਭੇਜੀ ਰਿਪੋਰਟ ਜ਼ਮੀਨੀ ਸੱਚ ਤੋਂ ਕੋਹਾਂ ਦੂਰ ਹੈ। ਰਿਪੋਰਟ ਮੁਤਾਬਕ ਪੰਜਾਬ ਵਿਚ ਛੇ ਮਹੀਨਿਆਂ ਦੌਰਾਨ ਸਿਰਫ਼ ਪੰਜ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਕੇਂਦਰੀ ਖੇਤੀ ਮੰਤਰਾਲੇ ਦੀ ਸੂਚਨਾ ਅਨੁਸਾਰ ਪੰਜਾਬ ਵਿਚ ਇਸ ਸਾਲ ਪਹਿਲੀ ਜਨਵਰੀ ਤੋਂ 30 ਜੂਨ ਤੱਕ ਸਿਰਫ਼ ਪੰਜ ਕਿਸਾਨਾਂ ਨੇ ਖੇਤੀ ਸੰਕਟ ਕਾਰਨ ਖੁਦਕੁਸ਼ੀ ਕੀਤੀ ਹੈ।

ਪਿਛਲੇ ਤਿੰਨ ਵਰ੍ਹਿਆਂ (ਸਾਲ 2012 ਤੋਂ 2014 ਤੱਕ) ਦੌਰਾਨ ਸੂਬੇ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਸਿਫ਼ਰ ਦੱਸੀ ਗਈ ਹੈ। ਖੇਤੀ ਮੰਤਰਾਲੇ ਨੇ ਇਹ ਗਿਣਤੀ ਪੰਜਾਬ ਸਰਕਾਰ ਵੱਲੋਂ ਭੇਜੀ ਰਿਪੋਰਟ ਦੇ ਆਧਾਰ ਉਤੇ ਦੱਸੀ ਹੈ। ਦੂਜੇ ਬੰਨੇ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਨੇ ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ ਸੂਬੇ ਵਿਚ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ 182 ਦੱਸੀ ਹੈ। ਸੂਬਿਆਂ ਵੱਲੋਂ ਕਿਸਾਨਾਂ ਦੀ ਖੁਦਕੁਸ਼ੀ ਦੀ ਰਿਪੋਰਟ ਹਰ ਵਰ੍ਹੇ ਕੇਂਦਰੀ ਖੇਤੀ ਮੰਤਰਾਲੇ ਨੂੰ ਭੇਜੀ ਜਾਂਦੀ ਹੈ। ਜਦੋਂ ਕਿ ਪੰਜਾਬ ਸਰਕਾਰ ਨੇ ਸਾਲ 2011 ਮਗਰੋਂ ਖੇਤੀ ਮੰਤਰਾਲੇ ਨੂੰ ਇਹ ਰਿਪੋਰਟ ਭੇਜਣੀ ਬੰਦ ਕਰ ਦਿੱਤੀ ਸੀ। ਸਾਲ 2004 ਤੋਂ 2011 ਤੱਕ ਸੂਬੇ ਵਿਚ ਖੁਦਕੁਸ਼ੀ ਕਰਨ ਵਾਲੇ 1468 ਕਿਸਾਨਾਂ ਦੀ ਰਿਪੋਰਟ ਭੇਜੀ ਸੀ। ਸਰਕਾਰ ਨੇ ਇਸ ਮਾਮਲੇ ਵਿਚ ਵੀ ਤੱਥ ਛੁਪਾ ਲਏ ਸਨ ਜਿਸ ਕਰ ਕੇ ਕੇਂਦਰ ਕੋਲ ਪੰਜਾਬ ਦਾ ਕੇਸ ਕਮਜ਼ੋਰ ਹੋਇਆ ਹੈ। ਦੂਸਰੇ ਸੂਬਿਆਂ ਵੱਲੋਂ ਹਰ ਵਰ੍ਹੇ ਕੇਸ ਭੇਜਿਆ ਜਾਂਦਾ ਹੈ। ਨਤੀਜੇ ਵਜੋਂ ਬਾਕੀ ਸੂਬਿਆਂ ਦੇ ਪ੍ਰਭਾਵਿਤ ਕਿਸਾਨਾਂ ਦੇ ਪਰਿਵਾਰਾਂ ਨੂੰ ਕੇਂਦਰੀ ਮੁਆਵਜ਼ਾ ਵੀ ਮਿਲਿਆ ਹੈ।

ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਵੱਲੋਂ ਇਕੱਤਰ ਅੰਕੜਿਆਂ ਅਨੁਸਾਰ ਪਿਛਲੇ ਦਹਾਕੇ ਦੌਰਾਨ ਖੇਤੀ ਖੇਤਰ ਵਿਚ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 6926 ਸੀ ਜਿਨ੍ਹਾਂ ਵਿਚੋਂ 3954 ਕਿਸਾਨ ਤੇ 2972 ਬੇਜ਼ਮੀਨੇ ਮਜ਼ਦੂਰ ਸਨ। ਇਨ੍ਹਾਂ ਵਿਚੋਂ 74 ਫ਼ੀਸਦੀ ਕਿਸਾਨਾਂ ਤੇ 58.6 ਫੀਸਦੀ ਬੇਜ਼ਮੀਨੇ ਮਜ਼ਦੂਰਾਂ ਨੇ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਛੇ ਜ਼ਿਲ੍ਹਿਆਂ, ਜਿਨ੍ਹਾਂ ਵਿਚ ਮਾਨਸਾ, ਸੰਗਰੂਰ, ਬਰਨਾਲਾ, ਮੋਗਾ, ਲੁਧਿਆਣਾ ਤੇ ਬਠਿੰਡਾ ਸ਼ਾਮਲ ਹਨ, ਦੇ ਸਰਵੇਖਣ ਦੌਰਾਨ 6126 ਕਿਸਾਨ-ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਮਾਮਲੇ ਸਾਹਮਣੇ ਆਏ ਸਨ ਜਦੋਂਕਿ ਖੁਦਕੁਸ਼ੀਆਂ ਦੇ ਬਾਕੀ 798 ਮਾਮਲੇ ਰਾਜ ਦੇ ਬਾਕੀ ਜ਼ਿਲ੍ਹਿਆਂ ਵਿਚੋਂ ਸਾਹਮਣੇ ਆਏ ਹਨ। ਅਸਲ ਵਿਚ ਇਹ ਛੇ ਜ਼ਿਲ੍ਹੇ ਨਰਮਾ ਪੱਟੀ ਵਾਲੇ ਹਨ, ਜਿਥੇ ਕਰਜ਼ਿਆਂ ਤੋਂ ਪ੍ਰੇਸ਼ਾਨ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦਾ ਰੁਝਾਨ ਭਾਰੂ ਹੈ। ਯੂਨੀਵਰਸਿਟੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਵੇਖਣ ਦੇ ਤੱਥਾਂ ਉਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਰਾਜ ਵਿਚ ਔਸਤਨ ਰੋਜ਼ਾਨਾ ਇਕ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਸਰਕਾਰ ਦੇ ਇਸ ਸਰਵੇਖਣ ਨੂੰ ਆਧਾਰ ਬਣਾਈਏ ਤਾਂ ਰਾਜ ਵਿਚ ਪਿਛਲੇ ਛੇ ਮਹੀਨਿਆਂ ਦੌਰਾਨ 184 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ।

### ਕਿਸਾਨ ਖੁਦਕੁਸ਼ੀਆਂ ਬਾਰੇ ਰਿਪੋਰਟ ਵਿਚ ਤੱਥ ਲੁਕਾਏ



### ਕੀ ਕਹਿੰਦੀ ਹੈ ਸੂਬਾ ਸਰਕਾਰ ਦੀ ਰਿਪੋਰਟ...

**ਚੰਡੀਗੜ੍ਹ:** ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਵਿਚ ਛੇ ਮਹੀਨਿਆਂ ਦੌਰਾਨ ਸਿਰਫ਼ ਪੰਜ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਪਿਛਲੇ ਤਿੰਨ ਵਰ੍ਹਿਆਂ (ਸਾਲ 2012 ਤੋਂ 2014 ਤੱਕ) ਦੌਰਾਨ ਸੂਬੇ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਸਿਫ਼ਰ ਦੱਸੀ ਗਈ ਹੈ। ਜਦੋਂ ਕਿ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਨੇ ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ ਸੂਬੇ ਵਿਚ ਕਿਸਾਨ ਖੁਦਕੁਸ਼ੀਆਂ ਦੀ ਗਿਣਤੀ 182 ਦੱਸੀ ਹੈ। ਕਿਸਾਨ ਜਥੇਬੰਦੀਆਂ ਦਾ ਦੋਸ਼ ਹੈ ਕਿ ਸਰਕਾਰ ਮੁਆਵਜ਼ਾ ਦੇਣ ਦੀ ਮਾਰੀ ਅਸਲ ਤੱਥ ਲੁਕਾ ਰਹੀ ਹੈ। ਬੇਮੌਸਮੀ ਬਾਰਸ਼ ਕਾਰਨ ਹਾੜੀ ਦੀ ਫਸਲ ਖਰਾਬ ਹੋਣ ਪਿੱਛੋਂ ਦੋ ਮਹੀਨਿਆਂ ਵਿਚ ਤਕਰੀਬਨ 55 ਕਿਸਾਨਾਂ ਨੇ ਮੌਤ ਗਲੇ ਲਾਈ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਰਾਜ ਸਰਕਾਰ ਝੂਠ ਨਾਲ ਹਕੀਕਤ ਨੂੰ ਛੁਪਾ ਨਹੀਂ ਸਕਦੀ ਹੈ। ਕਿਸਾਨਾਂ ਦੇ ਘਰਾਂ ਵਿਚ ਤਾਂ ਨਿੱਤ ਸੱਥਰ ਵਿੱਛ ਰਹੇ ਹਨ ਤੇ ਸਰਕਾਰ ਇਸ ਤੋਂ ਅੱਖਾਂ ਫੇਰ ਰਹੀ ਹੈ।

### ਕਿਸਾਨ ਖੁਦਕੁਸ਼ੀਆਂ ਦਾ ਕਾਰਨ ਪ੍ਰੇਮ ਪ੍ਰਸੰਗ?

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਕਿਸਾਨਾਂ ਬਾਰੇ ਦਿੱਤੇ ਬਿਆਨ ਤੋਂ ਫਸ ਗਏ ਹਨ। ਉਨ੍ਹਾਂ ਰਾਜ ਸਭਾ ਵਿਚ ਕਿਹਾ ਕਿ ਕਿਸਾਨਾਂ ਦੇ ਖੁਦਕੁਸ਼ੀਆਂ ਦਾ ਕਾਰਨ ਪ੍ਰੇਮ ਪ੍ਰਸੰਗ, ਵਿਆਹ ਅਤੇ ਨਪੁੰਸਕਤਾ ਹੈ। ਰਾਧਾ ਮੋਹਨ ਸਿੰਘ ਨੇ ਕਿਹਾ ਕਿ ਇਸ ਸਾਲ 1400 ਤੋਂ ਜ਼ਿਆਦਾ ਕਿਸਾਨਾਂ ਨੇ ਪ੍ਰੇਮ-ਪ੍ਰਸੰਗ, ਦਾਜ ਤੇ ਨਿਪੁੰਸਕਤਾ ਦੇ ਚੱਲਦਿਆਂ ਖੁਦਕੁਸ਼ੀਆਂ ਕੀਤੀਆਂ ਹਨ ਨਾ ਕਿ ਪੈਸਿਆਂ ਦੀ ਤੰਗੀ, ਕਰਜ਼ਾ ਜਾਂ ਖਰਾਬ ਫ਼ਸਲ ਦੇ ਕਾਰਨ। ਉਨ੍ਹਾਂ ਪੱਤਰ ਦੇ ਜ਼ਰੀਏ ਭੇਜੇ ਗਏ ਜਵਾਬ ਵਿਚ ਕਿਹਾ ਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਜੋ ਕਾਰਨ ਹਨ ਉਨ੍ਹਾਂ ਵਿਚ ਬਿਮਾਰੀ, ਪ੍ਰੇਮ ਤੇ ਨਿਪੁੰਸਕਤਾ ਵੀ ਸ਼ਾਮਲ ਹੈ। ਖੇਤੀ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰਾਂ ਦੇ ਰਿਕਾਰਡ ਮੁਤਾਬਕ ਖੇਤੀ ਕਾਰਨਾਂ ਕਰਕੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਸਾਲ 2012 ਵਿਚ 1066, ਸਾਲ 2013 ਵਿਚ 890, ਸਾਲ 2014 ਵਿਚ 1400 ਤੇ ਜੂਨ 2015 ਤੱਕ 263 ਰਹੀ।



### ਪੰਜਾਬ ਸਰਕਾਰ ਨੂੰ ਹਾਈਕੋਰਟ ਵੱਲੋਂ ਝਾੜ

**ਚੰਡੀਗੜ੍ਹ:** ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਦੇ ਵਧ ਰਹੇ ਮਾਮਲਿਆਂ ਦਾ ਨੋਟਿਸ ਲੈਂਦਿਆਂ ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਕਿਹਾ ਹੈ ਕਿ ਉਹ ਇਨ੍ਹਾਂ ਨੂੰ ਰੋਕਣ ਦੇ ਉਪਰਾਲੇ ਕਰਨ ਤੇ ਢੁਕਵੇਂ ਕਦਮ ਚੁੱਕਣ। ਡਿਵੀਜ਼ਨ ਬੈਂਚ ਨੇ ਇਹ ਨਿਰਦੇਸ਼ ਮਲਕੀਤ ਸਿੰਘ ਬਾਲੀਆਂਵਾਲੀ ਤੇ ਇਕ ਹੋਰ ਪਟੀਸ਼ਨਰ ਵੱਲੋਂ ਪਾਈ ਗਈ ਅਰਜ਼ੀ ਉਤੇ ਦਿੱਤੇ। ਬੈਂਚ ਨੇ ਹਦਾਇਤਾਂ ਤੋਂ ਬਾਅਦ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ। ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਸਾਲ 2000 ਤੋਂ ਲੈ ਕੇ ਹੁਣ ਤੱਕ 10 ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀ ਕਰ ਚੁੱਕੇ ਹਨ।

### ਕਿਸਾਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵੀ ਨਾ ਮੰਨੀਆਂ

**ਨਵੀਂ ਦਿੱਲੀ:** ਭਾਰਤ ਸਰਕਾਰ ਵੱਲੋਂ ਪਹਿਲੀ ਵਾਰ ਕਿਸਾਨ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਡਾ. ਐਮ.ਐਸ. ਸਵਾਮੀਨਾਥਨ ਦੀ ਅਗਵਾਈ ਵਿਚ ਬਣਾਏ ਇਸ ਕਮਿਸ਼ਨ ਨੇ ਬਹੁਤ ਸਾਰੀਆਂ ਸਿਫ਼ਾਰਸ਼ਾਂ ਕੀਤੀਆਂ ਸਨ ਜਿਨ੍ਹਾਂ ਵਿਚੋਂ ਪ੍ਰਮੁੱਖ ਸਿਫ਼ਾਰਸ਼ਾਂ ਮੰਨਣ ਤੋਂ ਸਰਕਾਰ ਅਜੇ ਤਕ ਵੀ ਇਨਕਾਰੀ ਹੈ। ਇਸ ਤੋਂ ਵੀ ਵੱਡਾ ਮਾਮਲਾ ਹੈ ਕਿ ਸਰਕਾਰੀ ਨੀਤੀਆਂ ਇਸ ਸੰਕਟ ਮੌਕੇ ਵੀ ਕਿਸਾਨ ਦੀ ਬਾਂਹ ਫੜਨ ਵਾਲੀਆਂ ਨਹੀਂ ਹਨ। ਮੌਜੂਦਾ ਦੌਰ ਵਿਚ ਜਦੋਂ ਹਰ ਚੀਜ਼ ਦਾ ਬੀਮਾ ਕਰਨ ਲਈ ਕੰਪਨੀਆਂ ਗਾਹਕ ਲੱਭ ਰਹੀਆਂ ਹਨ ਤਾਂ ਕਿਸਾਨ ਦੀ ਫ਼ਸਲ ਲਈ ਢੁਕਵੀਂ ਬੀਮਾ ਨੀਤੀ ਨਹੀਂ ਬਣਾਈ ਜਾ ਸਕੀ।

## ਸਰਕਾਰੀ ਫੈਸਲਾ ਕਾਗਜ਼ ਦਾ ਟੁਕੜਾ ਬਣ ਕੇ ਰਹਿ ਗਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 30 ਸਤੰਬਰ, 2013 ਨੂੰ ਜਾਰੀ ਪੱਤਰ ਰਾਹੀਂ ਸਰਵੇਖਣ ਤੇ ਉਸ ਸਰਵੇਖਣ ਦੀ ਰਿਪੋਰਟ ਦੇ ਆਧਾਰ ਉਤੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਿਆਂ ਦੀ ਗੱਲ ਕੀਤੀ ਸੀ ਤੇ ਉਸ ਤੋਂ ਬਾਅਦ 10 ਨਵੰਬਰ, 2014 ਨੂੰ ਪੱਤਰ ਜਾਰੀ ਕਰਕੇ ਹੁਕਮ ਦਿੱਤਾ ਸੀ ਕਿ 31 ਮਾਰਚ, 2013 ਤੋਂ ਬਾਅਦ ਹੋਈਆਂ ਖੁਦਕੁਸ਼ੀਆਂ ਦੀ ਰਿਪੋਰਟ ਸਬੰਧਤ ਡੀ.ਸੀ. ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਹਰ ਮਹੀਨੇ ਸਰਕਾਰ ਨੂੰ ਭੇਜੇ ਪਰ ਸਰਕਾਰ ਦਾ ਇਹ ਫੈਸਲਾ ਮਹਿਜ਼ ਕਾਗਜ਼ਾਂ ਦਾ ਪੁਲੰਦਾ ਬਣ ਕੇ ਰਹਿ ਗਿਆ।

ਮਾਰਚ, 2009 ਵਿਚ ਮੰਤਰੀ ਮੰਡਲ ਦੀ ਮੀਟਿੰਗ ਦੇ ਫੈਸਲੇ ਅਨੁਸਾਰ ਪੀੜਤ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ, ਜਿਸ ਤਹਿਤ ਸਾਲ 2000 ਤੋਂ 2010 ਤੱਕ ਦੇ ਸਰਵੇਖਣ ਵਿਚ ਪੰਜਾਬ ਦੇ 6926 ਪੀੜਤ ਕਿਸਾਨ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ ਪਰ ਸਰਕਾਰ ਦੇ ਫੈਸਲੇ ਤੋਂ ਪੰਜ ਸਾਲ ਬਾਅਦ ਕਿਸਾਨਾਂ ਨੂੰ ਬਠਿੰਡੇ ਵਿਚ ਮੋਰਚਾ ਲਾ ਕੇ ਇਹ ਮੁਆਵਜ਼ਾ ਹਾਸਲ ਕਰਨਾ ਪਿਆ; ਫਿਰ ਵੀ ਇਨ੍ਹਾਂ ਵਿਚੋਂ 4688 ਪੀੜਤਾਂ ਨੂੰ ਹੀ ਮੁਆਵਜ਼ਾ ਮਿਲਿਆ ਤੇ ਸਰਕਾਰ ਆਪਣੇ ਵਾਅਦੇ ਅਨੁਸਾਰ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣੋਂ ਭੱਜ ਗਈ।

ਲਾਚਾਰ ਕਿਸਾਨਾਂ ਦੀਆਂ ਇਹ ਖ਼ੁਦਕੁਸ਼ੀਆਂ ਸਿਰਫ ਅੰਕੜਿਆਂ ਵਿਚ ਸਿਮਟ ਕੇ ਰਹਿ ਜਾਂਦੀਆਂ ਹਨ। ਪੰਜਾਬ ਸਰਕਾਰ ਵੱਲੋਂ 2000 ਤੋਂ 2010 ਤੱਕ ਕਰਵਾਏ ਸਰਵੇਖਣ ਮੁਤਾਬਿਕ ਤਕਰੀਬਨ ਸੱਤ ਹਜ਼ਾਰ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰ ਚੁੱਕੇ ਹਨ। ਲੰਮੇ ਸਮੇਂ ਤੱਕ ਤਾਂ ਸਰਕਾਰ ਇਹ ਗੱਲ ਮੰਨਣ ਲਈ ਹੀ ਤਿਆਰ ਨਹੀਂ ਹੋਈ ਕਿ ਕਿਸਾਨ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਰਿਹਾ ਹੈ। ਮਾਹਿਰਾਂ ਦੀ ਮੰਨੀ ਜਾਵੇ ਤਾਂ ਕਿਸਾਨ ਤੇ ਖੇਤ ਮਜ਼ਦੂਰ ਦੀ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। 70 ਫ਼ੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜਿਸ ਵਿਚੋਂ ਵੱਡਾ ਹਿੱਸੇ ਦੀ ਰੋਜ਼ੀ-ਰੋਟੀ ਖੇਤੀ ਉਤੇ ਨਿਰਭਰ ਹੈ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਇਸ ਦਾ ਹਿੱਸਾ ਘਟ ਕੇ 13 ਫ਼ੀਸਦੀ ਰਹਿ ਗਿਆ ਹੈ। ਪਾਰਲੀਮੈਂਟ ਵਿਚ ਪੇਸ਼ ਕੀਤੇ ਤੱਥਾਂ ਅਨੁਸਾਰ ਦੇਸ਼ ਦਾ ਢਾਈ ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਚੁੱਕਾ ਹੈ।

# ਪੰਜਾਬ ਨੂੰ ਵਿਕਾਸ ਦੀ ਬਹੁਤ ਵੱਡੀ ਕੀਮਤ ਪਈ ਹੈ ਤਾਰਨੀ...

**ਚੰਡੀਗੜ੍ਹ:** ਪੰਜਾਬ ਦੇ ਕਿਸਾਨ ਨੂੰ ਹਰੀ ਕ੍ਰਾਂਤੀ ਦਾ ਜਨਮਦਾਤਾ ਕਹਿ ਕੇ ਵਡਿਆਇਆ ਜਾਂਦਾ ਰਿਹਾ ਹੈ ਪਰ ਇਸ ਤਹਿਤ ਖੇਤੀ ਦੇ ਹੋਏ ਰਸਾਇਣੀਕਰਨ ਨੇ ਪੰਜਾਬ ਦੀ ਧਰਤੀ, ਪਾਣੀ ਅਤੇ ਹਵਾ ਨੂੰ ਦੂਸ਼ਿਤ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਨਤੀਜਾ ਇਹ ਹੋਇਆ ਕਿ ਪੰਜਾਬ ਵਿਚ ਕੈਂਸਰ, ਕਾਲਾ ਪੀਲੀਆ ਅਤੇ ਹੋਰ ਗੰਭੀਰ ਬਿਮਾਰੀਆਂ ਪੈਰ ਪਸਾਰ ਰਹੀਆਂ ਹਨ। ਪ੍ਰਾਈਵੇਟ ਹਸਪਤਾਲਾਂ ਦਾ ਮਹਿੰਗਾ ਇਲਾਜ ਕਿਸਾਨਾਂ ਨੂੰ ਕਰਜ਼ਾਈ ਕਰਨ ਦਾ ਵੱਡਾ ਪਹਿਲੂ ਬਣਦਾ ਜਾ ਰਿਹਾ ਹੈ।

ਪੰਜਾਬ ਦੀ ਹਰ ਫ਼ਸਲ ਵਿਚ ਪ੍ਰਤੀ ਹੈਕਟੇਅਰ ਉਤਪਾਦਿਕਤਾ, ਭਾਰਤ ਦੇ ਹਰ ਪ੍ਰਾਂਤ ਤੋਂ ਵੱਧ ਹੈ ਪਰ ਇਸ ਲਈ ਵਾਤਾਵਰਨ ਵਿਚ ਗਿਰਾਵਟ ਤੇ ਅਸੰਤੁਲਨ ਦੀ ਸ਼ਕਲ ਵਿਚ ਜੋ ਕੀਮਤ ਅਦਾ ਕੀਤੀ ਗਈ ਹੈ, ਉਸ ਨੂੰ ਨਾਪਿਆ ਨਹੀਂ ਜਾ ਸਕਦਾ। ਪੰਜਾਬ ਵਿਚ ਔਸਤਨ ਪ੍ਰਤੀ ਹੈਕਟੇਅਰ 242 ਕਿਲੋ ਖਾਦਾਂ ਪਾਈਆਂ ਜਾਂਦੀਆਂ ਹਨ ਜਦੋਂ ਕਿ ਕੌਮੀ ਪੱਧਰ ਉਤੇ ਇਹ ਔਸਤ ਸਿਰਫ 141 ਕਿਲੋ ਹੈ। ਧਰਤੀ ਹੇਠਲਾ ਪਾਣੀ ਪੰਜਾਬ ਭਰ ਵਿਚ ਜ਼ਿਆਦਾ ਥਾਵਾਂ ਉਤੇ 15 ਫੁੱਟ ਤੋਂ ਵੀ ਨੇੜੇ ਸੀ, ਜੋ ਹੁਣ 100 ਫੁੱਟ ਤੋਂ ਵੀ ਹੇਠਾਂ ਪਹੁੰਚ ਚੁੱਕਾ ਹੈ। ਇੰਨਾ ਜ਼ਹਿਰੀਲਾ ਮਾਦਾ ਜੋ ਖਾਦਾਂ ਤੇ ਰਸਾਇਣਕ ਪਦਾਰਥਾਂ ਦੇ ਰੂਪ ਵਿਚ ਧਰਤੀ ਉਤੇ ਵਰਤਿਆ ਜਾ ਰਿਹਾ ਹੈ ਉਹ ਹਵਾ, ਪਾਣੀ ਅਤੇ ਧਰਤੀ ਵਿਚ ਫੈਲ ਕੇ ਖੁਰਾਕ ਵਿਚ ਸ਼ਾਮਲ ਹੋ ਜਾਂਦਾ ਹੈ, ਜਿਸ ਕਰਕੇ ਕਈ ਨਾਮੁਰਾਦ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ।

ਧਰਤੀ ਦੀ ਉਪਜਾਊ ਸ਼ਕਤੀ ਏਨੀ ਕਮਜ਼ੋਰ ਹੋ ਚੁੱਕੀ ਹੈ ਕਿ ਹੁਣ 1960 ਤੋਂ ਲੈ ਕੇ ਪ੍ਰਤੀ ਏਕੜ ਚਾਰ ਗੁਣਾ ਵਧੇਰੇ ਖਾਦਾਂ ਪਾਉਣੀਆਂ ਪੈਂਦੀਆਂ ਹਨ ਤਾਂ ਕਿ ਉਤਪਾਦਨ ਦਾ ਪੱਧਰ ਨਾ ਘਟੇ। ਪੰਜਾਬ ਕੋਲ ਸਿਰਫ 1.50 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਇਹ 1970 ਤੋਂ ਲਗਾਤਾਰ ਕੌਮੀ ਅੰਨ ਭੰਡਾਰ ਵਿਚ 60 ਫ਼ੀਸਦੀ ਦਾ ਯੋਗਦਾਨ ਪਾ ਰਿਹਾ ਹੈ। ਖੇਤੀ ਦੀ ਜ਼ਰੂਰਤ ਪੂਰੀ ਕਰਨ ਲਈ ਹੁਣ ਟਿਊਬਵੈੱਲਾਂ ਦੀ ਗਿਣਤੀ 14 ਲੱਖ ਤੱਕ ਵਧ ਗਈ ਹੈ, ਜਿਸ ਨੇ ਧਰਤੀ ਹੇਠਲੇ ਪਾਣੀ ਨੂੰ ਉਸ ਦੇ ਰੀਚਾਰਜ ਹੋਣ ਤੋਂ ਕਿਤੇ ਵਧ ਮਾਤਰਾ ਵਿਚ ਵਰਤ ਕੇ ਇਕ ਵੱਡੀ ਚੁਣੌਤੀ ਪੈਦਾ ਕਰ ਦਿੱਤੀ ਹੈ। ਚੇਨੇਈ ਦੀ ਇਕ ਸੰਸਥਾ ਤੋਂ ਇਲਾਵਾ ਵਾਤਾਵਰਨ ਸਬੰਧੀ ਕਈ ਰਿਪੋਰਟਾਂ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦਾ ਵਰਤਮਾਨ ਵਾਤਾਵਰਨ ਬਹੁਤੇ ਸਮੇਂ ਤੱਕ ਚੱਲਣ ਦੀ ਸੰਭਾਵਨਾ ਨਹੀਂ ਰੱਖਦਾ। ਇਸ ਵਰਗੇ ਹੋਰ ਪ੍ਰਾਂਤ ਵੀ ਹਨ, ਜਿਨ੍ਹਾਂ ਵਿਚ ਬਿਹਾਰ, ਗੁਜਰਾਤ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਆਦਿ ਆਉਂਦੇ ਹਨ।

ਖੇਤੀ ਵਿਚ ਕਿਸਾਨਾਂ ਦਾ ਸਭ ਤੋਂ ਵੱਧ ਸਰਮਾਇਆ ਹੁਣ ਕੀਟਨਾਸ਼ਕ ਦਵਾਈਆਂ ਉਪਰ ਖਰਚ ਹੁੰਦਾ ਹੈ। ਪਿਛਲੇ ਇਕ ਦਹਾਕੇ ਦੌਰਾਨ ਪੰਜਾਬ ਵਿਚ ਕੀਟਨਾਸ਼ਕ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਕਾਰੋਬਾਰ ਵਿਚ ਕਈ ਗੁਣਾ ਵਾਧਾ ਹੋਇਆ ਹੈ। ਬੀ.ਟੀ. ਕਾਟਨ ਆਉਣ ਦੇ ਬਾਵਜੂਦ ਨਰਮੇ ਉਪਰ ਦਵਾਈਆਂ ਦਾ ਖਰਚਾ ਪਹਿਲਾਂ ਦੇ ਮੁਕਾਬਲੇ ਵਧਿਆ ਹੈ। ਪੰਜਾਬ ਵਿਚ ਹਾੜ੍ਹੀ ਤੇ ਸਾਉਣੀ ਦੌਰਾਨ ਤਕਰੀਬਨ 1250 ਕਰੋੜ ਰੁਪਏ ਦੀਆਂ ਜ਼ਹਿਰਾਂ ਵਿਕ ਜਾਂਦੀਆਂ ਹਨ, ਜਦਕਿ ਇਕੱਲੇ ਸਾਉਣੀ ਦੇ ਸੀਜ਼ਨ ਦੌਰਾਨ ਕਿਸਾਨ ਤਕਰੀਬਨ 900 ਕਰੋੜ ਰੁਪਏ ਦੇ ਕੀਟਨਾਸ਼ਕ ਫ਼ਸਲਾਂ ਉਤੇ ਛਿੜਕ ਦਿੰਦੇ ਹਨ। ਇਸ ਨਾਲ ਕਿਸਾਨਾਂ ਦਾ ਖੇਤੀ ਉਪਰ ਖਰਚਾ ਵੀ ਬਹੁਤ ਵਧ ਗਿਆ ਹੈ। ਸਿੱਟੇ ਵਜੋਂ ਉਸ ਦੀ ਹਾਲਤ ਲਗਾਤਾਰ ਹੋਰ ਮਾੜੀ ਹੋ ਰਹੀ ਹੈ।

### ਸਭ ਤੋਂ ਵੱਧ ਕਰਜ਼ਾ ਪੰਜਾਬ ਦੇ ਕਿਸਾਨ ਸਿਰ

**ਬਠਿੰਡਾ:** ਪੰਜਾਬ ਦਾ ਕਿਸਾਨ ਦੇਸ਼ ਭਰ ਵਿਚੋਂ ਸਭ ਤੋਂ ਵੱਧ ਕਰਜ਼ਾਈ ਹੋ ਗਿਆ ਹੈ। ਪੰਜਾਬ ਦੇ ਕਿਸਾਨਾਂ ਸਿਰ ਔਸਤਨ ਢਾਈ ਲੱਖ ਰੁਪਏ ਇਕੱਲਾ ਬੈਂਕ ਕਰਜ਼ਾ ਹੈ ਜਦੋਂਕਿ ਬੈਂਕ ਕਰਜ਼ੇ ਦੀ ਕੌਮੀ ਔਸਤ 1.10 ਲੱਖ ਰੁਪਏ ਪ੍ਰਤੀ ਕਿਸਾਨ ਹੈ। ਮਹਾਰਾਸ਼ਟਰ ਦੇ ਕਿਸਾਨ ਵੀ ਕਰਜ਼ੇ ਦੇ ਮਾਮਲੇ ਵਿਚ ਪੰਜਾਬ ਦੇ ਬਰਾਬਰ ਖੜ੍ਹੇ ਹਨ, ਜਿਨ੍ਹਾਂ ਸਿਰ ਪ੍ਰਤੀ ਕਿਸਾਨ ਔਸਤਨ ਢਾਈ ਲੱਖ ਰੁਪਏ ਦਾ ਬੈਂਕ ਕਰਜ਼ਾ ਹੈ। ਪੰਜਾਬ ਦੇ ਕਿਸਾਨਾਂ ਸਿਰ ਪਹਿਲਾਂ ਸ਼ਾਹੂਕਾਰਾਂ ਦਾ ਵੱਡਾ ਕਰਜ਼ਾ ਰਿਹਾ ਹੈ ਤੇ ਹੁਣ ਬੈਂਕ ਕਰਜ਼ਾ ਕਿਸਾਨਾਂ ਦਾ ਸਾਹ ਘੁੱਟਣ ਲੱਗਿਆ ਹੈ।

ਕੇਂਦਰੀ ਵਿੱਤ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਦੇਸ਼ ਦੇ 10.76 ਕਰੋੜ ਕਿਸਾਨਾਂ ਸਿਰ ਇਕੱਲੇ ਬੈਂਕਾਂ ਦਾ 11,85,285 ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਦੀ ਔਸਤ ਪ੍ਰਤੀ ਕਿਸਾਨ 1.10 ਲੱਖ ਰੁਪਏ ਬਣਦੀ ਹੈ। ਪੰਜਾਬ ਦੇ 27.76 ਲੱਖ ਕਿਸਾਨਾਂ ਵੱਲ 31 ਮਾਰਚ 2015 ਤੱਕ ਬੈਂਕਾਂ ਦਾ 69,449 ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ। ਸਭ ਤੋਂ ਵੱਡਾ ਕਰਜ਼ਾ ਵਪਾਰਕ ਬੈਂਕਾਂ ਦਾ ਹੈ। ਵਪਾਰਕ ਬੈਂਕਾਂ ਦਾ ਪੰਜਾਬ ਦੇ 13.29 ਲੱਖ ਕਿਸਾਨਾਂ ਸਿਰ 54,819 ਕਰੋੜ ਦਾ ਕਰਜ਼ਾ ਹੈ, ਜੋ ਕਿ ਪ੍ਰਤੀ ਕਿਸਾਨ ਔਸਤਨ 4.12 ਲੱਖ ਰੁਪਏ ਬਣਦਾ ਹੈ। ਖੇਤਰੀ ਦਿਹਾਤੀ ਬੈਂਕਾਂ ਦਾ ਕਿਸਾਨਾਂ ਸਿਰ 2,977 ਕਰੋੜ ਦਾ ਕਰਜ਼ਾ ਹੈ। ਤੱਥਾਂ ਅਨੁਸਾਰ ਪੰਜਾਬ ਦੇ ਕਿਸਾਨਾਂ ਸਿਰ ਇਕੱਲੇ ਵਪਾਰਕ ਬੈਂਕਾਂ ਦਾ ਇਕ ਵਰ੍ਹੇ ਵਿਚ ਕਰਜ਼ਾ 4,721 ਕਰੋੜ ਰੁਪਏ ਵਧ ਗਿਆ ਹੈ। 31 ਮਾਰਚ 2014 ਨੂੰ ਵਪਾਰਕ ਬੈਂਕਾਂ ਦਾ ਕਿਸਾਨਾਂ ਵੱਲ 50,098 ਕਰੋੜ ਦਾ ਕਰਜ਼ਾ ਸੀ, ਜੋ ਕਿ ਹੁਣ ਵੱਧ ਕੇ 54,819 ਕਰੋੜ ਰੁਪਏ ਹੋ ਗਿਆ ਹੈ।



# ਅੱਜ ਵੀ ਯਮਲਿਆ ਜੱਟਾ ਖਲਕਤ ’ਵਾਜਾਂ ਮਾਰਦੀ!

ਪੰਜਾਬੀ ਗਾਇਕੀ ਦੇ ਅੰਦਰ ਬਾਹਰ




ਐਸ. ਅਸ਼ੋਕ ਭੌਰਾ
ਫੋਨ: 510-415-3315

ਸਿਆਣੇ ਕਹਿੰਦੇ ਨੇ, ਪਿਆਸ ਨਹਾਉਣ ਨਾਲ ਨਹੀਂ, ਪਾਣੀ ਪੀਣ ਨਾਲ ਬੁਝਦੀ ਹੈ। ਵਰਤਮਾਨ ਪੰਜਾਬੀ ਗਾਇਕੀ ਦੀ ਸਥਿਤੀ ਇਹ ਹੈ ਕਿ ਅੰਦਰ ਪਾਣੀ ਮੰਗ ਰਿਹਾ ਹੈ ਪਰ ਗਾਇਕਾਂ ਦੀ ਕੁਝ ਵਿਗੜੀ ਹੋਈ ਪੀੜ੍ਹੀ ਪੰਜਾਬੀ ਦੇ ਸੰਗੀਤਕ ਕੱਦ ਨੂੰ ਟੁੱਟੇ ਕੁੰਡੇ ਵਾਲੀ ਬਾਲਟੀ ਵਿਚ ਗੰਧਲਾ ਪਾਣੀ ਪਾ ਕੇ ਇਸ਼ਨਾਨ ਕਰਾਉਣ ਦਾ ਯਤਨ ਕਰਦੀ ਹੈ। ਇਨ੍ਹਾਂ ਗਾਇਕਾਂ ਨੂੰ ਇਹ ਭਰਮ ਹੋ ਗਿਆ ਹੈ ਕਿ ਸੂਰਜ ਸ਼ਾਇਦ ਪੱਛਮ ਵਿਚੋਂ ਕਦੇ ਚੜ੍ਹ ਹੀ ਪਵੇਗਾ। ਪਰ ਸੱਚ ਇਹ ਹੈ ਕਿ ਓਦਾਂ ਕੀਤਾ ਜਾ ਰਿਹਾ ਹੈ ਜਿੱਦਾਂ ਨਾ ਕਦੇ ਹੋਵੇਗਾ ਅਤੇ ਨਾ ਹੀ ਕਦੇ ਹੋਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ। ਜੇ ਉਂਗਲਾਂ ਦੇ ਪੋਟੇ ਇਹ ਕਹਿੰਦੇ ਨੇ ਕਿ ਗਿਣਤੀ ਤਾਂ ਕਰਾਓ ਕਿ ਗਾਇਕ ਕਿਹੜੇ ਨੇ, ਫਿਰ ਸਵਾਲ ਪੁੱਛਣ ਦੀ ਲੋੜ ਕੀ ਰਹਿ ਜਾਂਦੀ ਹੈ? ‘ਸਤਿਗੁਰ ਨਾਨਕ ਆ ਜਾ ਸੰਗਤ ਪਈ ਪੁਕਾਰਦੀ..., ਤੇਰੇ ਹੱਥ ਵਿਚ ਚਾਬੀ ਓ ਦਾਤਾ ਸਾਰੇ ਸੰਸਾਰ ਦੀ...; ਜੰਗਲ ਦੇ ਵਿਚ ਖੂਹਾ ਲੁਆ ਦੇ...; ਜਗਤੇ ਨੂੰ ਛੱਡ ਕੇ ਤੇ ਭਗਤੇ ਨੂੰ ਕਰ ਲੈ...।’ ਇੱਦਾਂ ਦੇ ਬੋਲ ਪੰਜਾਬ ਦੀ ਸੰਗੀਤਕ ਫਿਜ਼ਾ ਵਿਚ ਗੂੰਜ ਰਹੇ ਨੇ ਤਾਂ ਕੋਈ ਮੂਰਖ ਹੀ ਕਹਿ ਸਕਦਾ ਹੈ ਕਿ ਯਮਲੇ ਜੱਟ ਨੂੰ ਪੰਜਾਬੀ ਗਾਇਕੀ ‘ਚੋਂ ਮਨਫੀ ਕੀਤਾ ਜਾ ਸਕਦਾ ਹੈ। ਜਿਹੜੇ ਉਂਗਲ ਕਰਕੇ ਇਹ ਕਹਿੰਦੇ ਰਹੇ ਨੇ ਕਿ ਉਸਤਾਦ ਲਾਲ ਚੰਦ ਯਮਲਾ ਜੱਟ ਨੇ ਇਹ ਗਾਇਆ ਹੈ, ‘ਵਿਸਕੀ ਦੀ ਬੋਤਲ ਵਰਗੀ ਮੈਂ ਇਕ ਕੁੜੀ ਫਸਾ ਲਈ ਏ, ਮੇਰੇ ਦਿਲ ਦਾ ਗੀਜਾ ਖਾਲੀ ਉਹਦੇ ਵਿਚ ਪਾ ਲਈ ਏ’ ਉਨ੍ਹਾਂ ਨੂੰ ਮੈਂ ਅੱਜ ਦੱਸਾਂਗਾ ਕਿ ਇਸ ਗੀਤ ਦਾ ਰਾਜ਼, ਰਹੱਸ, ਮਰਜ਼ ਅਤੇ ਭੇਦ ਕੀ ਹੈ, ਇਹ ਯਮਲੇ ਜੱਟ ਨੇ ਗੀਤ ਕਿਉਂ ਗਾਇਆ? ਕਿਉਂਕਿ ਦੁਨੀਆਂ ਚੁਬਾਰੇ ਚੜ੍ਹ ਕੇ ਪੌੜੀ ਦੇ ਹੇਠਲੇ ਟੁੱਟੇ ਡੰਡੇ ਦੀ ਹਮੇਸ਼ਾ ਗੱਲ ਕਰਦੀ ਰਹਿੰਦੀ ਹੈ। ਇਹ ਕਹਿਣ ਵਿਚ ਝਿਜਕ ਮਹਿਸੂਸ ਨਹੀਂ ਕਰਦਾ ਕਿ ਯਮਲਾ ਜੱਟ ਪੰਜਾਬੀ ਗਾਇਕੀ ਦਾ ਦੇਵਤਾ ਸੀ, ਸੰਤ ਸੀ, ਫੱਕਰ ਸੀ, ਮਸਤ ਅਤੇ ਮੌਲਾ ਇਨਸਾਨ ਸੀ। ਖੁਸ਼ਕ ਬੁਰਕੀ ਖਾਣ ਤੋਂ ਪਹਿਲਾਂ ਜਿਹੜੇ ਪਾਣੀ ਦਾ ਗਿਲਾਸ ਭਰ ਕੇ ਨਹੀਂ ਰੱਖਦੇ ਉਨ੍ਹਾਂ ਦੇ ਸੰਘ ‘ਚ ਜਦੋਂ ਬੁਰਕੀ ਫਸਦੀ ਹੈ ਤਾਂ ਉਹ ਉਲਟੀ ਕਰਨ ਵੇਲੇ ਉਹ ਵੀ ਬਾਹਰ ਕੱਢ ਕੇ ਰੱਖ ਦਿੰਦੇ ਨੇ ਜਿਹਦਾ ਸ਼ਾਇਦ ਪਹਿਲਾਂ ਕੁਝ ਪਰਦਾ ਬਣਿਆ ਹੋਇਆ ਹੁੰਦਾ ਹੈ। ਵਿਗਿਆਨ ਇਸ ਗੱਲ ਨੂੰ ਜਾਣਦਾ ਹੈ ਕਿ ਉਲੂ ਨੂੰ ਰਾਤ ਨੂੰ ਕਿਉਂ ਦਿਸਦਾ ਹੈ ਪਰ ਜਿਹੜੇ ਸਿਖਰ ਦੁਪਹਿਰੇ ਵੀ ਨਜ਼ਰਾਂ ਤੋਂ ਵਿਹੂਣੇ ਨੇ, ਉਨ੍ਹਾਂ ਦਾ ਮੈਂ ਕੀ ਕਰ ਸਕਦਾ ਹਾਂ? ਇਸੇ ਲਈ ਯਮਲੇ ਜੱਟ ਦੀ ਅਗਲੀ ਗੱਲ ਕਰਨ ਤੋਂ ਪਹਿਲਾਂ ਮੈਂ ਇਸ ਪੰਜਾਬੀ ਗਾਇਕੀ ਦੇ ਵਾਰਿਸ ਨੂੰ ਸਲਾਮ ਕਰਦਾ ਹਾਂ।

ਲੁਧਿਆਣੇ ਦੇ ਬੱਸ ਅੱਡੇ ਦੇ ਨੇੜੇ ਵਸਿਆ ਜਵਾਹਰ ਨਗਰ ਪਹਿਲਾਂ ਸਾਈਕਲਾਂ ਦੀਆਂ ਕਾਠੀਆਂ ਬਣਾਉਣ ਵਾਲਿਆਂ ਲਈ ਬੜਾ ਮਸ਼ਹੂਰ ਸੀ। ਜਿਵੇਂ ਚਮੜੇ ਦੇ ਕਾਰਖਾਨਿਆਂ ਦੇ ਕੋਲ ਦੀ ਨੱਕ ਉਤੇ ਹੱਥ ਰੱਖ ਕੇ ਲੰਘਣਾ ਪੈਂਦਾ ਹੈ, ਇਵੇਂ ਕਦੇ ਘਰ ਘਰ ‘ਚ ਬਣਦੀਆਂ ਕਾਠੀਆਂ ਇਹ ਦੱਸ ਦਿੰਦੀਆਂ ਸਨ ਕਿ ਲੁਧਿਆਣਾ ਸਾਈਕਲਾਂ ਦੇ ਕਾਰੋਬਾਰ ਦਾ ਸਭ ਤੋਂ ਵੱਡਾ ਅੱਡਾ ਹੈ ਪਰ ਫਿਰ ਜਵਾਹਰ ਨਗਰ ਨੂੰ ਜੇ ਸਭ ਤੋਂ ਵੱਡਾ ਮਾਣ ਲੈ ਕੇ ਦਿੱਤਾ ਹੈ ਤਾਂ ਉਹ ਉਸਤਾਦ ਲਾਲ ਚੰਦ ਯਮਲੇ ਜੱਟ ਨੇ। ਗਾਇਕੀ ਨੂੰ ਯਮਲੇ ਜੱਟ ਦੇ ਡੇਰੇ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਥੇ ਹੀ ਬੈਠ ਕੇ ਉਸ ਨੇ ਮੰਗਣ ਵਾਲਿਆਂ ਦੇ ਸਾਜ਼ ‘ਦੋ ਤਾਰਾ’ ਦਾ ‘ਇਕ ਤਾਰਾ’ ਬਣਾ ਕੇ ਪੰਜਾਬੀ ਗਾਇਕੀ ਨੂੰ ਤੂੰਬੀ ਵਰਗਾ ਮੁਕੰਮਲ ਸਾਜ਼ ਦਿੱਤਾ। ਇਸੇ ਹੀ ਡੇਰੇ ਤੋਂ ਨਰਿੰਦਰ ਬੀਬਾ ਤੋਂ ਲੈ ਕੇ ਖੁਸ਼ਦਿਲ ਖੇਲਿਆਂ ਵਾਲੇ ਤੱਕ ਸੁਰਾਂ ਦਾ ਜੋਗ ਲੈ ਕੇ ਉਹਦੇ ਗਾਇਕ ਤੇ ਗਾਇਕਾਵਾਂ, ਚੇਲਿਆਂ ਦੇ ਰੂਪ ਵਿਚ ਇਕ ਲੰਬੀ ਕਤਾਰ ਬਣ ਕੇ ਖੜੇ ਹਨ। ਯਮਲਾ ਜੱਟ ਇਥੇ ਢਿੱਡ ਦੁਖਣ ਦੀਆਂ ਜਾਂ ਨਿੱਕੀਆਂ ਮੋਟੀਆਂ ਬਿਮਾਰੀਆਂ ਦੀਆਂ ਪੁੜੀਆਂ ਵੀ ਦੇ ਲੈਂਦਾ ਸੀ ਤੇ ਨਾਲ ਨਾਲ ਗਾਇਕੀ ਦੇ ਜਿਹੜੇ ਗੁਰ ਉਸ ਨੇ ਆਪਣੇ ਚੇਲਿਆਂ ਨੂੰ ਵੰਡੇ ਹਨ, ਉਨ੍ਹਾਂ ਨੂੰ ਦੇਖ ਕੇ ਤਾਂ ਇਹ ਕਹਿਣ ਵਿਚ ਕੋਈ ਹਰਜ਼ ਨਹੀਂ ਕਿ ਜੇ ਗੋਰਖ ਨਾਥ ਸੱਚੀਂ ਕੋਈ ਸੀ ਤਾਂ ਉਹ ਵੀ ਸੁਪਨੇ ‘ਚ ਸੋਚਦਾ ਹੋਊ ਕਿ ਮੇਰੇ ਚੇਲੇ ਚਪਟੇ ਤਾਂ ਭਬੂਤੀ ਮਲ ਕੇ ਘੁੰਮਦੇ ਰਹੇ ਹਨ ਪਰ ਯਮਲੇ ਜੱਟ ਦੇ ਚੇਲਿਆਂ ਨੇ ਪੰਜਾਬੀ ਗਾਇਕੀ ਦਾ ਜਿਹੜਾ ਬੁਰਜ ਖੜਾ ਕੀਤਾ ਹੈ, ਉਸ ਉਤੇ ਖੜ ਕੇ ਹੀ ਨਰਿੰਦਰ ਬੀਬਾ ਨੇ ਲੰਮੀਆਂ ਹੇਕਾਂ ਲਾਈਆਂ ਨੇ।

ਮੈਂ ਮੰਨਦਾ ਹਾਂ ਕਿ ਯਮਲੇ ਜੱਟ ਨਾਲ ਮੇਰੀ ਕੋਈ ਬਹੁਤੀ ਗਹਿਗੱਚ ਨੇੜਤਾ ਨਹੀਂ ਰਹੀ ਕਿਉਂਕਿ ਉਮਰ ਦਾ ਫਰਕ ਤੇ ਕੁਝ ਹੋਰ ਕਾਰਨ ਸਨ ਜਿਹੜੇ ਸਾਡੇ ਮੇਲ ਮਿਲਾਪ ਨੂੰ ਮੁਸੱਬਰ ਦੀ ਤਸਵੀਰ ਵਾਂਗ ਬਣਾਉਣ ਵਿਚ ਸ਼ਾਇਦ ਮੁਕੰਮਲ ਨਹੀਂ ਹੋ ਸਕੇ। ਪਰ ਇਹ ਗੱਲ ਜ਼ਰੂਰ ਹੈ ਕਿ ਯਮਲਾ ਇਕ ਥਾਂ ਨਹੀਂ ਬਹੁਤ ਥਾਂ ਇਹ ਕਹਿੰਦਾ ਰਿਹਾ ਹੈ ਕਿ ਜਿਹੜੀਆਂ ਅਖਬਾਰਾਂ ਕਦੇ ਗਾਇਕਾਂ ਬਾਰੇ ਕਦੇ ਦੋ ਸਤਰਾਂ ਵੀ ਲਿਖ ਕੇ ਰਾਜ਼ੀ ਨਹੀਂ ਸਨ, ਉਨ੍ਹਾਂ ਅਖਬਾਰਾਂ ਦੇ ਪੰਨਿਆਂ ‘ਤੇ ਜਿਨ੍ਹਾਂ ਪਹਿਲੀਆਂ ਦੋ ਕਲਮਾਂ ਨੇ ਸ਼ਬਦਾਂ ਦੀ ਪਗਡੰਡੀ ਬਣਾਈ ਉਹ ਜਾਂ ਤਾਂ ਸ਼ਮਸ਼ੇਰ ਸੰਧੂ ਸੀ ਜਾਂ ਅਸ਼ੋਕ ਭੌਰਾ ਦੀ ਹੈ। ਬਹੁਤ ਦੇਰ ਉਹ ਇਹ ਸਮਝਦਾ ਰਿਹਾ ਕਿ ਸ਼ਾਇਦ ਇਹ ਮੁੰਡਾ ਗਾਇਕ ਬਣਨ ਲਈ ਲੁਧਿਆਣੇ ਦੇ ਗਾਇਕਾਂ ਦੇ ਦਫਤਰਾਂ ‘ਚ ਉਵੇਂ ਰੋਜ਼ ਘੁੰਮਦਾ ਹੈ



ਜਿਵੇਂ ਡਾਕੀਆ ਕਈ ਵਾਰ ਬਿਨ੍ਹਾਂ ਸਿਰਨਾਵੇਂ ਵਾਲੀਆਂ ਚਿੱਠੀਆਂ ਵੀ ਬੂਹੇ ‘ਚ ਖੜੀ ਖੂਬਸੂਰਤ ਮਾਲਕਣ ਨੂੰ ਵੇਖ ਕੇ ਮੱਲੋ ਮੱਲੀ ਫੜਾ ਦਿੰਦਾ ਹੈ। ਇਹੀ ਗੱਲ ਮੈਨੂੰ ਇਕ ਵਾਰ ਜਗਦੇਵ ਸਿੰਘ ਜੱਸੋਵਾਲ ਨੇ ਦੱਸੀ ਸੀ ਕਿ ਯਮਲਾ ਜੱਟ ਕਹਿੰਦੈ, ‘ਇਸ ਮੁੰਡੇ ਨੇ ਜੇ ਗਾਇਕ ਬਣਨਾ ਤਾਂ ਏਨਿਆਂ ਗਾਇਕਾਂ ਦੀ ਚਾਪਲੂਸੀ ਕਰਨ ਦੀ ਕੀ ਲੋੜ ਹੈ? ਕਰਾਰੀ ਲਾਲ ਮਿਰਚ ਹੋਵੇ ਭਾਵੇਂ ਅੱਧੇ ਕੁ ਇੰਚ ਦੀ ਪਰ ਚੰਗੇ-ਭਲਿਆਂ ਨੂੰ ਮੁੜਕਾ ਲਿਆ ਦਿੰਦੀ ਹੈ। ਅਸ਼ੋਕ ਨੂੰ ਡੇਰੇ ਛੱਡੋ ਦਸ ਕੁ ਦਿਨ, ਗਿਆਰਵੇਂ ਦਿਨ ਸਟੇਜ ‘ਤੇ ਖੜ੍ਹ ਕੇ ਤੂੰਬੀ ਵਜਾਉਂਦਾ ਮੈਂ ਦਿਖਾ ਦੇਊਂ।’

ਅਸਲ ਵਿਚ ਇਸ ਪੇਸ਼ਕਸ਼ ਦਾ ਭੇਦ ਇਹ ਸੀ ਕਿ ਉਹ ਸੋਚਦਾ ਸੀ ਕਿ ਮੈਂ ਸ਼ਾਇਦ ਵਿਹਲਾ ਜਿਹਾ ਮੁੰਡਾ ਗਾਉਣ ਵਾਲਿਆਂ ਦੀਆਂ ਗੋਡਣੀਆਂ ਘੁੱਟਣ ਨੂੰ ਘੁੰਮ ਰਿਹਾਂ। ਉਹ ਨਹੀਂ ਜਾਣਦਾ ਸੀ ਕਿ ਇੰਜੀਨੀਅਰਿੰਗ ਕਰਦਾ ਇਕ ਮੁੰਡਾ ਪੰਜਾਬੀ ਗਾਇਕੀ ਤੇ ਸੰਗੀਤ ਦੇ ਵਰਕਿਆਂ ਦੀ ਲਗਾਤਾਰ ਫਰੋਲਾ-ਫਰਾਲੀ ਕਰਦਾ ਰਿਹਾਂ।

ਨੰਦ ਲਾਲ ਨੂਰਪੁਰੀ ਨਾਲੋਂ ਇਹ ਗੱਲ ਕਦੇ ਵੀ ਨਹੀਂ ਲੱਥਣੀ ਕਿ ‘ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ’ ਵਰਗੇ ਗੀਤ ਤਾਂ ਲਿਖ ਲਏ ਸਨ ਪਰ ਜ਼ਿੰਦਗੀ ਦਾ ਅੰਤ ਖੂਹ ਵਿਚ ਛਾਲ ਮਾਰ ਕੇ ਹੋਣਾ ਸੀ। ਜਿਵੇਂ ਚਾਂਦੀ ਰਾਮ ਨੂੰ ਵੀ ਨਹੀਂ ਪਤਾ ਸੀ ਕਿ ਦਸਾਂ ਦੇ ਨੋਟ ਨਾਲ ਬੀੜੀ ਲਾਉਣ ਦਾ ਮੁੱਲ ਬੁਢਾਪੇ ‘ਚ ਜਾ ਕੇ ਏਦਾਂ ਦੇਣਾ ਪੈਣਾ, ਕਿ ਚਾਹ ਦਾ ਕੱਪ ਪੀਣ ਲਈ ਵੀ ਦੂਜਿਆਂ ਦੀ ਜੇਬ ਵੱਲ ਵੇਖਣਾ ਪਵੇਗਾ ਤੇ ਜਾਂ ਸਟੇਜ ਤੇ ਜਿਸ ਕੁਲਦੀਪ ਮਾਣਕ ਨੂੰ ਚਰਨਾਂ ‘ਚ ਬਿਠਾ ਕੇ ਢੋਲਕੀ ਵਜਾਉਣ ਲਾਇਆ ਸੀ ਉਸੇ ਕੁਲਦੀਪ ਮਾਣਕ ਤੋਂ ਇਸੇ ਵਕਤ ਦੇਸੀ ਦਾਰੂ ਰਸਭਰੀ ਦਾ ਪਊਆ ਮੰਗਣ ਵਾਸਤੇ ਵੀਹਾਂ ਰੁਪਈਆਂ ਲਈ ਹੱਥ ਵੀ ਕੱਢਣਾ ਪੈਣਾ ਸੀ। ਪਰ ਇਹ ਚੰਗੀ ਗੱਲ ਹੈ ਕਿ ਯਮਲਾ ਜੱਟ ਜਦੋਂ ਬਿਮਾਰ ਹੋਇਆ ਤਾਂ ਪੰਜਾਬ ਦੇ ਪੰਜਾਬੀ ਗਵਰਨਰ ਸੁਰਿੰਦਰ ਨਾਥ ਨੇ ਡੇਰਾ ਤਾਂ ਉਹਦਾ ਬਿਮਾਰ ਹੋਣ ਕਰਕੇ ਹੀ ਵੇਖਿਆ ਸੀ ਪਰ ਗਵਰਨਰੀ ਰਾਜ ‘ਚ ਇਕ ਫੱਕਰ ਦੀ ਕੁੱਲੀ ‘ਤੇ ਗਵਰਨਰ ਦਾ ਆਉਣਾ ਤੇ ਉਹ ਵੀ ਇਲਾਜ ਲਈ 25 ਹਜ਼ਾਰ ਦਾ ਚੈਕ ਲੈ ਕੇ, ਤਾਂ ਇਹਦੇ ਨਾ ਇੰਨਾ ਕੁ ਜ਼ਰੂਰ ਲੱਗਾ ਸੀ ਕਿ ਪੰਜਾਬੀਆਂ ਦੇ ਅੰਦਰ ਸੁਰਾਂ ਦੇ ਦੀਵੇ ਜਗਦੇ ਰੱਖਣ ਲਈ ਹਾਲੇ ਉਹ ਜ਼ਮੀਰਾਂ ਜਿਊਂਦੀਆਂ ਨੇ ਜਿਹੜੀਆਂ ਅੰਦਰੋਂ ‘ਸਤਿਨਾਮ ਵਾਹਿਗੁਰੂ’ ਕਰਦੀਆਂ ਰਹੀਆਂ ਨੇ। ਇਤਫਾਕ ਵੇਖੋ ਕਿ ਮੈਂ ਕੁਲਦੀਪ ਮਾਣਕ ਦੇ ਦਫਤਰ ਵਿਚ ਹਾਜ਼ਰ ਸੀ। ਉਹਦਾ ਪ੍ਰੋਗਰਾਮ ਰੱਦ ਹੋ ਚੁੱਕਾ ਸੀ। ਸਾਜਿੰਦੇ ਘਰੋਂ ਘਰੀ ਮੋੜ ਦਿੱਤੇ ਸਨ। ਮਾਣਕ ਗੱਡੀ ਵਿਚ ਬੈਠਣ ਸਾਰ ਕਹਿਣ ਲੱਗਾ, ‘ਅਸ਼ੋਕ ਵੱਜੇ ਤਾਂ ਊਂ ਬਾਰਾਂ ਕੁ ਈ ਨੇ ਪਰ ਆਪਣੇ ਬਾਰਾਂ ਤਾਂ ਕਦੇ ਵੱਜੇ ਈ ਨ੍ਹੀਂ, ਆਜਾ ਘੁੱਟ ਲਾਈਏ।’ ਪਰ ਇਹ ਕਾਰਵਾਈ ਅੱਗੇ ਤੁਰਨ ਤੋਂ ਪਹਿਲਾਂ ਹੀ ਮਾਣਕ ਨਾਲ ਤਬਲਾ ਵਜਾਉਣ ਵਾਲਾ, ਜਿਹੜਾ ਸੀ ਤਾਂ ਮਾੜਕੂ ਜਿਹਾ ਪਰ ਉਹਦੇ ਕੰਨੇ ‘ਚ ਸੋਨੇ ਦੀਆਂ ਨੱਤੀਆਂ ਚਮਕਦੀਆਂ ਬੜੀਆਂ ਹੁੰਦੀਆਂ ਸਨ। ਕਈ ਵਾਰ ਉਹਨੂੰ ਨੱਤੀਆਂ ਵਾਲਾ ਜੀਤਾ ਵੀ ਕਹਿ ਦਿੱਤਾ ਜਾਂਦਾ ਸੀ। ਉਹ ਮੇਰੇ ਕੰਨ ‘ਚ ਆ ਕੇ ਕਹਿਣ ਲੱਗਾ, ‘ਯਮਲੇ ਜੱਟ ਨੂੰ ਕੁਝ ਹੋ ਗਿਆ ਲੱਗਦੈ, ਜਵਾਹਰ ਨਗਰ ‘ਚ ਪੁਲਿਸ ਹੀ ਪੁਲਿਸ ਐ।’ ਹਾਲੇ ਉਹਦੀ ਗੱਲ ਮੂੰਹ ‘ਚ ਹੀ ਸੀ ਕਿ ਕੁਲਦੀਪ ਮਾਣਕ ਪਟਾਕ ਦੇ ਕੇ ਕਹਿਣ ਲੱਗਾ, ‘ਕੰਜਰ ਦਿਆ, ਉਚੀ ਬੋਲ ਬੁੱਢੇ ਨੂੰ ਕੁਝ ਨ੍ਹੀਂ ਹੁੰਦਾ, ਕਿਤੇ ਹੋਰ ਸਾਲਾ ਪਟਾਕਾ ਪਿਆ ਹੋਣੈ, ਉਹਨੇ ਕਿਹੜਾ ਡੇਰੇ ‘ਤੇ ਅਸਲਾ ਰੱਖਿਐ ਜਿਹੜਾ ਪੁਲਿਸ ਨੇ ਡੇਰਾ ਘੇਰਨਾ ਸੀ।’ ਤੇ ਉਹ ਕਹਿ ਕੇ ਚਲਾ ਗਿਆ।

ਮੇਰੇ ਮਨ ‘ਚ ਇਹ ਉਥਲ-ਪੁਥਲ ਹੁੰਦੀ ਰਹੀ ਕਿ ਪੁਲਿਸ ਦਾ ਯਮਲੇ ਜੱਟ ਨਾਲ ਕੀ ਸਬੰਧ? ਪਤਾ ਜੀਤੇ ਨੂੰ ਵੀ ਨਹੀਂ ਸੀ। ਬੱਸ ਅੱਡੇ ਵੱਲ ਮੂੰਹ ਕਰਨ ਨਾਲੋਂ ਮੈਂ ਯਮਲੇ ਜੱਟ ਦੇ ਡੇਰੇ ਵੱਲ ਨੂੰ ਪੈਰ ਘੁਮਾ ਲਏ। ਇਹ ਸੋਚ ਕੇ ਕਿ ਬਿਨ ਬੱਦਲ ਤੋਂ ਮੀਂਹ ਵਰਦਾ ਦੇਖ ਤਾਂ ਲਈਏ। ਅੱਗੇ ਗਿਆ ਤਾਂ ਸੱਚੀਂ-ਮੁੱਚੀਂ ਪੁਲਿਸ ਹੀ ਪੁਲਿਸ। ਇਕ ਥਾਣੇਦਾਰ ਮੈਨੂੰ ਕਹਿਣ ਲੱਗਾ, ‘ਓਏ! ਆਲੇ ਜਿੱਡਾ ਮੂੰਹ ਚੱਕੀ ਆਉਂਦਾਂ, ਯਮਲੇ ਜੱਟ ਨੂੰ ਗੁਰੂ ਧਾਰਨਾ?’ ਮੈਂ ਨਿਆਣਾ ਸੀ, ਬੋਲਿਆ ਤਾਂ ਕੁਝ ਨਹੀਂ ਪਰ ਮੈਨੂੰ ਇਹ ਪਤਾ ਲੱਗ ਗਿਆ ਕਿ ਪੰਜਾਬੀ ਗਾਇਕੀ ਦਾ ਬਾਬਾ ਬੋਹੜ ਉਦਾਸ ਹੈ, ਬਿਮਾਰ ਹੈ, ਓਦਰ ਗਿਆ ਹੈ, ਤੇ ਅੱਜ ਹੌਂਸਲੇ ਦੀਆਂ ਮੱਠੀਆਂ ਲੈ ਕੇ ਗਵਰਨਰ ਸਾਹਿਬ ਆ ਰਹੇ ਨੇ। ਜਦ ਨੂੰ ਗੁਰਭਜਨ ਗਿੱਲ ਟੱਕਰ ਗਿਆ, ਨਾਲ ਹੀ ਗਵਰਨਰ ਦੀ ਕਾਰ ਵਿਚੋਂ ਜੱਸੋਵਾਲ ਉਤਰ ਆਇਆ, ਨਾਲ ਹੀ ਪਰਗਟ ਗਰੇਵਾਲ ਆ ਗਿਆ, ਨਾਲ ਹੀ ਮਹਿੰਦਰ ਸਿੰਘ ਚੀਮਾ। ਜੱਸੋਵਾਲ ਮੈਨੂੰ ਵੇਖ ਕੇ ਕਹਿਣ ਲੱਗਾ, ‘ਆਜਾ, ਆਜਾ ਅਸ਼ੋਕ ਤੂੰ ਹੈਥੇ ਕੀ ਕਰੀ ਜਾਨੈਂ।’ ਉਹ ਪੁਲਿਸ ਵਾਲਾ ਜਿਹੜਾ ਕੁਝ ਚਿਰ ਪਹਿਲਾਂ ‘ਓਏ’ ਆਖਦਾ ਸੀ, ਉਹਦਾ ਮੂੰਹ ਓਦਾਂ ਦਾ ਹੋ ਗਿਆ ਸੀ ਜਿਵੇਂ ਘੀਆ ਤੋਰੀ ਕਈ ਦਿਨਾਂ ਦੀ ਧੁੱਪੇ ਰੱਖੀ ਹੁੰਦੀ ਹੈ।

ਪੰਦਰਾਂ ਕੁ ਮਿੰਟ ਦਾ ਰੌਣਕ ਮੇਲਾ, ਯਮਲੇ ਜੱਟ ਦੀ ਅੱਧੀ ਬਿਮਾਰੀ ਤਾਂ ਹਟ ਗਈ ਸੀ ਕਿ ਪਹਿਲੀ ਵਾਰ ਉਹਦੀ ਕਲਾ ਨੂੰ ਸਰਕਾਰੀ ਸਨਮਾਨ ਮਿਲ ਰਿਹਾ ਸੀ। ਉਸੇ ਡੇਰੇ ‘ਤੇ ਜਿਥੇ ਉਸ ਦੇ ਚੇਲੇ ਤੂੰਬੀ ਦੇ ਪੋਟੇ ਲਾਉਣਾ ਸਿੱਖਣ ਆਉਂਦੇ ਸਨ, ਉਸ ਡੇਰੇ ਵਿਚ ਜਦੋਂ ਗਵਰਨਰ ਸੁਰਿੰਦਰ ਨਾਥ ਨੇ ਪੱਚੀ ਹਜ਼ਾਰ ਰੁਪਏ ਦਾ ਚੈਕ ਯਮਲੇ ਜੱਟ ਦੇ ਹੱਥਾਂ ‘ਤੇ ਰੱਖਿਆ ਤਾਂ ਕੰਬਦੇ ਹੱਥ ਹੀ ਮੱਥੇ ‘ਤੇ ਗਏ, ਚੈਕ ਭੁੰਜੇ ਡਿੱਗ ਪਿਆ ਤੇ ਯਮਲੇ ਜੱਟ ਦੇ ਬੋਲ ਸਨ, ‘ਅੱਜ ਮੇਰੀ ਗਾਇਕੀ ਦੇ ਚਰਖੇ ‘ਤੇ ਸੂਤ ਨਹੀਂ, ਰੇਸ਼ਮ ਕੱਤਿਆ ਗਿਆ ਹੈ।’

ਖੈਰ! ਇਹ ਚੈਕ ਵੀ ਯਮਲੇ ਜੱਟ ਦੀ ਉਮਰ ਲੰਮੀ ਨਹੀਂ ਕਰ ਸਕਿਆ। ਹਾਰਦੀ ਹੋਈ ਹਿੰਮਤ ਦੇ ਦੌਰਾਨ ਵਾਪਰੀ ਇਕ ਘਟਨਾ ਦਾ ਹੋਰ ਖੁਲਾਸਾ ਕਰਦਾ ਹਾਂ। ਮੈਂ ਤੇ ਜੱਸੋਵਾਲ ਸਿੱਧਵਾਂ ਕਾਲਜ ਤੋਂ ਕਵੀਸ਼ਰ ਰਣਜੀਤ ਸਿੰਘ ਸਿੱਧਵਾਂ ਤੇ ਉਹਦੇ ਪੁੱਤਰ ਸਤਿੰਦਰਪਾਲ ਨੂੰ ਮਿਲ ਕੇ ਪਰਤ ਰਹੇ ਸਾਂ। ਮੋਹਣ ਸਿੰਘ ਮੇਲਾ ਸਿਖਰ ‘ਤੇ ਸੀ। ਹਫਤਾ ਕੁ ਰਹਿੰਦਾ ਸੀ। ਜੱਸੋਵਾਲ ਮੈਨੂੰ ਕਹਿਣ ਲੱਗਾ ਕਿ ਗਾਇਕੀ ਦੀ ਨਿਸ਼ਾਨੀ ਪਤਾ ਨਹੀਂ ਕਦੋਂ ਗੁਆਚ ਜਾਵੇ, ਚੱਲਦੇ ਹਾਂ ਯਮਲੇ ਜੱਟ ਨੂੰ ਮਿਲਣ ‘ਤੇ ਥਰੀਕਿਆਂ ਵਾਲੇ ਮੋੜ ਤੋਂ ਉਨੇ ਡਰਾਈਵਰ ਦੇ ਮੋਢੇ ’ਤੇ ਹੱਥ ਮਾਰ ਕੇ ਕਿਹਾ, ‘ਉਹ ਬਲਜੀਤ, ਗੱਡੀ ਚੱਲ ਸਿੱਧੀ ਯਮਲੇ ਜੱਟ ਦੇ ਡੇਰੇ ਨੂੰ ਪਾ ਲੈ।’

ਡੇਰੇ ਪੁੱਜੇ ਤਾਂ ਮੰਜੇ ‘ਤੇ ਲੰਮੇ ਪਏ ਯਮਲੇ ਦੀ ਇੱਕ ਲੱਤ ਹੇਠਾਂ ਲਮਕ ਰਹੀ ਸੀ, ਊਂ ਓਹ ਠੀਕ ਸੀ ਤੇ ਝੱਟ ਦੇਣੀ ਉਠ ਕੇ ਬਹਿ ਗਿਆ। ਜੱਸੋਵਾਲ ਨੇ ਨੱਕ ਵੱਟਿਆ, ਕਿਉਂਕਿ ਏਦਾਂ ਦਾ ਮੁਸ਼ਕ ਆ ਰਿਹਾ ਸੀ ਜਿਵੇਂ ਕਿਸੇ ਨੇ ਤਾਜ਼ਾ ਤਾਜ਼ਾ ਧੂਮਰਪਾਨ ਕੀਤਾ ਹੋਵੇ। ਸਮਝ ਯਮਲਾ ਜੱਟ ਵੀ ਗਿਆ ਸੀ ਕਿ ਜੱਸੋਵਾਲ ਦੇ ਨੱਕ ਨੂੰ ਕੀ ਹੋਇਆ ਹੈ, ਪਰ ਉਹ ਬੋਲਿਆ ਕੁਝ ਨਹੀਂ। ਜੱਸੋਵਾਲ ਨੇ ਹੌਲੀ ਦੇਣੀ ਕਿਹਾ, ‘ਯਮਲਿਆ ਜੱਟਾ ਗੁੱਸਾ ਨਾ ਕਰੀਂ, ਰੁੱਖੜਾ ਹੁਣ ਕਿਨਾਰੇ ‘ਤੇ ਖੜਾ ਹੋਇਐ, ਜ਼ਿੰਦਗੀ ਬੁਝਾਉਣ ਦਾ ਤੂਫਾਨ ਹੁਣ ਚੜ੍ਹਨ ਵਾਲਾ ਹੈ, ਚੱਕ ਦੇ ਬਰੇਕਾਂ ਤੋਂ ਪੈਰ ਤੇ ਭਜਾ ਦੇ ਐਤਕਾਂ ਮੋਹਣ ਸਿੰਘ ਮੇਲੇ ‘ਚ ਗੱਡੀ।’

ਉਹ ਮੁਰਝਾਏ ਬੁੱਲਾਂ ਨਾਲ ਹੱਸਿਆ ਤੇ ਹੌਲੀ ਦੇਣੀ ਕਹਿਣ ਲੱਗਿਆ, ‘ਹੁਣ ਸਾਥੋਂ ਧੁੱਪ ਹਾੜ੍ਹ ‘ਚ ਛਬੀਲਾਂ ਨਹੀਂ ਲੱਗਣੀਆਂ। ਇਹ ਯੁੱਗ ਚਮਕੀਲਿਆਂ ਦਾ ਆ, ਇਹ ਯੁੱਗ ਖੱਦਰ ਵਾਲਿਆਂ ਦਾ ਨਹੀਂ ਰਿਹਾ।’ ਉਹਨੇ ਕੀ ਕਿਹਾ ਸਮਝ ਮੈਂ ਵੀ ਗਿਆ ਸੀ, ਕਿਉਂਕਿ ਸਿਆਣਾ ਹਕੀਮ ਕਰੂਰਾ ਵੇਖ ਕੇ ਦੱਸ ਦਿੰਦਾ ਸੀ ਕਿ ਢਿੱਡ ਦੁਖਦਾ ਜਾਂ ਬੁਖਾਰ ਚੜ੍ਹਨ ਵਾਲਾ ਕਿ ਉਤਰਨ ਵਾਲਾ ਹੈ। ਪਰ ਜੱਸੋਵਾਲ ਦੀ ਅੜੀ ਨੇ ਉਹਦੀ ਕੋਈ ਗੱਲ ਨਾ ਸੁਣੀ।

ਫਿਰ ਮੇਲੇ ਤੋਂ ਦੋ ਦਿਨ ਪਹਿਲਾਂ ਜੱਸੋਵਾਲ ਨੇ ਆਪਣੇ ਗੁਰਦੇਵ ਨਗਰ ਵਾਲੇ ਘਰ ਵਿਚ ਯਮਲੇ ਨੂੰ ਧੁੱਪੇ ਬਿਠਾਇਆ ਹੋਇਆ ਸੀ। ਮੈਂ ਤੇ ਦੇਵ ਥਰੀਕਿਆਂ ਵਾਲਾ ਦਾਖਲ ਹੋਏ ਤਾਂ ਜੱਸੋਵਾਲ ਕਹਿਣ ਲੱਗਾ, ‘ਲੈ ਆ ਗਏ ਦੋ ਹੋਰ ਗਵਾਹ’ ਇਹ ਵੀ ਨ੍ਹੀਂ ਤੈਨੂੰ ਮਨ੍ਹਾਂ ਕਰਨਗੇ।’ ਹਾਲਾਂਕਿ ਸਾਨੂੰ ਕਿਸੇ ਗੱਲ ਦਾ ਕੋਈ ਪਤਾ ਨਹੀਂ ਸੀ।

ਇਹ ਘਟਨਾ ਉਸੇ ਥਾਂ ‘ਤੇ ਵਾਪਰੀ ਸੀ ਜਿਥੇ ਜੱਸੋਵਾਲ ਦੇ ਆਂਗਣ ‘ਚ ਇਕ ਪੇਂਟਿੰਗ ਬਣਾ ਕੇ ਉਪਰ ਲਿਖਿਆ ਹੋਇਆ ‘ਮੋਰ ਪਾਵੇ ਪੈਲ ਸੱਪ ਜਾਵੇ ਖੱਡ ਨੂੰ, ਬਗਲਾ ਭਗਤ ਚੱਕ ਲਿਆਵੇ ਡੱਡ ਨੂੰ।’ ਬਹਿੰਦਿਆਂ ਸਾਰ ਕਹਾਣੀ ਸਪੱਸ਼ਟ ਹੋ ਗਈ ਸੀ। ਇਨ-ਬਿਨ ਮੈਂ ਤੁਹਾਨੂੰ ਦੱਸਣ ਲੱਗਾਂ ਕਿ ਵਾਰਤਾਲਾਪ ਕਿਵੇਂ ਚੱਲ ਰਿਹਾ ਸੀ। ਜੱਸੋਵਾਲ ਬੋਲਿਆ, ‘ਵਿਸਕੀ ਵਰਗੀ ਕੁੜੀ ਵਾਲਾ ਗੀਤ ਤੈਨੂੰ ਮੇਲੇ ‘ਤੇ ਗਾਉਣ ਵਿਚ ਇਤਰਾਜ਼ ਕੀ ਹੈ। ਹੁਣ ਦੇਵ ਤੇ ਅਸ਼ੋਕ ਵੀ ਕੋਲ ਬੈਠੇ ਨੇ ਇਨ੍ਹਾਂ ਨੂੰ ਪੁੱਛ ਲੈ।’

ਉਹ ਇੱਕ ਮਿੰਟ ਚੁੱਪ ਰਿਹਾ, ਫਿਰ ਹੌਲੀ ਦੇਣੀ ਕਹਿਣ ਲੱਗਾ, ‘ਜੱਸੋਵਾਲ ਸਾਹਿਬ, ਗੀਤ ਗਲਤ ਨਹੀਂ, ਮੁੰਡੀਰ ਗਲਤ ਹੋ ਗਈ ਐ। ਅਰਥ ਕਿਸੇ ਨੇ ਸਮਝਣੇ ਨਹੀਂ ਤੇ ਸੁਆਹ ਮੈਂ ਬੁੱਢੇ ਵਾਰੇ ਸਿਰ ‘ਚ ਪੁਆ ਲੈਣੀ ਆ।’

ਦੇਵ ਨੇ ਹੁੰਗਾਰਾ ਭਰਿਆ, ‘ਜਥੇਦਾਰ ਜੀ, ਇਹ ਗੀਤ ਨਾ ਹੀ ਗੁਆਓ, ਅੜੀ ਕਾਹਦੀ ਆ?’ ਪਰ ਮੈਂ ਕੁਝ ਨਾ ਬੋਲਿਆ, ਇਸ ਕਰਕੇ ਕਿ ਮੈਨੂੰ ਵੀ ਗੀਤ ਦੀ ਸਮਝ ਨਹੀਂ ਸੀ। ਚਲੋ ਖੈਰ, ਸਾਗ ਨਾਲ ਰੋਟੀਆਂ ਖਾ ਕੇ ਇਹ ਬਾਤ ਵੀ ਇਥੇ ਹੀ ਮੁੱਕ ਗਈ। ਇਹ ਉਹ ਮੇਲਾ ਸੀ, ਓਸ ਮੇਲੇ ਤੋਂ ਪਹਿਲਾਂ ਜਿਸ ਵਿਚ ਯਮਲਾ ਗਲ ‘ਚ ਹਾਰ ਪੁਆ ਕੇ ਮੌਤ ਤੇ ਹੋਣੀ ਦੀਆਂ ਸੀਟੀਆਂ ਸੁਣਦਾ ਕੁਰਸੀ ‘ਤੇ ਬੈਠਾ ਸੀ।

ਜੱਸੋਵਾਲ ਦੇ ਘਰ ਗੱਲ ਵਾਪਰੀ ਮੇਰੇ ਮਨ ਵਿਚੋਂ ਨਿਕਲ ਚੁੱਕੀ ਸੀ ਤੇ ਇਹ ਵੀ ਨਹੀ ਤਾਂ ਪਤਾ ਸੀ ਕਿ ਜੰਮੂ ਕਸ਼ਮੀਰ ਵਰਗਾ ਸਮਝੌਤਾ ਕੀ ਸੀ? ਯਮਲੇ ਜੱਟ ਨੇ ਪਹਿਲਾ ਗੀਤ ਜਦੋਂ ਸਟੇਜ ‘ਤੇ ਗਾਇਆ ‘ਵਿਸਕੀ ਦੀ ਬੋਤਲ ਵਰਗੀ ਮੈਂ ਇਕ ਕੁੜੀ ਫਸਾ ਲਈ ਏ’ ਤੇ ਪੰਜਾਬੀ ਭਵਨ ਦਾ ਨੱਕੋ ਨੱਕ ਭਰਿਆ ਹਾਲ, ਸਮਾਂ ਰਾਤ ਦੇ ਸਾਢੇ ਨੌਂ ਵਜੇ ਦਾ, ਅੱਧੋਂ ਵੱਧ ਸ਼ਰਾਬੀ ਤੇ ਉਹ ਕਿਲਕਾਰੀਆਂ ਪਈਆਂ ਖੁਸ਼ੀ ਦੀਆਂ, ਜਿਹੜੀਆਂ ਕਦੇ ਇਸੇ ਸਟੇਜ ’ਤੇ ਚਮਕੀਲੇ ਨੇ ‘ਟਕੂਏ ’ਤੇ ਟਕੂਆ ਖੜਕੇ’ ਨਾਲ ਪੁਆਈਆਂ ਸਨ।

ਇਸੇ ਗੀਤ ਦੌਰਾਨ ਯਮਲੇ ਜੱਟ ਨੇ ਕਈ ਵਾਰ ਕਿਹਾ ਸੀ, ‘ਏਨਾ ਪਿਆਰ! ਏਨਾ ਮੈਨੂੰ ਕਦੇ ‘ਜਗਤੇ ਤੇ ਭਗਤੇ’ ਵਾਲੇ ਗੀਤ ਨਾਲ ਵੀ ਨਹੀਂ ਮਿਲਿਆ ਸੀ। ਅੱਜ ਮੈਨੂੰ ਪਤਾ ਲੱਗਾ ਕਿ ਜੱਸੋਵਾਲ ਉਸ ਨਿਆਣੇ ਵਾਂਗ ਅੜੀ ਕਿਉਂ ਕਰਦਾ ਸੀ ਜਿਹਨੂੰ ਚੁੰਘਣੀ ਨਾਲ ਦੁੱਧ ਚੁੰਘਣ ਦੀ ਆਦਤ ਨਹੀਂ ਹੁੰਦੀ। ਖੈਰ! ਗੀਤ ਤਾਂ ਉਸ ਤੋਂ ਬਾਅਦ ਵੀ ਯਮਲੇ ਨੇ ਗਾਏ ਪਰ ਇਹ ਓਸ ਵਰ੍ਹੇ ਦਾ ਮੇਲਾ ‘ਵਿਸਕੀ ਦੀ ਬੋਤਲ’ ਨਾਲ ਓਵੇਂ ਯਮਲੇ ਜੱਟ ਦੇ ਨਾਮ ਹੋ ਗਿਆ ਸੀ ਜਿਵੇਂ ਇਕ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਪੰਜਾਬ ਦੇ ਸਾਰੇ ਠੇਕਿਆਂ ’ਤੇ ਪੌਂਟੀ ਚੱਢੇ ਦਾ ਕਬਜ਼ਾ ਸੀ।

ਹਾਲਾਤ ਇਹ ਰਹੇ ਕਿ ਇਸ ਗੀਤ ਨਾਲ ਯਮਲੇ ਜੱਟ ਦੀ ਬਦਖੋਹੀ ਵੀ ਬੜੀ ਵਾਰ ਹੋਈ। ਕੋਈ ਉਸ ‘ਤੇ ਇਤਰਾਜ ਕਰ ਰਿਹਾ ਸੀ ਕਿ ‘ਤੇਰੇ ਹੱਥ ਵਿਚ ਚਾਬੀ ਓਹ ਦਾਤਾ ਸਾਰੇ ਸੰਸਾਰ ਦੀ’ ਗਾਉਣ ਵਾਲੇ ਯਮਲੇ ਨੂੰ ‘ਵਿਸਕੀ ਦਾ ਲਕਵਾ’ ਹੋ ਕਿਉਂ ਗਿਆ?

ਇਸ ਹੱਕ ਤੇ ਵਿਰੋਧ ਦੀਆਂ ਗੱਲਾਂ ਮੈਂ ਕਿੰਨਾ ਚਿਰ ਸੁਣਦਾ ਰਿਹਾਂ। ਫਿਰ ਉਹਦੇ ਡੇਰੇ ਗਿਆ। ਉਹ ਧੁੱਪੇ ਕੁਰਸੀ ‘ਤੇ ਦੋਵੇਂ ਲੱਤਾਂ ਰੱਖ ਕੇ ਬੈਠਾ ਸੀ। ਇਹ ਖਾਸ ਦਿਨ ਮੇਰੇ ਲਈ ਇਸ ਕਰਕੇ ਸੀ ਕਿ ਮੈਂ ਯਮਲੇ ਜੱਟ ਨੂੰ ਨੰਗੇ ਸਿਰ ਪਹਿਲੀ ਵਾਰ ਵੇਖਿਆ ਸੀ। ਮੈਂ ਪੁੱਛਿਆ, ‘ਇਹ ਗੀਤ ਲਿਖਣ ਤੇ ਗਾਉਣ ਦੀ ਤੇਰੀ ਕੀ ਮਜਬੂਰੀ ਸੀ?’

ਉਹਦੇ ਚਿਹਰੇ ‘ਤੇ ਹੈਰਾਨੀ ਤੇ ਦੁੱਖ ਸੀ, ਕਹਿਣ ਲੱਗਾ, ‘ਸੁਣਦੇ ਸੀ ਤੂੰ ਚੰਗਾ ਲਿਖਦੈਂ, ਪਰ ਮੈਨੂੰ ਅੱਜ ਲੱਗਾ ਕਿ ਗਾਇਕੀ ਦੀ ਸਮਝ ਤੈਨੂੰ ਵੀ ਅਜੇ ਪੂਰੀ ਨਹੀਂ।’ ਫਿਰ ਉਹ ਚੁੱਪ ਕਰ ਗਿਆ।

‘ਤੇ ਮੇਰੀ ਹਾਲਤ ਇੱਦਾਂ ਦੀ ਬਣ ਗਈ ਸੀ ਕਿ ਜਿਵੇਂ ਤਾਜ਼ਾ ਜੰਮੇ ਵੱਛੇ ਦੇ ਨੱਕ ‘ਚ ਬੋਰੀਆਂ ਸੀਊਣ ਵਾਲੇ ਸੂਏ ਨਾਲ ਨੱਥ ਪਾ ਦਿੱਤੀ ਹੋਵੇ। ਫਰਕ ਸਿਰਫ ਇੰਨਾ ਸੀ ਕਿ ਨਾ ਮੈਂ ਹਿੱਲਿਆ, ਨਾ ਮੈਂ ਟੱਪਿਆ ਪਰ ਉਹ ਮੇਰਾ ਬਿਨਾਂ ਤਰੇਲੀ ਵਾਲਾ ਚਿਹਰਾ ਪੜ੍ਹ ਕੇ ਆਪ ਹੀ ਬੋਲ ਪਿਆ, ਉਵੇਂ ਜਿਵੇਂ ਹਕੀਮ ਰੋਗੀ ਨੂੰ ਦਵਾ ਖਾਣ ਲਈ ਨੁਸਖੇ ਦੱਸਦੇ ਹੁੰਦੇ ਨੇ। ਕਹਿਣ ਲੱਗਾ, ‘ਅਸ਼ੋਕ, ਬੱਚੇ ਨੂੰ ਕੌੜੀ ਦਵਾਈ ਦੇਣੀ ਹੋਵੇ ਤਾਂ ਮਾਂ ਬਾਅਦ ‘ਚ ਪਾਣੀ ਨਾਲ ਮਿੱਠੇ ਦਾ ਚਮਚਾ ਹੱਥ ਵਿਚ ਰੱਖਦੀ ਐ, ਇਸ ਗੀਤ ਦੇ ਅਸਲ ‘ਚ ਅਰਥ ਇਹ ਹਨ ਕਿ ਮੈਂ ਜ਼ਿੰਦਗੀ ਦੇ ਨਸ਼ੇ ਦੀ ਗੱਲ ਕੀਤੀ ਹੈ। ਮੈਂ ਨਾ ਉਨ੍ਹਾਂ ਕੁੜੀਆਂ ਦੀ ਗੱਲ ਕਰਦਾਂ ਜਿਹੜੀਆਂ ਮੇਰੀਆਂ ਧੀਆਂ ਵਰਗੀਆਂ ਨੇ, ਨਾ ਉਨ੍ਹਾਂ ਬੋਤਲਾਂ ਦੀ ਗੱਲ ਕਰਦਾਂ ਜਿਹੜੀਆਂ ਠੇਕੇ ਦੀ ਸ਼ੈਲਫ ’ਤੇ ਚਿਣੀਆਂ ਹੁੰਦੀਆ ਨੇ। ਇਸ ਗੀਤ ਦਾ ਸੁਭਾਅ ਮੈਂ ਇਸ ਕਰਕੇ ਏਦਾਂ ਦਾ ਰੱਖਿਆ ਸੀ ਜਿਵੇਂ ਬੁੱਲ੍ਹੇ ਸ਼ਾਹ ਕਹਿੰਦਾ ਰਿਹਾ ਕਿ ‘ਮੈਨੂੰ ਨੱਚ ਕੇ ਯਾਰ ਮਨਾਵਣ ਦੇ’। ਬੁੱਲ੍ਹੇ ਸ਼ਾਹ ਦਾ ਯਾਰ ਰੱਬ ਸੀ, ਤੇ ਵਿਸਕੀ ਦੀ ਬੋਤਲ ਮੇਰੇ ਲਈ ਇਬਾਦਤ ਸੀ। ਤੇ ਮੈਂ ਦੁਨੀਆਂ ਨੂੰ ਕਿਵੇਂ ਸਮਝਾਵਾਂ ਕਿ ਨਸ਼ਾ ਬੋਤਲ ‘ਚ ਨਹੀਂ ਹੁੰਦਾ, ਨਸ਼ਾ ਤੁਹਾਡੇ ਅੰਦਰ ਹੰਦਾ ਏ।’

ਖੈਰ, ਉਸ ਦਿਨ ਤੋਂ ਬਾਅਦ ਯਮਲੇ ਜੱਟ

(ਬਾਕੀ ਸਫਾ 33 ਉਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਹੱਥ ‘ਚ ਬਟੇਰਾ

ਕਾਂਵਾਂ ਦੇ ਆਖਿਆਂ ‘ਤੇ ਢੱਗੇ ਕਦੋਂ ਮਰ ਜਾਂਦੇ,
ਜਣੇ-ਖਣੇ ਮੂਹਰੇ ਕਦੇ ਹੱਥ ਨਹੀਂਓ ਅੱਡੀਦਾ।
ਬਣਦੀ ਨ੍ਹੀਂ ਗੱਲ ਲੱਖ ਜ਼ੋਰ ਲਾ ਕੇ ਵੇਖ ਲਈਏ,
ਇਕ ਵੀ ਖਰਾਬ ਹੋਵੇ ਪਹੀਆ ਕਿਸੇ ਗੱਡੀ ਦਾ।
ਫੁਕਰੇ ਕਮੀਨੇ ਗੱਲ ਮੁੜ ਮੁੜ ਲਾਈਦੇ ਨ੍ਹੀਂ,
ਇਹੋ ਜਿਹੇ ਨਿਕੰਮਿਆਂ ਦਾ ਫਾਹਾ ਵਿਚੋਂ ਵੱਢੀਦਾ।
ਚੋਰ ਯਾਰ ਬਣੇ, ਬੰਦਾ ਹੋਵੇ ਨਾ ਅਕ੍ਰਿਤਘਣ,
ਤੇ ਹੱਥ ‘ਚ ਬਟੇਰਾ ਆਇਆ ‘ਭੌਰੇ’ ਨਹੀਂਓਂ ਛੱਡੀਦਾ।

# ਕੇਜਰੀਵਾਲ ਡਾ. ਦਲਜੀਤ ਸਿੰਘ ਦੀ ਗੱਲ ਸੁਣਦਾ ਕਿਉਂ ਨਹੀਂ

ਸਵਾਲ ਹੈ ਕਿ ਪੰਜਾਬ ਦੀ ਹੋਣੀ ਸੰਵਾਰੇ ਕੌਣ? ਪੰਜਾਬ ਵਿਚ ਹੁਣ ਤੱਕ ਰਾਜ ਕਰਦੀਆਂ ਆ ਰਹੀਆਂ ਅਕਾਲੀ ਦਲ ਅਤੇ ਕਾਂਗਰਸ, ਦੋਹਾਂ ਹੀ ਪਾਰਟੀਆਂ ਨੂੰ ਲੋਕਾਂ ਨੇ ਬਥੇਰਾ ਵੇਖ ਲਿਆ ਹੈ। ਉਹ ਇਨ੍ਹਾਂ ਪਾਰਟੀਆਂ ਤੋਂ ਬਦਜ਼ਨ ਹਨ। ਪਿਛਲੇ ਦਿਨੀਂ ਅਮਰੀਕਾ ਅਤੇ ਕੈਨੇਡਾ 'ਚ ਪੰਜਾਬ ਤੋਂ ਆਏ ਅਕਾਲੀ ਨੇਤਾਵਾਂ ਦਾ ਬਾਹਰਲੇ ਪੰਜਾਬੀਆਂ, ਖਾਸ ਕਰ ਸਿੱਖਾਂ ਨੇ ਜਿੰਨਾ ਕੁ 'ਸੁਆਗਤ' ਕੀਤਾ ਹੈ, ਉਹ ਸਭਨਾਂ ਨੇ ਪੜ੍ਹ-ਸੁਣ ਹੀ ਲਿਆ ਹੈ।

ਲੋਕਾਂ ਦਾ ਕਸੂਰ ਨਹੀਂ ਹੈ, ਉਹ ਬਦਲਾਓ ਚਾਹੁੰਦੇ ਹਨ। ਪਿਛਲੀਆਂ ਪਾਰਲੀਮਾਨੀ ਚੋਣਾਂ 'ਚ ਆਮ ਆਦਮੀ ਪਾਰਟੀ (ਆਪ) ਦੇ ਉਭਾਰ ਨੇ ਰੌਸ਼ਨੀ ਦੀ ਮਾਤੀ ਜਿਹੀ ਹੀ ਕਿਰਨ ਦਿਖਾਈ ਸੀ ਤਾਂ ਪੰਜਾਬ ਅਤੇ ਬਾਹਰ ਰਹਿੰਦੇ ਪੰਜਾਬੀਆਂ ਨੇ ਜੋ ਉਤਸ਼ਾਹ ਭਰਿਆ ਹੁੰਗਾਰਾ ਦਿਤਾ, ਉਹ ਹੈਰਾਨੀਜਨਕ ਸੀ, ਪ੍ਰੰਤੂ ਪਹਿਲਾਂ ਤਾਂ



ਗੁਰਦਿਆਲ ਸਿੰਘ ਬੱਲ
ਫੋਨ: 647-982-6091

ਉਨ੍ਹਾਂ ਚੋਣਾਂ ਦੌਰਾਨ ਹੀ ਅਤੇ ਫਿਰ ਦਿੱਲੀ ਚੋਣਾਂ ਵਿਚ ਉਸ ਤੋਂ ਵੀ ਵੱਡੀ ਜਿੱਤ ਪਿਛੋਂ ਜਿਸ ਕਿਸਮ ਦੇ ਚੰਦ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਅਤੇ ਉਸ ਦੇ ਮਿੱਤਰਾਂ ਨੇ ਚਾੜ੍ਹੇ, ਉਸ ਨੇ ਨਿਸਚੇ ਹੀ ਲੋਕਾਂ ਨੂੰ ਬੇਹੱਦ ਨਿਰਾਸ਼ ਕੀਤਾ ਹੈ। 'ਕੋਹ ਨਾ ਚੱਲੀ ਬਾਬਾ ਤਿਹਾਈ' ਵਾਲੀ ਗੱਲ ਸੀ। ਆਖਰ ਇੰਨੀ ਕਿਹੜੀ ਆਖਰ ਆ ਗਈ ਸੀ ਕਿ ਪ੍ਰਸ਼ਾਂਤ ਭੂਸ਼ਨ ਵਰਗੇ ਇਨਸਾਨ ਨੂੰ ਪਾਰਟੀ ਦੇ ਅੰਦਰ ਬਰਦਾਸ਼ਤ ਨਾ ਕੀਤਾ ਜਾ ਸਕਿਆ।

'ਆਪ' ਦੀ ਹਾਈ ਕਮਾਂਡ ਨੇ ਦਿੱਲੀ ਵਿਚ ਜੋ ਰੰਗ ਲਾਏ ਸਨ, ਉਸੇ ਤਰ੍ਹਾਂ ਦੇ ਚੰਦ ਪੰਜਾਬ ਵਿਚ ਵੀ ਚੜ੍ਹਾ ਦਿਤੇ। ਖਾਸ ਕਰ ਬਾਹਰਲੇ ਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੀ ਜ਼ੁਬਾਨ 'ਤੇ ਸਵਾਲ ਹੈ ਕਿ ਉਥੇ ਹੋ ਕੀ ਰਿਹਾ ਹੈ? ਇਨ੍ਹਾਂ ਲੋਕਾਂ ਦਾ ਆਪਸ ਵਿਚ ਰੌਲਾ ਕੀ ਹੈ? 'ਆਪ' ਵਾਲਿਆਂ ਨੇ ਪਹਿਲਾਂ ਦਿੱਲੀ ਵਿਚ ਪ੍ਰਸ਼ਾਂਤ ਵਰਗੇ ਇਨਸਾਨ ਨੂੰ ਛਾਂਗ ਦਿਤਾ ਅਤੇ ਫਿਰ ਪੰਜਾਬ ਵਿਚ ਨਵਾਂ ਪਾਰਟੀ ਢਾਂਚਾ ਖੜ੍ਹਾ ਕਰਨ ਦੇ ਮਾਮਲੇ ਵਿਚ ਸਿਰੇ ਦੀ ਤਿਕੜਮਬਾਜ਼ੀ ਵੀ ਕਰ ਦਿਖਾਈ। ਲੋਕਾਂ ਦੀਆਂ ਉਮੀਦਾਂ ਟੁੱਟੀਆਂ ਨਹੀਂ ਸਨ। ਡਾ. ਧਰਮਵੀਰ ਗਾਂਧੀ ਦੇ ਪਰ ਕੁਤਰ ਤਾਂ ਬਥੇਰੇ ਦਿਤੇ ਗਏ ਸਨ ਪ੍ਰੰਤੂ ਪਾਰਟੀ ਵਿਚੋਂ ਬਾਹਰ ਅਜੇ ਉਨ੍ਹਾਂ ਨੂੰ ਧੱਕਿਆ ਨਹੀਂ ਸੀ ਗਿਆ। ਫਿਰ ਡਾ. ਧਰਮਵੀਰ, ਪ੍ਰੋ. ਸਾਧੂ ਸਿੰਘ ਜਾਂ ਹਰਿੰਦਰ ਸਿੰਘ ਖ਼ਾਲਸਾ ਨੂੰ ਵੀ ਛੱਡੋ, ਵੱਡੀ ਤਸੱਲੀ ਵਾਲੀ ਗੱਲ ਇਹ ਸੀ ਕਿ ਪੰਜਾਬ ਇਕਾਈ ਦੀ ਅਨੁਸ਼ਾਸਨੀ ਕਮੇਟੀ ਦੀ ਚੇਅਰਮੈਨੀ ਤਾਂ ਡਾ. ਦਲਜੀਤ ਸਿੰਘ ਵਰਗੇ ਨਿਰਸੁਆਰਥ ਕਰਮਯੋਗੀ ਦੇ ਹੱਥ ਸੀ ਜੋ ਪਾਰਟੀ ਦੀ 'ਇਖ਼ਲਾਕੀ ਆਵਾਜ਼' ਦੇ ਪ੍ਰਤੀਰੂਪ ਹੀ ਤਾਂ ਸਨ। ਜਾਣਕਾਰ ਸੱਜਣਾਂ ਦੇ ਮਨ 'ਚ ਸੀ ਕਿ ਜੇ ਡਾ. ਦਲਜੀਤ ਸਿੰਘ ਵਰਗਾ ਇਨਸਾਨ ਉਪਰ ਬੈਠਾ ਹੈ ਤਾਂ ਆਸ ਨਾ ਛੱਡੋ, ਚੋਣਾਂ ਵਿਚ ਅਜੇ ਬਥੇਰਾ ਸਮਾਂ ਪਿਆ ਹੈ। ਉਸ ਸਮੇਂ ਤੱਕ ਹਾਈ ਕਮਾਂਡ ਨੂੰ 'ਦੀਵਾਰ ਤੇ ਲਿਖੀ ਇਬਾਰਤ' ਪੜ੍ਹਨ ਦੀ ਫੁਰਸਤ ਮਿਲ ਹੀ ਜਾਵੇਗੀ ਪਰ ਜਿਸ ਭਲੀ ਦੀ ਆਸ ਸੀ, ਉਹ ਹੋਈ ਨਹੀਂ। ਦਿਨੇਸ਼ ਵਘੇਲਾ, ਅਸ਼ੀਸ਼ ਖੇਤਾਨ ਅਤੇ ਪੰਕਜ ਗੁਪਤਾ 'ਤੇ ਅਧਾਰਤ 'ਆਪ' ਦੀ ਕੌਮੀ ਅਨੁਸ਼ਾਸਨੀ ਕਮੇਟੀ ਨੇ ਕੁਝ ਦਿਨ ਪਹਿਲਾਂ ਬਜ਼ੁਰਗ ਡਾਕਟਰ ਉਤੇ ਅਨੁਸ਼ਾਸਨਹੀਣਤਾ ਦੇ ਦੋਸ਼ ਲਾਉਂਦਿਆਂ ਉਸ ਦੀ ਜਵਾਬ-ਤਲਬੀ ਕਰ ਲਈ। ਉਨ੍ਹਾਂ ਜਵਾਬ ਦੇ ਦਿਤੇ ਅਤੇ ਲੋਕਾਂ ਦੀ ਕਚਹਿਰੀ ਵਿਚ ਵੀ ਸਥਿਤੀ ਸਪਸ਼ਟ ਕਰ ਦਿਤੀ, ਪ੍ਰੰਤੂ ਪਾਰਟੀ ਆਗੂਆਂ ਨੇ ਪ੍ਰਸ਼ਾਂਤ ਭੂਸ਼ਨ ਵਾਲਾ ਰਸਤਾ ਡਾ. ਦਲਜੀਤ ਸਿੰਘ ਨੂੰ ਵੀ ਵਿਖਾ ਦਿਤਾ। ਖਬਰ ਮਿਲੀ ਹੈ ਕਿ 'ਆਪ' ਦੇ ਸਾਦਾ ਦਿਲ ਵਲੰਟੀਅਰਾਂ ਨੇ ਲੀਡਰਸ਼ਿਪ ਦੇ ਅਜਿਹੇ ਆਪਹੁਦਰੇਪਣ ਨੂੰ ਪਾਰਟੀ ਦੇ ਅੰਦਰ ਰਹਿ ਕੇ ਟੱਕਰ ਦੇਣ ਲਈ 31 ਮੈਂਬਰੀ ਐਕਸ਼ਨ ਕਮੇਟੀ ਬਣਾ ਕੇ ਲੋਕਾਂ ਨੂੰ ਆਪਣਾ ਪੱਖ ਦੱਸਣ ਦੀ ਮੁਹਿੰਮ ਸ਼ੁਰੂ ਕਰ ਦਿਤੀ ਹੈ।

ਚਾਰ ਕੁ ਮਹੀਨੇ ਪਹਿਲਾਂ ਦਿੱਲੀ ਚੋਣਾਂ ਵਿਚ 'ਆਪ' ਦੀ ਜਿੱਤ ਪਿਛੋਂ ਲਿਖੀ ਰਿਪੋਰਟ ਵਿਚ ਪੰਜਾਬ ਅੰਦਰ 'ਆਪ' ਦੀਆਂ ਸੰਭਾਵਨਾਵਾਂ ਦੀ ਚਰਚਾ ਕੀਤੀ ਸੀ। ਆਮ ਰਾਏ ਹੈ ਕਿ ਅਰਵਿੰਦ ਕੇਜਰੀਵਾਲ ਦੀ ਆਪਣੀ ਇਮਾਨਦਾਰੀ ਜਾਂ ਸੁਹਿਰਦਤਾ 'ਤੇ ਤਾਂ ਅਜੇ ਵੀ ਕੋਈ ਸੰਦੇਹ ਨਹੀਂ ਹੈ, ਪ੍ਰੰਤੂ ਇਸ ਮਾਮਲੇ ਵਿਚ ਜੈ ਪ੍ਰਕਾਸ਼ ਨਰਾਇਣ ਕਿਹੜਾ ਘੱਟ ਸੀ, ਬਲਕਿ ਉਹ ਤਾਂ ਇਮਾਨਦਾਰੀ ਅਤੇ ਸੁਹਿਰਦਤਾ ਦਾ 'ਕੁਤਬ ਮਿਨਾਰ' ਸੀ, ਪ੍ਰੰਤੂ ਜਦੋਂ ਕੋਈ ਸਪਸ਼ਟ ਵਿਜ਼ਨ ਨਾ ਹੋਵੇ ਤਾਂ ਇਮਾਨਦਾਰੀ ਵਿਚਾਰੀ ਕੀ ਕਰੇਗੀ? ਉਹ ਤਾਂ ਉਸੇ ਤਰ੍ਹਾਂ ਹੀ ਠੰਢਾ ਪਾਣੀ ਪੀ ਮਰੇਗੀ ਜਿਵੇਂ ਐਮਰਜੈਂਸੀ ਤੋਂ ਬਾਅਦ ਜਨਤਾ ਸਰਕਾਰ ਵੇਲੇ ਮਰ ਗਈ ਸੀ। ਜੈ ਪ੍ਰਕਾਸ਼ ਵਰਗੇ ਦਰਵੇਸ਼ ਸਿਆਸਤਦਾਨ ਦੇ ਬਜ਼ੁਰਗ ਮੋਢਿਆਂ 'ਤੇ ਚੜ੍ਹ ਕੇ ਇੰਦਰਾ ਗਾਂਧੀ ਨੂੰ ਸਬਕ ਸਿਖਾਉਣ 'ਤੇ ਤੁਲੇ ਸਿਆਸਤਦਾਨਾਂ ਨੇ ਜਲਵਾ ਤਾਂ ਦਿਖਾ ਦਿੱਤਾ, ਪ੍ਰੰਤੂ ਮੁਰਾਰ ਜੀ ਦੇਸਾਈ, ਚੌਧਰੀ ਚਰਨ ਸਿੰਘ ਅਤੇ ਰਾਜ ਨਰਾਇਣ ਵਰਗੇ ਸਿਆਸੀ ਮਦਾਰੀਆਂ ਨੇ ਜਿਸ ਅੰਦਾਜ਼ ਵਿਚ ਲੋਕਾਂ ਦੀਆਂ ਆਸਾਂ-ਉਮੀਦਾਂ ਨਾਲ ਖਿਲਵਾੜ ਕੀਤਾ, ਉਹ ਕਿਸ ਨੂੰ ਭੁਲਿਆ ਹੈ? ਉਸ ਸਮੇਂ ਚੰਦਰ ਸ਼ੇਖਰ ਵਰਗੇ ਬਥੇਰੇ ਕੰਮ ਦੇ ਆਦਮੀ ਵੀ ਲੋਕ ਨਾਇਕ ਦੇ ਛਕੜੇ ਵਿਚ ਹੈਗੇ ਸਨ, ਕੋਈ ਕਮੀ ਨਹੀਂ ਸੀ, ਪ੍ਰੰਤੂ ਚਾਰੇ ਪਾਸੇ ਗੱਦੀਆਂ ਹਥਿਆਉਣ ਲਈ ਲਾ-ਲਾ ਮੱਚ ਗਈ ਸੀ। ਇੰਦਰਾ ਗਾਂਧੀ ਨੂੰ ਲਾਹ ਕੇ ਕਰਨਾ ਕੀ ਹੈ? ਕਿਸੇ ਨੂੰ ਕੱਖ ਪਤਾ ਨਹੀਂ ਸੀ।

ਦਿੱਲੀ ਚੋਣਾਂ ਪਿਛੋਂ ਵੀ ਹਾਲਾਤ ਇਹੋ ਸਨ। ਕੇਜਰੀਵਾਲ ਦੀ ਮੁਹਿੰਮ ਵਿਚ ਸ਼ਾਮਲ ਹੋਏ ਕਈ ਨਿੱਗਰ ਕਾਰਕੁਨਾਂ ਵਿਚ ਸਭ ਤੋਂ ਵੱਧ ਸੁਹਿਰਦਤਾ ਸੁਮੇਲ ਸਿੰਘ ਕੋਲ ਸੀ। ਉਹ ਇਮਾਨਦਾਰ ਸੀ ਅਤੇ ਵੱਡੀ ਗੱਲ ਇਹ ਕਿ ਉਸ ਕੋਲ ਵਿਜ਼ਨ ਵੀ ਹੈਗਾ ਸੀ, ਪ੍ਰੰਤੂ ਉਸ ਨੂੰ ਡਰ ਸੀ ਕਿ ਰਾਜਨੀਤੀ ਦੀ ਖੇਡ ਵਿਚ ਬਰ ਮੇਚ ਕੇ ਖੇਡਣ ਦੇ ਉਹ ਲਾਇਕ ਨਹੀਂ। ਫਿਰ ਵੀ ਸੁਮੇਲ ਸਿੰਘ ਪੰਜਾਬ ਦਾ ਚੰਦਰ ਸ਼ੇਖਰ ਬਣ ਸਕਦਾ ਸੀ, ਬਸ਼ਰਤੇ ਕਿ ਕੇਜਰੀਵਾਲ ਉਸ ਦੀ ਯੋਗਤਾ ਨੂੰ ਪਛਾਣਦਿਆਂ ਉਸ ਦੀ ਪਿੱਠ 'ਤੇ ਹੱਥ ਧਰ ਦਿੰਦਾ, ਪਰ ਸੁਮੇਲ ਸਿੰਘ ਦੀ ਯੋਗਤਾ ਕੇਜਰੀਵਾਲ ਤੇ ਉਸ ਦੇ ਸਲਾਹਕਾਰਾਂ ਨੇ ਜਿਸ ਅੰਦਾਜ਼ 'ਚ ਪਛਾਣੀ, ਉਹ ਸਭ ਦੇ ਸਾਹਮਣੇ ਹੈ।


'ਆਪ' ਦੇ ਮੌਜੂਦਾ ਹਾਲਾਤ ਬਾਰੇ ਫੋਨ 'ਤੇ ਡਾ. ਦਲਜੀਤ ਸਿੰਘ ਨਾਲ ਗੱਲ ਕੀਤੀ ਤਾਂ ਗੱਲਬਾਤ ਤੋਂ ਜ਼ਾਹਿਰ ਸੀ ਕਿ ਉਨ੍ਹਾਂ ਨੂੰ ਨਾ ਤਾਂ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਕੋਈ ਲਾਲਸਾ ਹੈ ਅਤੇ ਨਾ ਹੀ ਮਾਇਆ ਇਕੱਠੀ ਕਰਨ ਦੀ ਕੋਈ ਤਮ੍ਹਾਂ ਹੈ, ਪ੍ਰੰਤੂ ਉਹ ਲੜਾਈ ਲੜਨ ਦੇ ਪੂਰੇ ਰੌਅ ਵਿਚ ਸਨ। ਪਾਰਟੀ ਵਿਚੋਂ ਕੱਢੇ ਜਾਣ 'ਤੇ ਆਪਣੇ ਲਿਖਤੀ ਪ੍ਰਤੀਕਰਮ ਵਿਚ ਡਾਕਟਰ ਸਾਹਿਬ ਨੇ ਰੱਬ ਸੱਚੇ ਅੱਗੇ 'ਆਪ' ਦੀ ਹਾਈ ਕਮਾਨ ਨੂੰ ਸੁਮੱਤ ਬਖ਼ਸ਼ਣ ਦੀ ਗੁਹਾਰ ਲਗਾਈ ਹੈ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਮੁੱਖ ਰੱਖਦਿਆਂ ਪਾਰਟੀ ਅੰਦਰ ਜ਼ਾਬਤਾ ਬਹਾਲ ਕਰਨ ਲਈ ਸਾਰਾ ਟਿਲ ਲਗਾ ਰਹੇ ਸਨ, ਪ੍ਰੰਤੂ ਜਿਨ੍ਹਾਂ ਲੋਕਾਂ ਨੂੰ ਰਾਹ 'ਤੇ ਲਿਆਉਣ ਦੀ ਉਹ ਕੋਸ਼ਿਸ਼ ਕਰ ਰਹੇ ਸਨ, ਉਨ੍ਹਾਂ ਨੇ ਹੇਠਲੇ ਪੱਧਰ ਦੀ ਸਾਜ਼ਿਸ਼ ਕਰਦਿਆਂ ਉਨ੍ਹਾਂ ਨੂੰ ਹੀ ਰਾਹੇ ਪਾ ਦਿਤਾ ਹੈ। ਉਨ੍ਹਾਂ ਆਸ ਪ੍ਰਗਟਾਈ ਹੈ ਕਿ ਪਾਰਟੀ ਦੇ ਨਿਸ਼ਕਾਮ ਕਾਰਕੁਨ, ਤਾਨਾਸ਼ਾਹ ਬਣੇ ਬੈਠੇ ਇਨ੍ਹਾਂ ਲੋਕਾਂ ਨੂੰ ਆਪਹੁਦਰਾਸ਼ਾਹੀ ਤੋਂ ਬਾਜ ਆਉਣ ਲਈ ਲਾਜ਼ਮੀ ਤੌਰ 'ਤੇ ਮਜਬੂਰ ਕਰ ਦੇਣਗੇ ਅਤੇ ਪਾਰਟੀ 'ਚ ਸਹੀ ਜਮਹੂਰੀ ਅਮਲ ਨਿਸਚੇ ਹੀ ਬਹਾਲ ਹੋ ਕੇ ਰਹੇਗਾ।

ਦੁੱਖ ਇਸ ਗੱਲ ਦਾ ਹੈ ਕਿ 'ਆਪ' ਦੀ ਲੀਡਰਸ਼ਿਪ ਪੰਜਾਬ ਦੀ ਪਾਰਟੀ ਇਕਾਈ ਦਾ ਜਥੇਬੰਦਕ ਢਾਂਚਾ ਨਵੇਂ ਸਿਰਿਓਂ ਉਸਾਰਨ ਲੱਗਿਆਂ ਸਮਰਪਿਤ ਵਲੰਟਰੀਆਂ ਦੀਆਂ ਭਾਵਨਾਵਾਂ ਨਾਲ ਬੇਹੱਦ ਖਿਲਵਾੜ ਕੀਤਾ ਹੈ। ਰਾਜਸੀ ਦਾਨਸ਼ਵਰੀ ਦਾ ਉਕਾ ਹੀ ਕੋਈ ਸਬੂਤ ਨਹੀਂ ਦਿਤਾ।

ਜਾਣਕਾਰੀ ਇਹੀ ਹੈ ਕਿ ਦੋ ਕੁ ਮਹੀਨੇ ਪਹਿਲਾਂ ਦਿੱਲੀਓਂ ਆ ਕੇ ਸੰਜੇ ਸਿੰਘ ਨੇ ਜਦੋਂ ਪੰਜਾਬ ਅੰਦਰ 'ਬੇਈਮਾਨ ਭਜਾਉ, ਪੰਜਾਬ ਬਚਾਉ' ਦੀ ਮੁਹਿੰਮ ਚਲਾਈ, ਤਾਂ ਲਗਦਾ ਸੀ ਕਿ ਸ਼ਾਇਦ ਉਹ ਸੰਜੀਦਾ ਹੀ ਹੋਣ। ਫਰਵਰੀ ਵਿਚ ਕੇਜਰੀਵਾਲ ਨੇ ਆਪਣੇ ਭਰੋਸਯੋਗ ਸਾਥੀ ਦਰਗੇਸ਼ ਪਾਠਕ ਨੂੰ ਪੰਜਾਬ ਦੇ ਲੰਮੇ ਦੌਰ ਦੇ ਇਸ ਮਿਸ਼ਨ 'ਤੇ ਭੇਜਿਆ ਸੀ ਕਿ ਪਾਰਟੀ ਵਿਚ ਦਾਗੀ ਪਿਛੋਕੜ ਵਾਲੇ ਜਾਂ ਖ਼ੁਦਗਰਜ਼ ਸੱਜਣ ਕਿਧਰੇ ਘੁਸਪੈਠ ਨਾ ਕਰ ਜਾਣ, ਪਰ ਹੋਇਆ ਉਥੇ ਕੁਝ ਹੋਰ ਹੀ ਹੈ।

ਤਰਨ ਤਾਰਨ ਤੋਂ ਕੋਆਰਡੀਨੇਟਰ ਇਕਬਾਲ ਸਿੰਘ ਭਾਗੋਵਾਲੀਆ ਨੂੰ ਲਾਇਆ ਹੈ, ਉਹ ਪਹਿਲਾਂ ਬਸਪਾ ਵਿਚ ਹੁੰਦਾ ਸੀ। ਉਸ ਦੀ ਸੋਭਾ ਬਾਹਲੀ ਚੰਗੀ ਨਹੀਂ ਸੁਣੀਂਦੀ। ਲੋਕੀਂ ਉਸ ਨੂੰ ਆਗੂ ਮੰਨ ਕੇ ਰਾਜ਼ੀ ਨਹੀਂ ਹਨ। ਅੰਮ੍ਰਿਤਸਰ ਤੋਂ ਸ. ਬਾਜਵਾ ਨਾਂ ਦਾ ਬਟਾਲੇ ਵੱਲ ਦਾ ਕੋਈ ਸੱਜਣ ਕੋਆਰਡੀਨੇਟਰ ਵਜੋਂ ਉਤਾਰ ਦਿਤਾ ਹੈ। ਉਸ ਦੀ ਵੱਡੀ 'ਰਾਜਸੀ ਯੋਗਤਾ' ਕੇਵਲ ਇਹ ਹੈ ਕਿ ਉਹ ਵੱਡੇ ਪਾਰਟੀ ਆਗੂ ਦਾ ਝੋਲੀਸ਼ਾਹ ਸੀ। ਬਠਿੰਡਾ ਜ਼ਿਲ੍ਹੇ ਵਿਚ ਕੋਆਰਡੀਨੇਟਰ ਨਰਿੰਦਰਪਾਲ ਸਿੰਘ ਨੂੰ ਅਤੇ ਮਹਿਲਾ ਸੈੱਲ ਦੀ ਕਨਵੀਨਰ ਬੀਬੀ ਬਲਜਿੰਦਰ ਕੌਰ ਨੂੰ ਬਣਾਇਆ ਗਿਆ ਹੈ। ਬਠਿੰਡਾ ਸ਼ਹਿਰ ਵਿਚ ਆਪਣੇ ਰਾਜਸੀ ਨੁਕਤਾ ਨਿਗਾਹ ਤੋਂ ਸਭ ਤੋਂ ਭੇਤੀ ਸੱਜਣ, ਮਰਹੂਮ ਚੰਦਰ ਸ਼ੇਖਰ ਦੇ ਸਾਥੀ ਦਰਸ਼ਨ ਸਿੰਘ ਜੀਦਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕੋਈ ਵੀ ਟਿਪਣੀ ਕਰਨ ਤੋਂ ਨਾਂਹ ਕਰ ਦਿਤੀ। ਵਾਰ ਵਾਰ ਪੁੱਛਣ 'ਤੇ ਉਸ ਨੇ ਇੰਨਾ ਹੀ ਆਖਿਆ ਕਿ ਬਠਿੰਡਾ ਵਿਚ ਭੁਪਿੰਦਰ ਬਾਂਸਲ 'ਆਪ' ਵਿਚ ਮੁੱਢ ਤੋਂ ਹੀ ਸਰਗਰਮ ਹੈ ਅਤੇ ਬਹੁਤ ਹੀ ਸਮਰੱਥ ਕਾਰਕੁਨ ਹੈ। ਉਸ ਨੂੰ ਨਜ਼ਰਅੰਦਾਜ਼ ਕਰਨਾ ਪਾਰਟੀ ਲਈ ਘਾਟੇਵੰਦਾ ਸੌਦਾ ਹੈ। ਬਠਿੰਡਾ ਸ਼ਹਿਰ ਵਿਚ ਦਿੱਲੀਓਂ ਆਏ ਪਾਰਟੀ ਦੇ ਰਹਿਬਰਾਂ ਦੀ ਕੁਝ ਸਮਾਂ ਪਹਿਲਾਂ ਹੋਈ ਮੀਟਿੰਗ ਵਿਚ 80% ਔਰਤਾਂ ਨੇ ਡਟ ਕੇ ਭੁਪਿੰਦਰ ਬਾਂਸਲ ਦੀ ਜ਼ਿਲ੍ਹਾ ਆਗੂ ਵਜੋਂ ਤਾਈਦ ਕੀਤੀ ਸੀ। ਉਸ ਦਾ ਕਹਿਣਾ ਸੀ ਕਿ ਪੰਜਾਬ ਹੋਵੇ ਜਾਂ ਦਿੱਲੀ, ਸੱਚੀ ਗੱਲ ਤਾਂ ਇਹ ਹੈ ਕਿ ਆਮ ਆਦਮੀ ਪਾਰਟੀ ਜੇ ਕੋਈ ਹੈ ਤਾਂ ਉਹ 'ਕੇਜਰੀਵਾਲ' ਹੀ ਹੈ, ਉਵੇਂ ਹੀ ਜਿਵੇਂ ਬੰਗਾਲ ਵਿਚ ਮਮਤਾ ਬੈਨਰਜੀ ਹੀ ਤ੍ਰਿਣਮੂਲ ਕਾਂਗਰਸ ਹੈ। ਸ. ਸੁੱਚਾ ਸਿੰਘ ਛੋਟੇਪੁਰ ਬਾਰੇ ਦਰਸ਼ਨ ਸਿੰਘ ਜੀਦਾ ਦਾ ਕਹਿਣਾ ਸੀ ਕਿ ਮਰਹੂਮ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਵੱਲੋਂ ਪੰਜਾਬ ਦੀਆਂ ਗਰਮ ਧਿਰਾਂ ਨੂੰ ਗੱਲਬਾਤ ਲਈ ਬੁਲਾਏ ਜਾਣ ਸਮੇਂ ਉਹ ਉਨ੍ਹਾਂ ਦੇ ਕਾਫੀ ਕਰੀਬ ਰਿਹਾ ਅਤੇ ਉਹ ਧੀਮਾ ਤੇ ਦਾਨਾ ਬੰਦਾ ਹੈ, ਪ੍ਰੰਤੂ ਪੰਜਾਬ ਰਾਜਨੀਤੀ ਦੇ ਭੰਵਰ ਵਿਚ ਫਸੇ ਬੇੜੇ ਨੂੰ ਬੰਨੇ ਉਸ ਤੋਂ ਲਾਇਆ ਨਹੀਂ ਜਾਣਾ। ਐਸੀ ਸਮਰੱਥਾ ਉਸ ਵਿਚ ਨਹੀਂ ਹੈ। ਇਸੇ ਤਰ੍ਹਾਂ 'ਆਪ' ਦੇ ਦਰਵੇਸ਼ ਕਾਰਕੁਨਾਂ ਮਾਸਟਰ ਖੇਤਾ ਸਿੰਘ ਅਤੇ ਕ੍ਰਿਸ਼ਨ ਸਿੰਘ ਨੇ ਵੀ ਬਠਿੰਡਾ ਜ਼ਿਲ੍ਹੇ ਦੀਆਂ ਨਿਯੁਕਤੀਆਂ ਬਾਰੇ ਨਿਰਾਸ਼ਾ ਪ੍ਰਗਟਾਈ ਪਰ ਕਿਸੇ ਨੇ ਉਨ੍ਹਾਂ ਦੀ ਗੌਲੀ ਹੀ ਨਹੀਂ।


ਇਉਂ ਹੀ ਹੁਸ਼ਿਆਰਪੁਰ ਜ਼ਿਲ੍ਹਾ ਇਕਾਈ ਦੀ ਵਾਗਡੋਰ ਜਰਨੈਲ ਸਿੰਘ ਨਾਂ ਦੇ ਜਿਸ ਸ਼ਖਸ ਨੂੰ ਸੰਭਾਲੀ ਗਈ ਹੈ, ਉਹ ਪਿਛੋਂ ਪਟਿਆਲੇ ਦਾ ਬਾਸ਼ਿੰਦਾ ਹੈ ਅਤੇ ਹੁਸ਼ਿਆਰਪੁਰ ਅੰਦਰ ਉਸ ਦਾ ਕੋਈ ਵੱਡਾ ਰਸੂਖ ਨਹੀਂ ਹੈ। ਇਸ ਜ਼ਿਲ੍ਹੇ ਵਿਚ ਦੀਪਕ ਠਾਕਰ ਦੇ ਕੰਮ ਅਤੇ ਸਰਗਰਮੀ ਦਾ ਹਰ ਇਕ ਨੂੰ ਪਤਾ ਹੈ। ਉਸ ਨੇ ਪਿਛਲੇ ਕੁਝ ਅਰਸੇ ਦੌਰਾਨ ਕੰਢੀ ਖੇਤਰ ਵਿਚ ਰੇਤ ਦੀ ਨਾਜਾਇਜ਼ ਖੁਦਾਈ ਰੋਕਣ ਲਈ ਪਿੰਡ ਪਿੰਡ ਜਾ ਕੇ ਕਮੇਟੀਆਂ ਬਣਾਈਆਂ ਹਨ। ਬੜਾ ਰਸੂਖ ਹੈ ਉਸ ਦਾ। ਵਰਕਰਾਂ ਦਾ ਸਵਾਲ ਹੈ ਕਿ ਉਸ ਨੂੰ ਅਤੇ ਉਸ ਵਰਗੇ ਹੋਰਨਾਂ ਨੂੰ ਭਲਾ ਕਿਸ ਤਰਕ ਤਹਿਤ ਨਜ਼ਰਅੰਦਾਜ਼ ਕੀਤਾ ਗਿਆ ਹੈ?



ਅਰਵਿੰਦ ਕੇਜਰੀਵਾਲ



ਸੁੱਚਾ ਸਿੰਘ ਛੋਟੇਪੁਰ



ਡਾ. ਦਲਜੀਤ ਸਿੰਘ

ਪਟਿਆਲਾ 'ਚ ਬਲਬੀਰ ਸਿੰਘ ਨਾਂ ਦਾ ਕੋਈ ਅੱਖਾਂ ਦਾ ਸਰਜਨ ਹੈ। ਜ਼ਿਮਨੀ ਚੋਣਾਂ ਦੌਰਾਨ ਉਸ ਨੂੰ ਟਿਕਟ ਇਹ ਕਹਿ ਕੇ ਨਹੀਂ ਸੀ ਦਿਤੀ ਕਿ ਜਾਇਦਾਦ ਦੇ ਕਿਸੇ ਚੱਕਰ 'ਚ ਉਸ ਉਪਰ ਵੀ ਸੰਗੀਨ ਦੋਸ਼ ਸਨ। ਲੋਕ ਉਸ ਦੀ ਹਾਲੀਆ ਨਿਯੁਕਤੀ 'ਤੇ ਇਹ ਕਹਿੰਦਿਆਂ ਉਜ਼ਰ ਕਰ ਰਹੇ ਹਨ ਕਿ ਹੁਣ ਪਾਰਟੀ ਦੇ ਚੌਧਰੀਆਂ ਨੇ ਮਹਿਜ਼ ਡਾ. ਧਰਮਵੀਰ ਗਾਂਧੀ ਦੇ ਪੈਰੀਂ ਪੈਂਝ ਪਾਉਣ ਲਈ ਪੂਰੇ ਜ਼ਿਲ੍ਹੇ ਦੀ ਜ਼ਿੰਮੇਵਾਰੀ ਹੀ ਉਸ ਨੂੰ ਸੰਭਾਲ ਦਿਤੀ ਹੈ।

ਮੋਗਾ ਏਰੀਏ ਵਿਚ ਪਰਮਿੰਦਰ ਸਿੰਘ ਗਿੱਲ ਮਾਸਟਰ ਖੇਤਾ ਸਿੰਘ ਵਰਗਾ ਹੀ ਇਕ ਹੋਰ ਦਰਵੇਸ਼ ਕਾਰਕੁਨ ਹੈ। ਉਸ ਨੂੰ ਵੀ ਬਨਦੀ ਥਾਂ ਦਿਤੀ ਨਹੀਂ ਗਈ। ਉਹ ਅਮਰੀਕਾ ਛੱਡ ਕੇ ਪੰਜਾਬ ਵਿਚਲੇ ਆਪਣੇ ਭਰਾਵਾਂ ਦੀ ਸਾਰ ਲੈਣ ਲਈ ਉਥੇ ਪਰਤੇ ਹਨ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਉਣ ਲਈ ਤਕੜੇ ਉਪਰਾਲੇ ਕੀਤੇ ਹਨ। ਏਰੀਏ ਵਿਚ 'ਆਪ' ਦੇ ਉਹ ਰੂਹੇ-ਰਵਾਂ ਹਨ।

ਸੁੱਚਾ ਸਿੰਘ ਛੋਟੇਪੁਰ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਡਟ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਸੀ ਅਤੇ ਉਸ ਸਾਕੇ ਪਿ ਜਦੋਂ ਹਵਾ ਦੂਸਰੇ ਰੁਖ ਦੀ ਵਗੀ ਤਾਂ ਉਹ ਸ. ਸਿਮਰਨਜੀਤ ਸਿੰਘ ਮਾਨ ਦੇ ਰੱਥ ਦਾ ਰਥਵਾਨ ਬਣ ਗਿਆ। ਸਵਾਲ ਹੈ, ਉਸ ਦਾ ਪਿਛੋਕੜ ਤੇ ਸਾਰੀ ਜ਼ਿੰਦਗੀ ਦੀ ਰਾਜਨੀਤਕ ਘਾਲ ਕਮਾਈ 'ਆਪ' ਦੇ ਸਿਆਸੀ ਕਲਚਰ ਦੇ ਕਿੰਨੀ ਕੁ ਫਿੱਟ ਬਹਿੰਦੀ ਹੈ? ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਜ਼ਰਾ ਕੋਸ਼ਿਸ਼ ਤਾਂ ਕਰੇ, ਪਰ ਉਹ ਤਾਂ ਇਕੋ ਗੱਲ ਹਰ ਥਾਂ ਕਰੀ ਜਾਂਦਾ ਹੈ ਕਿ ਪਾਰਟੀ ਢਾਂਚਾ ਉਹ ਹੀ ਬਣਾਵੇਗਾ, ਸਮਰਥਕ ਸਬਰ ਰੱਖਣ। ਲੋਕ ਜਦੋਂ ਪੁਛਦੇ ਹਨ ਕਿ 'ਗੱਡੀ' ਰਾਹ 'ਤੇ ਲਿਆਵੇਗਾ ਕੌਣ, ਤਾਂ ਉਹ ਬਸ ਇਕੋ ਗੱਲ 'ਸ਼ਾਂਤਮਈ' ਰਹਿਣ ਲਈ ਹੀ ਆਖੀ ਜਾਂਦਾ ਹੈ।

ਮੀਡੀਏ ਦੀ ਕਾਰਕਰਦਗੀ 'ਚ ਅਨੇਕ ਖਾਮੀਆਂ ਹੋ ਸਕਦੀਆਂ ਹਨ ਪ੍ਰੰਤੂ ਅਰਵਿੰਦ ਕੇਜਰੀਵਾਲ ਜੋ 'ਮੀਡੀਏ' ਦੀ 'ਪਬਲਿਕ ਟਰਾਇਲ' ਦੀ ਗੱਲ ਕਰ ਰਿਹਾ ਹੈ, ਉਹ ਤਾਂ ਸ਼ੇਖ ਚਿੱਲੀ ਵਾਲਾ ਯੱਕੜ ਹੈ। ਇਸੇ ਨੁਕਤੇ 'ਤੇ ਡਾ. ਦਲਜੀਤ ਸਿੰਘ ਦਾ ਕਹਿਣਾ ਸੀ ਕਿ ਕੇਜਰੀਵਾਲ ਹੋਰੀਂ ਮੀਡੀਏ ਨੂੰ ਸੁਧਾਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕੌਣ ਰੋਕਦਾ ਹੈ। ਅਸਲ ਮਸਲਾ ਤਾਂ ਇਹ ਹੈ ਕਿ ਉਹ ਪਾਰਟੀ ਸੰਗਠਨ ਬਾਰੇ ਸਾਡੀ ਗੱਲ ਜ਼ਰਾ ਇਮਾਨਦਾਰੀ ਨਾਲ ਸੁਣਨ ਤਾਂ ਸਹੀ।

# ਪੰਜਾਬੀ ਪੱਤਰਕਾਰੀ ਵਿਚ ਹਿੰਦੀ ਸ਼ਬਦਾਂ ਦੀ ਘੁਸਪੈਠ

ਭਾਰਤੀ ਭਾਸ਼ਾਵਾਂ ਦੀ ਪੱਤਰਕਾਰੀ ਵਿਚ ਪੰਜਾਬੀ ਪੱਤਰਕਾਰੀ ਦੀ ਉਮਰ ਬਹੁਤ ਛੋਟੀ ਹੈ। ਮਾਂ-ਬੋਲੀ ਪੰਜਾਬੀ ਨਾਲ ਪੰਜਾਬੀਆਂ ਦੇ ਇਕ ਵਰਗ ਵੱਲੋਂ ਮਤਰੇਆ ਵਿਹਾਰ ਵੀ ਹੁੰਦਾ ਰਿਹਾ ਹੈ ਜਿਸ ਦਾ ਪ੍ਰਭਾਵ ਪੰਜਾਬੀ ਪੱਤਰਕਾਰੀ 'ਤੇ ਵੀ ਪਿਆ। ਇਸ ਦੇ ਬਾਵਜੂਦ ਪੰਜਾਬੀ ਪੱਤਰਕਾਰੀ ਨੇ ਬਹੁਤ ਹੱਦ ਤੱਕ ਦੂਜੀਆਂ ਭਾਰਤੀ ਭਾਸ਼ਾਵਾਂ ਦੀ ਪੱਤਰਕਾਰੀ ਨਾਲ ਬਰਾਬਰ ਬੁਲੰਦੀਆਂ ਹਾਸਲ ਕੀਤੀਆਂ ਹਨ।

ਇਸ ਤੋਂ ਵੱਡਾ ਹੋਰ ਪੱਖ ਜੋ ਰੜਕਦਾ ਹੈ, ਉਹ ਹੈ ਪੰਜਾਬੀ ਅਖ਼ਬਾਰਾਂ ਤੇ ਟੀ.ਵੀ. ਸਮਾਚਾਰ ਚੈਨਲਾਂ ਦੀਆਂ ਖ਼ਬਰਾਂ ਵਿਚ ਹਿੰਦੀ ਸ਼ਬਦਾਂ ਦੀ ਬੇਲੋੜੀ ਘੁਸਪੈਠ, ਜਦੋਂ ਕਿ ਅਜਿਹੇ ਸਾਰੇ ਸ਼ਬਦਾਂ ਲਈ ਪੰਜਾਬੀ ਦੇ ਸ਼ਬਦ ਮੌਜੂਦ ਤੇ ਪ੍ਰਚਲਿਤ ਹਨ। ਹਰ ਭਾਸ਼ਾ ਵਿਚ ਦੂਜੀਆਂ ਭਾਸ਼ਾਵਾਂ ਦੇ ਕਈ ਸ਼ਬਦ ਆ ਕੇ ਸਮਾਅ ਜਾਂਦੇ ਹਨ। ਪੰਜਾਬੀ ਵਿਚ ਉਰਦੂ, ਫਾਰਸੀ, ਹਿੰਦੀ, ਸੰਸਕ੍ਰਿਤ ਤੇ ਅੰਗਰੇਜ਼ੀ ਦੇ ਬਹੁਤ ਸਾਰੇ ਸ਼ਬਦ ਆ ਕੇ ਸਮਾਅ ਗਏ ਤੇ ਪ੍ਰਚੱਲਤ ਹੋ ਗਏ ਹਨ।

ਅਕਬਰ ਦੇ ਸਮੇਂ ਤੋਂ ਲੈ ਕੇ ਦੇਸ਼ ਆਜ਼ਾਦ ਹੋਣ ਤੱਕ ਪੰਜਾਬ ਵਿਚ ਅਠਵੀਂ ਤੱਕ ਸਿੱਖਿਆ ਦਾ ਮਾਧਿਅਮ ਤੇ ਅਦਾਲਤਾਂ ਦੀ ਭਾਸ਼ਾ ਉਰਦੂ ਰਹੀ ਹੈ। ਗੋਪੀ ਚੰਦ ਭਾਰਗੋ ਦੀ ਸਰਕਾਰ ਨੇ ਪਹਿਲੀ ਜੂਨ 1948 ਤੋਂ (ਪੂਰਬੀ) ਪੰਜਾਬ ਵਿਚ ਸਿੱਖਿਆ ਦਾ ਮਾਧਿਅਮ ਉਰਦੂ ਦੀ ਥਾਂ ਪੰਜਾਬੀ ਤੇ ਹਿੰਦੀ ਕੀਤਾ ਸੀ। ਅਦਾਲਤਾਂ ਵਿਚ ਅੱਜ ਵੀ ਮੁਦਈ, ਮੁਵੱਕਲ, ਸਾਇਲ, ਪਿਆਦਾ, ਅਹਿਲਮਦ, ਮੁਨਸ਼ੀ ਜਿਹੇ ਵਰਤੇ ਜਾਂਦੇ ਸ਼ਬਦ ਉਰਦੂ ਦੇ ਹਨ। ਸਕੂਲ, ਮਾਸਟਰ, ਮੋਟਰ, ਮੀਟਰ, ਇੰਜਣ, ਸਟੇਸ਼ਨ, ਸਟੂਲ, ਟੇਬਲ, ਚੇਅਰ, ਸਾਈਕਲ, ਟਾਇਰ, ਟਿਊਬ, ਟਾਈਮ, ਫੋਨ, ਕਾਰ, ਪਾਰਕ ਜਿਹੇ ਸੈਂਕੜੇ ਸ਼ਬਦ ਅੰਗਰੇਜ਼ੀ ਦੇ ਹਨ ਜੋ ਪੰਜਾਬੀ ਨੇ ਅਪਨਾ ਲਏ ਹਨ ਤੇ ਆਮ ਬੋਲੀ ਵਿਚ ਬੋਲੇ ਜਾ ਰਹੇ ਹਨ। ਇਸੇ ਤਰ੍ਹਾਂ ਹਿੰਦੀ ਦੇ ਵੀ ਬਹੁਤ ਸਾਰੇ ਸ਼ਬਦ ਪੰਜਾਬੀ ਨੇ ਅਪਨਾ ਲਏ ਹਨ। ਹਿੰਦੀ ਸਾਡੀ ਰਾਸ਼ਟਰ ਭਾਸ਼ਾ ਵੀ ਹੈ ਪਰ ਜਿਨ੍ਹਾਂ ਸ਼ਬਦਾਂ ਦੇ ਪੰਜਾਬੀ ਸ਼ਬਦ ਮੌਜੂਦ ਹਨ ਤੇ ਪ੍ਰਚਲਤ ਹਨ, ਦੀ ਥਾਂ ਹਿੰਦੀ ਦੇ ਸ਼ਬਦ ਘੁਸੇੜਨੇ ਠੀਕ ਨਹੀਂ, ਜਿਵੇਂ ਹੜ੍ਹ ਲਈ ਵਾੜ੍ਹ, ਭੂਚਾਲ ਲਈ ਭੂਕਮ, ਵਿਦਿਆਰਥੀ ਲਈ ਛਾਤਰ। ਇਹ ਬਿਮਾਰੀ ਟੀ.ਵੀ. ਸਮਾਚਾਰ ਚੈਨਲਾਂ ਦੇ ਸਮਾਚਾਰਾਂ ਵਿਚ ਬਹੁਤ ਜ਼ਿਆਦਾ ਹੈ ਤੇ ਦਿਨੋ-ਦਿਨ ਵਧ ਹੀ ਰਹੀ ਹੈ। ਕਰੀਬ ਸਾਰੇ ਪੰਜਾਬੀ ਚੈਨਲਾਂ ਦੇ ਸਮਾਚਾਰ ਬੁਲਿਟਨਾਂ ਵਿਚ ਹਿੰਦੀ ਸ਼ਬਦਾਂ ਦੀ ਭਰਮਾਰ ਹੁੰਦੀ ਹੈ। ਡੀ.ਡੀ. ਪੰਜਾਬੀ ਪਿੰਡਾਂ ਸਮੇਤ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਪੰਜਾਬੀ ਚੈਨਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਨੇ ਪੰਜਾਬੀ ਜਨ-ਜੀਵਨ ਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਵਿਚ ਯੋਗਦਾਨ ਪਾਇਆ ਹੈ, ਪਰ ਸਵੇਰੇ ਖ਼ਬਰਾਂ ਤੋਂ ਤੁਰੰਤ ਬਾਅਦ 'ਖਾਸ ਖ਼ਬਰ, ਇਕ ਨਜ਼ਰ' ਪ੍ਰੋਗਰਾਮ ਵਿਚ ਕਈ ਵਾਰੀ ਅਜਿਹੇ ਪੱਤਰਕਾਰ ਬੁਲਾਏ ਹੁੰਦੇ ਹਨ ਜਿਨ੍ਹਾਂ ਨੂੰ ਸ਼ੁੱਧ ਪੰਜਾਬੀ ਬੋਲਣੀ ਨਹੀਂ ਆਉਂਦੀ। ਇਸ ਪ੍ਰੋਗਰਾਮ ਵਿਚ ਤਿੰਨ-ਚਾਰ ਕਥਿਤ ਮਾਹਰ ਪੱਤਰਕਾਰਾਂ ਵੱਲੋਂ ਬੋਲੇ ਗਏ ਹੋਰ ਸ਼ਬਦ ਜੋ ਮੈਂ ਨੋਟ ਕੀਤੇ ਹਨ, ਇਸ ਤਰ੍ਹਾਂ ਹਨ: ਗੁਹਾਰ (ਫਰਿਆਦ), ਚਪੇਟ (ਲਪੇਟ), ਅਨਸ਼ਨ (ਵਰਤ), ਪਕਸ਼ੀ (ਪੰਛੀ), ਲੁਭਾਉਣਾ (ਭਰਮਾਉਣਾ), ਪ੍ਰਲੋਭਨ (ਲਾਲਚ), ਵਰਿਧੀ (ਵਾਧਾ), ਗਾਜ਼ (ਗੁੱਸਾ, ਨਜ਼ਲਾ), ਅਵਗਤ (ਜਾਣੂ), ਕਗਾਰ (ਕੰਢੇ), ਦਿੱਗਜ਼ (ਦਿਓਕੱਦ, ਮੁੱਖ), ਕਸ਼ੇਤਰ (ਖੇਤਰ), ਛਮਾ (ਖਿਮਾ), ਚਰਨ (ਗੇੜ), ਆਹਵਾਨ (ਸੱਦਾ), ਸਮੁਦਾਏ (ਭਾਈਚਾਰਾ), ਅਨੁਮਤੀ (ਮਨਜ਼ੂਰੀ), ਲੁਪਤ (ਗਾਇਬ), ਕਸ਼ਮਤਾ (ਸਮੱਰਥਾ), ਛਾਤਰ (ਵਿਦਿਆਰਥੀ), ਛਵੀ (ਅਕਸ), ਸੰਪਨ (ਸਮਾਪਤ, ਖਤਮ), ਕਗਾਰ (ਕੰਢੇ), ਸ਼ਿਵਰ (ਕੈਂਪ), ਵਿਵਾਹ (ਵਿਆਹ, ਸ਼ਾਦੀ), ਅਧਿਅਕਸ਼ (ਪ੍ਰਧਾਨ), ਅਨੁਵਾਰੀਆ (ਜ਼ਰੂਰੀ, ਲਾਜ਼ਮੀ), ਦੁਖਦ (ਦੁੱਖਦਾਈ), ਸ਼ਿਕਸ਼ਾ (ਸਿੱਖਿਆ), ਸ਼ਵ (ਲਾਸ਼), ਵਿਪੱਕਸ਼ (ਵਿਰੋਧੀ), ਪ੍ਰਯਟਨ (ਸੈਰ ਸਪਾਟਾ), ਰਾਜਯ ਸਭਾ (ਰਾਜ ਸਭਾ), ਵਿੱਤੀਅ (ਵਿਤੀ, ਮਾਲੀ), ਲਾਂਛਨ (ਇਲਜ਼ਾਮ), ਬਿਮਾਨ (ਜਹਾਜ਼), ਸਤੱਰਕ (ਚੇਤੰਨ), ਘੱਟਕ ਦਲ (ਭਾਈਵਾਲ ਦਲ), ਨਿਸ਼ਕਾਸ਼ਿਤ (ਬਾਹਰ ਕੱਢਣਾ), ਜਨਾਦੇਸ਼ (ਫਤਵਾ, ਫੈਸਲਾ), ਆਮੰਤਰਨ (ਸੱਦਾ, ਬੁਲਾਵਾ) ਆਦਿ। ਇਨ੍ਹਾਂ ਸ਼ਬਦਾਂ ਦਾ ਹਵਾਲਾ ਦੇ ਕੇ ਮੈਂ ਡੀ.ਡੀ. ਪੰਜਾਬੀ ਨੂੰ ਪਿਛਲੇ ਕਈ ਸਾਲਾਂ ਤੋਂ ਪੱਤਰ ਲਿਖ ਰਿਹਾ ਹਾਂ, ਕਈ ਪੱਤਰ ਪੰਜਾਬੀ ਲੇਖਕ ਸਭਾਵਾਂ ਤੋਂ ਲਿਖਵਾਏ ਹਨ, ਪਰ ਕੋਈ ਅਸਰ ਨਹੀਂ ਹੋਇਆ।

-ਹਰਬੀਰ ਸਿੰਘ ਭੰਵਰ

ਦੇਵਿੰਦਰ ਸਤਿਆਰਥੀ-8




ਗੁਰਬਚਨ ਸਿੰਘ ਭੁੱਲਰ

ਫੋਨ: 01191-11425-02364

bhullargs@gmail.com


# ਕਥਾ ਕਹੀਏ 'ਘੋੜਾ ਬਾਦਸ਼ਾਹ' ਦੀ!

**ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ**

ਸਤਿਆਰਥੀ ਜੀ ਉਤੇ ਲਗਦਾ ਸਰੋਤਿਆਂ ਦੇ ਸੁਭਾਵਾਂ ਨੂੰ ਰਬੜ ਨਾਲ ਮੇਸਣ, ਬਲੇਡ ਨਾਲ ਖੁਰਚਣ ਜਾਂ ਚੇਪੀ ਨਾਲ ਦੱਬਣ ਤੋਂ ਮਗਰੋਂ ਆਪਣੇ ਹੀ ਮੁੱਢਲੇ ਸ਼ਬਦ ਸੁਰਜੀਤ ਕਰ ਲੈਣ ਦਾ ਦੋਸ਼ ਪੂਰਾ ਸੱਚ ਹੈ ਜਾਂ ਅਧੂਰਾ ਸੱਚ, ਇਹ ਤਾਂ ਰੱਬ ਹੀ ਜਾਣੇ ਪਰ ਇਹ ਗੱਲ ਸੋਲਾਂ ਆਨੇ ਸੱਚੀ ਹੈ ਕਿ ਰਚਨਾ ਦਾ ਅੰਤਿਮ ਰੂਪ ਵੀ ਅਤੇ ਰਚਨਾ ਦਾ ਅੰਤ ਵੀ ਉਹ ਆਪਣੇ ਹੱਥ ਹੀ ਰਖਦੇ ਸਨ। ਅਜਿਹੇ ਮੌਕੇ ਉਹ ਸਾਡੇ ਪਿੰਡਾਂ ਦੀ ਇਕ ਕਹਾਵਤ ਦਾ ਚੇਤਾ ਕਰਵਾਉਂਦੇ, "ਆਪਣੇ ਪਿੰਡਾਂ ਦੇ ਸਿਆਣੇ ਕਹਿੰਦੇ ਨੇ ਨਾ, ਭੁੱਲਰ ਜੀ, ਸੁਣੀਏ ਸਭ ਦੀ, ਕਰੀਏ ਮਨ ਦੀ!"

ਉਰਦੂ ਤੇ ਹਿੰਦੀ ਵਿਚ ਸੌ, ਸਵਾ ਸੌ ਸਫੇ ਦੀ ਕਾਗਜ਼ੀ ਜਿਲਦ ਵਾਲੀ ਪੁਸਤਕ ਇਕ ਰੁਪਿਆ ਮੁੱਲ ਰੱਖ ਕੇ ਛਾਪਣ ਦੀ ਪੁਰਾਣੀ ਰਵਾਇਤ ਤੁਰੀ ਆਉਂਦੀ ਸੀ। ਇਹ ਪੁਸਤਕਾਂ ਬਹੁਤ ਹਰਮਨ ਪਿਆਰੀਆਂ ਹੁੰਦੀਆਂ ਸਨ। ਪ੍ਰਕਾਸ਼ਕਾਂ ਦਾ ਚੁਣ ਚੁਣ ਕੇ ਛਾਪਿਆ ਚੰਗਾ ਤੇ ਦਿਲਚਸਪ ਸਾਹਿਤ ਪਾਠਕ ਨੂੰ ਸਿਰਫ਼ ਇਕ ਰੁਪਏ ਵਿਚ ਮਿਲ ਜਾਂਦਾ ਸੀ। ਸਾਡੀਆਂ ਪੀੜ੍ਹੀਆਂ ਦਾ ਕੋਈ ਹੀ ਸਾਹਿਤ-ਰਸੀਆ ਹੋਵੇਗਾ ਜੀਹਨੇ ਉਰਦੂ ਤੇ ਹਿੰਦੀ ਦੀਆਂ ਬਿਹਤਰੀਨ ਰਚਨਾਵਾਂ, ਨਾਵਲ ਹੋਣ, ਕਹਾਣੀਆਂ ਹੋਣ ਜਾਂ ਕਵਿਤਾਵਾਂ ਹੋਣ, ਇਸ ਇਕ ਰੁਪਿਆ ਲੜੀ ਵਿਚ ਹੀ ਨਾ ਪੜ੍ਹੀਆਂ ਹੋਣ। ਵੱਡੇ ਆਕਾਰ ਦੀਆਂ ਸੰਸਾਰ ਪ੍ਰਸਿੱਧ ਰਚਨਾਵਾਂ ਵੀ ਸੰਖੇਪ ਕਰ ਕੇ ਇਸ ਲੜੀ ਵਿਚ ਛਾਪ ਦਿੱਤੀਆਂ ਜਾਂਦੀਆਂ ਸਨ। ਜਿਨ੍ਹਾਂ ਪਾਠਕਾਂ ਨੂੰ ਜਾਸੂਸੀ ਜਾਂ ਚਸਕੇਦਾਰ ਸਾਹਿਤ ਦੀ ਲਤ ਲੱਗੀ ਹੁੰਦੀ, ਉਨ੍ਹਾਂ ਵਾਸਤੇ ਬਹੁਰੰਗੀ ਕਿਸੇ ਖ਼ੂਬਸੂਰਤ ਜ਼ਨਾਨੀ ਦੀ ਤਸਵੀਰ ਵਾਲੇ ਕਵਰ ਨਾਲ ਇਕ ਰੁਪਏ ਵਿਚ ਅਜਿਹੀਆਂ ਪੁਸਤਕਾਂ ਛਾਪਣ ਵਾਲੇ ਪ੍ਰਕਾਸ਼ਕ ਵੀ ਹੁੰਦੇ ਸਨ। ਇਨ੍ਹਾਂ ਪੁਸਤਕਾਂ ਦੇ ਨਾਂ ਹੀ ਬੜੇ ਮਨਮੋਹਕ ਰੱਖੇ ਜਾਂਦੇ, ਜਿਵੇਂ 'ਹੀਰੇ ਕੀ ਚੋਰੀ', 'ਡਾਕੂ ਹਸੀਨਾ', 'ਸਾਂਪੋਂ ਵਾਲੀ ਸੁੰਦਰੀ', 'ਨਕਾਬਪੋਸ਼ ਕਾ ਚਿਹਰਾ' ਆਦਿ।

ਨਵਯੁਗ ਵਾਲੇ ਭਾਪਾ ਜੀ ਨੇ ਇਸ ਪਰੰਪਰਾ ਤੋਂ ਪ੍ਰੇਰਿਤ ਹੁੰਦਿਆਂ ਇਕ ਰੁਪਿਆ ਮੁੱਲ ਰੱਖ ਕੇ ਪੰਜਾਬੀ ਵਿਚ ਪੁਸਤਕਾਂ ਛਾਪਣੀਆਂ ਸ਼ੁਰੂ ਕਰ ਦਿੱਤੀਆਂ। ਕੁਦਰਤੀ ਸੀ ਕਿ ਉਹ ਵੀ ਬਹੁਤ ਹਰਮਨ ਪਿਆਰੀਆਂ ਹੋਈਆਂ। ਉਨ੍ਹੀਂ ਦਿਨੀਂ ਸਤਿਆਰਥੀ ਜੀ ਦੀ ਕੁਝ ਵਧੇਰੇ ਹੀ ਲੰਮੀ ਇਕ ਕਹਾਣੀ ਮਾਸਕ 'ਆਰਸੀ' ਵਿਚ ਛਪੀ ਸੀ। ਉਨ੍ਹਾਂ ਨੇ ਉਹ ਕਹਾਣੀ ਇਕ-ਰੁਪਿਆ ਲੜੀ ਵਿਚ ਛਾਪਣ ਦਾ ਸੁਝਾਅ ਦਿੱਤਾ ਤਾਂ ਭਾਪਾ ਜੀ ਸਹਿਮਤ ਤਾਂ ਹੋ ਗਏ ਪਰ ਉਨ੍ਹਾਂ ਨੂੰ ਸੰਕੋਚ ਸੀ ਕਿ ਇਸ ਲੜੀ ਵਿਚ ਪੁਸਤਕ ਦੇ ਪੰਨੇ ਘੱਟੋ-ਘੱਟ 96 ਤਾਂ ਹੋਣੇ ਹੀ ਚਾਹੀਦੇ ਹਨ ਜੋ ਉਨ੍ਹਾਂ ਦੇ ਅੰਦਾਜ਼ੇ ਅਨੁਸਾਰ ਇਸ ਕਹਾਣੀ ਦੇ ਹੋਣੇ ਨਹੀਂ ਸਨ। ਸਤਿਆਰਥੀ ਜੀ ਬੋਲੇ, "ਇਹ ਤਾਂ ਕੋਈ ਸਮੱਸਿਆ ਨਹੀਂ, ਭਾਪਾ ਜੀ। ਅੰਤਲਾ ਪੰਨਾ ਰੋਕ ਲੈਂਦੇ ਹਾਂ। ਨਾਲੇ ਤਾਂ ਹੁਣ ਨਾਲੋਂ ਇਸ ਕਥਾ ਦਾ ਵਧੇਰੇ ਢੁੱਕਵਾਂ ਅੰਤ ਮੇਰੇ ਮਨ ਵਿਚ ਹੈ, ਨਾਲੇ ਜੀ ਹੋਰ ਪੰਨੇ ਜੁੜ ਕੇ ਇਸ ਦਾ ਆਕਾਰ ਵਾਜਬ ਹੋ ਜਾਵੇਗਾ।"

ਇਹ ਜੁਗਤ ਭਾਪਾ ਜੀ ਨੂੰ ਵੀ ਜਚ ਗਈ। ਸੰਤੁਸ਼ਟ ਹੋ ਕੇ ਉਨ੍ਹਾਂ ਨੇ ਕੰਪੋਜ਼ੀਟਰ ਨੂੰ ਬੁਲਾਇਆ ਅਤੇ 'ਆਰਸੀ' ਵਿਚਲੀ ਕਹਾਣੀ ਦਾ ਅੰਤਲਾ ਪੰਨਾ ਕੱਟ ਕੇ ਕਹਿਣ ਲੱਗੇ, "ਸਤਿਆਰਥੀ ਜੀ ਦੀ ਪੁਸਤਕ ਏ, ਇਕ ਰੁਪਿਆ ਲੜੀ ਲਈ। ਉਸ ਆਕਾਰ ਵਿਚ ਕੰਮ ਸ਼ੁਰੂ ਕਰੋ। ਕੁਝ ਛੋਟੀ ਏ ਪਰ ਅਜੇ ਇਨ੍ਹਾਂ ਨੇ ਇਸ ਦਾ ਅੰਤ ਕਰਨਾ ਵੇ। ਅੰਤਲੇ ਪੰਨੇ ਇਹ ਦੋ-ਚਾਰ ਦਿਨਾਂ ਵਿਚ ਸਿੱਧੇ ਤੁਹਾਨੂੰ ਦੇ ਦੇਵਣਗੇ।" ਨਾਲ ਹੀ ਉਨ੍ਹਾਂ ਨੇ ਖ਼ਬਰਦਾਰ ਕੀਤਾ, "ਸਤਿਆਰਥੀ ਜੀ, ਇਕ ਗੱਲ ਸੁਣ ਲਵੋ। ਉਹ ਪੰਨੇ ਸਰੋਤਿਆਂ ਤੋਂ ਪਾਸ ਕਰਵਾਉਣ ਦੇ ਚੱਕਰ ਵਿਚ ਨਾ ਪੈ ਜਾਣਾ। ਤੁਸੀਂ ਚੇਪੀਆਂ ਲਾਉਂਦੇ ਫਿਰਦੇ ਹੋਵੋ ਤੇ ਕੰਪੋਜ਼ੀਟਰ ਅਗਲੇ ਪੰਨੇ ਉਡੀਕਦੇ ਰਹਿਣ!"

ਉਹ ਤਾਂ ਭਾਪਾ ਜੀ ਦੇ ਲਾਂਭੇ ਹਟਣ ਤੇ ਕੰਪੋਜ਼ੀਟਰ ਨਾਲ ਸਿੱਧਾ ਨਾਤਾ ਜੁੜਨਾ ਸਦਕਾ ਬਾਗੋ-ਬਾਗ ਸਨ। ਅੰਦਰੋਂ ਖ਼ੁਸ਼ ਹੋ ਕੇ ਮਚਲੇ ਬਣ ਗਏ, "ਨਾ ਜੀ, ਇਹ ਖਰੜਾ ਤਾਂ ਚੇਪੀਆਂ ਵਾਲਾ ਪੜਾਅ ਪਾਰ ਕਰਨ ਤੋਂ ਮਗਰੋਂ ਹੀ ਤੁਹਾਨੂੰ 'ਆਰਸੀ' ਲਈ ਸੌਂਪਿਆ ਸੀ। ਹੁਣ ਨਵੇਂ ਪੰਜ-ਦਸ ਪੰਨੇ ਤਾਂ ਇਨ੍ਹਾਂ ਪੰਨਿਆਂ ਦੀ ਅਗਲੀ ਕੜੀ ਹੀ ਹੋਏ। ਇਨ੍ਹਾਂ ਤੋਂ ਬਿਨਾਂ ਉਹ ਸੁਣਾਉਣ ਦੀ ਤਾਂ ਜੀ ਨਾ ਕੋਈ ਲੋੜ ਹੈ ਤੇ ਨਾ ਤੁਕ!"

ਭਾਪਾ ਜੀ ਬੇਫ਼ਿਕਰ ਹੋ ਗਏ। ਉਹ ਜਾਣਦੇ ਸਨ, ਸਤਿਆਰਥੀ ਜੀ ਸਰੋਤਿਆਂ ਨੂੰ ਨਾ ਵੀ ਸੁਣਾਉਣ ਤਾਂ ਵੀ ਬਹੁਤੀ ਕਾਹਲ ਨਹੀਂ ਕਰਨ ਲੱਗੇ। ਦੂਜੇ-ਚੌਥੇ ਦਿਨ ਉਹ ਅਗਲੇ ਪੰਨਿਆਂ ਦੀ ਦੱਥੀ ਕੰਪੋਜ਼ੀਟਰ ਦੇ ਹਵਾਲੇ ਕਰ ਜਾਂਦੇ, ਪਰ ਅੰਤਲਾ ਸਫ਼ਾ "ਢੁਕਵਾਂ ਅੰਤ ਕਰਨ ਲਈ" ਫੇਰ ਆਪਣੇ ਕੋਲ ਹੀ ਰੱਖ ਲੈਂਦੇ। ਅੰਤ ਨੂੰ ਪਾਕਿਟ-ਬੁਕ ਆਕਾਰ ਵਿਚ ਪੰਜ ਸੌ ਪੰਨੇ ਦਾ ਗੁਟਕਾ ਜਿਹਾ ਬਣ ਗਿਆ। ਇਕ ਦਿਨ ਭਾਪਾ ਜੀ ਨੂੰ ਚੇਤਾ ਆਇਆ ਤਾਂ ਉਨ੍ਹਾਂ ਨੇ ਪਰੂਫ਼ਾਂ ਦੀ ਮੰਗ ਕੀਤੀ। ਉਹ ਮੇਜ਼ ਉਤੇ ਪਰੂਫ਼ਾਂ ਦਾ ਮੋਟਾ ਪੁਲੰਦਾ ਰੱਖ ਕੇ ਮੁੜ ਚੱਲੇ ਕੰਪੋਜ਼ੀਟਰ ਨੂੰ ਕਹਿੰਦੇ, "ਇਹ ਕੀ ਰੱਖ ਚੱਲੇ ਓ, ਮੈਂ ਸਤਿਆਰਥੀ ਜੀ ਦੀ ਇਕ ਰੁਪਏ ਵਾਲੀ ਪੁਸਤਕ 'ਘੋੜਾ ਬਾਦਸ਼ਾਹ' ਦੇ ਪਰੂਫ਼ ਮੰਗੇ ਸਨ।"

ਕੰਪੋਜ਼ੀਟਰ ਨੇ ਕਿਹਾ, "ਇਹ ਉਹੋ ਹੀ ਹਨ ਜੀ!"

ਭਾਪਾ ਜੀ ਹੈਰਾਨ ਹੋਏ ਤਾਂ ਉਹਨੇ ਸਾਰੀ ਕਹਾਣੀ ਕਹਿ ਸੁਣਾਈ। ਉਨ੍ਹਾਂ ਨੇ ਮੱਥੇ ਉਤੇ ਹੱਥ ਮਾਰਿਆ। ਪੁਸਤਕ ਦੇਖਣ ਵਿਚ ਹੀ ਸੋਹਣੀ ਨਾ ਹੋਵੇ ਤਾਂ ਕੌਣ ਖ਼ਰੀਦੇਗਾ ਤੇ ਕਿਉਂ ਖ਼ਰੀਦੇਗਾ!

ਇਕ-ਦੋ ਦਿਨਾਂ ਮਗਰੋਂ ਸਤਿਆਰਥੀ ਜੀ ਦਾ ਆਗਮਨ ਹੋਇਆ ਤਾਂ ਭਾਪਾ ਜੀ ਸੁਭਾਅ ਦੇ ਉਲਟ ਮੱਥੇ ਤਿਊੜੀ ਪਾ ਕੇ ਬੋਲੇ, "ਇਹ ਤੁਸਾਂ ਕੀ ਕੀਤਾ ਸਤਿਆਰਥੀ ਜੀ?"

ਉਹ ਸਹਿਜ ਨਾਲ ਬੋਲੇ, "ਮੈਂ ਤਾਂ ਕੁਛ ਨਹੀਂ ਕੀਤਾ ਜੀ" ਅਤੇ ਮੁੱਛਾਂ ਵਿਚ ਮੁਸਕਰਾਏ, "ਸਗੋਂ ਮੇਰੇ ਬਾਰੇ ਤਾਂ ਤੁਹਾਡੇ ਸਮੇਤ ਮੇਰੇ ਸਭ ਆਪਣਿਆਂ ਨੂੰ ਇਹੋ ਸ਼ਿਕਾਇਤ ਰਹਿੰਦੀ ਹੈ ਜੀ ਕਿ ਮੈਂ ਕੁਛ ਕਰਦਾ ਨਹੀਂ!"

ਭਾਪਾ ਜੀ ਕੌੜੇ ਹੋਏ, "ਤੁਸੀਂ ਸਭ ਸਮਝਦੇ ਹੋ ਕਿ ਮੈਂ ਕੀ ਕਹਿ ਰਿਹਾ ਹਾਂ! ਮਚਲੇ ਬਣਦੇ ਹੋ!...ਸਤਿਆਰਥੀ ਜੀ, ਮੈਂ ਪੰਜ ਸੌ ਪੰਨੇ ਦੀ ਪੁਸਤਕ ਇਕ ਰੁਪਏ ਵਿਚ ਵੇਚਾਂਗਾ?"

ਉਹ ਸੱਚ-ਮੁੱਚ ਮਚਲੇ ਬਣ ਗਏ, "ਅੱਛਾ, ਤੁਸੀਂ 'ਘੋੜਾ ਬਾਦਸ਼ਾਹ' ਦੀ ਗੱਲ ਕਰਦੇ ਹੋ! ਭਾਪਾ ਜੀ, ਇਕ ਰੁਪਿਆ ਭੁੱਲ ਜਾਓ। ਤੁਹਾਡੀ ਕਿਰਪਾ ਨਾਲ ਪੁਸਤਕ ਭਾਰੀ-ਗੌਰੀ ਬਣ ਗਈ ਹੈ। ਹੁਣ ਇਹ ਇਕ ਰੁਪਏ ਵਿਚ ਥੋੜ੍ਹੋ ਵੇਚਣੀ ਹੈ। ਜਿਲਦ ਨਾਲ ਠੀਕ ਮੁੱਲ ਰੱਖ ਕੇ ਵੇਚੋ!"

ਭਾਪਾ ਜੀ ਹੋਰ ਖਿਝੇ, "ਮੇਰੀ ਕਿਰਪਾ ਸੁਆਹ ਤੇ ਖੇਹ!...ਤੁਸੀਂ ਮੈਨੂੰ ਆਪਣੇ ਇਸ ਕਾਰਨਾਮੇ ਬਾਰੇ ਪਹਿਲਾਂ ਦਸਦੇ ਤਾਂ ਮੈਂ ਇਹਦਾ ਆਕਾਰ ਪਾਕਟ ਬੁੱਕ ਵਾਲਾ ਕਿਉਂ ਰਖਦਾ। ਹੁਣ ਇਸ ਗੁਟਕੇ ਨੂੰ ਖ਼ਰੀਦੇਗਾ ਕੌਣ?"

ਉਹ ਉਸੇ ਅਡੋਲ ਸਹਿਜ ਨਾਲ ਬੋਲੇ, "ਗੁਟਕੇ-ਪੋਥੀਆਂ ਤਾਂ, ਭਾਪਾ ਜੀ, ਆਪਣੀ ਪੁਰਾਣੀ ਪਰੰਪਰਾ ਹਨ। ਉਨ੍ਹਾਂ ਨੂੰ ਲੋਕ ਸਗੋਂ ਪੁਸਤਕਾਂ ਨਾਲੋਂ ਵੱਧ ਸ਼ਰਧਾ ਨਾਲ ਪੜ੍ਹਦੇ ਨੇ!"

ਆਖ਼ਰ ਭਾਪਾ ਜੀ ਅੱਕ-ਥੱਕ ਗਏ, "ਬਸ ਹੁਣ ਇਸ ਕਥਾ ਦਾ ਭੋਗ ਪਾਵੋ ਤੇ ਹੋਰ ਕੁਝ ਨਾ ਬੋਲੋ!" ਤੇ ਉਨ੍ਹਾਂ ਨੇ ਕੰਪੋਜ਼ੀਟਰ ਨੂੰ ਕਿਹਾ, "ਪਰੂਫ਼ ਫ਼ਾਈਨਲ ਕਰਵਾ ਕੇ ਇਸ ਨੂੰ ਛਾਪਣੀ ਦਿਉ।"

ਅਗਲੇ ਦਿਨ ਸਤਿਆਰਥੀ ਜੀ ਨਵਯੁਗ ਪਹੁੰਚੇ ਤਾਂ ਉਹ ਤਾਂ ਪਹਿਲਾਂ ਵਾਲੇ ਸਨ ਹੀ, ਭਾਪਾ ਜੀ ਵੀ ਸਭ ਭੁੱਲ-ਭੁਲਾ ਕੇ ਪਹਿਲਾਂ ਵਾਲੇ ਹੀ ਸਨ। ਕੁਰਸੀ ਉਤੇ ਬੈਠਦਿਆਂ ਬੋਲੇ, "ਭਾਪਾ ਜੀ, 'ਘੋੜਾ ਬਾਦਸ਼ਾਹ' ਤਿਆਰ ਕਦ ਕੁ ਤੱਕ ਹੋ ਜਾਊ?"

ਭਾਪਾ ਜੀ ਚਿਹਰੇ ਉਤੇ ਝੂਠਾ ਗੁੱਸਾ ਲਿਆਏ, "ਜੇ ਤੁਸਾਂ ਅੱਜ ਤੋਂ ਬਾਅਦ ਕਦੀ ਵੀ ਉਹਦਾ ਜ਼ਿਕਰ ਛੇੜਿਆ, ਸਮਝ ਲਵੋ, ਉਹ ਕਦੀ ਵੀ ਤਿਆਰ ਨਹੀਂ ਹੋਣੀ!"

'ਘੋੜਾ ਬਾਦਸ਼ਾਹ' ਛਪੀ ਤਾਂ ਭਾਪਾ ਜੀ ਦਾ ਸ਼ੱਕ ਠੀਕ ਨਿਕਲਿਆ। ਵਿਕਰੀ ਢਿੱਲੀ ਰਹੀ। ਸੁਖਬੀਰ ਉਨ੍ਹੀਂ ਦਿਨੀਂ 'ਆਰਸੀ' ਨਾਲ ਜੁੜਿਆ ਹੋਇਆ ਸੀ। 'ਸੇਲ ਪਰਮੋਸ਼ਨ' ਲਈ ਉਹਨੇ 'ਘੋੜਾ ਬਾਦਸ਼ਾਹ' ਦੀਆਂ ਸਾਹਿਤਕ ਸਿਫ਼ਤਾਂ ਨਾਲ ਭਰਪੂਰ ਇਕ ਲੇਖ ਲਿਖਿਆ। ਇਕ ਹੋਰ ਜੁਗਤ ਵਜੋਂ 'ਆਰਸੀ' ਵਿਚ ਘੋੜਿਆਂ ਸੰਬੰਧੀ ਛਪੇ ਇਕ ਅੰਗਰੇਜ਼ੀ ਲੇਖ ਦੇ ਸਚਿਤਰ ਪੰਜਾਬੀ ਅਨੁਵਾਦ ਦੇ ਅੰਤ ਉਤੇ ਇਸ਼ਤਿਹਾਰ ਦਿੱਤਾ ਗਿਆ, "ਘੋੜਿਆਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਦੇਵਿੰਦਰ ਸਤਿਆਰਥੀ ਦਾ ਨਾਵਲ 'ਘੋੜਾ ਬਾਦਸ਼ਾਹ' ਪੜ੍ਹੋ!" ਇਹਤੋਂ ਇਲਾਵਾ ਇਸ ਅਫ਼ਵਾਹ ਨੂੰ ਖ਼ਬਰ ਬਣਾ ਕੇ ਫੈਲਾਇਆ ਗਿਆ ਕਿ ਕਹਾਣੀਕਾਰ ਮਹਿੰਦਰ ਸਿੰਘ ਜੋਸ਼ੀ, ਜੋ ਉਸ ਸਮੇਂ ਦਿੱਲੀ ਵਿਚ ਜੱਜ ਲੱਗੇ ਹੋਏ ਸਨ, ਪੰਜਾਬੀ ਪੜ੍ਹੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਉਂਦੇ ਹਨ, "ਪੰਜ ਸੌ ਰੁਪਏ ਜੁਰਮਾਨਾ ਜਾਂ ਪੰਦਰਾਂ ਦਿਨਾਂ ਦੀ ਕੈਦ ਜਾਂ 'ਘੋੜਾ ਬਾਦਸ਼ਾਹ' ਦਾ ਪਾਠ!"

ਸਤਿਆਰਥੀ ਜੀ ਨੂੰ ਮੈਂ ਕਦੀ ਉਦਾਸ ਜਾਂ ਕਿਸੇ ਗੱਲ ਦਾ ਗਿਲਾ ਕਰਦੇ ਨਹੀਂ ਸੀ ਦੇਖਿਆ। ਪਰ ਇਹ ਸਾਰਾ ਕਿੱਸਾ ਯਾਦ ਕਰ ਕੇ ਬੋਲੇ, "ਜਿਸ ਤਰ੍ਹਾਂ ਦੀ ਚੀਜ਼ ਵਿਕ ਸਕਦੀ ਹੈ, ਉਹ ਮੈਂ ਲਿਖਣੀ ਨਹੀਂ ਚਾਹੁੰਦਾ। ਦੇਖੋ ਭੁੱਲਰ ਜੀ, ਉਹ ਸਾਹਿਤ ਤਾਂ ਨਾ ਹੋਇਆ ਨਾ, ਚੀਜ਼ ਹੀ ਹੋਈ। ਤੇ ਜਿਸ ਤਰ੍ਹਾਂ ਦਾ ਕੁਝ ਮੈਂ ਲਿਖਦਾ ਹਾਂ, ਉਸ ਦੇ ਪਾਠਕ ਬਹੁਤ ਗਿਣੇ-ਮਿਥੇ ਹਨ। ਸਿਆਣੇ ਪਾਠਕ ਕਿਸੇ ਵੀ ਜ਼ਬਾਨ ਵਿਚ ਹੁੰਦੇ ਹੀ ਕਿੰਨੇ ਕੁ ਨੇ ਜੀ। ਕੁਝ ਲੇਖਕ ਮੇਰੀ ਰਚਨਾ ਬਾਰੇ ਲਤੀਫ਼ੇ ਘੜਨ ਜਾਂ ਛਾਪਣ ਵਿਚ ਹੀ ਦਿਲਚਸਪੀ ਲੈ ਰਹੇ ਨੇ। 'ਘੋੜਾ ਬਾਦਸ਼ਾਹ' ਨੂੰ ਬਹੁਤੇ ਪਾਠਕ ਨਹੀਂ ਮਿਲ ਸਕਣਗੇ, ਇਹ ਤਾਂ ਮੈਂ ਜਾਣਦਾ ਸੀ, ਪਰ ਇਹ ਕਦੀ ਨਹੀਂ ਸੀ ਸੋਚਿਆ ਕਿ ਉਸ ਦੀ ਅਰਥੀ ਉਸ ਦੀ ਮੌਤ ਤੋਂ ਪਹਿਲਾਂ ਹੀ ਕੱਢ ਦਿੱਤੀ ਜਾਵੇਗੀ, ਲਤੀਫ਼ਿਆਂ ਰਾਹੀਂ!"

ਇਸ ਘਟਨਾ ਮਗਰੋਂ ਵੀ ਨਾ ਭਾਪਾ ਜੀ ਦਾ ਉਨ੍ਹਾਂ ਲਈ ਪਿਆਰ ਭੋਰਾ ਵੀ ਘਟਿਆ ਤੇ ਨਾ ਉਨ੍ਹਾਂ ਦੀਆਂ ਆਦਤਾਂ ਵਿਚ ਭੋਰਾ ਵੀ ਫ਼ਰਕ ਪਿਆ। ਇਕ ਦਿਨ ਉਨ੍ਹਾਂ ਨੇ ਇਕ ਛੋਟੀ ਜਿਹੀ ਰਚਨਾ 'ਆਰਸੀ' ਲਈ ਦਿੱਤੀ ਅਤੇ ਨਾਲ ਹੀ ਫ਼ਰਮਾਇਸ਼ ਕੀਤੀ, "ਇਸੇ ਅੰਕ ਵਿਚ ਛਾਪਣ ਦੀ ਕਿਰਪਾ ਕਰੋ!"


ਭਾਪਾ ਜੀ ਲਿਖਤ ਦੇਖ ਕੇ ਬੋਲੇ, "ਇਸ ਅੰਕ ਦੀ ਕੰਪੋਜ਼ਿੰਗ ਤਾਂ ਲਗਭਗ ਪੂਰੀ ਹੋ ਗਈ ਏ। ਵੱਧ ਤੋਂ ਵੱਧ ਡੇਢ ਪੰਨੇ ਦੀ ਗੁੰਜਾਇਸ਼ ਨਿਕਲ ਸਕਦੀ ਹੈ। ਮੈਟਰ ਵੀ ਓਨਾ ਕੁ ਹੀ ਲਗਦਾ ਏ। ਜੇ ਦੋ-ਚਾਰ ਸਤਰਾਂ ਵਧ ਗਈਆਂ, ਤੁਹਾਥੋਂ ਕਟਵਾ ਲਵਾਂਗੇ।"

ਉਨ੍ਹਾਂ ਨੇ ਸੱਤ-ਵਚਨ ਕਿਹਾ ਅਤੇ ਭਾਪਾ ਜੀ ਨੇ ਮੈਟਰ ਕੰਪੋਜ਼ੀਟਰ ਦੇ ਹਵਾਲੇ ਕਰ ਦਿੱਤਾ। ਜਦੋਂ ਪੂਰੇ ਰਸਾਲੇ ਦੇ ਪਰੂਫ਼ ਮੇਜ਼ ਉਤੇ ਆਏ, ਪੰਨੇ 40 ਦੀ ਥਾਂ 42 ਬਣੇ ਪਏ ਸਨ। ਭਾਪਾ ਜੀ ਮੁੜ ਮੁੜ ਗਿਣਨ। ਕੰਪੋਜ਼ੀਟਰ ਨੂੰ ਬੁਲਾਇਆ ਤਾਂ ਰਹੱਸ ਖੁੱਲ੍ਹਿਆ। ਸਤਿਆਰਥੀ ਜੀ ਨੇ ਕੰਪੋਜ਼ੀਟਰ ਦੇ ਪੂਰੇ ਡੇਢ ਪੰਨੇ ਵਿਚ ਸਮੇਟੇ ਪਹਿਲੀ ਲਿਖਤ ਦੇ ਪਰੂਫ਼ਾਂ ਵਿਚ ਥਾਂ-ਥਾਂ ਨਵਾਂ ਮੈਟਰ ਜੋੜ ਕੇ ਸਾਢੇ ਤਿੰਨ ਪੰਨੇ ਬਣਾ ਦਿੱਤੇ ਸਨ। ਸਬੱਬ ਨਾਲ ਸਤਿਆਰਥੀ ਜੀ ਵੀ ਆ ਗਏ। ਭਾਪਾ ਜੀ ਦਾ ਗੁੱਸੇ ਹੋਣਾ ਸੁਭਾਵਿਕ ਸੀ, "ਸਤਿਆਰਥੀ ਜੀ, ਤੁਸੀਂ ਆਪਣੀਆਂ ਆਦਤਾਂ ਨਹੀਂ ਛਡਦੇ! ਇਹ ਤੁਸਾਂ ਕੀ ਕੀਤਾ? ਡੇਢ ਪੰਨੇ ਦੇ ਸਾਢੇ ਤਿੰਨ ਪੰਨੇ ਬਣਾ ਛੱਡੇ ਨੇ। ਹੁਣ ਮੈਂ ਦੋ ਪੰਨੇ ਕਿਹੜੇ ਕੱਢਾਂ?"

ਉਹ ਬੜੇ ਠਰ੍ਹੰਮੇ ਨਾਲ ਬੋਲੇ, "ਮਾਫ਼ ਕਰਨਾ ਜੀ, ਮੈਂ ਤੁਹਾਡੇ ਅਧਿਕਾਰ-ਖੇਤਰ ਵਿਚ ਦਖ਼ਲ ਕਿਉਂ ਦੇਵਾਂ? ਤੁਸੀਂ ਸੰਪਾਦਕ ਹੋ। ਪੰਨੇ ਕਿਹੜੇ ਕੱਢਣੇ ਹਨ, ਇਹ ਤਾਂ ਜੀ ਤੁਹਾਡਾ ਕੰਮ ਹੈ, ਤੁਸੀਂ ਹੀ ਦੇਖੋ। ਰਹੀ ਆਦਤਾਂ ਦੀ ਗੱਲ! ਭਾਪਾ ਜੀ, ਤੁਸੀਂ ਏਨੇ ਅਨੁਭਵੀ ਪੁਰਸ਼ ਹੋ, ਕਦੀ ਬੰਦੇ ਦੀਆਂ ਆਦਤਾਂ ਵੀ ਛੁੱਟੀਆਂ ਨੇ? ਸਿਆਣਿਆਂ ਨੇ ਕਿਹਾ ਹੈ ਨਾ, ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ! ਆਪਣਾ ਕਿੱਸਾਕਾਰ ਵੀ ਕਹਿ ਗਿਆ ਹੈ, 'ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ!' ਆਦਤਾਂ ਛੱਡ ਕੇ ਤਾਂ ਜੀ ਬੰਦਾ ਪਹਿਲਾਂ ਵਾਲਾ ਬੰਦਾ ਹੀ ਨਹੀਂ ਰਹਿ ਜਾਂਦਾ। ਮੈਂ ਫੇਰ ਤੁਹਾਡਾ ਸਤਿਆਰਥੀ ਥੋੜ੍ਹੋ ਹੋਵਾਂਗਾ, ਉਹ ਤਾਂ ਕੋਈ ਹੋਰ ਹੋਵੇਗਾ!"

ਭਾਪਾ ਜੀ ਦਾ ਹਾਸਾ ਨਿਕਲ ਗਿਆ। ਉਨ੍ਹਾਂ ਨੂੰ ਕੁਝ ਹੋਰ ਕਹਿਣ ਦੀ ਥਾਂ ਕੰਪੋਜ਼ੀਟਰ ਨੂੰ ਬੁਲਾ ਕੇ ਬੋਲੇ, "ਇਨ੍ਹਾਂ ਦੇ ਸਾਢੇ ਤਿੰਨ ਪੰਨੇ ਹੀ ਰਹਿਣ ਦਿਉ। ਇਹ ਦੋ ਪੰਨੇ ਦਾ ਲੇਖ ਕੱਢ ਕੇ ਸੂਚੀ ਠੀਕ ਕਰ ਲਵੋ।" ਬਹੁਤ ਚੰਗੀ ਤਰ੍ਹਾਂ ਜਾਣੂ ਪੁਰਾਣਾ ਕੰਪੋਜ਼ੀਟਰ ਦੋਵਾਂ ਨੂੰ ਬੜੇ ਗਹੁ ਨਾਲ ਦੇਖਦਾ ਹੋਇਆ ਪੁਠੇ ਪੈਰੀਂ ਤੁਰ ਗਿਆ।

# ਸ਼ਸਤਰ ਪੂਜਾ




ਬੌਬ ਖਹਿਰਾ ਮਿਸ਼ੀਗਨ

ਫੋਨ: 734-925-0177


ਹਿੰਦੂ ਧਰਮ ਵਿਚ ਹੀ ਸ਼ਸਤਰਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸਲਾਮ ਤੇ ਈਸਾਈ ਧਰਮ ਵਿਚ ਅਜਿਹਾ ਕਿਤੇ ਨਜ਼ਰ ਨਹੀਂ ਆਇਆ। ਹਿੰਦੂ ਧਰਮ 90 ਫ਼ੀਸਦੀ ਮਿਥਿਹਾਸ 'ਤੇ ਚੱਲ ਰਿਹਾ ਹੈ ਤੇ ਇਸ ਵਿਚ ਪਾਖੰਡਵਾਦ ਬਹੁਤ ਜ਼ਿਆਦਾ ਹੈ। ਗੁਰੂ ਨਾਨਕ ਦੇਵ ਨੇ ਹਿੰਦੂ ਧਰਮ ਦੀਆਂ ਕੁਰੀਤੀਆਂ ਵਿਰੁਧ ਬਗਾਵਤ ਕੀਤੀ ਸੀ ਤੇ ਸਿੱਖਾਂ ਨੂੰ ਇਹ ਪਾਖੰਡ ਤਿਆਗਣ ਲਈ ਕਿਹਾ ਸੀ, ਪਰ ਹੁਣ ਸਿੱਖ ਧਰਮ ਵਿਚ ਵੀ ਪਾਖੰਡ ਘਰ ਕਰੀ ਬੈਠਾ ਹੈ।

ਮਹਾਂਭਾਰਤ ਜੋ ਮਿਥਿਹਾਸ ਹੈ, ਵਿਚ ਹਰ ਸ਼ਸਤਰ ਚਲਾਉਣ ਤੋਂ ਪਹਿਲਾਂ ਪੂਜਾ ਕੀਤੀ ਜਾਂਦੀ ਦਿਖਾਈ ਜਾਂਦੀ ਹੈ, ਤੇ ਇਹ ਸਭ ਸਦੀਆਂ ਤੋਂ ਚਲਿਆ ਆ ਰਿਹਾ ਹੈ। ਅੱਜ ਵੀ ਕੋਈ ਮਾਈ ਦਾ ਲਾਲ ਇਹ ਨਹੀਂ ਸੋਚਦਾ ਕਿ ਇਹ ਗਲਤ ਹੈ ਤੇ ਪੂਜਾ ਪਾਖੰਡ ਹੈ। ਤਕਰੀਬਨ ਹਰ ਸ਼ਸਤਰ ਹੀ ਲੋਹੇ ਦਾ ਬਣਿਆ ਹੁੰਦਾ ਹੈ ਤੇ ਲੋਹਾ ਬੇਜਾਨ ਚੀਜ਼ ਹੈ। ਬੇਜਾਨ ਚੀਜ਼ ਉਤੇ ਕਿਸੇ ਦਾ ਕੁਝ ਅਸਰ ਨਹੀਂ ਹੁੰਦਾ, ਤੇ ਨਾ ਹੀ ਉਹ ਆਪਣੇ ਆਪ ਚੱਲ ਸਕਦੀ ਹੈ, ਜਿੰਨਾ ਚਿਰ ਉਸ ਨੂੰ ਕੋਈ ਜਿਉਂਦਾ-ਜਾਗਦਾ ਇਨਸਾਨ ਨਾ ਚਲਾਵੇ ਜਾਂ ਉਸ ਨੂੰ ਬਿਜਲੀ ਜਾਂ ਹਵਾ ਦੀ ਕੋਈ ਪਾਵਰ ਨਾ ਦਿੱਤੀ ਜਾਵੇ।

ਸਿੱਖ ਧਰਮ ਵਿਚ ਵੀ ਸ਼ਸਤਰਾਂ ਦੀ ਪੂਜਾ ਹੁੰਦੀ ਹੈ। ਇਕੱਲੀ ਪੂਜਾ ਹੀ ਨਹੀਂ, ਸਗੋਂ ਸਿੱਖ ਭਾਈਚਾਰੇ ਨੂੰ ਇਸ ਭੁਲੇਖੇ ਵਿਚ ਪਾਇਆ ਗਿਆ ਹੈ ਕਿ ਸ਼ਸਤਰਾਂ ਦੀ ਪੂਜਾ ਗੁਰੂ ਗੋਬਿੰਦ ਸਿੰਘ ਦੀ ਪੂਜਾ ਹੀ ਹੈ। ਇਸ ਬਾਰੇ ਜੇ ਕਿਸੇ ਨੂੰ ਨਹੀਂ ਪਤਾ ਜਾਂ ਜੇ ਕੋਈ ਹਜ਼ੂਰ ਸਾਹਿਬ ਨਹੀਂ ਗਿਆ, ਤਾਂ ਦੱਸ ਦੇਈਏ ਕਿ ਹਜ਼ੂਰ ਸਾਹਿਬ ਬਾਰੇ ਸਿੱਖਾਂ ਵਿਚ ਇਹ ਪ੍ਰਚਲਿਤ ਹੈ ਕਿ ਗੁਰੂ ਗੋਬਿੰਦ ਸਿੰਘ 60 ਸਾਲ ਤੱਕ ਆਪਣੇ ਸਿੰਘ ਨੂੰ ਉਡੀਕਦੇ ਹਨ ਤੇ ਸੱਚਖੰਡ ਗੁਰਦੁਆਰੇ ਵਿਚ ਰੋਜ਼ ਸਵੇਰੇ ਗੁਰਦੁਆਰੇ ਦਾ ਹੈਡ ਗ੍ਰੰਥੀ ਦਾਤਣ ਸਾਰੇ ਸ਼ਸਤਰਾਂ ਉਤੇ ਘਸਾਉਂਦਾ ਹੈ, ਭਾਵ ਗੁਰੂ ਸਾਹਿਬ ਨੇ ਦਾਤਣ ਕਰ ਲਈ ਹੈ ਤੇ ਫਿਰ ਸਾਰੇ ਸ਼ਸਤਰਾਂ ਨੂੰ ਕੱਚੀ ਲੱਸੀ ਨਾਲ ਧੋਂਦਾ ਹੈ ਤੇ ਕਹਿੰਦਾ ਹੈ ਕਿ ਗੁਰੂ ਸਾਹਿਬ ਨੇ ਇਸਨਾਨ ਕਰ ਲਿਆ। ਇਹ ਕੱਚੀ ਲੱਸੀ ਜਦੋਂ ਪਾਈਪ ਰਾਹੀਂ ਉਸ ਕਮਰੇ ਵਿਚ ਬਾਹਰ ਆਉਂਦੀ ਹੈ ਤਾਂ ਲੋਕ ਇਕ ਦੂਜੇ ਤੋਂ ਅੱਗੇ ਹੋ ਕੇ ਉਸ ਦਾ ਚੂਲਾ ਲੈਂਦੇ ਹਨ। ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਰੋਜ਼ ਇਥੇ ਆ ਕੇ ਇਸ਼ਨਾਨ ਕਰਦੇ ਹਨ ਤੇ ਸੱਚਖੰਡ ਗੁਰਦੁਆਰੇ ਵਿਚ ਹੀ ਸ਼ੀਸ਼ੇ ਦੀ ਇਕ ਅਲਮਾਰੀ ਹੈ ਜਿਸ ਵਿਚ ਪ੍ਰਸ਼ਾਦ ਰੱਖਿਆ ਹੁੰਦਾ ਹੈ। ਸਵੇਰੇ ਤੁਹਾਨੂੰ ਉਹ ਪੰਜੀਰੀ ਦਾ ਪ੍ਰਸ਼ਾਦ ਦੇ ਦਿੱਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਭੋਗ ਲਾ ਦਿੱਤਾ ਹੈ।

ਹੋਰ ਵੀ ਬਹੁਤ ਸਾਰੇ ਗੁਰਦੁਆਰੇ ਹਨ ਜਿਥੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਸ਼ਸਤਰ ਰੱਖੇ ਹੁੰਦੇ ਹਨ। ਕੋਈ ਵੀ ਸ਼ਸਤਰ ਹੋਵੇ, ਚਾਹੇ ਉਸ ਦੀ ਜਿੰਨੀ ਮਰਜ਼ੀ ਪੂਜਾ ਕਰੋ, ਜੇ ਉਹੀ ਸ਼ਸਤਰ ਕਿਸੇ ਦੁਸ਼ਮਣ ਦੇ ਹੱਥ ਵਿਚ ਆ ਜਾਵੇ ਤਾਂ ਇਹ ਤੁਹਾਡੇ ਖ਼ਾਤਮੇ ਦਾ ਵੀ ਕਾਰਨ ਬਣੇਗਾ। ਇਸ ਦੀਆਂ ਕਈ ਉਦਾਹਰਣਾਂ ਹਨ, ਜਿਵੇਂ ਲੀਬੀਆ ਦਾ ਰਾਜਾ ਗੱਦਾਫ਼ੀ ਸੋਨੇ ਦਾ ਰਿਵਾਲਵਰ ਰੱਖਦਾ ਸੀ ਤੇ ਉਹ ਉਸੇ ਹੀ ਰਿਵਾਲਵਰ ਦੀ ਗੋਲੀ ਨਾਲ ਮਾਰਿਆ ਗਿਆ। ਦੂਜੇ ਬੰਦੇ ਨੇ ਉਸ ਕੋਲੋਂ ਖੋਹ ਕੇ ਉਸੇ ਨਾਲ ਹੀ ਮਾਰ ਦਿੱਤਾ।

ਪਿਛੇ ਜਿਹੇ ਜੋ ਪੰਜਾਬ ਵਿਚ ਦੌਰ ਚੱਲਿਆ ਸੀ, ਉਸ ਵਿਚ ਵੀ ਹਥਿਆਰ ਇਕ-ਦੂਜੇ ਨੂੰ ਮਾਰ ਕੇ ਖੋਹੇ ਜਾਂਦੇ ਸਨ ਤੇ ਫਿਰ ਉਹੀ ਦੂਜੇ ਨੂੰ ਮਾਰਦੇ ਸਨ। ਭਾਰਤ ਦਾ ਹਾਲ ਤਾਂ ਇਹ ਹੈ ਕਿ ਮਿਜ਼ਾਈਲ ਬਣਾਈ ਸਾਇੰਸਦਾਨਾਂ ਨੇ ਆਪਣੀ ਮਿਹਨਤ ਨਾਲ ਹੈ ਤੇ ਜਦੋਂ ਪਰਖ ਲਈ ਚਲਾਈ ਗਈ ਤਾਂ ਉਸ ਵਕਤ ਹਵਨ ਤੇ ਪੂਜਾ ਕੀਤੀ ਗਈ ਤੇ ਮਿਜ਼ਾਇਲ ਦੇ ਟਿੱਕਾ ਲਾਇਆ ਗਿਆ। ਇਨਸਾਨ ਨੂੰ ਪਤਾ ਹੈ ਕਿ ਉਸ ਨੂੰ ਕਿੱਧਰ ਭੇਜਣਾ ਹੈ। ਇਸ ਲਈ ਜੇ ਇਨਸਾਨ ਭਾਰਤ ਦੇ ਹੀ ਕਿਸੇ ਸ਼ਹਿਰ ਦਾ ਨਿਸ਼ਾਨਾ ਬਣਾ ਦੇਵੇਗਾ ਤਾਂ ਉਹ ਉਸ ਹੀ ਸ਼ਹਿਰ 'ਤੇ ਜਾ ਵੱਜੇਗੀ, ਕੋਈ ਹਵਨ ਉਸ ਦਾ ਰਸਤਾ ਨਹੀਂ ਬਦਲ ਸਕਦੇ। ਇਸ ਲਈ ਸ਼ਸਤਰ ਪੂਜਾ ਢਕਵੰਜ ਹੈ।

ਪਿਛੇ ਜਿਹੇ ਮੈਂ ਇਕ ਗੁਰਦੁਆਰੇ ਵਿਚ ਫਿਲਮ ਦੀ ਸ਼ੂਟਿੰਗ ਕਰ ਰਿਹਾ ਸੀ ਤਾਂ ਕੋਈ ਆਦਮੀ, ਉਹ ਵੀ ਕਿਸੇ ਬਾਹਰਲੇ ਦੇਸ਼ ਵਿਚੋਂ ਆਇਆ ਸੀ, ਦੁਨਾਲੀ ਬੰਦੂਕ ਨਵੀਂ ਲੈ ਕੇ ਆਇਆ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕਿਆ ਤੇ ਫਿਰ ਭਾਈ ਨੂੰ 50 ਰੁਪਏ ਦਿੱਤੇ ਤੇ ਅਰਦਾਸ ਕਰਵਾਈ। ਭਾਈ ਨੇ ਅਰਦਾਸ ਕੀਤੀ ਤੇ ਉਥੇ ਹੀ ਗੁਰਦੁਆਰੇ ਤੋਂ ਬਾਹਰ ਦੋ ਫਾਇਰ ਕੀਤੇ। ਹੁਣ ਤੁਸੀਂ ਸੋਚੋ ਕਿ ਉਹ ਕੀ ਸੋਚ ਰਿਹਾ ਹੋਵੇਗਾ?


ਸਾਰੇ ਦੇਸ਼ਾਂ ਕੋਲ ਹੀ ਸ਼ਸਤਰ ਹਨ, ਪਰ ਹੋਰ ਕੋਈ ਦੇਸ਼ ਇਨ੍ਹਾਂ ਦੀ ਪੂਜਾ ਨਹੀਂ ਕਰਦਾ, ਅਸੀਂ ਰੋਜ਼ ਕਰਦੇ ਹਾਂ! ਕਿਉਂ? ਕੀ ਅਸੀਂ ਅੱਜ ਵੀ ਸਮਝਦਾਰ ਨਹੀਂ ਹੋਏ ਕਿ ਬੇਜਾਨ ਚੀਜ਼ ਦੀ ਪੂਜਾ ਕਰਦੇ ਹਾਂ! ਅਸੀਂ ਇਕੱਲੇ ਬੇਜਾਨ ਸ਼ਸਤਰਾਂ ਦੀ ਹੀ ਨਹੀਂ, ਹੋਰ ਵੀ ਬਹੁਤ ਸਾਰੀਆਂ ਬੇਜਾਨ ਚੀਜ਼ਾਂ ਦੀ ਪੂਜਾ ਕਰਦੇ ਹਾਂ, ਜਿਵੇਂ ਪੱਥਰਾਂ ਦੀਆਂ ਮੂਰਤੀਆਂ ਤੇ ਕਬਰਾਂ ਦੀ। ਦੁਨੀਆਂ ਨੇ ਬਹੁਤ ਤਰੱਕੀ ਕਰ ਲਈ ਹੈ ਤੇ ਅਸੀਂ ਵਿਗਿਆਨ ਦੀ ਤਰੱਕੀ ਨਾਲ ਬਣਾਈਆਂ ਸਾਰੀਆਂ ਚੀਜ਼ਾਂ ਦਾ ਸੁੱਖ ਵੀ ਮਾਣਦੇ ਹਾਂ। ਕਈ ਚੀਜ਼ਾਂ ਤਾਂ ਇਹੋ ਜਿਹੀਆਂ ਹਨ ਕਿ ਅਸੀਂ ਉਨ੍ਹਾਂ ਤੋਂ ਬਿਨਾਂ ਰਹਿ ਨਹੀਂ ਸਕਦੇ ਪਰ ਡਰ ਤੇ ਲਾਲਚ ਸਾਡਾ ਪਿੱਛਾ ਨਹੀਂ ਛੱਡਦੇ, ਸਾਡੇ ਸੋਚਣ ਦੀ ਸਾਰੀ ਸ਼ਕਤੀ ਖ਼ਤਮ ਕਰ ਦਿੰਦੇ ਹਨ। ਸਾਨੂੰ ਇਹ ਪਤਾ ਨਹੀਂ ਲਗਦਾ ਕਿ ਅੱਗ ਉਤੇ ਘਿਓ ਸੁੱਟਣ ਨਾਲ ਸਿਰਫ਼ ਪ੍ਰਦੂਸ਼ਣ ਹੋ ਸਕਦਾ ਹੈ, ਹੋਰ ਕੁਝ ਨਹੀਂ। ਜੇ ਅੱਜ ਅਸੀਂ ਜਾਗਾਂਗੇ ਤਾਂ ਹੀ ਆਉਣ ਵਾਲੀਆਂ ਨਸਲਾਂ ਨੂੰ ਕੁਝ ਚੰਗੀ ਸੇਧ ਦੇ ਸਕਾਂਗੇ। ਜੋ ਕੁਝ ਵੀ ਹੋਣਾ ਹੈ, ਤੁਹਾਡੀ ਮਿਹਨਤ ਤੇ ਸਿਆਣਪ ਨਾਲ ਹੋਣਾ ਹੈ। ਕਿਸੇ ਪੂਜਾ, ਹਵਨ ਜਾਂ ਅਰਚਨਾ ਨਾਲ ਨਹੀਂ। ਸ਼ਸਤਰ ਵੀ ਤੁਹਾਡੇ ਦਿਮਾਗ ਤੇ ਤਾਕਤ ਨਾਲ ਹੀ ਚੱਲ ਸਕਦੇ ਹਨ, ਪੂਜਾ ਨਾਲ ਨਹੀਂ।

# ਸਿੱਖ ਕੌਮ ਦਾ ਅਲਬੇਲਾ ਚਿੰਤਕ ਡਾ. ਗੁਰਭਗਤ ਸਿੰਘ

***ਡਾ. ਗੁਰਭਗਤ ਸਿੰਘ ਸਿੱਖ ਦਾਨਸ਼ਵਰਾਂ ਵਿਚ ਆਪਣੇ ਵਰਗਾ ਆਪ ਹੀ ਸੀ। ਉਹ ਆਧੁਨਿਕ ਪੰਜਾਬੀ ਅਕਾਦਮਿਕਤਾ ਦਾ ਬੇਤਾਜ ਬਾਦਸ਼ਾਹ ਸੀ। ਪਟਿਆਲਾ ਦੇ 'ਭੂਤਵਾੜੇ' ਦਾ ਵੀ ਉਹ ਇਕ ਨਾਇਕ ਸੀ। ਉਨ੍ਹਾਂ ਦੀ ਬਰਸੀ ਕੁਝ ਹੀ ਸਮਾਂ ਪਹਿਲਾਂ ਸੀ। ਇਸ ਲੇਖ ਵਿਚ ਡਾ. ਬਲਕਾਰ ਸਿੰਘ ਹੋਰਾਂ ਉਨ੍ਹਾਂ ਦੀ ਸ਼ਖਸੀਅਤ ਦੇ ਕੁਝ ਪੱਖ ਉਭਾਰੇ ਹਨ। -ਸੰਪਾਦਕ***

ਡਾ. ਗੁਰਭਗਤ ਸਿੰਘ ਨੂੰ ਮੈਂ ਉਸ ਵੇਲੇ ਤੋਂ ਜਾਣਦਾ ਸਾਂ, ਜਦੋਂ ਅਜੇ ਉਸ ਨੂੰ ਦਾੜ੍ਹੀ ਉਤਰਨੀ ਸ਼ੁਰੂ ਹੋਈ ਸੀ। ਉਹ ਮੇਰੇ ਨਾਲੋਂ ਹਰ ਪੱਖੋਂ ਸੀਨੀਅਰ ਸੀ ਅਤੇ ਸੀਨੀਅਰ ਹੀ ਰਿਹਾ ਸੀ। ਜਦੋਂ ਮੈਂ ਮਹਿੰਦਰਾ ਕਾਲਜ ਪਟਿਆਲਾ ਵਿਚ ਐਮ.ਏ. ਕਰਨ ਲੱਗਾ, ਉਸ ਵੇਲੇ ਉਹ ਖਾਲਸਾ ਕਾਲਜ, ਪਟਿਆਲਾ ਵਿਚ ਪੜ੍ਹਾਉਣ ਲੱਗ ਪਿਆ ਸੀ।

ਵਿਦਿਆਰਥੀ-ਲੀਡਰਸ਼ਿਪ ਵਿਚ ਗੁਰਭਗਤ ਦੀ ਕੋਈ ਰੁਚੀ ਨਹੀਂ ਸੀ, ਪਰ ਵਿਦਿਆਰਥੀ-ਲੀਡਰ ਉਸ ਦੀ ਇਜ਼ਤ ਕਰਦੇ ਸਨ। ਅਜਿਹੇ ਮਾਹੌਲ ਵਿਚ ਪਹਿਲੀ ਨਜ਼ਰੇ ਹੀ ਲੱਗਣ ਲੱਗ ਪੈਂਦਾ ਸੀ ਕਿ ਗੁਰਭਗਤ, ਪੁਸਤਕ-ਸਭਿਆਚਾਰ ਦਾ ਬੰਦਾ ਹੈ। ਆਪਣੇ ਇਸ ਸੁਭਾ ਕਰਕੇ ਉਹ ਵਿਦਿਆਰਥੀ-ਭੀੜ ਦਾ ਹਿੱਸਾ ਨਹੀਂ ਸੀ ਹੋ ਸਕਿਆ। ਨਵਾਂ ਸਿੱਖਣ ਦਾ ਚਾਅ ਉਸ ਨੇ ਆਖਰੀ ਦਮ ਤੱਕ ਨਹੀਂ ਮਰਨ ਦਿਤਾ।



ਬਲਕਾਰ ਸਿੰਘ (ਪ੍ਰੋਫੈਸਰ)

ਉਸ ਦੇ ਮਿਹਨਤੀ ਸੁਭਾ ਦਾ ਹੀ ਸਿੱਟਾ ਸੀ ਕਿ ਉਸ ਨੇ ਨੌਕਰੀ ਦੇ ਨਾਲ ਨਾਲ ਹੀ ਅੰਗਰੇਜ਼ੀ ਦੀ ਐਮ.ਏ. ਕਰਨੀ ਸ਼ੁਰੂ ਕਰ ਦਿੱਤੀ। ਉਹ ਵਿਦਿਆਰਥੀ ਵੀ ਸੀ ਅਤੇ ਪ੍ਰੋਫੈਸਰ ਵੀ ਕਿਉਂਕਿ ਉਹ ਦਿਨ ਵੇਲੇ ਐਮ.ਏ. ਅੰਗਰੇਜ਼ੀ ਦੀਆਂ ਕਲਾਸਾਂ ਲਾਉਂਦਾ ਅਤੇ ਸ਼ਾਮ ਦੀਆਂ ਕਲਾਸਾਂ ਨੂੰ ਖਾਲਸਾ ਕਾਲਜ ਪਟਿਆਲਾ ਵਿਖੇ ਪੜ੍ਹਾਉਂਦਾ। ਇਸ ਤਰ੍ਹਾਂ ਉਹ ਵਿਦਿਆਰਥੀਆਂ ਦੇ ਝੁੰਡ ਵਿਚ ਇਕੱਲਾ ਹੀ ਪ੍ਰੋਫੈਸਰ ਸੀ ਅਤੇ ਇਸ ਵਿਲੱਖਣਤਾ ਦਾ ਉਸ ਦੇ ਮਿਲਣ ਵਾਲਿਆਂ 'ਤੇ ਚੰਗਾ ਪ੍ਰਭਾਵ ਸੀ।

ਗੁਰਭਗਤ ਦਾ ਇਹ ਪੱਖ ਸਮਝਣਾ ਕਾਫੀ ਮੁਸ਼ਕਲ ਸੀ ਕਿ ਉਹ ਸਿਫਤ ਜਾਂ ਨਿੰਦਿਆ ਵਾਲੇ ਮਾਹੌਲ ਤੋਂ ਮੁਕਤ ਹੋ ਕੇ ਕਿਵੇਂ ਵਿਚਰ ਲੈਂਦਾ ਹੈ? ਪਰ ਉਸ ਦੀ ਇਸ ਵੱਖਰੀ ਪਛਾਣ ਨੂੰ ਕਦੇ ਕਿਸੇ ਨੇ ਬਹੁਤਾ ਗੌਲਿਆ ਨਹੀਂ ਸੀ। ਜਿਥੇ ਉਹ ਰਹਿੰਦਾ ਸੀ, ਉਥੇ ਹੌਲੀ ਹੌਲੀ ਸਾਰਿਆਂ ਨੇ ਹੀ ਰਹਿਣਾ ਕਦੋਂ ਸ਼ੁਰੂ ਕਰ ਦਿਤਾ, ਉਸ ਦਾ ਉਨ੍ਹਾਂ ਨੂੰ ਵੀ ਪਤਾ ਨਹੀਂ ਲਗਿਆ, ਜਿਹੜੇ ਗੁਰਭਗਤ ਨਾਲੋਂ ਵੀ ਵਧ ਉਥੇ ਰਹਿ ਰਹੇ ਸਨ। ਇਹ 1964 ਦੀ ਗੱਲ ਹੈ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸ਼ੁਰੂਆਤ ਵੀ ਇਸੇ ਸਾਲ ਹੀ ਹੋ ਰਹੀ ਸੀ। ਗੁਰਭਗਤ ਦੀ ਸਧਾਰਨ ਜਿਹੇ ਕੋਠਿਆਂ ਦੀ ਉਹੋ ਰਿਹਾਇਸ਼ਗਾਹ ਪਿਛੋਂ ਪੰਜਾਬ ਦੇ ਪੜ੍ਹੇ ਹਲਕਿਆਂ ਵਿਚ 'ਭੂਤਵਾੜਾ ਅਕੈਡਮੀ' ਦੇ ਨਾਂ ਨਾਲ ਚਰਚਿਤ ਹੋਈ ਅਤੇ ਪ੍ਰੋ. ਹਰਿੰਦਰ ਸਿੰਘ ਮਹਿਬੂਬ, ਨਵਤੇਜ ਭਾਰਤੀ, ਹਰਦਿਲਜੀਤ ਲਾਲੀ, ਕੁਲਵੰਤ ਸਿੰਘ ਗਰੇਵਾਲ ਅਤੇ ਡਾ. ਸਤਿੰਦਰ ਸਿੰਘ ਨੂਰ ਵਰਗੇ ਲੋਕਾਂ ਨੇ ਉਸ ਨੂੰ ਆਪਣਾ ਬਸੇਰਾ ਬਣਾਇਆ।

ਦੋ ਕੁ ਵਰ੍ਹਿਆਂ ਬਾਅਦ ਉਹ ਸਕਾਲਰਸ਼ਿਪ 'ਤੇ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿਚ ਡਾਕਟਰੇਟ ਕਰਨ ਚਲਿਆ ਗਿਆ ਅਤੇ ਉਸ ਦੇ ਨਾਲ ਹੀ 'ਭੂਤਵਾੜਾ ਅਕੈਡਮੀ' ਦਾ ਭੋਗ ਪੈ ਗਿਆ। ਉਹ ਵਾਪਸ ਪਰਤਿਆ ਤਾਂ 80ਵਿਆਂ ਦੇ ਅਖੀਰਲੇ ਵਰ੍ਹਿਆਂ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਅਮਰੀਕ ਸਿੰਘ ਨੇ ਉਸ ਨੂੰ ਬੜੇ ਤਪਾਕ ਨਾਲ ਅੰਗਰੇਜ਼ੀ ਵਿਭਾਗ ਨਾਲ ਜੋੜ ਲਿਆ। ਬਾਅਦ ਦੇ ਵਰ੍ਹਿਆਂ ਵਿਚ ਯੂਨੀਵਰਸਿਟੀ ਲਾਇਬ੍ਰੇਰੀ ਹੀ ਉਸ ਦਾ ਤਪੋ ਬਨ ਸੀ। ਸੈਮੀਨਾਰਾਂ ਦੀ ਉਹ ਸ਼ਾਨ ਸੀ।

ਦਿੱਲੀ ਵਿਖੇ ਇਕ ਸੈਮੀਨਾਰ ਦੇ ਸਬੰਧ ਵਿਚ ਮੈਨੂੰ ਉਸ ਨਾਲ ਇਕ ਰਾਤ ਇਕ ਕਮਰੇ ਵਿਚ ਕੱਟਣੀ ਪਈ ਅਤੇ ਉਸ ਰਾਤ ਆਪਸੀ ਗੱਲਬਾਤ ਦੌਰਾਨ ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਗੁਰਬਾਣੀ ਅਤੇ ਸਿੱਖੀ ਵਿਚ ਉਸ ਨੂੰ ਕਿੰਨੀ ਡੂੰਘੀ ਦਿਲਚਸਪੀ ਹੈ। ਉਸ ਦੀ ਦਿੱਖ ਅਤੇ ਸਮਝ ਵਿਚ ਬਹੁਤ ਫਰਕ ਸੀ। ਇਸੇ ਕਰਕੇ ਪਹਿਲੀ ਨਜ਼ਰੇ ਮਾਨਤਾ, ਉਸ ਨੂੰ ਬਹੁਤ ਘੱਟ ਨਸੀਬ ਹੋਈ ਸੀ। ਉਸ ਨੇ ਇਕ ਨੈਸ਼ਨਲ ਸੈਮੀਨਾਰ ਵਿਚ ਪੰਜਾਬ ਦੀ ਪ੍ਰਤੀਨਿਧਤਾ ਕਰਨੀ ਸੀ, ਪਰ ਕਿਸੇ ਕਾਰਨ ਲੇਟ ਹੋ ਗਿਆ। ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਇਸ ਸੈਮੀਨਾਰ ਵਿਚ ਪੰਜਾਬ ਦਾ ਗਵਰਨਰ ਅਤੇ ਕੇਂਦਰੀ ਮੰਤਰੀ ਸ਼ਾਮਲ ਸਨ। ਸੈਮੀਨਾਰ ਵਿਚ ਪਹੁੰਚਣ ਤੱਕ ਉਸ ਦਾ ਗਰਮੀ ਨੇ ਬੁਰਾ ਹਾਲ ਕਰ ਦਿੱਤਾ ਸੀ ਅਤੇ ਸੈਮੀਨਾਰ ਸ਼ੁਰੂ ਵੀ ਹੋ ਚੁੱਕਾ ਸੀ। ਜਿਹੜੇ ਉਸ ਨੂੰ ਨਹੀਂ ਜਾਣਦੇ ਸਨ, ਉਨ੍ਹਾਂ ਵਿਚੋਂ ਕੋਈ ਵੀ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਇਹ ਉਹੀ ਡਾ. ਗੁਰਭਗਤ ਸਿੰਘ ਹੈ, ਜਿਸ ਨੇ ਕੁੰਜੀਵਤ ਭਾਸ਼ਣ ਦੇਣਾ ਹੈ। ਪ੍ਰਬੰਧਕਾਂ ਵਿਚੋਂ ਕਿਸੇ ਨੇ ਪਛਾਣ ਲਿਆ ਅਤੇ ਸਟੇਜ 'ਤੇ ਉਸ ਲਈ ਰਾਖਵੀਂ ਕੁਰਸੀ 'ਤੇ ਬੈਠਾਇਆ।

ਵਾਰੀ ਆਉਣ 'ਤੇ ਡਾਕਟਰ ਸਾਹਿਬ ਨੇ ਦੇਰ ਨਾਲ ਆਉਣ ਦੀ ਮਾਫੀ ਮੰਗੀ ਅਤੇ ਸਮੇਂ ਨੂੰ ਧਿਆਨ ਵਿਚ ਰੱਖਦਿਆਂ ਸੰਖੇਪ ਵਿਚ ਗੱਲ ਕਹਿਣ ਦਾ ਯਕੀਨ ਦੁਆਇਆ। ਚੇਅਰਮੈਨ ਨੇ ਸ਼ਾਇਦ ਇਸ ਨੂੰ ਬਹਾਨਾ ਸਮਝ ਲਿਆ ਅਤੇ ਖੁਲ੍ਹ ਕੇ ਗੱਲ ਕਹਿਣ ਲਈ ਕਹਿ ਦਿੱਤਾ। ਗੁਰਭਗਤ ਅੰਦਰਲਾ ਵਿਦਵਾਨ ਇਉਂ ਉਧੜਿਆ ਕਿ ਉਸ ਨੇ ਸੈਮੀਨਾਰ ਹੀ ਲੁੱਟ ਲਿਆ। ਵਿਦਵਾਨਾਂ ਦੀਆਂ ਕੌਮੀ ਅਤੇ ਕੌਮਾਂਤਰੀ ਸਭਾਵਾਂ ਵਿਚ ਇਹੋ ਜਿਹੇ ਕਰਿਸ਼ਮੇ ਉਹ ਸਾਰੀ ਉਮਰ ਕਰਦਾ ਰਿਹਾ। ਅਜਿਹਾ ਫਖਰ, ਉਸ ਦੇ ਸਮਕਾਲੀ ਵਿਦਵਾਨਾਂ ਵਿਚੋਂ ਸ਼ਾਇਦ ਹੀ ਕਿਸੇ ਨੂੰ ਮਿਲਿਆ ਹੋਵੇ? ਉਸ ਦੀਆਂ ਪ੍ਰਾਪਤੀਆਂ ਨੇ ਉਸ ਦੀ ਗਿਆਨ-ਪਿਆਸ ਨੂੰ ਕਦੇ ਨਹੀਂ ਰੋਕਿਆ ਅਤੇ ਨਾ ਹੀ ਉਸ ਨੇ ਕਦੇ ਤਵਾਜ਼ਨ ਵਿਗੜਨ ਦਿੱਤਾ। ਪੁਸਤਕ ਹੀ ਉਸ ਦਾ ਪਹਿਲਾ ਤੇ ਆਖਰੀ ਇਸ਼ਕ ਸੀ ਅਤੇ ਅਖੀਰਲੇ ਦਿਨਾਂ ਤੱਕ ਯੂਨੀਵਰਸਿਟੀ ਲਾਇਬਰੇਰੀ ਵਿਚ ਉਹ ਲਗਾਤਾਰ ਆਉਂਦਾ ਰਿਹਾ। ਇਸੇ ਕਰਕੇ ਉਸ ਦੇ ਦੁਨਿਆਵੀ-ਇਸ਼ਕ ਦਾ ਕਦੇ ਚਰਚਾ ਨਹੀਂ ਚਲਿਆ।

ਜਾਣਕਾਰ ਹਲਕਿਆਂ ਵਿਚ ਉਹ ਲੰਗੋਟ ਦੇ ਪੱਕੇ ਵਿਦਵਾਨ ਵਜੋਂ ਸਦਾ ਜਾਣਿਆ ਜਾਂਦਾ ਰਿਹਾ। ਉਸ ਨੂੰ ਇਸ਼ਕ-ਹਕੀਕੀ ਵਿਚ ਵੀ ਕੋਈ ਦਿਲਚਸਪੀ ਨਹੀਂ ਸੀ। ਜੇ ਉਸ ਦੀਆਂ ਅਕਾਦਮਿਕ ਪ੍ਰਾਪਤੀਆਂ ਨੂੰ ਕੋਈ ਨਾਮ ਦੇਣਾ ਹੋਵੇ ਤਾਂ ਉਸ ਨੂੰ ਮੈਂ ਮਲੰਗ-ਅਕਾਦਮੀਸ਼ਨ ਕਹਾਂਗਾ।

ਡਾ. ਗੁਰਭਗਤ ਸਿੰਘ ਨੇ ਕਦੇ ਕਿਸੇ ਸਮਕਾਲੀ ਵਿਦਵਾਨ ਦੀ ਸਰਦਾਰੀ ਨਹੀਂ ਸੀ ਮੰਨੀ। ਇਸੇ ਕਰਕੇ ਉਹ ਆਪਣੇ ਉਨ੍ਹਾਂ ਅਧਿਆਪਕਾਂ ਦੀ ਆਲੋਚਨਾ ਵੀ ਨਿਸ਼ੰਗ ਹੋ ਕੇ ਕਰਦਾ ਰਿਹਾ, ਜਿਨ੍ਹਾਂ ਤੋਂ ਉਹ ਪੜ੍ਹਿਆ ਸੀ। ਆਪਣੀ ਕਿਸੇ ਆਲੋਚਨਾ ਨੂੰ ਉਸ ਨੇ ਕਦੇ ਮੁਹਿੰਮ ਨਹੀਂ ਸੀ ਬਣਾਇਆ। ਉਹ ਕਦੇ ਕਿਸੇ ਅਕਾਦਮਿਕ-ਧੜੇ ਵਿਚ ਸ਼ਾਮਲ ਨਹੀਂ ਸੀ ਹੋਇਆ। ਉਹ ਕਿਸੇ ਨੂੰ ਪੱਕੇ ਤੌਰ 'ਤੇ ਨਾਲ ਸਮਝੇ ਜਾਣ ਦਾ ਮੌਕਾ ਹੀ ਨਹੀਂ ਸੀ ਦਿੰਦਾ। ਉਸ ਨੂੰ ਨਾਬਰੀ ਦੀ ਸੁਰ ਚੰਗੀ ਲਗਦੀ ਸੀ ਕਿਉਂਕਿ ਉਹ ਬਦਲਾਵ ਲਈ ਸੰਘਰਸ਼ ਦਾ ਮੁੱਦਈ ਸੀ। ਉਸ ਦੀ ਇਸ ਪਹੁੰਚ ਨੂੰ ਪਹਿਲਾਂ ਨਕਸਲੀ ਚੰਗਾ ਸਮਝਦੇ ਸਨ ਅਤੇ ਪਿੱਛੋਂ ਖਾਲਿਸਤਾਨੀ ਚੰਗਾ ਸਮਝਦੇ ਰਹੇ। ਪਰ ਉਹ ਇਹੋ ਜਿਹੀ ਕਿਸੇ ਵੀ ਠੱਪਾਬੰਦੀ ਤੋਂ ਮੁਕਤ ਸੀ। ਉਹ ਮੂਲ ਰੂਪ ਵਿਚ ਬਹੁਲਵਾਦੀ ਸੁਭਾ ਦਾ ਮਾਲਕ ਸੀ ਅਤੇ ਦੂਜੇ ਦੇ ਦੂਜੇਪਨ ਦੀ ਕਦਰ ਕਰਦਾ ਸੀ।

ਆਪਣੀਆਂ ਬੌਧਿਕ ਧਾਰਨਾਵਾਂ ਵਿਚ ਲੱਕੜ ਹੋਣ ਦੇ ਬਾਵਜੂਦ, ਉਹ ਲਚਕਦਾਰ ਹੋਣ ਦੀ ਕੋਸ਼ਿਸ਼ ਕਰਦਾ। ਦੁਨੀਆਂ ਭਰ ਦੀਆਂ ਨਾਬਰੀ-ਲਹਿਰਾਂ ਦਾ ਵਾਕਫ ਗੁਰਭਗਤ ਸਿੰਘ, ਹੌਲੀ ਹੌਲੀ ਸਿੱਖੀ ਵਲ ਪਰਤਣ ਲਗ ਪਿਆ। ਇਸ ਘਰ-ਵਾਪਸੀ ਦਾ ਅਰੰਭ ਖਾੜਕੂ ਸਿੱਖ-ਲਹਿਰ ਨਾਲ ਜੁੜਿਆ ਹੋਇਆ ਲਗਦਾ ਹੈ। ਸਾਕਾ ਨੀਲਾ ਤਾਰਾ 1984 ਨੇ ਘਰ ਵਾਪਸੀ ਦੀ ਮਾਨਸਿਕ ਲੋੜ ਨੂੰ ਸਿੱਖ ਭਾਈਚਾਰੇ ਵਿਚ ਪ੍ਰਚੰਡ ਕਰ ਦਿਤਾ ਸੀ। ਹਰ ਸਿੱਖ ਅੰਦਰ ਕੁਝ ਨਵਾਂ ਅੰਗੜਾਈਆਂ ਲੈਣ ਲੱਗ ਪਿਆ ਸੀ। ਇਸ ਨਾਲ ਪੈਦਾ ਹੋ ਗਈਆਂ ਸਿਆਸੀ ਸੰਭਾਵਨਾਵਾਂ ਨੇ ਸਿੱਖਾਂ ਦੇ ਬੋਲਬਾਲਿਆਂ ਦੀ ਸਿਆਸਤ ਸਾਹਮਣੇ ਲੈ ਆਂਦੀ ਸੀ। ਗੁਰਭਗਤ ਇਸ ਬਾਰੇ ਖੁਲ੍ਹ ਕੇ ਲਿਖਦਾ ਰਿਹਾ। ਪੰਜਾਬ ਦੀ ਟਕਸਾਲੀ ਸਿਆਸਤ ਨੇ ਇਸ ਵਰਤਾਰੇ ਨੂੰ ਨਾ ਹੀ ਕਦੇ ਸੰਭਾਲਿਆ ਅਤੇ ਨਾ ਹੀ ਕਦੇ ਉਤਸ਼ਾਹਤ ਕੀਤਾ ਸੀ। ਖਾੜਕੂਆਂ ਨੇ ਅਕਾਲੀਆਂ ਦੀ ਬਾਂ ਬਾਂ ਕਰਵਾ ਕੇ ਉਨ੍ਹਾਂ ਨੂੰ ਚੋਣ ਅਖਾੜੇ ਵਿਚੋਂ ਬਾਹਰ ਕਰ ਦਿੱਤਾ। ਨਤੀਜੇ ਵਜੋਂ ਬੇਅੰਤ ਸਿੰਘ ਨੇ ਮੁੱਖ ਮੰਤਰੀ ਬਣ ਕੇ ਖਾੜਕੂ ਧਿਰਾਂ ਦਾ ਨੁਕਸਾਨ ਕੀਤਾ। ਇਹ ਉਹ ਸਮਾਂ ਸੀ ਜਦੋਂ ਪੰਜਾਬ ਦੀ ਸਿੱਖ ਸਿਆਸਤ, ਖੱਖੜੀ ਖੱਖੜੀ ਹੋਈ ਪਈ ਸੀ। ਅਕਾਲ ਤਖਤ ਦੇ ਜਥੇਦਾਰ ਭਾਈ ਮਨਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਸਿਆਸਤਦਾਨਾਂ ਨੂੰ ਇਕ ਪਲੈਟਫਾਰਮ 'ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਉਸ ਵਾਸਤੇ ਐਲਾਨਨਾਮਾ ਤਿਆਰ ਕਰਨ ਦੀ ਜ਼ਿੰਮੇਵਾਰੀ ਡਾ. ਗੁਰਭਗਤ ਸਿੰਘ ਦੀ ਅਗਵਾਈ ਵਿਚ ਵਿਦਵਾਨਾਂ ਦੀ ਇਕ ਕਮੇਟੀ ਨੂੰ ਸੌਂਪੀ ਗਈ। ਤਿਆਰ ਕੀਤੇ ਗਏ ਐਲਾਨਨਾਮੇ ਨੂੰ 'ਅੰਮ੍ਰਿਤਸਰ ਐਲਾਨਨਾਮਾ' ਕਿਹਾ ਗਿਆ। ਉਸ ਵਿਚ ਭਾਰਤ ਦੇ ਵਿਧਾਨ ਵਿਚ 'ਫੈਡਰਲ ਢਾਂਚੇ' ਦੀ ਮੰਗ ਸ਼ਾਮਲ ਸੀ। ਇਸ ਇਕ ਲਫਜ਼ ਨੇ ਇਕੱਠੇ ਹੋਏ ਅਕਾਲੀਆਂ ਅੰਦਰ ਨਰਮਦਲੀਆਂ ਅਤੇ ਗਰਮਦਲੀਆਂ ਨੂੰ ਆਹਮੋ-ਸਾਹਮਣੇ ਕਰ ਦਿਤਾ।

ਡਾ. ਗੁਰਭਗਤ ਸਿੰਘ ਕੋਲੋਂ ਜਿਸ ਕਿਸੇ ਨੇ ਵੀ ਇਸ ਲਫਜ਼ ਨੂੰ ਸਿਆਸੀ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਇਹ ਕਹਿ ਕੇ ਟਾਲ ਦਿਤਾ ਗਿਆ ਕਿ ਇਸ ਨੂੰ ਆਪੇ ਸਮਝਣ ਦੀ ਕੋਸ਼ਿਸ਼ ਕਰੋ। ਇਸ ਇਕ ਲਫਜ਼ ਕਰਕੇ 'ਅੰਮ੍ਰਿਤਸਰ ਐਲਾਨਨਾਮਾ' ਇਤਿਹਾਸ ਹੋ ਚੁੱਕਾ ਹੈ।

ਅਕਾਦਮਿਕਤਾ ਦੇ ਜਿਸ ਦੌਰ ਦਾ ਪ੍ਰਤੀਨਿਧ ਡਾ. ਗੁਰਭਗਤ ਸਿੰਘ ਹੈ, ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਬਹੁਤ ਜ਼ਰਖੇਜ਼ ਦੌਰ ਸੀ। ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਬਾਰੇ ਜੋ ਕੁਝ ਪੰਜਾਬੀ ਯੂਨੀਵਰਸਿਟੀ ਦੇ ਵਿਦਵਾਨਾਂ ਵਲੋਂ ਲਿਖਿਆ ਤੇ ਛਾਪਿਆ ਗਿਆ, ਉਹ ਅਕਾਦਮਿਕਤਾ ਵਿਚ ਪੁਸਤਕ ਪ੍ਰਕਾਸ਼ਨ ਦੇ ਪ੍ਰਸੰਗ ਵਿਚ ਪੰਜਾਬੀ ਯੂਨੀਵਰਸਿਟੀ ਦੀ ਵਡੀ ਪ੍ਰਾਪਤੀ ਵਜੋਂ ਪ੍ਰਵਾਨ ਹੋ ਚੁੱਕਾ ਹੈ। ਇਸ ਦੌਰ ਵਿਚ ਪੈਦਾ ਹੋਇਆ ਅਕਾਦਮਿਕ-ਸੰਵਾਦ ਵੀ ਬਹੁਤ ਅਹਿਮ ਰਿਹਾ ਹੈ ਅਤੇ ਇਸ ਸੰਵਾਦ ਨੂੰ ਉਸਾਰਨ ਵਿਚ ਡਾ. ਗੁਰਭਗਤ ਸਿੰਘ ਦੀ ਅਹਿਮ ਭੂਮਿਕਾ ਰਹੀ ਸੀ। ਇਸ ਸੰਵਾਦ ਵਿਚ ਰਾਏ ਦੇ ਵਿਰੋਧ ਨੂੰ ਦੁਸ਼ਮਣੀ ਨਹੀਂ ਸਮਝਿਆ ਜਾਂਦਾ ਸੀ ਅਤੇ ਇਕ ਦੂਜੇ ਦੀ ਪੜ੍ਹਤ-ਪ੍ਰਸਤੁਤੀ ਤੋਂ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਉਸ ਨੇ 19 ਦਸੰਬਰ 2000 ਨੂੰ 'ਉਤਰਆਧੁਨਿਕਤਾ' ਬਾਰੇ ਆਪਣੇ ਛਪੇ ਹੋਏ 15 ਸਫਿਆਂ ਦੇ ਭਾਸ਼ਣ ਵਿਚ ਇਹ ਕਹਿਣ ਦੀ ਕੋਸ਼ਿਸ਼ ਕੀਤੀ ਸੀ, 'ਤੀਜੇ ਜਗਤ ਦੀ ਉਤਰਆਧੁਨਿਕਤਾ, ਦੇਸ਼ਕ੍ਰਿਤ ਹੈ।' ਪੰਜਾਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੋ ਅਜਿਹੀਆਂ ਰਚਨਾਵਾਂ ਮੌਜੂਦ ਹਨ, ਜਿਨ੍ਹਾਂ ਵਿਚ ਬਹੁਤੇ ਸਭਿਆਚਾਰਾਂ ਦੇ ਚਿੰਨ੍ਹ-ਵਿਧਾਨ ਵਰਤ ਕੇ ਪ੍ਰਵਚਨ ਉਸਾਰਿਆ ਗਿਆ ਹੈ। ਇਸ ਨਾਲ ਪਰਮ-ਚਿੰਨ੍ਹ 'ਵਾਹਿਗੁਰੂ' ਜਾਂ 'ਅਕਾਲ ਪੁਰਖ' ਨੂੰ ਵੀ ਸਮਗਰਵਾਦੀ ਨਹੀਂ ਬਣਨ ਦਿਤਾ ਗਿਆ। ਇਹ ਬਹੁ-ਸਭਿਆਚਾਰਕ ਅਤੇ ਬਹੁ-ਕੇਂਦ੍ਰਿਤ ਮਾਡਲ ਪੰਜਾਬੀ ਉਤਰਆਧੁਨਿਕਤਾ ਲਈ ਰੋਸ਼ਨ ਮੁਨਾਰੇ ਹਨ, ਭਾਵੇਂ ਪੰਜਾਬ ਅਜੇ ਪੂੰਜੀਵਾਦੀ ਦੌਰ ਵਿਚੋਂ ਨਹੀਂ ਲੰਘਿਆ। ਪੂੰਜੀਵਾਦੀ ਆਲੋਚਨਾ ਅਤੇ ਸਮਾਜਵਾਦੀ ਅੰਤਰ ਦ੍ਰਿਸ਼ਟੀਆਂ ਨਾਲ ਡਾ. ਗੁਰਭਗਤ ਸਿੰਘ ਖੂਬ ਜੂਝਿਆ ਸੀ। ਕਿਸੇ ਇਕ ਨਾਲ ਧਿਰ ਬਣ ਕੇ ਉਹ ਤੁਰ ਨਹੀਂ ਸਕਿਆ ਸੀ। ਉਸ ਦੇ ਦਿਮਾਗ਼ ਵਿਚ ਹੁੰਦੇ ਨਿਰੰਤਰ ਸੰਘਰਸ਼ ਵਿਚੋਂ ਆਪਣੀ ਵਿਰਾਸਤੀ-ਧਰੋਹਰ ਬਾਣੀ ਵਲ ਪਰਤ ਆਇਆ ਸੀ। ਆਪਣੇ ਇਸ ਵਿਰਾਸਤੀ ਚਾਅ ਬਾਰੇ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਵਿਚ ਬਹੁਤ ਕੁਝ ਲਿਖਿਆ। ਜਿਨ੍ਹਾਂ ਬਾਰੇ ਲਿਖਿਆ, ਉਨ੍ਹਾਂ ਨੂੰ ਬਹੁਤਾ ਪਤਾ ਨਹੀਂ ਲਗਿਆ ਅਤੇ ਜਿਨ੍ਹਾਂ ਨੂੰ ਪਤਾ ਲਗਿਆ, ਉਨ੍ਹਾਂ ਇਸ ਬਾਰੇ ਸੰਵਾਦ ਰਚਾਉਣ ਦੀ ਕਦੇ ਕੋਸ਼ਿਸ਼ ਹੀ ਨਹੀਂ ਕੀਤੀ। ਉਸ ਦੀਆਂ ਕੋਸ਼ਿਸ਼ਾਂ ਦਾ ਹਾਸਲ ਉਸ ਦੀ ਪੁਸਤਕ 'ਵਿਸਮਾਦੀ ਪੂੰਜੀ: ਪੰਜਾਬ ਅਤੇ ਪੰਜਾਬੀ ਦੀ ਮੌਲਿਕਤਾ' ਨੂੰ ਮੰਨਿਆ ਜਾ ਸਕਦਾ ਹੈ। ਇਸ ਪੁਸਤਕ ਵਿਚ ਇਕ ਲੇਖ 'ਵਿਸਮਾਦੀ ਪੂੰਜੀ: ਗਲੋਬਲ ਸਮਾਜਾਂ ਲਈ ਬਦਲ' ਸ਼ਾਮਲ ਹੈ। ਪੁਸਤਕ ਦੇ ਨਾਮ ਅਤੇ ਲੇਖ ਦੇ ਸਿਰਲੇਖ ਤੋਂ ਬਹੁਤ ਕੁਝ ਸਪਸ਼ਟ ਹੋ ਜਾਂਦਾ ਹੈ। ਉਹ ਅਸਲ ਵਿਚ ਪੂੰਜੀਵਾਦ ਅਤੇ ਸਮਾਜਵਾਦ ਦੇ ਅਸਿਹਤਮੰਦ-ਭੇੜ ਵਿਚੋਂ ਪੈਦਾ ਹੋਏ ਸੰਕਟ ਦੀ ਥਾਂ ਸੰਭਵ ਸਿੱਖ-ਬਦਲ ਸਾਹਮਣੇ ਲਿਆਉਣਾ ਚਾਹੁੰਦਾ ਸੀ। ਸਮਾਜਵਾਦੀ ਸਿਧਾਂਤ ਦੇ ਮੋਢੀਆਂ ਦੀਆਂ ਸੀਮਾਵਾਂ ਦੀ ਨਿਸ਼ਾਨਦੇਹੀ ਕਰਦਿਆਂ ਉਸ ਨੇ ਬੇਲਿਹਾਜ਼ ਹੋ ਕੇ ਕਿਹਾ ਸੀ, "ਨਿਰਸ਼ੋਸ਼ਣੀ, ਨਿਰਲੁੱਟ ਪੂੰਜੀ ਦੀ ਜੋ ਜੁਸਤਜੂ ਮਾਰਕਸ ਅਤੇ ਏਂਜਲ ਨੇ ਕੀਤੀ, ਉਸ ਵਿਚ ਉਹ ਸੰਕਲਪ ਦੀ ਪੱਧਰ ਤੱਕ ਤਾਂ ਪਹੁੰਚੇ, ਪਰ ਅਭਿਆਸਾਂ ਵਿਚ ਸੋਸ਼ਲਿਸਟ ਪੂੰਜੀ ਪੂਰੀ ਤਰ੍ਹਾਂ ਨਿਰਲੁੱਟ ਨਹੀਂ ਬਣ ਸਕੀ।" ਪ੍ਰਾਪਤ ਪੁਲਾਂਘੀ-ਵਿਕਾਸ ਦੀ ਲੋੜ ਉਸ ਨੂੰ 'ਵਿਸਮਾਦੀ ਪੁਲਾਂਘਾਂ' ਵਿਚ ਨਜ਼ਰ ਆਉਂਦੀ ਸੀ ਅਤੇ ਇਸ ਸੰਭਾਵਨਾ ਨੂੰ ਉਹ ਇਸ ਤਰ੍ਹਾਂ ਪੇਸ਼ ਕਰਦਾ ਹੈ, "ਚੇਤਨਤਾ ਕਦੇ ਵੀ ਆਪਣੀਆਂ ਸੀਮਾਵਾਂ ਨੂੰ ਲੰਘ ਕੇ ਪੁਲਾਂਘੀ ਹੋ ਸਕਦੀ ਹੈ।



*ਡਾ. ਗੁਰਭਗਤ ਸਿੰਘ*

***ਗੁਰਭਗਤ ਨੂੰ ਆਪਣੀ ਪੱਗ ਨਾਲ ਇਸ਼ਕ ਸੀ। ਪੱਗ ਨੂੰ ਉਸ ਨੇ ਆਪਣੀ ਪਛਾਣ ਮੰਨਿਆ ਹੋਇਆ ਸੀ ਅਤੇ ਆਪਣੀ ਪੱਗ-ਪਛਾਣ ਨਾਲ ਉਹ ਆਖਰੀ ਦਮ ਤੱਕ ਜੁੜਿਆ ਰਿਹਾ। ਉਹ ਅਟਕ ਜਾਣ ਨੂੰ ਖੜੋਤ ਮੰਨਦਾ ਸੀ ਅਤੇ ਸਿਧਾਂਤਕਤਾ ਤੋਂ ਆਰ-ਪਾਰ ਹੋ ਜਾਣ ਨੂੰ ਵਿਦਵਤਾ ਮੰਨਦਾ ਸੀ।***

ਇਹ ਪੁਲਾਂਘਾਂ ਹੀ ਪਰਮ-ਦ੍ਰਿਸ਼ਟੀਆਂ ਹਨ। ਇਹ ਪੁਲਾਂਘਾਂ ਪੰਜਾਬ ਦੀ ਸਿੱਖ ਵਿਰਸੇ ਵਿਚ ਵਾਪਰੀਆਂ ਹਨ।"

ਜਿਹੜੇ ਰਾਹ ਤੁਰ ਕੇ ਉਹ ਇਥੇ ਪਹੁੰਚਿਆ ਸੀ, ਉਸੇ ਰਾਹ ਉਤੇ ਹੋਰਨਾਂ ਨੂੰ ਤੋਰਨ ਲਈ ਉਹ ਇਕ ਪਾਸੇ 'ਵਿਸਮਾਦ ਨੂੰ ਸਥਾਪਿਤ ਕਰਨ ਅਤੇ ਮੁੜ ਸਰਬ-ਵਿਆਪੀ ਬਣਾਉਣ ਲਈ ਸਵੈ-ਚੇਤਨਤਾ ਦੀ ਲੋੜ' ਉਤੇ ਜ਼ੋਰ ਦਿੰਦਾ ਹੈ ਅਤੇ ਦੂਜੇ ਪਾਸੇ ਕਹਿੰਦਾ ਹੈ, 'ਵਿਸਮਾਦ ਨੂੰ ਸਰਬਵਿਆਪੀ ਬਣਾਉਣ ਲਈ ਮਾਰਕਸਵਾਦ ਦਾ ਅਧਿਐਨ ਕਰਨਾ ਵੀ ਜ਼ਰੂਰੀ ਹੈ।'

ਉਸ ਸਾਹਮਣੇ ਸਵਾਲ ਇਹੀ ਹੈ ਕਿ ਕੀ ਅੰਨ੍ਹੀ ਬੋਲੀ ਪੂੰਜੀ ਨੂੰ ਵਿਸਮਾਦੀ ਪੂੰਜੀ ਵਿਚ ਬਦਲਿਆ ਜਾ ਸਕਦਾ ਹੈ? ਉਹ ਪ੍ਰਾਪਤ ਨੂੰ ਨਾਲ ਲੈ ਕੇ ਤੁਰਦਾ ਹੋਇਆ ਇਸ ਨਤੀਜੇ 'ਤੇ ਪਹੁੰਚ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਵਿਚ ਵਿਸਮਾਦੀ ਪੂੰਜੀ ਨਿਆਂ ਅਤੇ ਵਿਸਮਾਦ-ਦੋਹਾਂ ਤੋਂ ਪ੍ਰੇਰਤ ਹੋਵੇਗੀ। ਕੇਵਲ ਨਿਆਂ ਦਾ ਸੰਕਲਪ, ਪੂੰਜੀ ਨੂੰ ਇਕੋ ਵਰਗ ਦਾ ਵਿਚਾਰਧਾਰਕ ਸੰਕਲਪ ਬਣਾ ਸਕਦਾ ਹੈ। ਉਸ ਦੇ ਸਾਹਮਣੇ ਪੰਜਾਬੀ-ਮਾਨਸਿਕਤਾ ਵਿਚ ਸਿੱਖ-ਵਿਧੀ ਵਿਚ ਆਇਆ ਪਰਿਵਰਤਨ ਹੈ। ਇਸ ਦੇ ਆਧਾਰ 'ਤੇ ਉਹ ਕਹਿੰਦਾ ਹੈ, "ਬਦਲੇ ਹੋਏ ਵਿਅਕਤੀ ਤੋਂ ਬਿਨਾਂ ਇਹ (ਵਿਗਾਸ) ਸੰਭਵ ਨਹੀਂ, ਕਿਉਂਕਿ ਮਨ ਅਤੇ ਦੇਹ ਦੀ ਸ਼ਾਇਰਾਨਾ, ਸੌਂਦਰਯ ਭਿੱਜੀ ਪ੍ਰਫੁਲਤਾ ਅਤੇ ਸਿਰਜਣਾਤਮਕਤਾ ਤੋਂ ਬਿਨਾਂ ਨਵਾਂ ਵਿਸਮਾਦੀ ਉਤਪਾਦਨ ਪ੍ਰਬੰਧ ਨਹੀਂ ਸੰਗਠਿਤ ਕੀਤਾ ਜਾ ਸਕਦਾ।" ਇਸ ਲੋੜ ਦੀ ਪੂਰਤੀ ਦੀਆਂ ਸੰਭਾਵਨਾਵਾਂ ਉਸ ਨੂੰ ਸਿੱਖ-ਚਿੰਤਨ ਵਿਚ ਨਜ਼ਰ ਆਉਂਦੀਆਂ ਹਨ ਅਤੇ ਉਹ ਆਪਣੀ ਸੁਜੱਗ ਅਤੇ ਚੇਤੰਨ ਧਾਰਨਾ ਇਸ ਤਰ੍ਹਾਂ ਸਾਂਝੀ ਕਰਦਾ ਹੈ, "ਸੰਖੇਪ ਵਿਚ, ਪੰਜਾਬ ਦੇ ਸਿੱਖ ਵਿਰਸੇ ਵਿਚ ਵਿਸਮਾਦੀ ਯਥਾਰਥ ਨਾਲ ਜੁੜਿਆ ਹੋਇਆ ਵਿਸਮਾਦੀ-ਪੂੰਜੀ ਅਤੇ ਵਿਸਮਾਦੀ ਉਤਪਾਦਨ ਪ੍ਰਬੰਧ ਸਾਜਣ ਬਾਰੇ ਜੋ ਗੌਰਵਸ਼ੀਲ ਸੁਝਾਅ ਮੌਜੂਦ ਹੈ, ਉਸ ਨੂੰ ਵਿਕਸਿਤ ਕਰਕੇ ਸਾਡੇ ਪ੍ਰਭੁਤਵੀ ਪਰ ਸੰਕਟ-ਗ੍ਰਸਤ ਗਲੋਬਲ ਸਮਾਜਾਂ ਲਈ ਬਦਲ ਦਾ ਮਾਡਲ ਬਣਾ ਕੇ ਪੇਸ਼ ਕਰਨ ਦੀ ਲੋੜ ਹੈ। ਸਾਡੇ ਬੁੱਧੀਜੀਵੀਆਂ ਨੂੰ ਇਹ ਵੰਗਾਰ ਸਵੀਕਾਰ ਕਰਨੀ ਚਾਹੀਦੀ ਹੈ। ਅਜਿਹੇ ਉਦਮ ਨਾਲ ਹੀ ਪੂਰਬੀ ਵਿਰਸੇ ਦੀ ਨਵੀਂ ਪ੍ਰਾਸੰਗਿਕਤਾ ਸਥਾਪਤ ਕੀਤੀ ਜਾ ਸਕਦੀ ਹੈ।"

ਇਸ ਸੰਖੇਪ ਵੇਰਵੇ ਨਾਲ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਗੁਰਭਗਤ ਵਰਗੇ ਮਲੰਗ-ਦਾਨਸ਼ਵਰ ਨੂੰ ਕਿਸੇ ਕਿਸਮ ਦੀ ਸਿਧਾਂਤਕ-ਠੱਪਾਬੰਦੀ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ ਸੀ ਅਤੇ ਨਾ ਹੀ ਕਰਨਾ ਚਾਹੀਦਾ ਹੈ। ਉਹ ਦਿਲ ਨਾਲੋਂ ਦਿਮਾਗ਼ ਦੀ ਵੱਧ ਸੁਣਦਾ ਸੀ। ਜੋ ਕੁਝ ਉਸ ਨੂੰ ਬੌਧਿਕ-ਸੰਤੁਸ਼ਟੀ ਦਿੰਦਾ ਸੀ, ਉਸ ਨੂੰ ਬੁੱਕਲ ਵਿਚ ਲੈਣ ਦੀ ਕੋਸ਼ਿਸ਼ ਕਰਦਾ ਸੀ। ਉਸ ਨੂੰ ਸੁਣਨਾ ਤੇ ਸਮਝਣਾ ਆਉਂਦਾ ਸੀ। ਉਹ ਪਰੰਪਰਕ ਸਿੱਖ ਪਰਿਵਾਰ ਵਿਚ ਪੈਦਾ ਹੋਇਆ ਸੀ ਅਤੇ ਇਸ ਦਾ ਰੰਗ ਉਸ ਦੇ ਲਹੂ ਵਿਚ ਰਚਿਆ ਹੋਇਆ ਸੀ। ਇਸ ਦੇ ਬਾਵਜੂਦ ਉਹ ਅਗਾਂਹਵਧੂ ਲਹਿਰ ਦੀ ਚੜ੍ਹਤ ਵੇਲੇ ਅਗਾਂਹਵਧੂ ਸੋਚ ਦਾ ਧਾਰਨੀ ਸੀ। ਮਾਰਕਸਵਾਦ ਦੇ ਬੋਲਬਾਲੇ ਦੌਰਾਨ ਉਹ ਮਾਰਕਸਵਾਦੀ ਲੱਗਣ ਲੱਗ ਪਿਆ। ਪੱਛਮੀ-ਅੰਤਰਦ੍ਰਿਸ਼ਟੀਆਂ ਤੋਂ ਵੀ ਉਹ ਪੂਰੀ ਤਰ੍ਹਾਂ ਪ੍ਰਭਾਵਿਤ ਰਿਹਾ। ਇਸ ਨੂੰ ਲਾਈਲਗ-ਪਹੁੰਚ ਵਾਂਗ ਨਹੀਂ ਵੇਖਣਾ ਚਾਹੀਦਾ ਕਿਉਂਕਿ ਉਹ ਪ੍ਰਭਾਵਾਂ ਦੀ ਕੈਦ ਤੋਂ ਸਦਾ ਮੁਕਤ ਰਿਹਾ। ਇਸੇ ਕਰਕੇ ਉਹ ਵਿਕਾਸ ਕਰਦਾ ਰਿਹਾ। ਉਹ ਬਹੁਤ ਸਾਰੇ ਪੜਾਵਾਂ ਵਿਚੋਂ ਲੰਘਿਆ ਅਤੇ ਲੰਘਦਾ ਹੀ ਗਿਆ। ਕਿਸੇ ਮੰਜ਼ਲ ਨੂੰ ਉਸ ਨੇ ਪੱਕਾ ਟਿਕਾਣਾ ਨਹੀਂ ਸੀ ਬਣਾਇਆ। ਜਿੱਥੇ ਉਸ ਆਪਣਾ ਸਫਰ ਮੁਕਾਇਆ, ਉਸ ਦਾ ਹਵਾਲਾ ਉਸ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਉਪਰ ਦੇ ਦਿੱਤਾ ਗਿਆ ਹੈ। ਸਿੱਖੀ ਤੋਂ ਅਰੰਭ ਕੀਤੇ ਸਫਰ ਨੂੰ ਉਸ ਨੇ ਸਿੱਖੀ 'ਤੇ ਹੀ ਮੁਕਾਇਆ ਹੈ। ਲੋੜ ਇਹ ਸਮਝਣ ਦੀ ਹੈ ਕਿ ਉਸ ਵਰਗਾ ਜਾਗਿਆ ਹੋਇਆ ਇਨਸਾਨ ਅਜਿਹਾ ਕਿਉਂ ਕਰਦਾ ਹੈ। ਜਿੰਨਾ ਉਹ ਆਪ ਸਪਸ਼ਟ ਅਤੇ ਸੰਤੁਸ਼ਟ ਸੀ, ਉਨਾ ਉਹ ਆਪਣੇ ਪਾਠਕਾਂ ਨੂੰ ਨਹੀਂ ਸੀ ਕਰ ਸਕਿਆ। ਫਿਰ ਵੀ ਉਸ ਦੇ ਪਾਠਕ ਉਸ ਦੀ ਇਸ ਕਰਕੇ ਇੱਜ਼ਤ ਕਰਦੇ ਸਨ ਕਿ ਉਹ ਉਹੀ ਕਹਿੰਦਾ ਸੀ, ਜੋ ਉਹ ਬੌਧਿਕ ਤੌਰ 'ਤੇ ਮਹਿਸੂਸ ਕਰਦਾ। ਉਹ ਸ਼ਾਸਤ੍ਰਾਰਥ ਕਰਕੇ ਦਿਗਵਿਜੈ ਹਾਸਲ ਕਰਨ ਦਾ ਮੁੱਦਈ ਨਹੀਂ ਸੀ। ਉਸ ਦਾ ਵਿਸ਼ਵਾਸ ਸੰਵਾਦ ਰਚਾਏ ਜਾਣ ਵਿਚ ਸੀ। ਉਸ ਵਰਗਾ ਸੰਵਾਦੀ-ਮਰਮੱਗ ਹੋਣਾ ਹਰ ਕਿਸੇ ਦੀ ਹੋਣੀ ਨਹੀਂ ਹੋ ਸਕਦੀ। ਪੁਸਤਕ-ਦੋਸਤ ਇਸ ਸ਼ਖਸੀਅਤ ਦੀਆਂ ਮਹੀਨ ਪਰਤਾਂ ਨੂੰ ਨਜ਼ਰਅੰਦਾਜ਼ ਕੀਤੇ ਬਿਨਾਂ ਉਸ ਦੀ ਕਦਰ ਨਹੀਂ ਪਾਈ ਜਾ ਸਕਦੀ। ਉਹ ਨਿੱਕੀਆਂ ਗੱਲਾਂ ਦਾ ਬਹੁਤਾ ਖਿਆਲ ਨਹੀਂ ਰੱਖਦਾ ਸੀ। ਉਹ ਸਮਾਜਿਕਤਾ ਦੀਆਂ ਵਿਹਾਰਕ ਪਾਬੰਦੀਆਂ ਦਾ ਵੀ ਖਿਆਲ ਨਹੀਂ ਸੀ ਰੱਖਦਾ। ਜੋ ਉਹ ਕਰਦਾ ਸੀ, ਫਖਰ ਨਾਲ ਕਰਦਾ ਸੀ ਅਤੇ ਜੋ ਨਹੀਂ ਸੀ ਕਰਦਾ, ਉਸ ਨੂੰ ਬੇਲੋੜਾ ਸਮਝਦਾ ਸੀ।


ਗੁਰਭਗਤ ਨੂੰ ਆਪਣੀ ਪੱਗ ਨਾਲ ਇਸ਼ਕ ਸੀ। ਪੱਗ ਨੂੰ ਉਸ ਨੇ ਆਪਣੀ ਪਛਾਣ ਮੰਨਿਆ ਹੋਇਆ ਸੀ ਅਤੇ ਆਪਣੀ ਪੱਗ-ਪਛਾਣ ਨਾਲ ਉਹ ਆਖਰੀ ਦਮ ਤੱਕ ਜੁੜਿਆ ਰਿਹਾ। ਉਹ ਅਟਕ ਜਾਣ ਨੂੰ ਖੜੋਤ ਮੰਨਦਾ ਸੀ ਅਤੇ ਸਿਧਾਂਤਕਤਾ ਤੋਂ ਆਰ-ਪਾਰ ਹੋ ਜਾਣ ਨੂੰ ਵਿਦਵਤਾ ਮੰਨਦਾ ਸੀ।

ਕਈ ਸਾਲਾਂ ਤੋਂ ਉਸ ਨੂੰ ਲੱਗਣ ਲੱਗ ਪਿਆ ਸੀ ਕਿ 'ਜਗਤ ਜਲੰਦੇ' ਦੀ ਤਪਸ਼ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਠਾਰਿਆ ਜਾ ਸਕਦਾ ਹੈ। ਉਸ ਦਾ ਇਹ ਵਿਸ਼ਵਾਸ ਬਣ ਚੁੱਕਾ ਸੀ ਕਿ ਇਹ ਕਾਰਜ ਅੰਗਰੇਜ਼ੀ ਦੇ ਮਾਧਿਅਮ ਰਾਹੀਂ ਹੀ ਸਿਰੇ ਚੜ੍ਹ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦਾਂ ਨਾਲ ਉਸ ਨੂੰ ਸੰਤੁਸ਼ਟੀ ਨਹੀਂ ਸੀ ਕਿਉਂਕਿ ਉਹ ਸਮਝਦਾ ਸੀ ਕਿ ਹੋ ਚੁੱਕੇ ਅਨੁਵਾਦਾਂ ਵਿਚੋਂ ਬਾਣੀ ਦੇ ਮੁਹਾਵਰੇ ਦਾ ਪ੍ਰਸੰਗ ਗੁੰਮ ਹੈ। ਸ਼ਾਬਦਿਕ ਜਾਂ ਅੱਖਰੀ ਅਨੁਵਾਦ ਨਾਲ ਵੀ ਉਸ ਦੀ ਸੰਤੁਸ਼ਟੀ ਨਹੀਂ ਸੀ। ਅੰਗਰੇਜ਼ੀ ਵਿਚ ਹੋਏ ਬਾਣੀ-ਅਨੁਵਾਦਾਂ ਨੂੰ ਉਹ ਸਿੱਖੀ ਦਾ ਈਸਾਈਅਤ ਵਿਚ ਹੋਇਆ ਅਨੁਵਾਦ ਹੀ ਸਮਝਦਾ ਸੀ। ਇਸ ਧਾਰਨਾ ਨੂੰ ਸਾਂਝੀ-ਸਮਝ ਬਣਾਏ ਜਾਣ ਵਾਲੇ ਰਾਹ ਪੈਣ ਦੀ ਥਾਂ, ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ-ਅਨੁਵਾਦ ਦਾ ਪ੍ਰਾਜੈਕਟ ਹੱਥ ਵਿਚ ਲੈ ਕੇ ਕੰਮ ਸ਼ੁਰੂ ਕਰ

*(ਬਾਕੀ ਅਗਲੇ ਸਫੇ 'ਤੇ)*

# ਬੰਦੀਆਂ ਦੀ ਰਿਹਾਈ ਤੇ ਸਜਾ ਮੁਆਫੀ ਦੀ ਮੰਗ

ਸਿੱਖ ਬੰਦੀਆਂ ਦੀ ਜੇਲ੍ਹ ਤੋਂ ਰਿਹਾਈ ਦੇ ਪ੍ਰਸੰਗ ਵਿਚ ਕੁਝ ਸੁਆਲਾਂ ਨੂੰ ਨਿਤਾਰਨ ਦੀ ਲੋੜ ਹੈ। ਪਹਿਲਾ, ਕੀ ਸਾਰੇ ਸਿਆਸੀ ਬੰਦੀਆਂ, ਭਾਂਵੇਂ ਉਹ ਕਿਸੇ ਵੀ ਧਰਮ ਦੇ ਹੋਣ, ਦੀ ਰਿਹਾਈ ਦੀ ਮੰਗ ਕਰਨੀ ਬਣਦੀ ਹੈ? ਦੂਜਾ, ਉਮਰ ਕੈਦ ਦਾ ਕੀ ਮਤਲਬ ਹੈ? ਤੀਜਾ, ਕੀ ਸਾਰੇ ਬੰਦੀਆਂ ਨੂੰ ਦਿੱਤੀ ਸਜਾ ਖਤਮ ਹੋ ਚੁੱਕੀ ਹੈ? ਚੌਥਾ, ਕੀ ਸਜਾ ਦੇ ਚਲਦਿਆਂ ਸ਼ਰਤਾਂ ਪੂਰੀਆਂ ਕਰਨ ਨਾਲ ਹੀ ਬੰਦੀ ਰਿਹਾਈ ਦੇ ਹੱਕਦਾਰ ਹੋ ਜਾਂਦੇ ਹਨ? ਪੰਜਵਾਂ ਕੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਹੋ ਰਹੀ ਹੈ ਜਾਂ ਬਾਸ਼ਰਤ? ਛੇਵਾਂ, ਕੀ ਰਿਹਾਈ ਕਨੂੰਨੀ ਮਸਲਾ ਹੈ ਜਾਂ



ਅਵਤਾਰ ਗੋਂਦਾਰਾ
gondarasa@gmail.com

ਸਿਆਸੀ?

ਇਨ੍ਹਾਂ ਸੁਆਲਾਂ ਦੇ ਰੂਬਰੂ ਹੁੰਦਿਆਂ, ਇੱਕ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਸਿੱਖ ਗੁਰੂਆਂ ਤੇ ਬੰਦੀ ਪੱਖੀ ਪਰਦੇਸੀ ਤੇ ਦੇਸੀ ਸਿੱਖ ਜਥੇਬੰਦੀਆਂ ਦੀ ਪਹੁੰਚ ਵਿਚ ਖਾਸਾ ਫਰਕ ਹੈ। ਜਿੱਥੇ ਬੰਦੀ ਪੱਖੀ ਸਿਰਫ ਸਿੱਖ ਬੰਦੀਆਂ ਦੀ ਗੱਲ ਕਰਦੇ ਹਨ, ਉਥੇ ਸਿੱਖ ਗੁਰੂਆਂ ਨੇ ਆਪਣੇ ਪੈਰੋਕਾਰਾਂ ਸਮੇਤ ਗੈਰਸਿੱਖਾਂ ਤੇ ਆਮ ਜਨਤਾ ਲਈ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਦਾ ਦਿਸਹੱਦਾ ਵਸੀਹ ਸੀ, 'ਕੋਈ ਨਾ ਦਿਸੇ ਬਾਹਰਾ ਜੀਅ।' ਇਸ ਦੇ ਉਲਟ ਬੰਦੀ ਪੱਖੀਆਂ ਨੇ ਇਹ ਦਿਸਹੱਦਾ ਸੁੰਗੇੜ ਕੇ ਇੱਕ ਤਬਕੇ ਤੇ ਇੱਕ ਭੁਗੋਲਿਕ ਥਾਂ ਤੱਕ ਸੀਮਤ ਕਰ ਦਿੱਤਾ ਹੈ, ਜਿੱਥੇ ਬਹੁਤੇ ਸਿੱਖ ਗੁਰੂਆਂ ਦਾ ਜਨਮ ਵੀ ਨਹੀਂ ਹੋਇਆ। ਜਿਆਦਾ ਵਿਆਖਿਆ ਵਿਚ ਨਾ ਵੀ ਜਾਈਏ ਤਾਂ ਇਸ ਵਖਰੇਵੇਂ ਲਈ ਦੋ ਉਦਾਹਰਣਾਂ ਹੀ ਕਾਫੀ ਹਨ। ਪਹਿਲੀ-ਛੇਵੇਂ ਗੁਰੁ ਹਰਗੋਬਿੰਦ ਸਾਹਿਬ ਦੀ; ਜਿਨ੍ਹਾਂ ਨੇ ਗਵਾਲੀਅਰ ਦੇ ਕਿਲੇ ਤੋਂ ਰਿਹਾਈ ਵੇਲੇ ਰਾਜ ਧ੍ਰੋਹ ਵਿਚ ਬੰਦੀ 52 ਰਾਜਿਆਂ ਨੂੰ ਵੀ ਨਾਲ ਰਿਹਾ ਕਰਨ ਲਈ ਕਿਹਾ ਤੇ ਕਰਵਾਇਆ। ਇਸੇ ਘਟਨਾ ਨੂੰ 'ਬੰਦੀ ਛੋੜ' ਵਜੋਂ ਯਾਦ ਕੀਤਾ ਜਾਂਦਾ ਹੈ। ਦੂਜੀ-ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਹੈ, ਜਿਨ੍ਹਾਂ ਦੀ ਕੁਰਬਾਨੀ 'ਕੱਲੇ ਸਿੱਖਾਂ ਲਈ ਨਹੀਂ, ਕਸ਼ਮੀਰੀ ਬ੍ਰਹਾਮਣਾਂ ਲਈ ਵੀ ਸੀ। ਗੁਰੂਆਂ ਤੇ ਉਨ੍ਹਾਂ ਦੇ ਐਲਾਨੀਆਂ ਪੈਰੋਕਾਰ ਬੰਦੀ ਪੱਖੀਆਂ ਵਿਚਲੇ ਇਸ ਖੱਪੇ ਨੂੰ ਸਮਝਣ ਦੀ ਲੋੜ ਹੈ। ਭਾਵ ਉਨ੍ਹਾਂ ਦੇ ਮਨਸ਼ਿਆਂ ਦਾ ਸਾਰ ਤਤ ਕੀ ਹੈ?

ਇਹ ਸਭ ਨੂੰ ਪਤਾ ਹੈ ਕਿ 'ਕੱਲੇ ਭਾਰਤ ਵਿਚ ਹੀ ਨਹੀਂ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਲੱਖਾਂ ਹੀ ਸਿਆਸੀ ਕੈਦੀ ਜੇਲ੍ਹਾਂ ਵਿਚ ਸੜ ਰਹੇ ਹਨ। ਜੇ ਸਿੱਖ ਦ੍ਰਿਸ਼ਟੀਕੋਣ ਤੋਂ ਗੱਲ ਕਰਨੀ ਹੋਵੇ, ਇਨ੍ਹਾਂ ਸਾਰੇ ਸਿਆਸੀ ਬੰਦੀਆਂ ਦੀ ਗੱਲ ਕਰਨੀ ਚਾਹੀਦੀ ਹੈ। ਏਡਾ ਭਾਰ ਸਿੱਖ ਗੁਰੂ ਤਾਂ ਝੱਲ ਸਕਦੇ ਸਨ, ਸਿੱਖ ਕਾਰਕੁੰਨਾਂ ਦੇ ਵੱਸ ਦਾ ਰੋਗ ਨਹੀਂ। ਕੀ ਇਹ ਆਸ ਕਰਨੀ ਗਲਤ ਹੈ ਕਿ ਘੱਟੋ ਘੱਟ ਸਿੱਖ ਬੰਦੀਆਂ ਦੇ ਨਾਲ ਨਾਲ ਭਾਰਤੀ ਸਰਕਾਰੀ ਹਿੰਸਾ ਦਾ ਸ਼ਿਕਾਰ ਸਾਰੇ ਸੂਬਿਆਂ ਦੀਆਂ ਜੇਲ੍ਹਾਂ ਵਿਚ ਬੰਦ ਸਿਆਸੀ ਕੈਦੀਆਂ ਤੇ ਮਨੁੱਖੀ ਹੱਕਾਂ ਲਈ ਲੜਨ ਵਾਲੇ ਬੰਦੀਆਂ ਲਈ ਹਾਅ ਦਾ ਨਾਹਰਾ ਵੀ ਮਾਰਿਆ ਜਾਵੇ। ਇਸ ਨਾਲ ਦੂਜੇ ਤਬਕਿਆਂ ਤੋਂ ਵੀ ਬਲ ਮਿਲੇਗਾ। ਇਕ ਰੱਟਾ ਰਿਹਾਈ ਦੇ ਖਾਸੇ ਬਾਰੇ ਹੈ। ਬੰਦੀ ਪੱਖੀਆਂ ਤੇ ਚੜ੍ਹਦੇ ਪੰਜਾਬ ਵਿਚ ਰਾਜ ਕਰਦੀ ਸਿੱਖਾਂ ਦੀ ਨੁਮਾਇੰਦਾ ਪਾਰਟੀ ਅਕਾਲੀ ਦਲ ਦੀ ਆਪਸੀ ਚਿਕੜ ਉਛਾਲੀ ਤੇ ਅਖਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਨਾਲ ਆਮ ਸਿੱਖ ਹੀ ਨਹੀਂ, ਹਰ ਇਨਸਾਫਪਸੰਦ ਪੰਜਾਬੀ ਭੰਬਲਭੂਸੇ ਵਿਚ ਪਿਆ ਹੋਇਆ ਹੈ। ਉਮਰ ਕੈਦ ਬਾਰੇ ਆਪੋ-ਆਪਣੀ ਵਿਆਖਿਆ ਦਿੱਤੀ ਜਾ ਰਹੀ ਹੈ। ਇੱਕ ਕਹਿੰਦਾ ਹੈ ਕਿ ਕੈਦ ਰਾਤ ਦਿਨ ਜੋੜ ਕੇ ਗਿਣੀ ਜਾਂਦੀ ਹੈ, ਦੂਜਾ ਕਹਿੰਦਾ ਹੈ ਚੌਦਾਂ ਸਾਲ ਹੁੰਦੀ ਹੈ ਤੇ ਤੀਜੇ ਦੇ ਦਾਅਵੇ ਮੁਤਾਬਕ ਇਹ ਵੀਹ ਸਾਲ ਹੁੰਦੀ ਹੈ। ਖਬਰਾਂ ਪੜ੍ਹ ਕੇ ਹਰ ਬੰਦੇ ਨੂੰ ਲਗਦਾ ਹੈ ਕਿ ਉਮਰ ਕੈਦ ਚੌਦਾਂ ਜਾਂ ਵੀਹ ਸਾਲ ਤੋਂ ਵੱਧ ਨ੍ਹੀਂ ਹੁੰਦੀ ਤੇ ਏਨੀ ਸਜਾ ਕੱਟ ਚੁੱਕੇ ਬੰਦੀਆਂ ਨੂੰ ਜੇਲ੍ਹਾਂ ਵਿਚ ਰੱਖਣਾ ਸਰਾਸਰ ਧੱਕਾ ਲਗਦਾ ਹੈ।

ਇਸ ਸਬੰਧੀ ਕੈਲੀਫੋਰਨੀਆ ਤੋਂ ਛਪਦੇ ਪੰਜਾਬੀ ਅਖਬਾਰ 'ਅੰਮ੍ਰਿਤਸਰ ਟਾਈਮਜ' ਵਿਚ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਦੇ ਸੁਆਲਾਂ-ਜੁਆਬਾਂ ਦਾ ਪੂਰਾ ਸਫਾ ਛਪਿਆ ਹੈ। ਜਿਨ੍ਹਾਂ ਵਿਚੋਂ ਇੱਕ ਸੁਆਲ ਇਹ ਹੈ ਕਿ ਜੇਕਰ ਸਿੱਖ ਬੰਦੀ ਉਮਰ ਕੈਦ ਦੀਆਂ ਸ਼ਰਤਾਂ ਪੂਰੀਆਂ ਕਰ ਰਹੇ ਹਨ ਤਾਂ ਫਿਰ ਉਨ੍ਹਾਂ ਨੂੰ ਰਿਹਾ ਕਿਉਂ ਨਹੀ ਕੀਤਾ ਜਾ ਰਿਹਾ?

ਜੁਆਬ: ਉਂਜ ਤਾਂ ਇਹ ਸੁਆਲ ਸਬੰਧਿਤ ਸਰਕਾਰਾਂ ਨੂੰ ਪੁੱਛਿਆ ਜਾ ਸਕਦਾ ਹੈ, ਪਰ ਸਾਡੀ ਸਮਝ ਮੁਤਾਬਕ ਬੰਦੀ ਸਿੰਘਾਂ ਦੀ ਰਿਹਾਈ ਨਾ ਹੋਣ ਦੇ ਦੋ ਕਾਰਣ ਹੋ ਸਕਦੇ ਹਨ ਜਾਂ ਤਾਂ ਸਬੰਧਿਤ ਸਰਕਾਰਾਂ ਵਿਚ ਸਿਆਸੀ ਇੱਛਾ-ਸ਼ਕਤੀ ਦੀ ਘਾਟ ਹੈ ਜਾਂ ਫਿਰ ਦੂਹਰੇ ਮਾਪਦੰਡ ਅਪਨਾ ਕੇ ਇਨ੍ਹਾਂ ਬੰਦੀ ਸਿੰਘਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਇਹ ਗੱਲ ਸ਼ਪਸ਼ਟ ਹੈ ਕਿ ਉਮਰ ਕੈਦ ਦੀਆਂ ਸ਼ਰਤਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਵਿਚ ਕਾਨੂੰਨੀ ਜਾਂ ਸੰਵਿਧਾਨਿਕ ਅੜਿੱਕਾ ਨਹੀਂ ਹੈ।

ਜੁਆਬ ਵਿਚ 'ਸਿਆਸੀ ਇੱਛਾ ਸ਼ਕਤੀ' ਤੇ 'ਵਿਤਕਰੇ' ਦੀ ਗੱਲ ਕੀਤੀ ਗਈ ਹੈ, ਕਾਨੂੰਨ ਬਾਰੇ ਨਹੀਂ। ਇਹ ਭੁਲੇਖਾ ਪਾਊ ਧਾਰਨਾ ਹੈ। ਜੇ ਕਾਨੂੰਨੀ ਅੜਿੱਕਾ ਨਾ ਹੁੰਦਾ ਤਾਂ ਉਹ ਜੇਲ੍ਹਾਂ ਵਿਚ ਕਿਉਂ ਹੁੰਦੇ? ਸ਼ਰਤਾਂ ਬਾਰੇ ਕੁਝ ਸਪਸ਼ਟ ਨਹੀਂ ਹੁੰਦਾ ਕਿ ਕੀ ਹਨ? ਨਾ ਹੀ ਇਹ ਦੱਸਿਆ ਹੈ ਕਿ ਉਹ ਪੂਰੀਆਂ ਕਿਵੇਂ ਹੋਈਆਂ ਹਨ? ਨਾ ਹੀ ਇਹ ਸਪਸ਼ਟ ਹੁੰਦਾ ਹੈ ਕਿ ਸ਼ਰਤਾਂ ਦੀ ਪੂਰਤੀ ਬਾਅਦ ਬੰਦੀ ਰਿਹਾਈ ਦੇ 'ਅਧਿਕਾਰੀ' ਬਣ ਜਾਂਦੇ ਹਨ।

ਪਹਿਲੇ ਸੁਆਲਾਂ ਵਿਚ ਕਾਬਲ ਵਕੀਲ ਨੇ ਰਾਜ ਤੇ ਕੇਂਦਰੀ ਸਰਕਾਰਾਂ ਦੇ ਰਿਹਾਈ ਬਾਰੇ ਅਧਿਕਾਰਾਂ ਦੀ ਗੱਲ ਕੀਤੀ ਹੈ ਅਤੇ ਵੱਖ ਵੱਖ ਰਾਜ ਸਰਕਾਰਾਂ ਵਲੋਂ ਛੱਡੇ ਗਏ ਬੰਦੀਆ ਦਾ ਹਵਾਲਾ ਦਿੱਤਾ ਹੈ। ਇੱਕ ਸੂਬੇ ਦੀ ਸਰਕਾਰ ਵਲੋਂ ਲਏ ਗਏ ਫੈਸਲਿਆਂ ਦੇ ਆਧਾਰ 'ਤੇ ਨਾਲ ਦੇ ਸੂਬਿਆਂ ਦੇ ਬਾਸ਼ਿੰਦਿਆਂ ਦਾ ਉਹ ਕਾਨੂੰਨੀ ਹੱਕ ਨਹੀਂ ਬਣ ਜਾਂਦਾ। ਕਿਸੇ ਵੀ ਜੁਆਬ ਵਿਚ ਇਹ ਸਪਸ਼ਟ ਨਹੀਂ ਹੁੰਦਾ ਕਿ ਸ਼ਰਤਾਂ ਪੂਰੀਆਂ ਕਰਨ ਨਾਲ ਹੀ ਬੰਦੀ ਦਾ ਬਾਹਰ ਆਉਣਾ ਹੱਕੀ ਹੈ। ਹਰ ਬੀ.ਏ. ਬੀ. ਐਡ. ਬੰਦਾ ਅਧਿਆਪਕ ਲੱਗਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਇਸ ਦੇ ਆਧਾਰ 'ਤੇ ਉਸ ਨੂੰ ਅਧਿਆਪਕ ਲੱਗਣ ਦਾ ਅਧਿਕਾਰ ਨਹੀ ਮਿਲ ਜਾਂਦਾ, ਸਿਰਫ ਨੌਕਰੀ ਬਾਰੇ ਅਰਜੀ ਦੇਣ ਦਾ ਅਧਿਕਾਰ ਮਿਲਦਾ ਹੈ, ਜਿਸ ਨੂੰ ਮੰਨਣਾ ਜਾਂ ਨਾ ਮੰਨਣਾ ਸਰਕਾਰ ਦੀ ਮਰਜੀ ਹੁੰਦੀ ਹੈ। ਸਰਕਾਰ ਦੇ ਕਿਸੇ ਅਧਿਕਾਰ ਨੂੰ ਰਿਆਇਆ ਦਾ ਅਧਿਕਾਰ ਨਹੀਂ ਮੰਨਿਆਂ ਜਾ ਸਕਦਾ। ਜਿਵੇਂ ਹਰ ਬੈਂਕ ਨੂੰ ਕਿਸਾਨ ਨੂੰ ਕਰਜਾ ਦੇਣ ਦਾ ਅਧਿਕਾਰ ਹੈ। ਪਰ ਇਸ ਨਾਲ ਹਰ ਕਿਸਾਨ ਨੂੰ ਕਰਜਾ ਲੈਣ ਦਾ ਕਾਨੂੰਨੀ ਹੱਕ ਨਹੀਂ ਮਿਲ ਜਾਂਦਾ।

ਅਸਲ ਵਿਚ ਸਜਾ ਪੂਰੀ ਕਰ ਚੁੱਕੇ ਬੰਦੀ ਨੂੰ ਜੇਲ੍ਹ ਵਿਚ ਰੱਖਿਆ ਹੀ ਨਹੀਂ ਜਾ ਸਕਦਾ, ਇਹ ਗੈਰਕਾਨੂੰਨੀ ਹਿਰਾਸਤ ਹੈ ਤੇ ਇਸ ਬਾਰੇ ਅਦਾਲਤੀ ਚਾਰਾਜੋਈ ਕੀਤੀ ਜਾ ਸਕਦੀ ਹੈ, ਤੇ ਪੀੜਤ ਧਿਰ ਮੁਆਵਜੇ ਦੀ ਵੀ ਹੱਕਦਾਰ ਹੈ। ਸਜਾ ਪੂਰੀ ਕਰ ਚੁੱਕੇ ਬੰਦੀਆਂ ਨੂੰ ਜੇਲ੍ਹ ਵਿਚ ਰੱਖਣਾ ਤੇ ਸਜਾ ਦੇ ਚਲਦਿਆਂ ਸਜਾ ਮੁਆਫੀ ਦੀ ਗੱਲ ਕਰਨੀ ਦੋ ਵੱਖੋ-ਵੱਖਰੀਆਂ ਗੱਲਾਂ ਹਨ। ਇਨ੍ਹਾਂ ਨੂੰ ਰਲਗੱਡ ਨਹੀਂ ਕਰਨਾ ਚਾਹੀਦਾ। ਸੁਆਲ ਹੈ ਕਿ ਕੀ ਕਾਨੂੰਨੀ ਸ਼ਰਤਾਂ ਪੂਰੀਆਂ ਕਰਨ ਨਾਲ ਹੀ ਰਿਹਾਈ ਦਾ ਰਾਹ ਖੁੱਲ ਜਾਂਦਾ ਹੈ?

ਕੀ ਸ਼ਰਤ ਇਹ ਹੈ ਕਿ ਬੰਦੀ ਨੇ 14, ਜਾਂ 20 ਸਾਲ ਦੀ ਸਜਾ ਪੂਰੀ ਕਰ ਲਈ ਹੈ? ਇਸ ਬਾਰੇ ਭਾਰਤ ਦੀ ਸ਼ਿਖਰਲੀ ਅਦਾਲਤ ਨੇ ਆਪਣੇ ਕਈ ਫੈਸਲਿਆਂ ਵਿਚ ਸਪਸ਼ਟ ਕੀਤਾ ਹੈ ਕਿ 'ਉਮਰ ਕੈਦ' ਦਾ ਭਾਵ ਆਖਰੀ ਸਾਹ ਤੱਕ ਕੈਦ ਹੈ, ਇਸ ਤੋਂ ਘੱਟ ਨਹੀਂ। ਹਾਂ, ਰਾਜ ਜਾਂ ਕੇਂਦਰ ਸਰਕਾਰਾਂ ਜੁਰਮ ਅਤੇ ਮੁਜਰਮ ਦੇ ਹਾਲਾਤ ਦੇਖ ਕੇ ਅਤੇ ਸਜਾ ਕਰਨ ਵਾਲੀ ਅਦਾਲਤ ਤੋਂ ਉਸ ਦੀ ਰਾਏ ਲੈ ਕੇ ਸਜਾ ਘੱਟ ਜਾਂ ਮੁਆਫ ਕਰ ਸਕਦੀਆਂ ਹਨ। ਉਨ੍ਹਾਂ ਕੇਸਾਂ ਵਿਚ ਤਾਂ ਇਹ ਮੁਆਫੀ 14 ਸਾਲ ਤੋਂ ਪਹਿਲਾਂ ਹੋ ਹੀ ਨਹੀਂ ਸਕਦੀ, ਜਿੱਥੇ ਉਪਰਲੀ ਅਦਾਲਤ ਨੇ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਹੋਵੇ। ਨਿਰਧਾਰਤ ਅਰਸੇ ਤੱਕ ਮਿਲੀ ਸਜਾ ਪੂਰੀ ਹੋਣ ਤੋਂ ਪਹਿਲਾਂ ਕਿਸੇ ਬੰਦੀ ਦਾ ਸਜਾ ਮੁਆਫੀ ਦਾ ਕੋਈ ਸੰਵਿਧਾਨਕ ਹੱਕ ਨਹੀਂ ਹੈ। ਸਿਰਫ 'ਬੇਨਤੀ' ਕਰਨ ਦਾ ਹੱਕ ਹੈ, ਜਿਸ ਦਾ ਮੰਨੇ ਜਾਣਾ ਜਾਂ ਰੱਦ ਹੋਣਾ ਹਾਲਤਾਂ ਤੇ ਨਿਰਭਰ ਕਰਦਾ ਹੈ। ਹੋਰਾਂ ਰਾਜਾਂ ਵਲੋਂ ਬੰਦੀਆਂ ਨੂੰ ਦਿੱਤੀ ਮੁਆਫੀ ਨੂੰ ਆਧਾਰ ਬਣਾ ਕੇ ਕਾਨੂੰਨੀ ਹੱਕ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਹਾਂ, ਇਸ ਦਾ ਸਿਆਸੀ ਪੈਂਤੜੇ ਵਜੋਂ ਲਾਹਾ ਲਿਆ ਜਾ ਸਕਦਾ ਹੈ।

ਬੰਦੀਆਂ ਦੀ ਸਜਾ ਮੁਆਫੀ ਜਾਂ ਇਸ ਦੀ ਮੁਅੱਤਲੀ ਬਾਰੇ ਜਾਬਤਾ ਫੌਜਦਾਰੀ ਦੀ ਸਬੰਧਿਤ ਧਾਰਾ 432 ਹੈ, ਜਿਸ ਅਧੀਨ ਰਾਜ ਸਰਕਾਰ ਕੁਝ ਸ਼ਰਤਾਂ ਅਧੀਨ ਬੰਦੀ ਦੀ ਸਜਾ ਮੁਆਫ ਜਾਂ ਮੁਅੱਤਲ ਕਰ ਸਕਦੀ ਹੈ। ਜਦੋਂ ਇਸ ਬਾਰੇ ਬੰਦੀ ਵਲੋਂ ਜੇਲ੍ਹ ਅਧਿਕਾਰੀਆਂ ਰਾਹੀਂ ਕੋਈ ਬੇਨਤੀ ਕੀਤੀ ਜਾਂਦੀ ਹੈ ਤਾਂ ਸਜਾ ਦੇਣ ਵਾਲੀ ਅਦਾਲਤ ਤੋਂ ਰਾਏ ਲਈ ਜਾਂਦੀ ਹੈ ਅਤੇ ਅਦਾਲਤ ਨੂੰ ਆਪਣੇ ਤਸਦੀਕਸ਼ੁਦਾ ਕਾਰਣ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ। ਦਿਨ ਤਿਉਹਾਰ 'ਤੇ ਰਾਜ ਸਰਕਾਰਾਂ ਵਲੋਂ ਥੋਕ ਦੇ ਭਾਅ ਕੀਤੀਆਂ ਜਾਂਦੀਆਂ ਮੁਆਫੀਆਂ ਨੂੰ ਦੇਖਦਿਆਂ ਹਾਲ ਵਿਚ ਹੀ ਸੁਪਰੀਮ ਕੋਰਟ ਨੇ ਇੱਕ ਮੁਕਦਮੇ ਵਿਚ ਦੋਸ਼ੀਆਂ ਨੂੰ 35 ਸਾਲ ਦੀ ਸਜਾ ਸੁਣਾਈ ਹੈ ਤਾਂ ਜੋ ਸਜਾ ਦੇ ਅਰਸੇ ਬਾਰੇ ਕੋਈ ਰੇੜਕਾ ਨਾ ਰਹੇ। ਰਾਸ਼ਟਰਪਤੀ ਜਾਂ ਗਵਰਨਰਾਂ ਵਲੋਂ ਕੀਤੀਆਂ ਜਾਂਦੀਆਂ ਸਜਾ ਮੁਆਫੀਆਂ ਦੋਸ਼ੀ ਦੇ ਹੱਕ ਕਾਰਣ ਨਹੀਂ, ਸਗੋਂ ਦੋਸ਼ੀ ਦੇ ਰਾਜ ਕਰ ਰਹੀ ਪਾਰਟੀ ਨਾਲ ਸਬੰਧਾਂ ਤੇ ਨਿਰਭਰ ਕਰਦੀਆਂ ਹਨ।

ਸਿਆਸੀ ਬੰਦੀਆਂ ਦੀ ਰਿਹਾਈ ਸਿਰਫ ਕਾਨੂੰਨੀ ਨਹੀਂ, ਸਿਆਸੀ ਮਸਲਾ ਵੀ ਹੈ। ਇਸੇ ਤਰ੍ਹਾਂ 'ਇੱਛਾ ਸ਼ਕਤੀ' ਕੋਈ ਕਾਨੂੰਨੀ ਮਸਲਾ ਨਹੀਂ, ਸਿਆਸੀ ਪੈਂਤੜਾ ਹੈ। ਕਿਸੇ ਵੀ ਰਾਜ ਸਰਕਾਰ ਨੂੰ ਕਿਹੜੇ ਬੰਦੀ ਦੀ ਜਾਂ ਬੰਦੀਆਂ ਦੀ ਰਿਹਾਈ ਵਾਰਾ ਖਾਂਦੀ ਹੈ, ਉਸ ਦੇ ਆਧਾਰ 'ਤੇ ਫੈਸਲਾ ਕੀਤਾ ਜਾਂਦਾ ਹੈ। ਇਸ ਵਿਚ ਬੰਦੀ ਦੀ ਇੱਛਾ ਦਾ ਕੋਈ ਦਖਲ ਨਹੀਂ ਹੁੰਦਾ, ਬਸ਼ਰਤੇ ਕਿ ਉਹ ਵੀਰ ਸਾਵਰਕਰ ਵਾਂਗ ਲਿਖਤੀ ਮੁਆਫੀ ਮੰਗ ਲਵੇ। ਕਈ ਵਾਰ ਬੰਦੀ ਦੇ ਹਮਾਇਤੀਆਂ ਦੀ ਸਮੂਹਕ ਪਾਲਾਬੰਦੀ ਤੇ ਦਬਾ ਹੀ ਉਸ ਦੀ ਰਿਹਾਈ ਦਾ ਬਾਨ੍ਹਣੂੰ ਬਣ ਸਕਦਾ ਹੈ। ਇਹ ਸਿਆਸੀ ਗਿਣਤੀ-ਮਿਣਤੀ ਦਾ ਮਸਲਾ ਹੈ, 'ਕਾਨੂੰਨੀ ਸ਼ਰਤਾਂ' ਦੀ ਪੂਰਤੀ ਦਾ ਨਹੀਂ। ਆਮ ਤੌਰ 'ਤੇ ਸਿਆਸੀ ਬੰਦੀਆਂ ਦੀ ਰਿਹਾਈ ਬਾਸ਼ਰਤ ਜਾਂ ਬਿਨਾ-ਸ਼ਰਤ 'ਚੋਂ ਇੱਕ ਹੋ ਸਕਦੀ ਹੈ। ਬਾਸ਼ਰਤ ਰਿਹਾਈ ਵਿਚ ਬੰਦੀ ਨੂੰ ਇਕਰਾਰਨਾਮਾ ਭਰਨਾ ਪੈਂਦਾ ਹੈ ਅਤੇ ਕੀਤੇ ਜੁਰਮ ਬਾਰੇ ਪਛਤਾਵਾ ਅਤੇ ਭਵਿੱਖ ਵਿਚ ਪਹਿਲਾਂ ਵਰਗਾ ਦੋਸ਼ ਨਾ ਦੁਹਰਾਉਣ ਆਦਿ ਦਾ ਅਹਿਦ ਕਰਨਾ ਪੈਂਦਾ ਹੈ। ਇਸ ਲਈ ਬਾਸ਼ਰਤ ਰਿਹਾਈ ਬੰਦੀ ਸਿੰਘਾਂ ਨੂੰ ਵਾਰਾ ਨਹੀਂ ਖਾਵੇਗੀ। ਆਪਣੀ ਸਿਆਸਤ ਨੂੰ ਛੱਡ ਕੇ ਸਿਆਸਤ ਦੀ ਮੁਖਧਾਰਾ 'ਚ ਸ਼ਾਮਲ ਹੋਣਾ ਸਿਆਸੀ ਮੌਤੇ ਮਰਨਾ ਹੈ। ਉਂਜ ਵੀ ਬਾਸ਼ਰਤ ਰਿਹਾਈ ਨਾਲ ਅਹਿਦ ਦੇ ਟੁੱਟਣ 'ਤੇ ਬੰਦੀ ਨੂੰ ਦੁਬਾਰਾ ਹਿਰਾਸਤ ਵਿਚ ਲਿਆਉਣ ਦੀ ਸ਼ਰਤ ਹੁੰਦੀ ਹੈ।

ਪੰਜਾਬ ਵਿਚ ਵਾਪਰੀਆਂ ਹਾਲੀਆ ਘਟਨਾਵਾਂ ਦੀ ਰੌਸ਼ਨੀ ਵਿਚ ਬੰਦੀਆਂ ਦੀ ਬਿਨਾ ਸ਼ਰਤ ਰਿਹਾਈ ਦੀ ਸੰਭਾਵਨਾ ਘੱਟ ਦਿਖਾਈ ਦਿੰਦੀ ਹੈ। ਬਿਨਾ ਸ਼ਰਤ ਰਿਹਾਈ ਵੱਡੇ ਲੋਕ ਉਭਾਰ ਦੇ ਦਬਾ ਨਾਲ ਹੁੰਦੀ ਹੈ, ਜੋ ਹੁਣ ਦਿਖਾਈ ਨਹੀਂ ਦਿੰਦਾ। ਬੰਦੀਆਂ ਦੀ ਰਿਹਾਈ ਲਈ ਵਾਰ ਵਾਰ ਮਰਨ ਵਰਤ ਰੱਖਣਾ ਇਸ ਲੋਕ ਰੋਹ ਦੀ ਗੈਰਹਾਜਰੀ ਦਾ ਸੂਚਕ ਹੈ।

ਕਿਸੇ ਮੰਗ ਨੂੰ ਮੰਨਵਾਉਣ ਦੇ ਦੋ ਹੀ ਤਰੀਕੇ ਹੋ ਸਕਦੇ ਹਨ। ਇਕ ਕਾਨੂੰਨੀ ਤੇ ਦੂਸਰਾ ਸਿਆਸੀ। ਕਾਨੂੰਨੀ ਪਖੋਂ ਬੰਦੀ ਨੂੰ ਅਰਜੀ ਦੇਣ ਦਾ ਹੱਕ ਹੈ, ਰਿਹਾਈ ਦਾ ਨਹੀਂ। ਸਜਾ ਪੂਰੀ ਹੋਣ ਤੋਂ ਪਹਿਲਾਂ ਮੁਆਫੀ ਦੇਣੀ ਰਾਜ ਸਰਕਾਰ ਦਾ ਏਕਾਧਿਕਾਰ ਹੈ। ਇਸ ਬਾਰੇ ਕਿਸੇ ਅਦਾਲਤ ਵਿਚ ਵੀ ਚਾਰਾਜੋਈ ਨਹੀਂ ਕੀਤੀ ਜਾ ਸਕਦੀ। ਅਕਾਲੀਂ ਤੇ ਬੰਦੀਆਂ ਦੇ ਆਪਸੀ ਸਬੰਧਾਂ ਨੂੰ ਕਨੇਡਾ ਤੇ ਅਮਰੀਕਾ ਵਿਚ ਸਰਕਾਰੀ ਨੁਮਾਇੰਦਿਆਂ ਨਾਲ ਬੰਦੀ ਪੱਖੀਆਂ ਦੇ ਟਕਰਾ ਨੇ ਸਪਸ਼ਟ ਕਰ ਦਿੱਤਾ ਹੈ, ਜਿਸ ਨਾਲ ਕਨੂੰਨੀ ਰਾਹ ਨੂੰ ਬੰਦ ਹੀ ਸਮਝਣਾ ਚਾਹੀਦਾ ਹੈ। ਸਿੱਖ ਬੰਦੀਆਂ ਦੀ ਕਿਹੜੀ ਸਿਆਸਤ ਹੈ ਤੇ ਉਹ ਸਿੱਖਾਂ ਦੀ ਹੀ ਹੁਕਮਰਾਨ ਅਕਾਲੀ ਪਾਰਟੀ ਨੂੰ ਕਿਉਂ ਨਹੀਂ ਪੋਂਹਦੀ, ਇਸ ਬਾਰੇ ਆਪਾਂ ਚਰਚਾ ਨਹੀਂ ਕਰਾਂਗੇ, ਇਹ ਉਨ੍ਹਾਂ ਦਾ ਅੰਦਰੂਨੀ ਮਸਲਾ ਹੈ। ਜੇ ਸਿੱਖਾਂ ਦਾ ਇੱਕ ਹਿੱਸਾ ਹੀ ਸਿੱਖਾਂ ਦੇ ਦੂਜੇ ਹਿੱਸੇ ਤੋਂ ਨਾਖੁਸ਼ ਹੈ ਤਾਂ ਸੱਜੇ-ਖੱਬਿਆਂ ਜਾਂ ਹਿੰਦੁਤਵੀਆਂ ਨੂੰ ਮਿਹਣਾ ਮਾਰਨਾ ਕੋਈ ਮਾਅਨੇ ਨਹੀ ਰੱਖਦਾ। ਪ੍ਰਭਾਵ ਇਹ ਦਿੱਤਾ ਜਾ ਰਿਹਾ ਹੈ ਕਿ ਭਾਰਤ ਦੇ ਸਾਰੇ ਹਿੰਦੂ ਤੇ ਪੰਜਾਬ ਦੇ ਧਰਮ ਨਿਰਪੇਖ ਬੰਦੇ ਇਥੋਂ ਤੱਕ ਕਿ ਅਕਾਲੀ ਵੀ ਸਿੱਖਾਂ ਦੇ ਦੁਸ਼ਮਣ ਹਨ। ਜੇ ਵਾਕਿਆ ਹੀ ਇਉਂ ਹੈ, ਤਾਂ ਬੰਦੀ ਪੱਖੀਆਂ ਨੂੰ ਆਪਣੇ ਅੰਦਰ ਝਾਕਦਿਆਂ 'ਕੋਈ ਨਾ ਦਿਸੇ ਬਾਹਰਾ ਜੀਉ' ਵਾਲੀ ਵਿਸ਼ਾਲ ਸਿਆਸੀ ਲਾਮਬੰਦੀ ਬਾਰੇ ਸੋਚਣਾ ਪਵੇਗਾ।

# ਸਿੱਖ ਕੌਮ ਦਾ ਅਲਬੇਲਾ ਚਿੰਤਕ ਡਾ. ਗੁਰਭਗਤ ਸਿੰਘ

***(ਪਿਛਲੇ ਸਫੇ ਦੀ ਬਾਕੀ)***

ਦਿੱਤਾ ਸੀ ਅਤੇ ਆਖਰੀ ਸਮੇਂ ਤੱਕ ਉਹ ਇਹੀ ਕੰਮ ਕਰਦਾ ਰਿਹਾ।

ਜਿੱਡਾ ਵੱਡਾ ਅਕਾਦਮਿਕ ਚੱਕਰ ਕੱਟ ਕੇ ਡਾ. ਗੁਰਭਗਤ ਸਿੰਘ ਵਿਰਾਸਤੀ-ਪੂੰਜੀ ਤੱਕ ਪਹੁੰਚਿਆ, ਉਸ ਨੂੰ ਬਾਣੀ ਦੇ ਸਹਾਰੇ ਨਾਲ ਸਮੇਟਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਕਿਰਤ ਅਤੇ ਕਰਮ ਨਾਲ ਪੈਦਾ ਹੋਣ ਵਾਲੇ ਵਿਛੋੜੇ ਨਾਲ ਥਕਨ-ਚੱਕਰ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ ਅਤੇ ਇਸ 'ਚੋਂ ਨਿਕਲਣ ਲਈ ਲੋੜੀਂਦੀ ਮਿਲਨ ਦਾਤ ਦਾ ਮਾਰਗ ਕਿਰਪਾ ਨਾਲ ਪ੍ਰਾਪਤ ਹੋ ਸਕਦਾ ਹੈ। ਇਹੀ ਵਿਰਾਸਤੀ-ਪੂੰਜੀ ਵਲ ਮੋੜਾ ਹੈ,

ਕਿਰਤਿ ਕਰਮ ਕੇ ਵੀਛੜੇ
ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ
ਥਕਿ ਆਏ ਪ੍ਰਭ ਕੀ ਸਾਮ॥
(ਮਹਲਾ 5, ਪੰਨਾ 133)

ਡਾ. ਗੁਰਭਗਤ ਸਿੰਘ ਨੂੰ ਗੁਰੂ ਦੇ ਸਿੱਖ ਦਾ ਆਧੁਨਿਕ ਅਤੇ ਅਕਾਦਮਿਕ ਅਕਸ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਸਿੱਖੀ ਦੇ ਫਖਰ ਵਿਚ ਹਲੂਲ ਹੋ ਗਿਆ ਸੀ। ਸਿੱਖ ਦਾਨਸ਼ਵਰਾਂ ਵਿਚ ਉਹ ਆਪਣੇ ਵਰਗਾ ਆਪ ਹੀ ਸੀ। ਉਸ ਨੇ ਜੋ ਕੁਝ ਕੀਤਾ, ਉਸ ਨਾਲੋਂ ਕਿਤੇ ਵਧ ਕਰ ਸਕਣ ਦੀ ਉਸ ਵਿਚ ਸਮਰਥਾ ਸੀ। ਉਸ ਦੇ ਯੋਗਦਾਨ ਨੂੰ ਪੂਜਕ ਵਾਂਗ ਨਹੀਂ ਸਗੋਂ ਪ੍ਰਸ਼ੰਸਕ ਵਾਂਗ ਵੇਖੇ ਜਾਣ ਦੀ ਲੋੜ ਹੈ। ਉਹ ਰੱਜ ਕੇ ਜੀਵਿਆ ਜਾਂ ਨਹੀਂ ਇਸ ਬਾਰੇ ਵਖ ਵਖ ਰਾਏ ਹੋ ਸਕਦੀ ਹੈ, ਪਰ ਉਹ ਸਫਲ ਜੀਵਿਆ, ਇਸ ਬਾਰੇ ਕੋਈ ਸ਼ੰਕਾ ਨਹੀਂ। ਜਿਉਂਦੇ ਜੀਅ ਉਸ ਨੇ ਆਪਣੇ ਬਾਰੇ ਪੱਕੀ ਰਾਏ ਨਹੀਂ ਸੀ ਬਣਨ ਦਿੱਤੀ, ਪਰ ਹੁਣ ਕਿਹਾ ਜਾ ਸਕਦਾ ਹੈ ਕਿ ਉਹ ਆਧੁਨਿਕ ਪੰਜਾਬੀ ਅਕਾਦਮਿਕਤਾ ਦਾ ਬੇਤਾਜ ਬਾਦਸ਼ਾਹ ਸੀ। ਉਹ ਜਿਉਂਦੇ ਜੀਅ ਬੇਸ਼ੱਕ ਬਹੁਤਾ ਗੌਲਿਆ ਨਹੀਂ ਗਿਆ ਪਰ ਨਹੀਂ ਰਿਹਾ ਤਾਂ ਸਦਾ ਯਾਦ ਆਉਂਦਾ ਰਹੇਗਾ।

# ਪਾਇਆ ਲਾਲੁ ਰਤਨੁ ਮਨਿ ਪਾਇਆ

## ਗੁਰਬਾਣੀ ਗਿਆਨ

**ਗਉੜੀ ਮਾਲਾ ਮਹਲਾ ੫॥**
ਪਾਇਆ ਲਾਲੁ ਰਤਨੁ ਮਨਿ ਪਾਇਆ॥
ਤਨੁ ਸੀਤਲੁ ਮਨੁ ਸੀਤਲੁ ਥੀਆ
ਸਤਗੁਰ ਸਬਦਿ ਸਮਾਇਆ॥੧॥ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ
ਚਿੰਤਾ ਸਗਲ ਬਿਸਾਰੀ॥
ਕਰੁ ਮਸਤਕਿ ਗੁਰਿ ਪੂਰੈ ਧਰਿਓ
ਮਨੁ ਜੀਤੋ ਜਗੁ ਸਾਰੀ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ
ਡੋਲਨ ਤੇ ਅਬ ਚੂਕੇ॥
ਅਖੁਟੁ ਖਜਾਨਾ ਸਤਿਗੁਰਿ ਦੀਆ
ਤੋਟਿ ਨਹੀ ਰੇ ਮੂਕੇ॥੨॥
ਅਚਰਜੁ ਏਕੁ ਸੁਨਹੁ ਰੇ ਭਾਈ
ਗੁਰਿ ਐਸੀ ਬੂਝ ਬੁਝਾਈ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ
ਤਉ ਬਿਸਰੀ ਤਾਤਿ ਪਰਾਈ॥੩॥
ਕਹਿਓ ਨ ਜਾਈ ਏਹੁ ਅਚੰਭਉ
ਸੋ ਜਾਨੈ ਜਿਨਿ ਚਾਖਿਆ॥
ਕਹੁ ਨਾਨਕ ਸਚ ਭਏ ਬਿਗਾਸਾ
ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਰਾਹੀਂ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਪਾਇਆ ਲਾਲੁ ਰਤਨੁ ਮਨਿ ਪਾਇਆ, ਹੇ ਭਾਈ! ਮੈਂ ਆਪਣੇ ਮਨ ਵਿਚੋਂ ਨਾਮ ਰੂਪੀ ਰਤਨ ਪ੍ਰਾਪਤ ਕੀਤਾ ਹੈ; ਤਨੁ ਸੀਤਲੁ ਮਨੁ ਸੀਤਲੁ ਥੀਆ, ਇਸ ਨਾਮ ਰੂਪੀ ਰਤਨ ਨੂੰ ਪਾ ਕੇ ਵਿਕਾਰਾਂ ਦੀ ਅੱਗ ਵਿਚ ਸੜ ਰਿਹਾ ਮੇਰਾ ਤਨ ਸ਼ਾਂਤ ਹੋ ਗਿਆ ਹੈ, ਤੇ ਮਾਇਆ ਵਿਚ ਫਸਿਆ ਹੋਇਆ ਮਨ ਵੀ ਸ਼ਾਂਤ ਹੋ ਗਿਆ ਹੈ, ਤੇ ਹੁਣ ਮੈਂ ਗੁਰੂ ਦੇ ਸ਼ਬਦ ਵਿਚ ਲੀਨ ਹੋ ਗਿਆ ਹਾਂ।

ਲਾਥੀ ਭੂਖ ਤ੍ਰਿਸਨ ਸਭ ਲਾਥੀ
ਚਿੰਤਾ ਸਗਲ ਬਿਸਾਰੀ॥
ਕਰੁ ਮਸਤਕਿ ਗੁਰਿ ਪੂਰੈ ਧਰਿਓ
ਮਨੁ ਜੀਤੋ ਜਗੁ ਸਾਰੀ॥੧॥

ਗੁਰਦੇਵ ਆਖਦੇ ਹਨ, ਇਸ ਨਾਮ ਰੂਪੀ ਰਤਨ ਦੀ ਪ੍ਰਾਪਤੀ ਨਾਲ ਮੇਰੀ ਮਾਇਆ ਰੂਪੀ ਪਦਾਰਥਾਂ ਦੀ ਸਾਰੀ ਭੁੱਖ ਮਿਟ ਗਈ ਹੈ, ਦੁਨਿਆਵੀ ਚੀਜ਼ਾਂ ਦੀ ਤ੍ਰਿਸ਼ਨਾ ਤੇ ਸਾਰੀ ਚਿੰਤਾ ਵੀ ਦੂਰ ਹੋ ਗਈ ਹੈ। ਕਰੁ ਮਸਤਕਿ ਗੁਰਿ ਪੂਰੈ ਧਰਿਓ, ਹੇ ਭਾਈ! ਇਹ ਬਦਲਾਓ ਤਾਂ ਹੋਇਆ ਹੈ, ਕਿਉਂਕਿ ਪੂਰੇ ਗੁਰੂ ਨੇ ਮਿਹਰ ਦਾ ਹੱਥ ਮੇਰੇ ਸਿਰ ਉਤੇ ਰੱਖ ਦਿੱਤਾ ਹੈ; ਮਨੁ ਜੀਤੋ ਜਗੁ ਸਾਰੀ, ਹੁਣ ਮੈਂ ਆਪਣੇ ਮਨ ਉਤੇ ਕਾਬੂ ਪਾ ਕੇ ਸੰਸਾਰ ਨੂੰ ਜਿੱਤ ਲਿਆ ਹੈ।

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ
ਡੋਲਨ ਤੇ ਅਬ ਚੂਕੇ॥
ਅਖੁਟੁ ਖਜਾਨਾ ਸਤਿਗੁਰਿ ਦੀਆ
ਤੋਟਿ ਨਹੀ ਰੇ ਮੂਕੇ॥੨॥

ਸਤਿਗੁਰੂ ਪਿਤਾ ਆਖਦੇ ਹਨ, ਹੇ ਭਾਈ! ਹੁਣ ਮੇਰਾ ਹਿਰਦਾ ਤ੍ਰਿਪਤ ਹੋ ਗਿਆ ਹੈ, ਤੇ ਮਾਇਆ ਰੂਪੀ ਪਦਾਰਥਾਂ ਵੱਲੋਂ ਵੀ ਦਿਲ ਭਰ ਗਿਆ ਹੈ; ਡੋਲਨ ਤੇ ਅਬ ਚੂਕੇ, ਹੁਣ ਮੇਰਾ ਮਨ ਜਗਤ ਦੇ ਪਦਾਰਥਾਂ ਨੂੰ ਵੇਖ ਕੇ ਡੋਲਣ ਤੋਂ ਵੀ ਹਟ ਗਿਆ ਹੈ; ਸਤਿਗੁਰੂ ਨੇ ਉਸ ਮਿਹਰਵਾਨ ਹਰੀ ਪਰਮਾਤਮਾ ਦੇ ਨਾਮ ਦਾ ਐਸਾ ਖਜ਼ਾਨਾ ਦਿੱਤਾ ਹੈ, ਜਿਸ ਵਿਚ ਨਾ ਹੀ ਕਦੀ ਤੋਟ ਆਉਂਦੀ ਹੈ, ਤੇ ਨਾ ਹੀ ਇਹ ਮੁੱਕ ਸਕਦਾ ਹੈ।

ਅਚਰਜੁ ਏਕੁ ਸੁਨਹੁ ਰੇ ਭਾਈ
ਗੁਰਿ ਐਸੀ ਬੂਝ ਬੁਝਾਈ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ
ਤਉ ਬਿਸਰੀ ਤਾਤਿ ਪਰਾਈ॥੩॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਇਕ ਬਹੁਤ ਹੀ ਅਚਰਜ ਨਿਆਰੀ ਗੱਲ ਸੁਣੋ, ਉਹ ਗੱਲ ਇਹ ਹੈ ਕਿ ਮੇਰੇ ਗੁਰੂ ਨੇ ਮਿਹਰ ਵਿਚ ਆ ਕੇ ਮੈਨੂੰ ਐਸੀ ਸੂਝ-ਬੂਝ ਦੇ ਦਿੱਤੀ ਹੈ, ਭਾਵ ਅਕਲ ਦੇ ਦਿੱਤੀ ਹੈ ਜਿਸ ਦੀ ਬਖਸ਼ਿਸ਼ ਸਦਕਾ ਜਦੋਂ ਤੋਂ ਮੇਰੇ ਅੰਦਰੋਂ ਹਉਮੈ ਦਾ ਪਰਦਾ ਉਤਰ ਗਿਆ ਹੈ ਤੇ ਮੇਰਾ ਠਾਕੁਰ ਪ੍ਰਭੂ ਮੈਨੂੰ ਮਿਲ ਗਿਆ ਹੈ, ਉਦੋਂ ਤੋਂ ਹੀ ਮੇਰੇ ਅੰਦਰੋਂ ਪਰਾਈ ਈਰਖਾ ਮੁੱਕ ਗਈ ਹੈ।

ਕਹਿਓ ਨ ਜਾਈ ਏਹੁ ਅਚੰਭਉ
ਸੋ ਜਾਨੈ ਜਿਨਿ ਚਾਖਿਆ॥
ਕਹੁ ਨਾਨਕ ਸਚ ਭਏ ਬਿਗਾਸਾ
ਗੁਰਿ ਨਿਧਾਨੁ ਰਿਦੈ ਲੈ ਰਾਖਿਆ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਇਸ ਅਚੰਭੇ, ਭਾਵ ਅਨੰਦ ਨੂੰ ਲ਼ਫਜ਼ਾਂ ਵਿਚ ਆਖਿਆ ਨਹੀਂ ਜਾ ਸਕਦਾ। ਇਸ ਆਨੰਦ ਨੂੰ ਉਹੀ ਜਾਣ ਸਕਦਾ ਹੈ ਜਿਸ ਨੇ ਆਪ ਇਸ ਰਸ ਨੂੰ ਚਖਿਆ ਹੋਵੇ; ਕਹੁ ਨਾਨਕ ਸਚ ਭਏ ਬਿਗਾਸਾ, ਨਾਨਕ ਆਖਦਾ ਹੈ ਕਿ ਗੁਰੂ ਨੇ ਮੇਰੇ ਅੰਦਰ ਹਰੀ ਨਾਮ ਦਾ ਖਜ਼ਾਨਾ ਲਿਆ ਕੇ ਰੱਖ ਦਿੱਤਾ ਹੈ, ਤੇ ਸਦਾ ਹੀ ਕਾਇਮ ਰਹਿਣ ਵਾਲੇ ਉਸ ਪ੍ਰਭੂ ਦੇ ਨਾਮ ਦਾ ਮੇਰੇ ਅੰਦਰ ਚਾਨਣ ਹੋਇਆ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਦਿੱਲੀ ਦਾ ਠੁੱਲ੍ਹਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪਿਛਲੇ ਦਿਨੀਂ ਦਿੱਲੀ ਪੁਲਿਸ ਤੋਂ ਸਤੇ ਹੋਏ ਉਥੋਂ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੇ ਇਕ ਟੀ.ਵੀ. ਇੰਟਰਵਿਊ ਦੌਰਾਨ ਪੁਲਿਸ ਕਰਮਚਾਰੀਆਂ ਨੂੰ 'ਠੁਲਾ' (ਪੰਜਾਬੀ ਵਿਚ ਠੁੱਲ੍ਹਾ) ਕਹਿ ਦਿਤਾ ਤਾਂ ਦਿੱਲੀ ਪੁਲਿਸ ਵਲੋਂ ਇਸ ਦੀ ਜ਼ਬਰਦਸਤ ਪ੍ਰਤਿਕ੍ਰਿਆ ਹੋਈ। ਦੁਖੀ ਹੋਏ ਦੋ ਸਿਪਾਹੀਆਂ ਨੇ ਮੁੱਖ ਮੰਤਰੀ ਖਿਲਾਫ ਥਾਣੇ ਰਿਪੋਰਟ ਦਰਜ ਕਰਵਾ ਦਿੱਤੀ। ਹਾਲਾਂਕਿ ਕਾਨੂੰਨੀ ਤੌਰ 'ਤੇ ਇਹ ਕੋਈ ਕਾਰਵਾਈਯੋਗ ਅਪਰਾਧ ਨਹੀਂ ਹੈ। ਇਕ ਸਿਪਾਹੀ ਦਾ ਕਹਿਣਾ ਸੀ ਕਿ ਉਸ ਨੂੰ ਇਸ ਟਿੱਪਣੀ ਤੋਂ ਏਨੀ ਠੇਸ ਪਹੁੰਚੀ ਕਿ ਉਹ ਰਾਤ ਭਰ ਸੌਂ ਨਹੀਂ ਸਕਿਆ।

ਗੁਆਂਢੀ ਗਾਜ਼ੀਆਬਾਦ ਦੀ ਪੁਲਿਸ ਵੀ ਇਸ ਬਿਆਨ ਤੋਂ ਖਫਾ ਹੋ ਗਈ। ਉਥੋਂ ਦੇ ਐਸ. ਐਸ. ਪੀ. ਨੇ ਹਾਸੋਹੀਣੀ ਕਾਰਵਾਈ ਕਰਦਿਆਂ ਫਰਮਾਨ ਜਾਰੀ ਕੀਤਾ ਕਿ ਜਿਸ ਵਿਚ ਆਪਣੇ ਸਹਿਕਰਮੀ ਪੁਲਿਸ ਵਾਲਿਆਂ ਨੂੰ ਕਿਹਾ ਹੈ ਕਿ ਉਹ ਇਕ ਦੂਜੇ ਨੂੰ 'ਠੁੱਲਾ' ਕਿਹਾ ਕਰਨ। ਰਾਜਨੀਤਕ ਵਿਰੋਧੀਆਂ ਨੇ ਅਲੱਗ ਰੌਲਾ ਪਾਇਆ। ਇਹ ਵੱਖਰੀ ਗੱਲ ਹੈ ਕਿ ਦਿੱਲੀ ਦੇ ਆਮ ਲੋਕ ਤ੍ਰਿਸਕਾਰ ਵਜੋਂ ਪੁਲਸੀਏ ਲਈ ਠੁੱਲਾ ਸ਼ਬਦ ਹੀ ਵਰਤਦੇ ਹਨ।



ਦਿੱਲੀ ਰਾਜ ਨੂੰ ਪੂਰਨ ਰਾਜ ਦਾ ਦਰਜਾ ਹਾਸਿਲ ਨਹੀਂ ਹੈ, ਉਥੋਂ ਦੀ ਪੁਲਿਸ ਕੇਂਦਰ ਸਰਕਾਰ ਅਧੀਨ ਹੈ, ਇਸ ਲਈ ਰਾਜਸੱਤਾ ਦੀ ਪ੍ਰਭਾਵੀ ਸ਼ਕਤੀ ਉਥੋਂ ਦਾ ਲੈਫਟੀਨੈਂਟ ਗਵਰਨਰ ਵਰਤਦਾ ਹੈ। ਦੂਜੀ ਗੱਲ, ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਹਰੇ ਨਾਲ ਚੁਣੀ ਗਈ ਦਿੱਲੀ ਦੀ ਆਮ ਆਦਮੀ ਸਰਕਾਰ ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਵਿਚ ਜਾਂਦੀ ਹੈ। ਇਸ ਲਈ ਕੇਂਦਰ ਸਰਕਾਰ ਕੇਜਰੀਵਾਲ ਦੇ ਕਦਮਾਂ ਵਿਚ ਅੜਿੱਕੇ ਡਾਹੁੰਦੀ ਰਹਿੰਦੀ ਹੈ। ਪੁਲਿਸ ਦਾ ਮਹਿਕਮਾ ਆਪਣੀਆਂ ਨੀਤੀਆਂ ਲਾਗੂ ਕਰਨ ਲਈ ਸਰਕਾਰ ਦੇ ਹੱਥ ਵਿਚ ਇਕ ਜ਼ਬਰਦਸਤ ਵਸੀਲਾ ਹੁੰਦਾ ਹੈ ਜਿਸ ਦੀ ਗੈਰਮੌਜੂਦਗੀ ਵਿਚ ਕੇਜਰੀਵਾਲ ਨਿਹੱਥਾ ਮਹਿਸੂਸ ਕਰਦਾ ਹੈ।

ਸਾਡੇ ਦੇਸ਼ ਦੇ ਲੋਕਾਂ ਦੇ ਮਨ ਵਿਚ ਪੁਲਿਸ ਦਾ ਕੋਈ ਚੰਗਾ ਅਕਸ ਨਹੀਂ ਹੈ। ਇਸ ਨੂੰ ਜ਼ਾਲਮ, ਬੇਕਿਰਕ, ਨਾਅਹਿਲ, ਸੁਸਤ, ਵੱਢੀਖੋਰ ਸਮਝਿਆ ਜਾਂਦਾ ਹੈ। ਇਹ ਧੜੀ ਧੜੀ ਦੀਆਂ ਗੰਦੀਆਂ ਗਾਲਾਂ ਤੋਂ ਬਿਨਾਂ ਮੂੰਹ ਨਹੀਂ ਖੋਲ੍ਹਦੀ ਤੇ ਹਮੇਸ਼ਾ ਕੁਟਾਪੇ ਲਈ ਤਿਆਰ ਰਹਿੰਦੀ ਹੈ। ਇਹ ਗੱਲ ਮਸ਼ਹੂਰ ਸੀ ਕਿ ਫਿਲੌਰ ਦੇ ਕਿਲੇ ਵਿਚ ਪੁਲਿਸ ਰਕਰੂਟਾਂ ਨੂੰ ਟਰੇਨਿੰਗ ਦੌਰਾਨ ਗੰਦੀਆਂ ਤੋਂ ਗੰਦੀਆਂ ਗਾਲਾਂ ਕੱਢਣੀਆਂ ਸਿਖਾਈਆਂ ਜਾਂਦੀਆਂ ਸਨ। ਪੁਲਿਸ ਦੇ ਅਜਿਹੇ ਅਕਸ ਅਤੇ ਕੇਂਦਰ ਤੇ ਦਿੱਲੀ ਸਰਕਾਰ ਦਰਮਿਆਨ ਰਾਜਸੀ ਤਣਾ-ਤਣੀ ਦਾ ਮਾਹੌਲ ਹੁੰਦਿਆਂ ਕੇਜਰੀਵਾਲ ਦੀ ਬੌਖਲਾਹਟ ਸਮਝ ਆਉਂਦੀ ਹੈ।

ਸਿਆਸੀ ਲੋਕ ਅਕਸਰ ਖੁਦ ਵੀ ਬੋਲਣ ਲੱਗਿਆਂ ਅੱਗਾ ਪਿਛਾ ਨਹੀਂ ਦੇਖਦੇ। ਕੇਜਰੀਵਾਲ ਨੇ ਦਿੱਲੀ ਦੇ ਗਵਰਨਰ ਨੂੰ ਭਾਜਪਾ ਦਾ ਪੋਲਿੰਗ ਏਜੰਟ ਤੱਕ ਕਹਿ ਦਿੱਤਾ। ਇਕ ਵਾਰੀ ਭਾਜਪਾ ਦੇ ਇਕ ਨੇਤਾ ਨੇ ਬਿਹਾਰ ਦੇ ਗਵਰਨਰ ਬੂਟਾ ਸਿੰਘ ਨੂੰ ਝੂਠਾ ਸਿੰਘ ਕਹਿ ਦਿੱਤਾ ਸੀ।

ਖੈਰ, ਅਸੀਂ ਪੁਲਿਸ ਦੀ ਗੱਲ ਕਰ ਰਹੇ ਸਾਂ। ਪੁਲਿਸ ਦੇ ਮਾੜੇ ਅਕਸ ਕਾਰਨ ਲੋਕ ਆਪਣੀ ਭੜਾਸ ਉਸ ਪ੍ਰਤੀ ਅਪਮਾਨਸੂਚਕ ਸ਼ਬਦ ਵਰਤ ਕੇ ਕਰਦੇ ਹਨ। ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਪੁਲਿਸ ਦੇ ਸਿਪਾਹੀਆਂ ਲਈ ਵੱਖ ਵੱਖ ਛੇੜਾਂ ਹਨ। ਅਸੀਂ ਪੰਜਾਬੀ 'ਮਾਮਾ' ਸ਼ਬਦ ਤੋਂ ਵਾਕਿਫ ਹਾਂ। 'ਮਾਮਾ' ਇਕ ਬਹੁਤ ਪਿਆਰਾ ਸ਼ਬਦ ਹੈ ਪਰ ਸਾਲਾ ਦੀ ਤਰ੍ਹਾਂ ਇਸ ਨੂੰ ਵੀ ਗਾਲ੍ਹ ਵਜੋਂ ਵਰਤਿਆ ਜਾਂਦਾ ਹੈ। ਮਾਮਾ ਮਾਂ ਦਾ ਭਰਾ ਹੈ, ਜਿਸ ਨੂੰ ਗਾਲ੍ਹ ਵਜੋਂ ਮਾਮਾ ਕਿਹਾ ਜਾਂਦਾ ਹੈ। ਜਾਣੋਂ ਉਸ ਨੂੰ ਇਹ ਜਤਾਇਆ ਜਾ ਰਿਹਾ ਹੈ ਕਿ ਤੇਰੀ ਭੈਣ ਮੇਰੇ ਪਿਉ ਦੀ ਪਤਨੀ ਹੈ। ਦਿੱਲੀ ਪੁਲਿਸ ਨੂੰ ਠੁੱਲਾ ਕਹੇ ਜਾਣ ਦੀ ਭਰਪੂਰ ਚਰਚਾ ਪਿਛੋਂ ਲੋਕਾਂ ਅਤੇ ਅਖਬਾਰਾਂ ਵਲੋਂ ਜਿਗਿਆਸਾ ਪ੍ਰਗਟਾਈ ਜਾਣ ਲੱਗੀ ਕਿ ਪੁਲਿਸ ਵਾਲਿਆਂ ਲਈ ਕਹੇ ਜਾਂਦੇ ਇਸ ਨਿਰਾਦਰ ਭਰੇ ਸ਼ਬਦ ਦੇ ਅਰਥ ਕੀ ਹਨ?

ਇਸ ਸ਼ਬਦ ਦੀ ਵਿਉਤਪਤੀ ਬਾਰੇ ਮੈਨੂੰ ਮੋਟੀ ਜਾਣਕਾਰੀ ਪਹਿਲਾਂ ਹੀ ਸੀ ਪਰ ਖਾਸ ਜਾਣਕਾਰੀ ਲਈ ਇਕ ਆਨਲਾਈਨ ਬੀ.ਆਰ.ਐਫ. ਡਿਕਸ਼ਨਰੀ ਮੇਰੇ ਹੱਥ ਲੱਗੀ। ਇਹ ਡਿਕਸ਼ਨਰੀ ਭਾਰਤੀ ਫੌਜ ਦੇ ਮਸਲਿਆਂ 'ਤੇ ਚਰਚਾ ਕਰਨ ਲਈ ਬਣੇ ਭਾਰਤ ਰਖਸ਼ਕ ਫੋਰਮ ਦੇ ਮੈਂਬਰਾਂ ਦੀ ਮਦਦ ਲਈ ਨਿਰੰਤਰ ਬਣਾਈ ਜਾ ਰਹੀ ਹੈ। ਇਸ ਦੇ ਮੈਂਬਰ ਵੱਖ ਵੱਖ ਸੂਬਿਆਂ ਦੇ ਅਲੋਕਾਰ ਸ਼ਬਦ ਸੁਣ ਕੇ ਭੰਬਲਭੂਸੇ ਵਿਚ ਪੈ ਜਾਂਦੇ ਹਨ। ਉਹ ਆਪਣੇ ਰਾਜ ਤੋਂ ਸਿਵਾ ਦੇਸ਼ ਦੇ ਹੋਰ ਭਾਗਾਂ ਵਿਚ ਵਰਤੇ ਜਾਂਦੇ ਕਈ, ਖਾਸ ਤੌਰ 'ਤੇ ਅਸ਼ਿਸ਼ਟ ਸ਼ਬਦ ਸਮਝ ਨਹੀਂ ਸਕਦੇ। ਇਹ ਸ਼ਬਦ-ਸੰਗ੍ਰਿਹ ਉਨ੍ਹਾਂ ਨੂੰ ਕਾਫੀ ਸਹੂਲਤ ਦੇ ਰਿਹਾ ਹੈ। ਇਸ ਵਿਚ ਪੁਲਿਸ ਵਾਲਿਆਂ ਲਈ ਵਰਤੇ ਜਾਂਦੇ ਸ਼ਬਦ 'ਮਾਮਾ' ਅਤੇ 'ਪਾਂਡਾ' ਤੋਂ ਇਲਾਵਾ 'ਠੁੱਲਾ' ਸ਼ਬਦ ਦਾ ਇੰਦਰਾਜ ਵੀ ਮੌਜੂਦ ਹੈ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਦੱਖਣੀ ਭਾਰਤ ਵਿਚ ਵੀ ਪੁਲਸੀਏ ਲਈ ਮਾਮਾ ਅਪਸ਼ਬਦ ਵਰਤਿਆ ਜਾਂਦਾ ਹੈ। ਇਸ ਲਈ ਮੈਨੂੰ ਕੁਝ ਸ਼ੰਕਾ ਹੈ ਕਿ ਸ਼ਾਇਦ ਇਥੇ ਮਾਮੇ ਤੋਂ ਮਾਂ ਦੇ ਭਰਾ ਨਾਲੋਂ ਕੋਈ ਅਲੱਗ ਭਾਵ ਹੋਵੇ। ਹੋਰ ਖੋਜ ਦੀ ਜ਼ਰੂਰਤ ਹੈ।

ਬਹੁਤ ਦੇਰ ਦਿੱਲੀ ਵਿਚ ਰਹੀ ਮੇਰੀ ਪਤਨੀ ਨੇ ਦੱਸਿਆ ਕਿ ਉਸ ਨੇ ਦਿੱਲੀ ਵਿਚ ਪੁਲਸੀਏ ਲਈ ਨਿਰਾਦਰਸੂਚਕ ਸ਼ਬਦ 'ਪਾਂਡਾ' ਦੀ ਵਰਤੋਂ ਸੁਣੀ ਸੀ। ਇਸ ਕੋਸ਼ ਵਿਚ ਪੁਲਸੀਏ ਲਈ ਵਰਤੇ ਜਾਂਦੇ ਇਸ ਸ਼ਬਦ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਇਸ ਅਨੁਸਾਰ ਇਹ ਸ਼ਬਦ ਭਾਰਤ ਦੇ ਉਤਰੀ ਤੇ ਪੱਛਮੀ ਭਾਗਾਂ ਵਿਚ ਬੋਲਿਆ ਜਾਂਦਾ ਹੈ ਜਦਕਿ ਪੂਰਬੀ ਅਤੇ ਦੱਖਣੀ ਭਾਗਾਂ ਵਿਚ ਬਹੁਤਾ ਨਹੀਂ ਸੁਣਿਆ ਜਾਂਦਾ। ਹੋਰ ਸ੍ਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਸ਼ਬਦ ਮੁਖ ਤੌਰ 'ਤੇ ਮਹਾਰਾਸ਼ਟਰ ਵਿਚ ਵਰਤਿਆ ਜਾਂਦਾ ਹੈ। ਪਾਂਡਾ ਸ਼ਬਦ ਪੂਰੇ ਸ਼ਬਦ ਪਾਂਡੂਰੰਗਾ ਦਾ ਕੱਟਿਆ ਰੂਪ ਹੈ। ਮਹਾਰਾਸ਼ਟਰ ਵਿਚ ਕਿਸੇ ਵੇਲੇ ਇਹ ਬਹੁ-ਪ੍ਰਚਲਿਤ ਵਿਅਕਤੀ-ਨਾਂ ਹੁੰਦਾ ਸੀ। ਮੁਖ ਤੌਰ 'ਤੇ ਇਹ ਵਿਠਲ (ਵਿਸ਼ਨੂੰ ਦੇ ਇਕ ਅਵਤਾਰ) ਦੀ ਉਪਾਧੀ ਹੈ ਜਿਸ ਦੀ ਦੱਖਣੀ ਭਾਰਤ, ਖਾਸ ਤੌਰ 'ਤੇ ਮਹਾਰਾਸ਼ਟਰ ਵਿਚ ਬਹੁਤ ਮਾਨਤਾ ਹੈ। ਮਹਾਰਾਸ਼ਟਰ ਦੇ ਭਗਤ ਨਾਮਦੇਵ ਨੇ 'ਬੀਠਲ' ਦੇ ਹੇਜੇ ਨਾਲ ਇਹ ਸ਼ਬਦ ਕਈ ਵਾਰ ਵਰਤਿਆ ਹੈ, "ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥"

ਸੱਤਰਵਿਆਂ ਵਿਚ ਇਕ ਮਰਾਠੀ ਫਿਲਮ ਬਣੀ ਸੀ ਜਿਸ ਦਾ ਨਾਂ ਸੀ "ਪਾਂਡੂ ਹਵਾਲਦਾਰ"। ਸਪਸ਼ਟ ਹੈ ਕਿ ਇਸ ਵਿਚ ਹਵਾਲਦਾਰ ਦਾ ਰੋਲ ਕਰ ਰਹੇ ਪਾਤਰ ਦਾ ਨਾਂ ਪਾਂਡੂ ਸੀ। ਇਸ ਕਾਮੇਡੀ ਫਿਲਮ ਵਿਚ ਪਾਂਡੂ ਹਵਾਲਦਾਰ ਨੂੰ ਇਕ ਬੂਝੜ ਜਿਹੇ ਹਸਾਉਣੇ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ। ਕਹਿੰਦੇ ਹਨ ਕਿ ਇਹ ਫਿਲਮ ਬਹੁਤ ਚੱਲੀ ਤੇ ਇਸ ਦੀ ਸਫਲਤਾ ਪਿਛੋਂ ਪੁਲਸੀਆਂ ਦੀ ਛੇੜ ਪਾਂਡਾ ਪੈ ਗਈ। ਆਪਣੇ ਆਪ ਨੂੰ ਲਾਠੀ, ਬੰਦੂਕ ਦਾ ਧਨੀ ਤੇ ਦੂਜਿਆਂ 'ਤੇ ਰੁਹਬ ਪਾਉਣ ਦਾ ਹੱਕਦਾਰ ਸਮਝਦਾ ਕੋਈ ਪੁਲਸੀਆ ਮਖੌਲ ਦਾ ਪਾਤਰ ਬਣਨਾ ਕਿਵੇਂ ਬਰਦਾਸ਼ਤ ਕਰੇਗਾ? ਖਬਰਾਂ ਅਨੁਸਾਰ ਕਈ ਪੁਲਸੀਆਂ ਨੇ ਕਈ ਮੁੰਡਿਆਂ ਦੀ ਇਸ ਕਾਰਨ ਖੂਬ ਕੁੱਟ-ਮਾਰ ਕੀਤੀ ਕਿ ਉਨ੍ਹਾਂ ਪੁਲਿਸ ਨੂੰ ਪਾਂਡਾ ਕਹਿੰਦੇ ਸੁਣ ਲਿਆ ਸੀ।


ਦਿੱਲੀ ਵਿਚ ਪੁਲਸੀਆਂ ਨੂੰ ਠੁੱਲਾ ਕਹਿਣ ਸਮੇਂ ਵੀ ਅਜਿਹੀ ਪ੍ਰਤਿਕ੍ਰਿਆ ਦੇਖਣ ਨੂੰ ਮਿਲੀ। ਕੋਸ਼ ਅਨੁਸਾਰ ਪੁਲਸੀਏ ਲਈ ਠੁੱਲਾ ਸ਼ਬਦ ਵਧੇਰੇ ਕਰਕੇ ਭਾਰਤ ਦੇ ਪੂਰਬੀ ਰਾਜਾਂ ਵਿਚ ਸੁਣਨ ਨੂੰ ਮਿਲਦਾ ਹੈ। ਪੂਰਬੀ ਭਾਗ ਵਿਚ ਸਣ ਦੇ ਬਣੇ ਥੈਲੇ ਜਾਂ ਬੋਰੇ ਨੂੰ ਠੁੱਲਾ ਕਿਹਾ ਜਾਂਦਾ ਹੈ। ਕਾਰਨ ਇਹ ਹੈ, ਜਿਵੇਂ ਅੱਗੇ ਦੱਸਿਆ ਜਾਵੇਗਾ ਕਿ ਠੁੱਲਾ ਸ਼ਬਦ ਕਿਸੇ ਖੁਰਦਰੀ, ਬੇਡੌਲ, ਮੋਟੀ-ਸੋਟੀ ਵਸਤ ਦਾ ਅਰਥਾਵਾਂ ਹੈ। ਸਣ ਜਾਂ ਪਟਸਨ ਇਹੋ ਜਿਹੀ ਜਿਣਸ ਹੀ ਹੁੰਦੀ ਹੈ। ਕਈ ਰਾਜਾਂ ਵਿਚ ਪੁਲਿਸ ਦੀ ਵਰਦੀ ਇਸ ਬੋਰੀ ਨਾਲ ਮਿਲਦੀ-ਜੁਲਦੀ ਖਾਕੀ ਰੰਗ ਦੀ ਹੈ। ਇਸ ਤਰ੍ਹਾਂ 'ਖਾਂਦੇ ਪੀਂਦੇ', ਗੋਗੜ ਵਾਲੇ, ਜਿੱਲ੍ਹੇ ਤੇ ਢਿੱਲੇ ਪੁਲਸੀਏ ਨੇ ਜਦ ਖਾਕੀ ਵਰਦੀ ਫਸਾਈ ਹੁੰਦੀ ਹੈ ਤਾਂ ਉਹ ਜਿਣਸ ਨਾਲ ਭਰੀ ਹੋਈ ਬੋਰੀ ਯਾਨਿ ਠੁੱਲ੍ਹੇ ਦੀ ਸਾਕਾਰ ਮੂਰਤੀ ਜਾਪਦਾ ਹੈ। ਇਸ ਲਈ ਇਹ ਸ਼ਬਦ ਪੁਲਸੀਏ ਨੂੰ ਚਿੜ੍ਹਾਉਣ ਲਈ ਵਰਤਿਆ ਜਾਣ ਲੱਗਾ।

ਅਸੀਂ ਪੰਜਾਬੀ ਠੁੱਲ੍ਹਾ ਸ਼ਬਦ ਨੂੰ ਮੋਟਾ, ਗੋਭਲਾ ਦੇ ਅਰਥਾਂ ਵਿਚ ਖੂਬ ਜਾਣਦੇ ਹਾਂ, ਖਾਸ ਤੌਰ 'ਤੇ ਮੋਟਾ-ਠੁੱਲ੍ਹਾ ਸ਼ਬਦ ਜੁੱਟ ਵਿਚ। ਇਸ ਜੁੱਟ ਤੋਂ ਪਤਾ ਲਗਦਾ ਹੈ ਕਿ ਕਿਸੇ ਵੇਲੇ ਠੁੱਲ੍ਹਾ ਸ਼ਬਦ ਸੁਤੰਤਰ ਤੌਰ 'ਤੇ ਮੋਟਾ ਦੇ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੋਵੇਗਾ। ਇਸ ਸ਼ਬਦ ਦਾ ਪੂਰਵਵਰਤੀ ਰੂਪ ਹੈ 'ਸਥੂਲ' ਜੋ ਸੰਸਕ੍ਰਿਤ ਤੋਂ ਆਇਆ ਹੈ ਪਰ ਪੰਜਾਬੀ ਵਿਚ ਵੀ ਵਰਤਿਆ ਜਾਂਦਾ ਹੈ। ਇਸ ਦਾ ਮੁੱਖ ਅਰਥ ਹੈ, ਠੋਸ। ਇਸ ਦੇ ਅਜਿਹੇ ਅਰਥ ਤੋਂ ਹੋਰ ਕਈ ਅਰਥਾਂ ਦਾ ਵਿਕਾਸ ਹੁੰਦਾ ਹੈ ਜਿਵੇਂ ਮੋਟਾ, ਭਾਰਾ; ਸਪਸ਼ਟ, ਪ੍ਰਤੱਖ; ਭਾਵਵਾਚਕ ਤੌਰ 'ਤੇ ਸੂਖਮ ਦਾ ਉਲਟ; ਵੱਡਾ, ਉਚਾ-ਲੰਮਾ, ਲੰਮਾ-ਚੌੜਾ; ਪੁਸ਼ਟ, ਮਜ਼ਬੂਤ, ਮੋਕਲਾ; ਬੇਡੌਲ ਆਦਿ। ਸੰਸਕ੍ਰਿਤ ਵਿਚ ਇਸ ਦੇ ਹੋਰ ਕਈ ਅਰਥ ਹਨ। ਮਿਸਾਲ ਵਜੋਂ: ਜੜ, ਮੂਰਖ, ਸਾਧਾਰਨ, ਆਲਸੀ, ਸੁਸਤ, ਅਵਾਸਤਵਿਕ, ਵਿਸ਼ਨੂੰ, ਸਮੂਹ, ਢੇਰ, ਕਠਲ, ਕਦੰਬ, ਸ਼ਿਵ, ਗੰਨਾ, ਤੰਬੂ। ਸਭ ਵਿਚ ਠੋਸਪਣ, ਵਡੱਪਣ, ਬੇਡੌਲਤਾ ਦੇ ਭਾਵ ਦੇਖੇ ਜਾ ਸਕਦੇ ਹਨ। ਸਥੂਲ ਸ਼ਬਦ ਵਿਚੋਂ 'ਸ' ਧੁਨੀ ਅਲੋਪ ਹੋ ਜਾਣ ਨਾਲ 'ਥੁੱਲ' ਸ਼ਬਦ ਬਣਿਆ। ਕਿਸੇ ਮੋਟੇ ਢਿਲਕਦੇ ਮਾਸ ਵਾਲੇ ਬੰਦੇ ਬਾਰੇ ਅਸੀਂ ਅਕਸਰ ਹੀ ਕਹਿ ਦਿੰਦੇ ਹਾਂ ਕਿ "ਉਹ ਤਾਂ ਥੁਲ ਥੁਲ ਕਰਦਾ ਹੈ"। ਪੰਜਾਬੀ ਵਿਚ ਇਕ 'ਠੁਲ੍ਹਾ' ਸ਼ਬਦ ਹੈ ਜੋ 'ਪਿੰਡ ਦੀ ਕਿਸੇ ਪੱਤੀ ਦੇ ਪੁਰਖੇ ਦੀ ਔਲਾਦ ਵਿਚੋਂ ਕਿਸੇ ਇਕ ਬਜ਼ੁਰਗ ਦੇ ਨਾਂ 'ਤੇ ਜਾਣਿਆ ਜਾਂਦਾ ਕੁਝ ਘਰਾਂ ਦਾ ਸਮੂਹ ਹੈ'। ਸਥੂਲ ਸ਼ਬਦ ਦੇ ਵੱਡੇ, ਲੰਬੇ ਚੌੜੇ ਦੇ ਭਾਵ 'ਘਰਾਂ ਦੇ ਸਮੂਹ' ਵਜੋਂ ਪ੍ਰਤੱਖ ਹੁੰਦੇ ਹਨ। ਅਸੀਂ ਉਪਰ ਦੇਖ ਚੁੱਕੇ ਹਾਂ ਸੰਸਕ੍ਰਿਤ ਵਿਚ ਇਸ ਸ਼ਬਦ ਦੀ ਇਕ ਅਰਥ-ਛਾਇਆ 'ਸਮੂਹ' ਹੈ।

ਨੇਪਾਲੀ ਭਾਸ਼ਾ ਵਿਚ ਇਸ ਦਾ ਸੁਜਾਤੀ ਸ਼ਬਦ ਹੈ, ਠੁਲੋ। ਇਕ ਨੇਪਾਲੀ ਕੋਸ਼ ਵਿਚ ਇਸ ਦਾ ਇਕ ਅਰਥ ਦਿੱਤਾ ਗਿਆ ਹੈ, ਵੱਡਾ, ਲੰਬਾ ਚੌੜਾ, ਤੇ ਨਾਲ ਵਰਤੋਂ ਦੀ ਢੁਕਵੀਂ ਉਦਾਹਰਣ ਦਿੱਤੀ ਗਈ ਹੈ, "ਬੀਸ ਜਾਨੂਕੋ ਠੁਲੋ ਘਰ" ਅਰਥਾਤ ਵੀਹ ਜਣਿਆਂ ਦਾ ਵੱਡਾ ਘਰ। ਇਥੋਂ ਪੰਜਾਬੀ ਠੁੱਲ੍ਹਾ ਦੇ ਅਰਥ ਹੋਰ ਸਪਸ਼ਟ ਹੁੰਦੇ ਹਨ।

# ਈਦ-ਉਲ-ਫਿਤਰ, ਮਲੇਰਕੋਟਲਾ ਤੇ ਮੇਰੇ ਮਿੱਤਰ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com

ਜਦੋਂ ਕਸ਼ਮੀਰ ਦੀ ਵਾਦੀ ਵਿਚ ਈਦ-ਉਲ-ਫਿਤਰ ਦੇ ਮੌਕੇ ਹੋਈਆਂ ਆਪਸੀ ਝੜਪਾਂ ਤੇ ਵਾਹਗਾ ਸਰਹੱਦ ਉਤੇ ਪਾਕਿਸਤਾਨੀ ਰੇਂਜਰਾਂ ਵਲੋਂ ਬੀ ਐਸ ਐਫ ਦੀ ਮਿਠਾਈ ਨਾ ਪ੍ਰਵਾਨ ਕਰਨ ਦੀਆਂ ਖਬਰਾਂ ਮੀਡੀਆ ਵਿਚ ਆ ਰਹੀਆਂ ਸਨ ਤਾਂ ਮੇਰੀ ਚੰਡੀਗੜ੍ਹ ਰਿਹਾਇਸ਼ 'ਤੇ ਮਲੇਰਕੋਟਲੇ ਦਾ ਵਫਦ ਈਦ ਦੀ ਮਿਠਾਈ ਦੇਣ ਆਇਆ। ਵਫਦ ਵਿਚ ਜਮਾਤ-ਏ-ਇਸਲਾਮ-ਏ-ਹਿੰਦ ਦੀ ਪੰਜਾਬ, ਹਿਮਾਚਲ ਤੇ ਚੰਡੀਗੜ੍ਹ ਇਕਾਈ ਦਾ ਚੇਅਰਮੈਨ ਅਬਦੁਲ ਸ਼ਕੂਰ, 'ਪਹੁ ਫੁਟਾਲਾ' ਦਾ ਕਾਰਜਕਾਰੀ ਸੰਪਾਦਕ ਰਮਜ਼ਾਨ ਸਈਅਦ ਤੇ ਨੌਜਵਾਨ ਸ਼ੀਰਾਜ਼ ਅਹਿਮਦ ਸ਼ਾਮਲ ਸਨ। ਸਬੱਬ ਨਾਲ ਐਨ ਇਸੇ ਮੌਕੇ 'ਸਾਡੇ ਪਿੰਡ' ਰਸਾਲੇ ਦਾ ਸੰਪਾਦਕ ਜਗਤਾਰ ਸਿੱਧੂ ਵੀ ਆ ਪਹੁੰਚਿਆ। ਅਸੀਂ ਸਭਨਾਂ ਨੇ ਮਲੇਰਕੋਟਲੇ ਵਾਲਿਆਂ ਦੀ ਹਾਜੀ ਮਿਸ਼ਠਾਨ ਭੰਡਾਰ ਤੋਂ ਲਿਆਂਦੀ ਬਰਫੀ ਖਾਧੀ ਤੇ ਮੇਰੀ ਪਤਨੀ ਨੇ ਘਰ ਦੀਆਂ ਬਣੀਆਂ ਸੇਵੀਆਂ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।

ਮਲੇਰਕੋਟਲੇ ਦੇ ਮੁਸਲਮਾਨਾਂ ਨਾਲ ਪੰਜਾਬ ਦੇ ਸਿੱਖਾਂ ਦਾ ਇਹ ਨਾਤਾ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ। ਉਥੋਂ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਉਸ ਵੇਲੇ ਦੇ ਸੂਬਾ ਸਰਹੰਦ ਨੂੰ ਗੁਰੂ ਜੀ ਦੇ ਸ਼ੀਰਖੋਰ ਸਾਹਿਬਜ਼ਾਦਿਆਂ ਫਤਿਹ ਸਿੰਘ ਤੇ ਜ਼ੋਰਾਵਰ ਸਿੰਘ ਨੂੰ ਮਾਰਨ ਤੋਂ ਵਰਜਣ ਦਾ ਯਤਨ ਕੀਤਾ ਸੀ। ਇਹ ਸੁਣ ਕੇ 'ਗੁਰ ਪ੍ਰਤਾਪ ਸੂਰਯ ਗ੍ਰੰਥ' ਅਨੁਸਾਰ ਗੁਰੂ ਜੀ ਨੇ ਫਰਮਾਇਆ ਸੀ, 'ਇਕ ਮਲੇਰੀਅਨ ਕੀ ਜੜ੍ਹ ਹਰੀ।' ਏਸ ਲਈ ਸਿੰਘ ਇਸ ਸ਼ਹਿਰ ਦੇ ਵਸਨੀਕਾਂ ਨੂੰ ਸਨਮਾਨ ਨਾਲ ਵੇਖਦੇ ਹਨ।

ਉਦੋਂ ਮਲੇਰਕੋਟਲਾ ਪੂਰੀ ਸੂਰੀ ਰਿਆਸਤ



ਅਬਦੁਲ ਸ਼ਕੂਰ

ਸੀ ਤੇ ਰਿਆਸਤਾਂ ਟੁੱਟਣ ਤੋਂ ਪਹਿਲਾਂ ਤੱਕ ਇਹ ਪੰਜਾਬ ਦੀਆਂ ਰਿਆਸਤਾਂ ਵਿਚੋਂ ਦਸਵੇਂ ਨੰਬਰ ਤੇ ਗਿਣੀ ਜਾਂਦੀ ਸੀ। ਇਸ ਦਾ ਵਡੇਰਾ ਸ਼ੇਖ ਸਦਰੁਦੀਨ ਸ਼ੇਰਵਾਨੀ ਅਫਗਾਨ ਸੀ ਜਿਹੜਾ ਕਿ ਸੁਲਤਾਨ ਬਹਿਲੋਲ ਲੋਧੀ ਦਾ ਜੁਆਈ ਸੀ ਤੇ ਉਸ ਨੂੰ ਸੁਲਤਾਨ ਵਲੋਂ 68 ਪਿੰਡ ਦਾਜ ਵਿਚ ਮਿਲੇ ਸਨ। ਇਸ ਸ਼ਹਿਰ ਦਾ ਸ਼ੇਰਵਾਨੀ ਦਰਵਾਜਾ ਮਸ਼ਹੂਰ ਹੈ। ਨੇੜੇ ਹੀ ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼ ਦਾ ਦਫਤਰ ਹੈ ਤੇ ਇਸ ਨਾਤੇ 'ਪਹੁ ਫੁਟਾਲਾ' ਦਾ ਵੀ। ਅਬਦੁਲ ਸ਼ਕੂਰ ਇਸਲਾਮਿਕ ਪਬਲੀਕੇਸ਼ਨਜ਼ ਦਾ ਕਰਤਾ ਧਰਤਾ ਤੇ 'ਪਹੁ ਫੁਟਾਲਾ' ਦਾ ਸੰਪਾਦਕ ਹੈ ਤੇ ਰਮਜ਼ਾਨ ਸਈਅਦ ਰਸਾਲੇ ਦਾ ਸਮੁੱਚਾ ਕੰਮ ਦੇਖਣ ਵਾਲਾ ਕਾਰਜਕਾਰੀ ਸੰਪਾਦਕ।

ਮਲੇਰਕੋਟਲਾ ਵਫਦ ਦੀ ਈਦ ਵਾਲੀ ਫੇਰੀ ਸਮੇਂ ਇਹ ਗੱਲ ਵੀ ਖੁਲ੍ਹੀ ਕਿ ਸ਼ਕੂਰ ਸੰਧੂ ਮੁਸਲਮਾਨ ਹੈ। ਇਹ ਗੱਲ ਵਖਰੀ ਹੈ ਕਿ ਸ਼ਹਿਰ ਵਿਚ ਸੰਧੂਆਂ ਦੇ ਕੇਵਲ ਦੋ ਹੀ ਪਰਿਵਾਰ ਹਨ ਅਤੇ ਪਠਾਣਾਂ ਦੇ ਲਗਪਗ ਢਾਈ ਸੌ, ਹਾਲਾਂਕਿ ਬਹੁਤੇ ਪਠਾਣ ਦੇਸ਼ ਵੰਡ ਸਮੇਂ ਹਿਜਰਤ ਕਰਕੇ ਪਾਕਿਸਤਾਨ ਚਲੇ ਗਏ ਸਨ। ਉਂਜ ਉਥੇ ਸੰਧੂਆਂ ਤੋਂ ਬਿਨਾ ਢਿੱਲੋਂ, ਧਾਰੀਵਾਲ, ਜਵੰਦਾ, ਥਿੰਦ ਤੇ ਨੰਦਨ ਮੁਸਲਮਾਨਾਂ ਦਾ ਵੀ ਘਾਟਾ ਨਹੀਂ ਤੇ ਰਾਜਪੂਤ ਮੁਸਲਮਾਨਾਂ ਦਾ ਵੀ ਨਹੀਂ। ਰਮਜ਼ਾਨ ਸਈਅਦ ਖੁਦ ਰਾਵਤ ਮੁਸਲਮਾਨ ਹੈ। ਮੇਰੇ ਘਰ ਈਦ ਮਨਾਉਂਦੇ ਸਮੇਂ ਬਾਕੀ ਸਾਰੇ ਤਾਂ ਇੱਕ ਇੱਕ ਹੀ ਸਨ, ਮੇਰੇ ਸੰਧੂ ਹੋਣ ਕਾਰਨ ਸੰਧੂਆਂ ਦੀ ਨਫਰੀ ਵਧ ਹੋ ਗਈ। ਜਗਤਾਰ ਸਿੱਧੂ ਨੇ ਜਿਹੜਾ ਮੇਰੇ ਪੰਜਾਬੀ ਟ੍ਰਿਬਿਊਨ ਦਾ ਸੰਪਾਦਕ ਹੁੰਦੇ ਸਮੇਂ ਮੇਰਾ ਸਾਥੀ ਰਹਿ ਚੁੱਕਿਆ ਸੀ, ਭੂਸ਼ਨ ਧਿਆਨਪੁਰੀ ਦਾ ਲਿਖਿਆ ਇੱਕ ਟੋਟਕਾ ਵੀ ਸੁਣਾ ਦਿੱਤਾ।

ਇਹ ਟੋਟਕਾ ਉਸ ਵੇਲੇ ਦੇ ਸਬ ਐਡੀਟਰ ਸ਼ਮਸ਼ੇਰ ਸੰਧੂ ਦੀ ਕਹਾਣੀਕਾਰ ਵਰਿਆਮ ਸੰਧੂ ਨੂੰ ਲਿਖੀ ਚਿੱਠੀ ਵਿਚ ਪਰੋਇਆ ਗਿਆ ਸੀ। ਲਿਖਿਆ ਖਤ ਸ਼ਮਸ਼ੇਰ ਵਰਿਆਮ ਤਾਈਂ,

ਅਸੀਂ ਸਦਾ ਹੀ ਰਹੇ ਸਰਦਾਰ ਸੰਧੂ।<br>
ਸਾਡਾ ਸੰਤ ਸੰਧੂ, ਸਾਡਾ ਪਾਸ਼ ਸੰਧੂ,<br>
ਪੂਰਨ ਭਗਤ ਵਾਲਾ ਕਾਦਰਯਾਰ ਸੰਧੂ,<br>
ਸਾਡੀ ਕਲਗੀ ਨੂੰ ਨਵਾਂ ਏ ਖੰਭ ਲੱਗਾ,<br>
ਆਇਆ ਜਦੋਂ ਦਾ ਏਥੇ ਗੁਲਜ਼ਾਰ ਸੰਧੂ,

ਉਨ੍ਹਾਂ ਦਿਨਾਂ ਵਿਚ ਸੰਤ ਸੰਧੂ ਤੇ ਪਾਸ਼ ਨਕਸਲਵਾਦੀ ਕਵੀਆਂ ਵਜੋਂ ਚਰਚਾ ਵਿਚ ਸਨ। ਕਾਦਰਯਾਰ ਨੂੰ ਸ਼ਿਵ ਬਟਾਲਵੀ ਦੀ 'ਲੂਣਾ' ਨੇ ਲੋਕ ਮਨਾਂ ਵਿਚ ਸੁਰਜੀਤ ਕਰ ਛਡਿਆ ਸੀ। ਜੇ ਧਿਆਨਪੁਰੀ ਜੀਵਤ ਤੇ ਹਾਜ਼ਰ ਨਾਜ਼ਰ ਹੁੰਦਾ ਤਾਂ ਉਸਨੇ 'ਪਹੁ ਫੁਟਾਲਾ' ਦੇ ਸੰਧੂ ਸੰਪਾਦਕ ਨੂੰ ਵੀ ਟੋਟਕੇ ਵਿਚ ਮੜ੍ਹ ਕੇ ਕਾਰਦਰਯਾਰ ਦਾ ਸਾਨੀ ਬਣਾ ਦੇਣਾ ਸੀ। ਈਦ ਦੀ ਬਖਸ਼ਿਸ਼ ਵਜੋਂ। ਆਮੀਨ।

**ਕਸੇਲ ਨੂੰ ਆਨਰੇਰੀ ਡਾਕਰੇਟ:** ਪੰਜਾਬੀ ਯੂਨੀਵਰਸਟੀ ਪਟਿਆਲਾ ਨੇ ਕਿਰਪਾਲ ਸਿੰਘ ਕਸੇਲ ਨੂੰ ਆਨਰੇਰੀ ਡਾਕਟਰੇਟ ਦੀ ਡਿਗਰੀ ਦਿਤੀ ਤਾਂ ਮੈਨੂੰ ਅਪਣੀ ਪੜ੍ਹਾਈ ਦੇ ਦਿਨ ਚੇਤੇ ਆ ਗਏ। ਆਜਾਦੀ ਪਿਛੋਂ ਪੰਜਾਬੀ ਦੀ ਪੜ੍ਹਾਈ ਸਕੂਲਾਂ ਵਿਚੋਂ ਨਿਕਲ ਕੇ ਕਾਲਜਾਂ ਵਿਚ ਪ੍ਰਵੇਸ਼ ਕਰ ਚੁਕੀ ਸੀ। ਪੰਜਾਬੀ ਵਿਚ ਐਮ ਏ ਹੋਣ ਲੱਗੀ। ਪੜ੍ਹਾਉਣ ਦੀ ਸੇਵਾ ਸੰਤ ਸਿੰਘ ਸੇਖੋਂ ਤੇ ਗੁਰਬਚਨ ਸਿੰਘ ਤਾਲਿਬ ਵਰਗੇ ਅੰਗਰੇਜ਼ੀ ਅਧਿਆਪਕਾਂ ਤੋਂ ਲਈ ਜਾਂਦੀ ਸੀ। ਕਸੇਲ ਹੁਰੀਂ ਪਹਿਲੇ ਬੈਚ ਵਿਚ ਐਮ ਏ ਕਰਨ ਵਾਲਿਆਂ ਵਿਚੋਂ ਸਨ। ਉਨ੍ਹਾਂ ਦਿਨਾਂ ਵਿਚ ਹੀ ਖਾਲਸਾ ਕਾਲਜ ਮਾਹਿਲਪੁਰ ਵਿਚ ਸਾਨੂੰ ਉਰਦੂ ਫਾਰਸੀ ਪੜ੍ਹਾਉਂਦੇ ਅਵਤਾਰ ਸਿੰਘ ਢੋਡੀ ਨੇ ਪੰਜਾਬੀ ਐਮ ਏ ਕੀਤੀ। ਇਹ ਉਹ ਸਮਾਂ ਸੀ, ਜਦੋਂ ਪੰਜਾਬੀ ਵਿਚ ਡਾਕਟਰੇਟ ਦੀ ਡਿਗਰੀ ਕੇਵਲ ਮੋਹਨ ਸਿੰਘ ਦੀਵਾਨਾ ਤੇ ਗੋਪਾਲ ਸਿੰਘ ਦਰਦੀ ਕੋਲ ਸੀ। ਹੋਰ ਕਿਸੇ ਕੋਲ ਵੀ ਨਹੀਂ।

**ਅੰਤਿਕਾ:** (ਗੁਰਤੇਜ ਕੋਹਾਰਵਾਲਾ ਦੀ 'ਪਾਣੀ ਦਾ ਹਾਸ਼ੀਆ' ਵਿਚੋਂ)

ਪਰਾਏ ਹੋ ਗਏ ਪਲ<br>
ਉਮਰ ਦਾ ਹਾਸਲ ਨਹੀਂ ਹੋਣੇ,<br>
ਗਏ ਵੇਲੇ ਨੂੰ ਤਾਂ ਆਵਾਜ਼ ਦੇ ਕੇ<br>
ਮੋੜ ਸਕਦਾ ਹਾਂ।<br>
ਕਦੋਂ ਤੱਕ ਵਰਕਿਆਂ ਅੰਦਰ<br>
ਛੁਪਾ ਸਕਦਾ ਹਾਂ ਮੈਂ ਪਾਣੀ,<br>
ਧੜਕਦੇ ਦਿਲ ਨੂੰ ਮੈਂ ਕੀਕਣ<br>
ਤੜਪਣੋ ਹੋੜ ਸਕਦਾ ਹਾਂ।

ਰਾਂਗਲੀਆਂ ਯਾਦਾਂ

# ਜ਼ਰੀ ਵਾਲੀ ਪੱਖੀ

ਭਾਰਤ ਜਾਣ ਵਾਲੇ ਸਾਰੇ ਯਾਤਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ 6 ਨੰਬਰ ਗੇਟ ਕੋਲ ਆਪਣੇ ਆਈ ਡੀ ਪਰੂਫ ਲੈ ਕੇ ਲਾਈਨ ਵਿਚ ਆਪਣੀ ਵਾਰੀ ਦਾ ਇੰਤਜ਼ਾਰ ਕਰਨ। ਅਚਾਨਕ ਲੰਡਨ ਹੀਥਰੋ ਏਅਰਪੋਰਟ 'ਤੇ ਰਵੀ ਦੇ ਕੰਨਾਂ 'ਚ ਇਹ ਆਵਾਜ਼ ਗੂੰਜੀ ਤੇ ਉਹ ਤ੍ਰਭਕ ਕੇ ਉਠ ਖੜੀ ਹੋਈ, ਤੇ ਹੜਬੜਾ ਕੇ ਬੋਲੀ, "ਉਹ ਮਾਈ ਗੌਡ ਮੈਨੂੰ ਲੱਗਦਾ, ਆਈ ਮਿਸਡ ਦਾ ਫਲਾਈਟ।"



"ਮੈਮ ਫਲਾਈਟ ਇਜ਼ ਰੈਡੀ-ਟੂ-ਗੋ ਯੂ ਜਸਟ ਲਾਈਨ ਅੱਪ ਨੀਅਰ ਗੇਟ ਨੰਬਰ 6 ਪਲੀਜ਼।" ਗੋਰੀ ਦੀ ਗੱਲ ਸੁਣ ਰਵੀ ਦੇ ਸਾਹ 'ਚ ਸਾਹ ਆਏ। ਉਹ ਲਾਈਨ 'ਚ ਖੜ੍ਹੀ ਆਪਣੇ ਮੈਸੇਜ ਵੇਖਣ ਲੱਗੀ। ਉਹਦੇ ਬੇਟੇ

**ਦਵਿੰਦਰ ਕੌਰ ਕੈਨੇਡਾ**
davindergkaur@gmail.com

ਯੁਵੀ ਦਾ ਮੈਸੇਜ ਸੀ, "ਹੈਵ ਆ ਸੇਫ਼ ਟ੍ਰਿਪ ਮੌਮ, ਸੌਰੀ ਆਈ ਗੈਟ ਲੇਟ ਫਰਾਮ ਯੂਨੀਵਰਸਿਟੀ, ਯੂ ਨੋ 401 ਇਜ਼ ਆਲਵੇਜ਼ ਬਿਜ਼ੀ ਇਨ ਦਾ ਈਵਨਿੰਗ, ਓ ਕੇ ਮੌਮ ਵੀ ਹੈਵ ਏ ਪਾਰਟੀ ਐਟ ਨਿਆਗਰਾ ਫਾਲਜ਼ ਟੂਨਾਈਟ, ਸੋ ਬਾਏ ਫਾਰ ਨਾਓ, ਲਵ ਯੂ!"

ਹਲਕੀ ਜਿਹੀ ਮੁਸਕਰਾਹਟ ਨਾਲ ਉਹਨੇ ਫੋਨ ਬੰਦ ਕਰ ਪਰਸ 'ਚ ਰੱਖ ਲਿਆ ਤੇ ਗੁੱਟ ਉਤੇ ਬੰਨ੍ਹੀ ਘੜੀ ਵੱਲ ਦੇਖ ਆਪ ਮੁਹਾਰੇ ਬੋਲੀ, ਉਹ ਨੋ ਇਹ ਤਾਂ ਟੋਰਾਂਟੋ ਦਾ ਟਾਈਮ ਦੱਸਦੀ ਆ, ਮੈਂ ਲੰਡਨ ਲੈਂਡ ਹੋ ਕੇ ਸੈਟ ਕਰਨਾ ਭੁੱਲਗੀ, ਹੂਹ! ਸਕਿਉਰਿਟੀ ਚੈਕਿੰਗ ਤੋਂ ਬਾਅਦ ਸਾਰੇ ਯਾਤਰੀ ਆਪੋ ਆਪਣੀ ਸੀਟ ਬੈਲਟ ਬੰਨ੍ਹ ਕੇ ਬੈਠ ਗਏ ਤੇ ਹਵਾਈ ਜਹਾਜ਼ ਕਦੋਂ ਦਿੱਲੀ ਜਾ ਲੱਗਾ, ਰਵੀ ਨੂੰ ਸੋਚਾਂ 'ਚ ਡੁੱਬੀ ਨੂੰ ਪਤਾ ਹੀ ਨਾ ਲੱਗਾ। ਸਿੱਲ੍ਹੀਆਂ ਅੱਖਾਂ ਨਾਲ ਉਹ ਏਅਰਪੋਰਟ ਤੋਂ ਬਾਹਰ ਨਿਕਲੀ ਤੇ ਇੰਡੋ-ਕੈਨੇਡੀਅਨ ਬੱਸ ਵਿਚ ਬੈਠ ਖੰਨੇ ਵੱਲ ਨੂੰ ਰਵਾਨਾ ਹੋ ਗਈ।

ਸੁਫ਼ਨਿਆਂ 'ਚ ਬਚਪਨ ਚੇਤੇ ਕਰਦੀ; ਨਾਨਕਿਆਂ ਦਾ ਉਹ ਵੱਡਾ ਘਰ ਜਿੱਥੇ ਉਹ ਗਰਮੀਆਂ ਦੀਆਂ ਛੁੱਟੀਆਂ 'ਚ ਜਾਂਦੇ! ਉਹ ਪਿੰਡ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸਕ ਸਥਾਨ, ਜਿੱਥੇ ਜੇਠੇ ਵੀਰਵਾਰ ਨੂੰ ਮੇਲਾ ਲੱਗਦਾ। ਕਹਿੰਦੇ ਨੇ, ਅੰਗਰੇਜ਼ਾਂ ਦੇ ਰਾਜ 'ਚ ਪਿੰਡ ਵਿਚ ਕਿਲਾ ਹੁੰਦਾ ਸੀ ਤੇ ਕਿਲੇ ਦੇ ਸੱਤ ਬੁਰਜ ਸਨ। ਇਸ ਪਿੰਡ 'ਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਤੇ ਆਪਣੀ ਫ਼ੌਜ ਲਈ ਚਾਹਰ ਬਣਾਈ ਸੀ। ਸੱਤ ਬੁਰਜਾਂ 'ਚੋਂ ਪੰਜ ਬੁਰਜ ਅੰਗਰੇਜ਼ਾਂ ਤੇ ਸਿੰਘਾਂ ਦਰਮਿਆਨ ਹੋਈ ਲੜਾਈ ਵਿਚ ਢਹਿ ਢੇਰੀ ਹੋ ਗਏ ਸਨ।

ਆਲੇ ਦੁਆਲੇ ਦੇ ਪਿੰਡਾਂ ਤੋਂ ਕਈ ਸਿੰਘ-ਸਿੰਘਣੀਆਂ ਇਸ ਲੜਾਈ 'ਚ ਸ਼ਹੀਦ ਹੋਏ ਤੇ ਉਨ੍ਹਾਂ ਦੀ ਯਾਦ ਵਿਚ ਇਥੇ ਹਰ ਸਾਲ ਮੇਲਾ ਭਰਦਾ। ਅੱਜ ਵੀ ਉਹ ਬੁਰਜਾਂ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ ਗਵਾਹੀ ਭਰਦੇ ਨੇ, ਉਸ ਲੜਾਈ ਦੀ। ਬੁਰਜ ਅੰਦਰ ਸ਼ਰਧਾਲੂ ਚਿਰਾਗ ਬਾਲਦੇ ਹਨ, ਦੂਰੋਂ-ਦੂਰੋਂ ਲੋਕ 'ਘੁਗਰਾਣੇ' ਪਿੰਡ ਆਉਂਦੇ। ਪੁਰਾਣੇ ਬਜ਼ੁਰਗ ਦੱਸਦੇ ਕਿ ਕਿਲੇ ਵਿਚ ਕੋਈ ਵੀ ਆਦਮੀ ਰਾਤ ਨਹੀਂ ਕੱਟ ਸਕਦਾ ਕਿਉਂਕਿ ਉਥੇ ਰਾਤ ਨੂੰ ਇੱਕ ਸਰਾਲ ਪਹਿਰਾ ਦਿੰਦੀ ਹੈ, ਜੋ ਖ਼ਜ਼ਾਨੇ ਦੀ ਰਾਖੀ ਕਰਦੀ ਹੈ ਤੇ ਜੇ ਕੋਈ ਧੱਕੇ ਨਾਲ ਰਾਤ ਰਹਿੰਦਾ ਹੈ ਤਾਂ ਸਵੇਰੇ ਉਸ ਦੀ ਲਾਸ਼ ਮਿਲਦੀ ਹੈ! ਦੂਰੋਂ ਨੇੜਿਓਂ ਲੋਕ ਮੇਲੇ 'ਤੇ ਸੁੱਖਾਂ ਮੁਰਾਦਾਂ ਲੈ ਕੇ ਆਉਂਦੇ ਤੇ ਖਾਲੀ ਝੋਲੀਆਂ ਖੁਸ਼ੀਆਂ ਨਾਲ ਭਰ ਕੇ ਲੈ ਜਾਂਦੇ।

ਮੰਮੀ ਦੇ ਵਡੇਰਿਆਂ ਦੀ ਜਗਾ ਟੋਬੇ ਕੋਲ ਹੀ ਬਣੀ ਹੋਈ ਸੀ। ਸ਼ਹੀਦ ਬਾਬਾ ਰਾਮ ਸਿੰਘ ਬਹੁਤ ਕਰਨੀ ਵਾਲੇ ਸਨ। ਕਹਿੰਦੇ, ਕਾਨਿਆਂ ਦੀ ਛੱਤ ਥੱਲੇ ਰਹਿ ਕੇ ਵੀ ਮੀਂਹ ਹਨੇਰੀ 'ਚ ਕਦੀ ਉਨ੍ਹਾਂ ਦਾ ਬਿਸਤਰਾ ਗਿੱਲਾ ਨਹੀਂ ਸੀ ਵੇਖਿਆ। ਜੇ ਕੋਈ ਦੁੱਧ ਦੇ ਜਾਂਦਾ ਤਾਂ ਕੁੱਤਿਆਂ ਨੂੰ ਪਾ ਦਿੰਦੇ ਤੇ ਆਪ ਰੁਖੀ ਸੁੱਖੀ ਹੀ ਖਾਂਦੇ। ਟੋਬੇ ਵਿਚੋਂ ਸਰਦੀਆਂ ਦੇ ਦਿਨੀਂ ਰਜਾਈ ਲੈ ਕੇ ਤੁਰੇ ਫਿਰਦੇ ਲੰਘਦੇ ਤੇ ਜਦੋਂ ਬਾਹਰ ਆਉਂਦੇ ਤੇ ਰਜਾਈ ਤੇ ਲੀੜੇ ਸੁੱਕੇ ਹੁੰਦੇ। ਹੋਲੀਆਂ ਵਾਲੇ ਦਿਨਾਂ 'ਚ ਇਥੇ ਦੀਵਾਨ ਲੱਗਦੇ, ਅਖੰਡ ਪਾਠ ਹੁੰਦਾ, ਸੰਗਤਾਂ ਦੂਰੋਂ ਨੇੜਿਓਂ ਆਉਂਦੀਆਂ।

ਰਵੀ ਕਾਲਜ ਦੀ ਪੜ੍ਹਾਈ ਪੂਰੀ ਕਰਨ ਲਈ ਹੋਸਟਲ ਚਲੀ ਗਈ ਤੇ ਫਿਰ ਪੜ੍ਹਦਿਆਂ ਹੀ ਮਾਸੀ ਦੀ ਨਨਾਣ ਦੇ ਕੈਨੇਡਾ ਤੋਂ ਆਏ ਮੁੰਡੇ ਜੱਸੀ ਨਾਲ ਵਿਆਹ ਹੋ ਗਿਆ।

ਫੇਰ ਮੁੜ ਨਾਨਕੇ ਤਾਂ ਨਾਨਾ ਜੀ ਦੇ ਭੋਗ 'ਤੇ ਹੀ ਆਈ ਸੀ ਤੇ ਹੁਣ! ਇਹ ਸੋਚ ਕੇ ਰਵੀ ਭੁੱਬਾਂ ਮਾਰ-ਮਾਰ ਉਚੀ-ਉਚੀ ਰੋਣ ਲੱਗੀ। ਖੰਨੇ ਸਮਰਾਲਾ ਚੌਕ 'ਚ ਉਤਰ ਕੇ ਉਹਨੇ ਟੈਕਸੀ ਵਾਲੇ ਨੂੰ ਹੱਥ ਦਿੱਤਾ ਤੇ 'ਚਕੋਹੀ' ਜਾਣ ਨੂੰ ਕਿਹਾ। ਇਹ 20 ਵਰ੍ਹੇ ਕਿੱਦਾਂ ਲੰਘ ਗਏ, ਪਤਾ ਹੀ ਨਾ ਲੱਗਿਆ। ਮੰਮੀ ਡੈਡੀ ਕਈ ਵਾਰ ਉਸ ਕੋਲ ਕੈਨੇਡਾ ਆਏ, ਵੱਡੇ ਵੀਰ ਦਾ ਵਧੀਆ ਸੋਹਣਾ ਕੰਮ ਕਾਰ ਹੈ, ਖੇਤੀ ਤੇ ਆੜ੍ਹਤ ਦਾ, ਭਤੀਜਾ ਤੇ ਭਤੀਜ ਨੂੰਹ ਡਾਕਟਰ ਨੇ ਤੇ ਚੰਡੀਗੜ੍ਹ ਰਹਿੰਦੇ ਨੇ, ਤੇ ਛੋਟਾ ਵੀਰ ਅਮਰੀਕਾ ਸੈਟ ਹੈ। ਤੇ ਫਿਰ! ਅੱਜ ਅਚਾਨਕ ਇਹ ਸਭ ਕਿਉਂ? ਜਿਉਂ ਜਿਉਂ ਪਿੰਡ ਨੇੜੇ ਆਉਂਦਾ ਗਿਆ, ਰਵੀ ਦੇ ਹੌਕੇ ਤੇਜ਼ ਹਵਾ 'ਚ ਗੂੰਜਣ ਲੱਗੇ।

ਡਰਾਈਵਰ ਨੇ ਦਰਾਂ ਮੂਹਰੇ ਜ਼ੋਰ ਨਾਲ ਬ੍ਰੇਕ ਮਾਰੀ ਤੇ ਅੱਖਾਂ ਪੂੰਝਦੀ ਰਵੀ ਅੰਦਰ ਵੜੀ, ਵੱਡਾ ਵੀਰ ਤੇ ਭਾਬੀ ਅਤੇ ਛੋਟਾ ਵੀਰ ਡਰਾਇੰਗ ਰੂਮ 'ਚ ਹੀ ਬੈਠੇ ਸਨ। ਰਵੀ ਨੇ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਤਾਂ ਸਿਰ ਹਿਲਾ ਕੇ ਜਵਾਬ ਦੇ ਤਿੰਨੋ ਇਕੱਠੇ ਬੋਲੇ, "ਛੇਤੀ ਮੂੰਹ ਹੱਥ ਧੋ ਲੈ ਕਚਹਿਰੀ ਜਾਣਾ ਵਕੀਲ ਉਡੀਕਦਾ।"

ਰਵੀ ਨੇ ਮੰਮੀ ਦੇ ਰੂਮ 'ਚ ਜਾ ਸਮਾਨ ਰਖਿਆ ਤੇ ਜਦੋਂ ਉਹ ਕਾਹਲੀ ਕਾਹਲੀ ਵਾਸ਼ਰੂਮ 'ਚੋਂ ਬਾਹਰ ਆਉਣ ਲੱਗੀ ਤਾਂ ਦਰਵਾਜ਼ੇ ਕੋਲ ਪਏ ਨਿੰਮ ਦੇ ਸੰਦੂਕ ਨਾਲ ਠੋਕਰ ਖਾ ਕੇ ਅੜਕ ਕੇ ਡਿਗ ਪਈ। ਸੰਦੂਕ ਨੂੰ ਹੱਥ ਲਾ-ਲਾ ਨੀਝ ਨਾਲ ਤੱਕਦੀ ਬੋਲੀ, ਮਾਂ ਤੂੰ ਕਿਥੇ ਚਲੀ ਗਈ, ਇਸ ਭਰੇ ਸੰਸਾਰ 'ਚ ਮੈਨੂੰ ਇਕੱਲਾ ਛੱਡ ਕੇ? ਉਹ ਰੋਣ ਲੱਗੀ। ਮੁੜ ਬੀਤੇ ਵਕਤ 'ਚ ਗੁਆਚ ਗਈ, ਉਹਨੂੰ ਯਾਦ ਆਇਆ, ਕਾਲਜ ਦਾ ਯੂਥ ਫ਼ੈਸਟੀਵਲ ਜਿੱਥੇ ਉਹਨੇ ਆਪਣੀ ਮਾਂ ਦੇ ਦਾਜ ਵਾਲੇ ਗਹਿਣੇ, ਸੱਗੀ ਫੁੱਲ, ਬਾਗ ਤੇ ਜ਼ਰੀ ਵਾਲੀ ਪੱਖੀ ਹੱਥ 'ਚ ਫੜ, ਮਿਸ ਪੰਜਾਬਣ ਕੰਟੈਸਟ ਜਿੱਤਿਆ ਸੀ। ਉਹ ਸਭ ਗਹਿਣੇ-ਗੱਟੇ ਤੇ ਹੋਰ ਨਿੱਕ-ਸੁੱਕ ਉਸ ਨੂੰ ਮੰਮੀ ਨੇ ਦਾਜ ਵਿਚ ਦੇ ਦਿੱਤਾ ਤੇ ਕਿਹਾ ਆਪਣੀ ਮਾਂ ਦੀ ਨਿਸ਼ਾਨੀ ਸੰਭਾਲ ਕੇ ਰੱਖੀਂ।



ਹਾਏ ਰੱਬਾ! ਹੁਣ ਤਾਂ ਨਿਸ਼ਾਨੀਆਂ ਹੀ ਰਹਿ ਗਈਆਂ, ਡੈਡੀ ਤਾਂ 5 ਸਾਲ ਪਹਿਲਾਂ ਸੁੱਤੇ ਪਏ ਹੀ ਰਹਿ ਗਏ ਸੀ ਪਰ ਮੰਮੀ ਨੂੰ ਉਸ ਭਿਆਨਕ ਐਕਸੀਡੈਂਟ ਨੇ ਸਾਥੋਂ ਸਦਾ ਲਈ ਖੋਹ ਲਿਆ, 2 ਦਿਨ ਤੱਕ ਉਹ ਮੈਨੂੰ ਬੇਸੁਰਤ ਹੋਏ ਵੀ ਹਾਕਾਂ ਮਾਰਦੇ ਰਹੇ ਪਰ ਮੇਰੀ ਚੰਦਰੀ ਕਿਸਮਤ, ਮੈਂ ਪਹੁੰਚਣ 'ਚ ਲੇਟ ਹੋ ਗਈ।

ਰਵੀ, ਓ ਰਵੀ! ਹੁਣ ਬਾਹਰ ਆ ਜਾ, ਜ਼ੋਰ ਨਾਲ ਬਾਰ ਖੜਕਿਆ ਤੇ ਉਹ ਦੱਬਦੀ ਘੁੱਟਦੀ ਬਾਹਰ ਆਈ। ਵਕੀਲ ਦੇ ਦਫ਼ਤਰ ਪਹੁੰਚੇ ਤਾਂ ਉਸ ਨੇ ਵਸੀਅਤ ਪੜ੍ਹ ਕੇ ਸੁਣਾਈ। ਦੋਨਾਂ ਭਰਾਵਾਂ ਦੇ ਨਾਮ 'ਤੇ ਵਿਰਾਸਤ ਚੜ੍ਹੀ। ਹੋਰ ਪੈਲ੍ਹ ਤੇ ਸ਼ਹਿਰੀ ਜ਼ਮੀਨ ਜਾਇਦਾਦ ਦੋਨੋਂ ਭਰਾਵਾਂ ਦੇ ਬਰਾਬਰ ਹਿੱਸੇ ਆਈ ਤੇ ਰਵੀ ਨੂੰ ਹਿੱਸੇ ਆਇਆ 'ਲਾਕਰ' ਤੇ ਉਹਨੂੰ ਇਸ ਵਸੀਅਤ 'ਤੇ ਕੋਈ ਇਤਰਾਜ਼ ਨਹੀਂ ਸੀ। ਇਸ ਲਈ ਉਹਨੇ ਸਹਿਮਤੀ ਨਾਲ ਦਸਤਖ਼ਤ ਵੀ ਕਰ ਦਿੱਤੇ। ਵਕੀਲ ਨੇ ਰਵੀ ਨੂੰ ਲਾਕਰ ਦੀ ਚਾਬੀ ਫੜਾਈ ਤੇ ਬੈਂਕ ਜਾ ਕੇ ਲਾਕਰ ਖੋਲ੍ਹਣ ਨੂੰ ਕਿਹਾ। ਉਹਦੇ ਭਰਾ-ਭਰਜਾਈ ਇਸ ਗੱਲੋਂ ਵੀ ਔਖੇ ਸਨ ਕਿ ਆਖ਼ਰ ਲਾਕਰ 'ਚ ਹੈ ਕੀ?

ਰਵੀ ਨੇ ਸਾਰਿਆਂ ਦੇ ਸਾਹਮਣੇ ਜਦੋਂ ਲਾਕਰ ਖੋਲ੍ਹਿਆ ਤਾਂ ਉਸ ਵਿਚ ਇੱਕ ਲਾਲ ਰੰਗ ਦੀ ਗੁਥਲੀ, ਇੱਕ ਚਾਬੀ ਤੇ ਇੱਕ ਚਿੱਠੀ ਸੀ, ਉਹਨੇ ਭੱਜ ਕੇ ਚਿੱਠੀ ਨੂੰ ਚੁੰਮਿਆ ਤੇ ਪੜ੍ਹਨ ਲੱਗੀ। ਭਾਬੀ ਨੇ ਗੁਥਲੀ ਦੇਖੀ ਤਾਂ ਉਸ ਵਿਚੋਂ ਮਿਲਿਆ ਪੰਜੇਬਾਂ ਦਾ ਜੋੜਾ। ਨਿੱਕੀਆਂ ਜਿਹੀਆਂ ਸੋਨੇ ਦੀਆਂ ਵਾਲੀਆਂ, ਗਲ ਦੀ ਚੇਨ ਤੇ ਇੱਕ ਪਲਾਸਟਿਕ ਦੀ ਗੁੱਡੀ। ਇਹ ਦੇਖ ਉਹ ਕਚੀਚੀ ਵਟਦੀ ਬੋਲੀ, ਆਹ ਕੀ ਖੇਹ ਸਵਾਹ ਰਖਿਆ ਲਾਕਰ 'ਚ? ਰਵੀ ਦਾ ਧਿਆਨ ਟੁੱਟਿਆ। ਉਹਨੇ ਭਾਬੀ ਹੱਥੋਂ ਆਪਣਾ ਬਚਪਨ ਫੜ੍ਹ ਕੇ ਮੁੜ ਉਸ ਗੁਥਲੀ 'ਚ ਬੰਨ੍ਹ ਲਿਆ ਤੇ ਚਾਬੀ ਹੱਥ 'ਚ ਫੜ੍ਹ ਚਿੱਠੀ ਪੜ੍ਹਨ ਲੱਗੀ।

ਸਾਡੀ ਪਿਆਰੀ ਲਾਡੋ ਰਾਣੀ,

ਅਸੀਂ ਜਾਣਦੇ ਹਾਂ, ਤੂੰ ਅੱਜ ਬਹੁਤ ਉਦਾਸ ਹੈਂ ਕਿਉਂਕਿ ਅਸੀਂ ਤੇਰੇ ਕੋਲ ਨਹੀਂ, ਪਰ ਤੂੰ ਜਮਾਂ ਹੀ ਹੌਸਲਾ ਨਾ ਹਾਰੀਂ ਪੁੱਤ। ਅਸੀਂ ਤੇਰੀਆਂ ਯਾਦਾਂ 'ਚ ਹਮੇਸ਼ਾ ਤੇਰੇ ਕੋਲ ਰਹਾਂਗੇ, ਤੂੰ ਸਾਡੀ ਰੂਹ ਦਾ ਹਿੱਸਾ ਏ, ਦੇਖ ਸਾਡੇ ਪੁੱਤਾਂ ਨੇ ਜ਼ਮੀਨਾਂ ਵੰਡ ਲਈਆਂ, ਨਕਦੀ ਸਾਂਭ ਲਈ ਪਰ ਸ਼ਾਇਦ ਉਹ ਹਾਲੇ ਵੀ ਸੰਤੁਸ਼ਟ ਨਹੀਂ! ਅਸੀਂ ਜਾਣਦੇ ਹਾਂ ਕਿ ਉਹ ਤੇਰੇ ਨਾਲ ਆਏ ਨੇ ਲਾਕਰ ਦੇਖਣ ਪਰ ਕੋਈ ਗੱਲ ਨਹੀਂ, ਸਾਨੂੰ ਕੋਈ ਚੋਰੀ ਨਹੀਂ। ਅਸੀਂ ਜੋ ਕੁਝ ਤੈਨੂੰ ਦਿੱਤਾ, ਉਨ੍ਹਾਂ ਨੂੰ ਵੀ ਪੂਰਾ ਹੱਕ ਹੈ ਜਾਣਨ ਦਾ। ਧੀਏ ਤੇਰੇ ਹਿੱਸੇ ਸਾਡਾ ਪਿਆਰ, ਅਸੀਸਾਂ, ਗੁੜ੍ਹੀਆਂ ਯਾਦਾਂ ਤੇ ਨਿਸ਼ਾਨੀਆਂ ਆਈਆਂ ਹਨ। ਅਸੀਂ ਜਾਣਦੇ ਹਾਂ ਕਿ ਦਾਤੇ ਨੇ ਤੇਰੇ ਘਰ ਕੋਈ ਕਮੀ ਨਹੀਂ ਬਖ਼ਸ਼ੀ ਪਰ ਇੱਕ ਧੀ ਦੀ ਜ਼ਿੰਦਗੀ ਮਾਪਿਆਂ ਬਿਨਾ ਸਦਾ ਅਧੂਰੀ ਹੀ ਹੁੰਦੀ ਹੈ। ਇਸੇ ਕਰਕੇ ਅਸੀਂ ਤੈਨੂੰ ਆਪਣੀਆਂ ਖਾਸ ਨਿਸ਼ਾਨੀਆਂ ਹਿੱਸੇ ਵਜੋਂ ਦਿੱਤੀਆਂ ਨੇ। ਇਹ ਨਿੰਮ ਵਾਲੇ ਸੰਦੂਕ ਦੀ ਚਾਬੀ ਹੈ, ਜਿਸ ਵਿਚ ਤੇਰੇ ਲਈ ਕੁਝ ਖਾਸ ਰੱਖਿਆ ਹੈ। ਤੂੰ ਇਹ ਸੰਦੂਕ ਆਪਣੇ ਨਾਲ ਕੈਨੇਡਾ ਲੈ ਜਾਈਂ। ਤੈਨੂੰ ਤੇਰੇ ਡੈਡੀ ਦੀ ਉਹ ਲੋਈ ਚੇਤੇ ਆ ਨਾ, ਉਹ ਤੇਰੇ ਡੈਡੀ ਨੇ ਤੈਨੂੰ ਦੇਣ ਨੂੰ ਕਿਹਾ ਸੀ। ਪੁੱਤ ਜਦੋਂ ਕਦੀ ਵੀ ਤੈਨੂੰ ਤੇਰੇ ਡੈਡੀ ਦੀ ਯਾਦ ਆਵੇ, ਉਨ੍ਹਾਂ ਦੀ ਬੁੱਕਲ 'ਚ ਸਿਰ ਧਰ ਰੋਣ ਨੂੰ ਚਿੱਤ ਕਰੇ, ਜ਼ਿੰਦਗੀ ਦੀ ਦੌੜ ਵਿਚ ਮਨ ਡਰੇ ਜਾਂ ਕਦੀ ਪਾਲਾ ਲੱਗੇ ਤਾਂ ਉਨ੍ਹਾਂ ਦੀ ਲੋਈ ਦੀ ਬੁੱਕਲ ਮਾਰ ਲਵੀਂ। ਦੇਖੀ ਤੈਨੂੰ ਜ਼ਰੂਰ ਤੇਰੇ ਡੈਡੀ ਦੀ ਹੋਂਦ ਦਾ ਅਹਿਸਾਸ ਹੋਵੇਗਾ। ਸਰਦੀਆਂ 'ਚ ਉਹ ਲੋਈ ਆਪਣੇ ਕੋਲ ਰੱਖੀਂ, ਤੈਨੂੰ ਨਿੱਕੀ ਹੁੰਦੀ ਨੂੰ ਨਮੂਨੀਆ ਹੋ ਗਿਆ ਸੀ। ਹੁਣ ਅਸੀਂ ਤੇਰੇ ਕੋਲ ਤਾਂ ਨਹੀਂ ਰਹੇ, ਬੱਸ ਤੇਰਾ ਧਿਆਨ ਰੱਖਣ ਦੀ ਕੋਸ਼ਿਸ਼ ਕਰ ਰਹੇ ਹਾਂ। ਸਾਨੂੰ ਪਤਾ, ਹੁਣ ਤੂੰ ਬੱਚਿਆਂ ਵਾਲੀ ਹੋ ਗਈ ਹੈਂ ਤੇ ਆਪਣਾ ਧਿਆਨ ਆਪ ਰੱਖ ਸਕਦੀ ਏਂ। ਪਰ ਕੀ ਕਰੀਏ, ਮਾਪਿਆਂ ਲਈ ਧੀਆਂ ਪੁੱਤ ਸਦਾ ਜਵਾਕ ਹੀ ਰਹਿੰਦੇ ਹਨ। ਨਿੰਮ ਵਾਲੇ ਸੰਦੂਕ 'ਚ ਤੇਰੀ ਮਾਂ ਨੇ ਤੇਰੇ ਲਈ ਉਹ ਜ਼ਰੀ ਵਾਲੀ ਪੱਖੀ ਰੱਖੀ ਹੈ, ਯਾਦ ਆ ਨਾ ਤੈਨੂੰ? ਤੇਰੀ ਅਮਾਨਤ ਐ ਇਹ।

ਤੂੰ ਵੀ ਸੋਚਦੀ ਹੋਵੇਗੀ ਕਿ ਮੇਰੇ ਮਾਪੇ ਕਿੰਨੇ ਕਮਲੇ ਨੇ, ਭਲਾ ਮੇਰੇ ਕੋਲ ਕੰਬਲ ਹੈਨੀ ਜਾਂ ਗਰਮੀ ਲਈ ਏ.ਸੀ. ਹੈਨੀ! ਧੀਏ ਇਹ ਪੱਖੀ ਤੈਨੂੰ ਉਸ ਵੇਲੇ ਠੰਡੀਆਂ ਹਵਾਵਾਂ ਝੱਲੇਗੀ ਜਦੋਂ ਜ਼ਿੰਦਗੀ ਦੇ ਔਖੇ ਸੌਖੇ ਰਾਹਾਂ 'ਤੇ ਤੱਤੀਆਂ ਹਵਾਵਾਂ ਝੁਲਣਗੀਆਂ ਤੇ ਤੂੰ ਆਪਣੇ ਮਾਪਿਆਂ ਦਾ ਸਾਥ ਟੋਲੇਂਗੀ। ਉਦੋਂ ਇਹ ਪੱਖੀ ਠੰਡੀ ਹਵਾ ਦੇ ਨਾਲ ਤੇਰੇ ਵਾਲਾਂ ਨੂੰ ਸਾਡੇ ਹੱਥਾਂ ਵਾਂਗ ਸਹਿਲਾਵੇਗੀ। ਉਨੀਂਦਰੀ ਰਾਤ 'ਚ ਇਹਦੀ ਝਾਲਰ ਨੂੰ ਲੱਗੇ ਘੁੰਗਰੂ ਤੈਨੂੰ ਤੇਰੀ ਮਾਂ ਵਾਂਗ ਲੋਰੀ ਸੁਣਾਉਣਗੇ। ਧੀ ਰਾਣੀਏ! ਅਸੀਂ ਜੱਗ 'ਤੇ ਨਾ ਹੁੰਦੇ ਹੋਏ ਵੀ ਤੈਨੂੰ ਆਪਣੀ ਹੋਂਦ ਦਾ ਅਹਿਸਾਸ ਕਰਾਵਾਂਗੇ। ਤੈਨੂੰ ਹੱਸਦੀ-ਵੱਸਦੀ ਦੇਖਣ ਲਈ ਨਿੱਤ ਤੇਰੇ ਸੁਫ਼ਨੇ 'ਚ ਆਵਾਂਗੇ। ਸਦਾ ਖੁਸ਼ ਰਹਿ, ਤੇਰਾ ਘਰ ਖੁਸ਼ੀਆਂ ਖੇੜਿਆਂ ਨਾਲ ਮਹਿਕਦਾ ਰਹੇ।

ਬਹੁਤ ਸਾਰਾ ਪਿਆਰ ਤੇ ਦੁਲਾਰ
ਤੇਰੇ ਮੰਮੀ-ਡੈਡੀ।

ਚਿੱਠੀ ਪੜ੍ਹਨ ਪਿਛੋਂ ਕਿੰਨਾ ਚਿਰ ਰਵੀ ਬੁੱਤ ਬਣੀ ਬੈਠੀ ਰਹੀ, ਉਹਦੇ ਵੀਰ ਵੀ ਰੋ ਪਏ ਤੇ ਰਵੀ ਨੂੰ ਗਲ ਲਾ ਕੇ ਚੁੱਪ ਕਰਵਾਉਣ ਲੱਗੇ। ਰਵੀ ਸੰਦੂਕ ਵੱਲ ਨੀਝ ਲਾ ਵੇਖਦੀ ਹੋਈ ਆਪ ਮੁਹਾਰੇ ਬੋਲੀ,

ਨਿੰਮ ਦਾ ਸੰਦੂਕ। ਪਰਦੇਸਣ ਧੀ ਦੇ ਹਿੱਸੇ ਆਈ, ਜ਼ਰੀ ਵਾਲੀ ਪੱਖੀ।

## ਮੇਰਾ ਪਿੰਡ ਵਿਚਾਰਾ...ਮੇਰਾ ਪਿੰਡ ਮਦਾਰਾ

ਸਾਰਿਆਂ ਨੂੰ ਹੀ ਲੱਗਦਾ ਹੁੰਦਾ,
ਆਪਣਾ ਪਿੰਡ ਪਿਆਰਾ।
ਮੈਨੂੰ ਵੀ ਹੈ ਬਹੁਤ ਪਿਆਰਾ,
ਆਪਣਾ ਪਿੰਡ ਮਦਾਰਾ।
ਕੁੱਲ ਪੰਜਾਬ 'ਚ ਬਿਜਲੀ ਆਈ,
ਸਾਡੇ ਲੇਟ ਸੀ ਆਈ,
ਇਹੋ ਜਿਹੇ ਦਿਨ ਦੇਖ ਹੈ ਚੁੱਕਿਆ,
ਮੇਰਾ ਪਿੰਡ ਮਦਾਰਾ।
ਕੀੜੀ, ਭੈਣੀ, ਰਾਉਵਾਲ,
ਫਿਰ ਗੋਰਸੀਆਂ ਤੇ ਜੰਡੀ,
ਇਨ੍ਹਾਂ ਦੇ ਵਿਚਕਾਰ ਹੈ ਪੈਂਦਾ,
ਸਾਡਾ ਪਿੰਡ ਮਦਾਰਾ।
ਚੰਡੀਗੜ੍ਹ, ਇੰਗਲੈਂਡ, ਕੈਨੇਡਾ,
ਪਾਕਿਸਤਾਨ, ਅਮਰੀਕਾ,
ਜਿੱਥੇ ਗਿਆ ਮੈਂ ਨਾਲ ਨਾਲ ਹੀ,
ਲੈ ਗਿਆ ਪਿੰਡ ਮਦਾਰਾ।
ਹੁਣ ਤਾਂ ਪੱਕੀਆਂ ਸੜਕਾਂ ਨੇ,
ਤੇ ਦਿਸਦੀਆਂ ਕੋਠੀਆਂ ਕਾਰਾਂ,
ਕਦੇ ਸੀ ਪਾਥੀਆਂ ਦੇ ਵਿਚ ਘਿਰਿਆ,
ਮੇਰਾ ਪਿੰਡ ਮਦਾਰਾ।
ਡਾਕਖਾਨਾ ਜਦ ਬਣਿਆ,
ਸਾਰਾ ਪਿੰਡ ਹੀ ਨੱਚੇ ਗਾਵੇ,
ਅਸੀਂ ਵੀ ਖ਼ਤਾਂ 'ਚ ਲਿਖਿਆ ਕਰਾਂਗੇ,
ਪਿੰਡ ਤੇ ਡਾਕ ਮਦਾਰਾ।
ਮੈਂ ਗੀਤਾਂ ਵਿਚ ਸਿੱਧਵਾਂ ਬੇਟ ਦਾ,
ਜ਼ਿਕਰ ਏਸ ਲਈ ਕਰਦਾਂ,
ਚਲੋ ਏਸ ਤਰ੍ਹਾਂ ਹੀ ਪਤਾ ਲੱਗ ਜੂ,
ਕਿੱਥੇ ਪਿੰਡ ਮਦਾਰਾ।
ਅਮਲੀ, ਵੈਲੀ, ਸਾਧ ਤੇ ਫ਼ੌਜੀ,
ਛੱਪੜਾਂ ਉਤੇ ਮੇਲੇ,
ਵੰਨ-ਸੁਵੰਨੇ 'ਫੁੱਲਾਂ' ਨਾਲ ਸੀ,
ਭਰਿਆ ਪਿੰਡ ਮਦਾਰਾ।
ਬਹੁਤੇ ਘਰੀਂ ਗ਼ਰੀਬੀ ਸੀ,
ਤੇ ਦੋ ਡੰਗ ਦੀ ਬੱਸ ਰੋਟੀ,
ਟਾਵੇਂ ਟਾਵੇਂ ਘਰ ਦਾ ਸੀ ਊਂ,
ਚੰਗਾ ਖ਼ੂਬ ਗੁਜ਼ਾਰਾ।
ਵੱਡੇ ਸ਼ਹਿਰਾਂ ਤੋਂ ਦੂਰ ਹੈ ਪੈਂਦਾ,
ਏਸੇ ਲਈ ਹੈ ਬਚਿਆ,
ਨਹੀਂ ਤਾਂ ਲੱਭਿਆਂ ਲੱਭਣਾ ਨਹੀਂ ਸੀ,
ਅੱਜ ਇਹ ਪਿੰਡ ਮਦਾਰਾ।
ਲਿਖਣ ਤੇ ਬੋਲਣ ਦੀ ਭਾਸ਼ਾ ਵਿਚ,
ਕੁਝ ਫ਼ਰਕ ਹੈ ਹੁੰਦਾ,
ਕਾਗਜ਼ਾਂ ਵਿਚ ਮਦਾਰਪੁਰਾ ਹੈ,
ਬੋਲਣ ਵਿਚ ਮਦਾਰਾ।
ਏਥੇ ਇਕ ਮਸੀਤ ਤੇ ਉਸ ਦਾ,
ਹੈ ਇਤਿਹਾਸ ਨਿਆਰਾ,
ਏਸੇ ਵਿਚ ਸਕੂਲ ਸੀ, ਜੰਞਘਰ,
ਏਥੇ ਹੀ ਗੁਰਦੁਆਰਾ।
ਛੱਤ 'ਤੇ ਸੁੱਤੇ ਉਠ ਬਹਿੰਦੇ ਸੀ,
ਹਾਲ-ਦੁਹਾਈ ਪਾਉਂਦੇ,
ਜਦ ਵੀ ਕਿਧਰੇ ਤੱਕ ਲੈਂਦੇ ਸੀ,
ਅੰਬਰੀਂ ਤੁਰਦਾ ਤਾਰਾ।
ਪੱਠੇ ਕੁਤਰੇ, ਮੱਝਾਂ ਚਾਰੀਆਂ,
ਖੂਹ 'ਤੇ ਬਲਦ ਵੀ ਹੱਕੇ,
ਟਿੱਬੇ ਬਹਿ ਕੇ ਗਾਇਆ,
ਨਾਲ ਵਜਾਇਆ ਸੀ ਇਕ-ਤਾਰਾ।
ਯਮਲ੍ਹਾ, ਬੀਬਾ, ਗਰੇਵਾਲ,
ਜਗਮੋਹਨ ਕੌਰ ਵੀ ਆਈ,
ਬਿੰਦਰੱਖੀਆ ਤੇ ਬਿੱਟੀ ਕਦੇ ਵੀ,
ਦੇਖ ਨਾ ਸਕੇ ਮਦਾਰਾ।
ਇਸ ਮਿੱਟੀ ਦਾ ਮੈਥੋਂ ਕਰਜ਼ਾ,
ਲਾਹ ਨ੍ਹੀਂ ਹੋਣਾ ਸਾਰਾ,
ਭਾਵੇਂ ਮੇਰੇ ਰੋਮ ਰੋਮ,
ਤੇ ਖ਼ੂਨ ਦੇ ਵਿਚ ਮਦਾਰਾ।
ਸਰਵਣ, ਪਾਸ਼, ਦੀਦਾਰ ਤੇ ਮਾਣਕ,
ਚਰਨ ਸੀ ਏਥੇ ਪਾ ਗਏ,
ਚਿੜੀ ਦੇ ਪੌਂਚੇ ਜਿਤਨੇ ਪਿੰਡ ਦਾ,
ਇਹ ਇਤਿਹਾਸ ਨਿਆਰਾ।
ਰੋਟੀ ਰੋਜ਼ੀ ਪੜ੍ਹਨ ਦੀ ਖ਼ਾਤਰ,
ਛੱਡਿਆ ਪਿੰਡ ਪਿਆਰਾ,
ਚੇਤਿਆਂ ਵਿਚੋਂ ਇਕ ਪਲ ਵੀ,
ਵਿਸਰਿਆ ਨਹੀਂ ਮਦਾਰਾ।
ਮਾਨ ਮਰਾੜ੍ਹਾਂ, ਦੇਵ ਥਰੀਕੇ,
ਹਸਨਪੁਰੀ ਜਦ ਤੱਕੇ,
ਮੈਂ ਵੀ ਗੀਤਾਂ ਦੇ ਵਿਚ ਮੁੜ ਮੁੜ,
ਭਰ'ਤਾ ਪਿੰਡ ਮਦਾਰਾ।
ਕੁਦਰਤ ਦਾ ਹੈ ਨਿਯਮ ਬਦਲਣਾ,
ਬਦਲ ਗਏ ਪਿੰਡ ਸਾਰੇ,
ਕੁੱਲ ਪੰਜਾਬ ਹੀ ਬਦਲਿਆ ਲੱਗਦਾ,
ਜੀਕਣ ਪਿੰਡ ਮਦਾਰਾ।
ਜੰਮਿਆ ਸੀ ਮੈਂ ਮਾਣੂੰਕੇ,
ਪਰ ਰਿੜ੍ਹਿਆ ਆ ਕੇ ਏਥੇ,
ਓਦੋਂ ਤੋਂ ਹੀ ਨਾਉਂ ਮੇਰੇ ਨਾਲ,
ਜੁੜ ਗਿਆ ਪਿੰਡ ਮਦਾਰਾ।
ਚੰਨਣ ਸਿੰਘ ਹਰਦਿਆਲ ਸਿੰਘ,
ਜੇ ਜਿਉਂਦੇ ਹੁੰਦੇ, ਕਹਿੰਦੇ-
ਦੂਰ ਦੂਰ ਪਹੁੰਚਾ ਦਿੱਤਾ ਤੂੰ,
ਪੁੱਤਰਾ ਪਿੰਡ ਮਦਾਰਾ।
ਬਾਹਰੋਂ ਆਏ ਲੋਕ ਪਿੰਡਾਂ ਲਈ,
ਸੌ ਸੌ ਕੰਮ ਨੇ ਕਰਦੇ,
ਝੋਰਾ ਹੈ ਕਿ ਪਿੰਡ ਲਈ ਮੈਂ ਕੁਝ,
ਬਣਿਆ ਨਹੀਂ ਸਹਾਰਾ।
ਚੰਡੀਗੜ੍ਹ ਮੈਂ ਰਹਿਨਾਂ,
ਹੱਸਦਾ ਵੱਸਦਾ ਮੌਜਾਂ ਕਰਦਾਂ,
ਪਰ ਅੰਦਰ ਵੜ ਮੈਂ ਰੋ ਲੈਨਾਂ,
ਜਦ ਆਉਂਦਾ ਯਾਦ ਮਦਾਰਾ।
ਆਮ ਜਿਹਾ ਸੀ, ਆਮ ਲਿਖਾਰੀ,
ਪਰ ਇਕ ਕੰਮ ਕਰ ਛੱਡਿਆ,
ਦੇਸ ਪੰਜਾਬ ਦੇ ਨਕਸ਼ੇ ਉਤੇ,
ਚਾੜ੍ਹ'ਤਾ ਪਿੰਡ ਮਦਾਰਾ।
ਮਾਂ ਵੀ ਚੇਤੇ ਭੈਣ ਭਰਾ ਵੀ,
ਪਰ ਬਾਪੂ ਕੁਝ ਜ਼ਿਆਦਾ,
ਸਾਰੀ ਉਮਰ ਹੀ ਕਰਜ਼ੇ ਨੂੰ ਜੋ,
ਢੋਂਦਾ ਰਿਹਾ ਵਿਚਾਰਾ।
ਸ਼ਾਲਾ! ਪਿੰਡ 'ਚੋਂ ਉਠੇ,
ਇਸ ਨੂੰ ਹੋਰ ਵੀ ਲੈ'ਜੇ ਅੱਗੇ,
ਜਿੱਥੋਂ ਤਕ ਲਿਜਾ ਨਾ ਸਕਿਆ,
ਮੈਂ ਇਹ ਪਿੰਡ ਮਦਾਰਾ।
ਚਿੱਤ ਖ਼ੁਸ਼ ਹੁੰਦਾ ਜਦ ਅਕਸਰ ਹੀ,
ਪੁੱਛਦੇ ਚੈਨਲਾਂ ਵਾਲੇ,
ਸੰਧੂਆ ਕਿਹੜੀ ਸੜਕ 'ਤੇ ਪੈਂਦਾ,
ਇਹ ਜੋ ਪਿੰਡ ਮਦਾਰਾ।

*-ਸ਼ਮਸ਼ੇਰ ਸੰਧੂ*
*ਫੋਨ: +91-98763-12860*

ਕਹਾਣੀ

# ਵਿੱਥ

***ਕਹਿਣ ਨੂੰ ਜ਼ਮਾਨਾ ਭਾਵੇਂ ਬਦਲ ਗਿਆ ਹੈ ਪਰ ਜਾਤ-ਪਾਤ ਅਤੇ ਊਚ-ਨੀਚ ਦਾ ਕੋਹੜ ਅਜੇ ਵੀ ਸਾਡੇ ਸਮਾਜ ਵਿਚ ਜਿਉਂ ਦਾ ਤਿਉਂ ਕਾਇਮ ਹੈ। ਜਦੋਂ ਕੋਈ ਕਦੀ ਜਾਤ-ਪਾਤ ਦੀ ਇਸ ਵਿਥ ਨੂੰ ਤੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਵੈਰ ਵਿਢ ਹੋ ਜਾਂਦੇ ਹਨ। ਗੱਲ ਕਤਲਾਂ ਤਕ ਜਾ ਪਹੁੰਚਦੀ ਹੈ। ਆਪਣੇ-ਆਪ ਨੂੰ ਅਗ੍ਹਾਂਵਧੂ ਅਖਵਾਉਣ ਵਾਲੇ ਲੋਕ ਵੀ ਇਸ ਵਿਥ ਨੂੰ ਪਾਰ ਨਹੀਂ ਕਰ ਪਾਉਂਦੇ। ਇਸ ਕਹਾਣੀ ਦੀ ਨਾਇਕਾ ਹਰਪ੍ਰੀਤ ਅਖੌਤੀ ਉਚੀ ਜਾਤ ਵਿਚੋਂ ਹੈ ਅਤੇ ਉਸ ਦਾ ਪ੍ਰੇਮੀ ਕਥਿਤ ਨੀਵੀਂ ਜਾਤ ਵਿਚੋਂ। ਦੋਹੇਂ ਕੋਰਟ ਮੈਰਿਜ਼ ਕਰ ਲੈਂਦੇ ਹਨ। ਹਰਪ੍ਰੀਤ ਦੇ ਮਾਪੇ ਮਨਕਸਾਂਦੇ ਇਸ ਵਿਆਹ ਨੂੰ ਪ੍ਰਵਾਨ ਤਾਂ ਕਰ ਲੈਂਦੇ ਹਨ ਪਰ ਅੰਦਰਲੀ ਵਿਥ ਮਿਟਦੀ ਨਹੀਂ। ਕਹਾਣੀਕਾਰ ਪ੍ਰੇਮ ਗੋਰਖੀ ਨੇ ਇਹੋ ਸਭ ਕੁਝ ਆਪਣੀ ਇਸ ਕਹਾਣੀ ਵਿਚ ਚਿਤਰਿਆ ਹੈ।-ਸੰਪਾਦਕ***

ਕਾਮਰੇਡ ਨੇ ਘੁਟ ਕੇ ਗੇਟ ਨੂੰ ਫੜ ਲਿਆ ਤਾਂ ਉਹ ਡਿਗਣੋ ਬਚ ਗਿਆ। ਸੰਭਲ ਕੇ ਫੇਰ ਤੁਰਿਆ ਤਾਂ ਡਿਕੋ-ਡੋਲੇ ਖਾਂਦਾ ਮੇਰੇ ਸਾਹਮਣੇ ਕੁਰਸੀ ਵਿਚ ਆਣ ਡਿਗਿਆ। ਉਹਦੀ ਪਗ ਟੇਢੀ ਹੋ ਗਈ ਅਤੇ ਅੱਖਾਂ ਵਿਚ ਡੋਰੇ ਉਤਰ ਆਏ ਸਨ। ਉਹ ਪਿਛਾਂਹ ਸਿਰ ਸੁਟੀ ਇਕ ਟਕ ਨਸ਼ਈ ਅੱਖਾਂ ਵਿਚੋਂ ਮੈਨੂੰ ਘੂਰਨ ਲਗ ਪਿਆ। ਏਨੇ ਨੂੰ ਉਹਦੀ ਪਤਨੀ ਅੰਦਰੋਂ ਆਈ ਅਤੇ ਉਹਦੀ ਪਗ ਸਿਧੀ ਕਰ ਦਿਤੀ।

"ਓਏ ਕੀ ਹੋ ਗਿਆ, ਕੁਝ ਨ੍ਹੀਂ ਹੁੰਦਾ ਸਰਦਾਰਾਂ ਦੀ ਪਗ ਨੂੰ " ਕਹਿੰਦਾ ਫੇਰ ਉਹ ਆਪ ਹੀ ਪਗ ਠੀਕ ਕਰਨ ਲਗ ਪਿਆ।

"ਛੋਟੇ ਭਾਈ ਲੈ ਲੈ ਕਾਰ ਦਾ ਹੂਟਾ ਲੈ ਆ ਨਿਆਣਿਆਂ ਨੂੰ ਵੀ, ਲੈ ਜਾ ਨਾਲ ਐਵੇਂ ਬੋਰ ਹੁੰਦੇ

ਪ੍ਰੇਮ ਗੋਰਖੀ

ਆਂ। ਲੈ ਜਾਓ ਮੇਰੀ ਮਾਰੂਤੀ ਸ਼ਹਿਰ ਘੁੰਮ ਆਓ।" ਉਹ ਅਖਾਂ ਅਗੇ ਚਾਬੀ ਲਹਿਰਾਉਂਦਾ ਕਹਿ ਰਿਹਾ ਸੀ।

"ਭਾ ਜੀ ਇਨ੍ਹਾਂ ਨੇ ਨ੍ਹੀਂ ਜਾਣਾ, ਉਠੋ ਤੁਸੀਂ ਅੰਦਰ ਆਰਾਮ ਕਰ ਲਓ ਅੰਦਰ ਮੰਮੀ ਬੁਲਾਉਂਦੇ ਆ।" ਮੈਂ ਤਾਂ ਕੋਈ ਜਵਾਬ ਨਾ ਦਿਤਾ, ਪਰ ਹਰਪ੍ਰੀਤ ਨੇ ਆ ਕੇ ਉਹਦੇ ਹੱਥੋਂ ਚਾਬੀ ਫੜ ਕੇ ਉਹਦੀ ਗੱਲ ਬਦਲਣੀ ਚਾਹੀ।

"ਇਹ ਪ੍ਰੀਤੀਏ ਤੂੰ ਐਵੇਂ ਬਹੁਤੀ ਪ੍ਰੋਫੈਸਰੀ ਨਾ ਘੋਟੀਂ। ਆਹੋ ਆਹੋ! ਮੈਂ ਆਪਣੇ ਭਾਈ ਨੂੰ ਕਹਿਨਾਂ ਤੂੰ ਐਵੇਂ ਕਿਉਂ ਭਾ...ਹੈ ਕਿ ਨ੍ਹੀਂ?" ਕਾਮਰੇਡ ਨੂੰ ਗੱਲ ਕਰਨੀ ਔਖੀ ਹੋ ਗਈ ਸੀ।

"ਗੁਰ ਤੁਸੀਂ ਉਪਰ ਚਲੋ ਨਾਲੇ ਸਰਘੀ ਕੱਲੀ ਆ, ਉਪਰ ਕੋਈ ਕਿਤਾਬ ਪੜ੍ਹ ਲਿਓ।" ਪ੍ਰੀਤੀ ਬਹਾਨੇ ਨਾਲ ਮੈਨੂੰ ਉਠਾ ਕੇ ਪਉੜੀਆਂ ਕੋਲ ਛਡ ਗਈ, "ਐਵੇਂ ਜੂਠ ਜਿਹਾ ਬਹੁਤ ਗੱਲਾਂ ਆਉਂਦੀਆਂ", ਉਹ ਮੁੜਨ ਲਗੀ ਬੋਲੀ।

"ਮੈਂ ਸ਼ਹਿਰ ਜਾਣਾ ਬਈ ਏ ਪ੍ਰੀਤੀਏ ਆਹ ਆਪਣੀ ਸੈਕਲੀ ਜਿਹੀ ਪਰਾਂ ਕਰ ਲਓ।" ਮੈਂ ਉਪਰ ਖੜੇ ਨੇ ਵੇਖਿਆ ਤਾਂ ਕਾਮਰੇਡ ਕਾਰ ਕੋਲ ਖੜ੍ਹਾ ਸੀ।

"ਵੇ ਵਡਿਆ ਜਗੀਰਦਾਰਾ ਬਹਿੰਦਾ ਕਿ ਨਈਂ ਰਾਮ ਨਾਲ ਪ੍ਰਾਹੁਣੇ ਦੇ ਮੋਟਰਸ਼ੈਕਲ ਨੂੰ ਸੈਕਲੀ ਈ ਦਸਦੈ।" ਪ੍ਰੀਤੀ ਦੀ ਭੂਆ ਅੰਦਰੋਂ ਬਾਹਰ ਨੂੰ ਆਉਂਦੀ ਦਬਕਾ ਮਾਰ ਕੇ ਬੋਲੀ ਤਾਂ ਕਾਮਰੇਡ ਦੰਦੀਆਂ ਕੱਢਣ ਲਗ ਪਿਆ।

ਸਰਘੀ ਨੁਆਰੀ ਪਲੰਘ ਤੇ ਸੁਤੀ ਪਈ ਸੀ। ਉਪਰ ਪਖਾ ਚਲ ਰਿਹਾ ਸੀ। ਉਹਦੇ ਲੰਮੇ ਕੱਕੇ ਵਾਲ ਹਵਾ ਨਾਲ ਉਹਦੇ ਚਿਹਰੇ 'ਤੇ ਫੈਲੇ ਹੋਏ ਸਨ। ਉਹ ਇਉਂ ਲਤਾਂ ਪਸਾਰ ਕੇ ਪਈ ਸੀ ਜਿਵੇਂ ਕੋਈ ਬਹੁਤ ਥਕ-ਟੁਟ ਕੇ ਪਿਆ ਹੋਵੇ। ਅਸੀਂ ਦਸ ਵਜੇ ਪਿੰਡ ਪਹੁੰਚੇ ਸੀ, ਇਹ ਉਦੋਂ ਤੋਂ ਹੀ ਖੇਡਦੀ ਭਜਦੀ ਰਹੀ ਸੀ। ਇਹਦੇ ਲਈ ਅਜ ਦਾ ਦਿਨ ਅਜੀਬ ਖੁਸ਼ੀਆਂ ਭਰਿਆ ਦਿਨ ਸੀ। ਇਹ ਸਾਢੇ ਤਿੰਨ ਸਾਲਾਂ ਦੀ ਹੋ ਕੇ ਪਹਿਲੀ ਵਾਰ ਆਪਣੇ ਨਾਨਕੀਂ ਆਈ ਸੀ। ਹਰਪ੍ਰੀਤ ਨੇ ਇਹਨੂੰ ਸਿਰਫ ਨਾਨੇ ਦੀਆਂ ਕਹਾਣੀਆਂ ਸੁਣਾਈਆਂ ਸਨ ਜਾਂ ਫੇਰ ਫੋਟੋਆਂ ਵਿਖਾਈਆਂ ਸਨ। ਨਾਨੀ ਇਹਦੇ ਜੰਮਣ ਦੇ ਬਾਅਦ ਤਿੰਨ-ਚਾਰ ਵਾਰ ਆ ਚੁਕੀ ਸੀ,ਉਹ ਵੀ ਜਦੋਂ ਸ਼ਹਿਰ ਅਸੀਂ ਨਵਾਂ ਘਰ ਛਤ ਲਿਆ ਸੀ। ਇਹਦਾ ਮਾਮਾ ਹਰਨੇਕ ਵੀ ਕਦੇ-ਕਦੇ ਗੇੜਾ ਮਾਰਦਾ ਰਹਿੰਦਾ ਸੀ। ਇਕ ਨਾਨਾ ਹੀ ਸੀ ਜਿਸ ਨੇ ਇਹਨੂੰ ਪਹਿਲੀ ਵਾਰ ਵੇਖਿਆ ਸੀ।

"ਮੰਮੀ ਇਹ ਨਾਨਾ ਜੀ ਫੋਟੋ ਵਾਲੇ ਨੇ, ਆਪਣੇ ਘਰ" ਪ੍ਰੀਤੀ ਜਦੋਂ ਆਪਣੇ ਪਿਤਾ ਦੇ ਗਲ ਲਗ ਕੇ ਰੋ ਹਟੀ ਤਾਂ ਸਰਘੀ ਬੋਲੀ ਸੀ, ਹੈਰਾਨੀ ਜਿਹੀ ਨਾਲ।

"ਹਾਂ ਬੇਟਾ ਨਾਨਾ ਜੀ ਨਾਲ ਲਾਡੀ ਕਰੋ" ਪ੍ਰੀਤੀ ਦੇ ਬੋਲਣ ਤੋਂ ਪਹਿਲਾਂ ਹੀ ਉਹਦੇ ਡੈਡੀ ਨੇ ਸਰਘੀ ਨੂੰ ਛਾਤੀ ਨਾਲ ਘੁਟ ਲਿਆ ਸੀ। ਫੇਰ ਉਹਦੇ ਨਕਸ਼ਾਂ ਨੂੰ ਨਿਹਾਰਦਾ ਸਰਘੀ ਦਾ ਮੂੰਹ ਚੁੰਮਦਾ ਬੋਲਿਆ ਸੀ, "ਪ੍ਰੀਤੀ ਬਸ ਤੇਰਾਂ ਰੂਪ ਈ ਆ ਇਨ-ਬਿਨ, ਭੋਰਾ ਫਰਕ ਨਹੀਂ। ਬਸ ਅਖਾਂ ਗੁਰਬਖ਼ਸ਼ 'ਤੇ ਗਈਆਂ, ਇਹਦੇ ਵਰਗੀਆਂ ਬਿਲੀਆਂ।"

ਚਾਹ ਪੀ ਕੇ ਪ੍ਰੀਤੀ ਦੇ ਡੈਡੀ ਨੇ ਕਿਹਾ, "ਆਓ, ਪ੍ਰੀਤੀ ਨੂੰ ਆਪਣਾ ਖੂਹ ਵਿਖਾ ਕੇ ਲਿਆਈਏ। ਪ੍ਰਾਹੁਣੇ ਤਾਂ ਅਜੇ ਬਾਰਾਂ ਵਜਦੇ ਨੂੰ ਆਉਣਗੇ।" ਸਰਘੀ ਨੂੰ ਕੁਛੜ ਚੁਕ ਕੇ ਉਹ ਅਗੇ ਅਗੇ ਹੋ ਤੁਰੇ ਸਨ। ਖੂਹ ਤਾਂ ਪਿੰਡ ਦੇ ਨਾਲ ਹੀ ਸੀ। ਪਹਿਲਾਂ ਢਾਬ, ਫੇਰ ਸ਼ਿਵਾਲਾ ਤੇ ਨਾਲ ਖੇਤ। ਫਿਰਨੀਓਂ ਲਹਿ ਕੇ ਮੋਟਰ ਸੀ। ਵਿਆਹ ਤੋਂ ਪਹਿਲਾਂ ਜਦੋਂ ਹਰਪ੍ਰੀਤ ਮੈਨੂੰ ਇਕ ਵਾਰ ਲੈ ਕੇ ਆਈ ਤਾਂ ਅਸੀਂ ਖੂਹ 'ਤੇ ਵੀ ਆਏ ਸੀ। ਉਦੋਂ ਮੋਟਰ ਨਹੀਂ ਸੀ ਲਾਈ। ਹੁਣ ਤਾਂ ਟਿਊਬਵੈਲ ਲਾ ਲਿਆ ਸੀ, ਪਸ਼ੂਆਂ ਲਈ ਖੁਲ੍ਹਾ ਕੋਠਾ ਪਾ ਲਿਆ ਸੀ ਅਤੇ ਵਗਲ ਕਰ ਲਿਆ ਸੀ।

ਪ੍ਰੀਤੀ ਦੇ ਡੈਡੀ ਛੋਟੇ ਛੋਟੇ ਸਵਾਲ ਕਰਦੇ ਕਰਦੇ ਤੁਰੇ ਆਏ। "ਵਾਹਵਾ ਤਨਖਾਹਾਂ ਹੋਣਗੀਆਂ ਹੁਣ ਤਾਂ?"

"ਹਾਂ ਜੀ ਬਹੁਤ ਆ"

"ਹੈ ਦੋਹਾਂ ਦੀ ਮਿਲਾ ਕੇ ਪੰਜ ਛੇ ਹਜ਼ਾਰ?" ਡੈਡੀ ਨੇ ਪੁਛਿਆ।

"ਬੱਸ ਜੀ, ਕੱਟ ਕਟਾ ਕੇ ਦੋਹਾਂ ਨੂੰ ਟੋਟਲ ਚੌਦਾਂ ਕੁ ਹਜ਼ਾਰ ਮਿਲ ਜਾਂਦਾ।"

"ਹੈਂ! ਚੌਦਾਂ ਹਜ਼ਾਰ!" ਉਹ ਤ੍ਰਬਕ ਕੇ ਖੜ੍ਹ ਗਏ। ਸਰਘੀ ਉਨ੍ਹਾਂ ਦੇ ਹੱਥਾਂ ਵਿਚੋਂ ਹੇਠਾਂ ਨੂੰ ਲੁੜ੍ਹਕ ਆਈ।

ਖੂਹ ਉਤੇ ਆ ਕੇ ਫਿਰ ਉਨ੍ਹਾਂ ਮੇਰੇ ਨਾਲ ਬਹੁਤੀ ਗੱਲਬਾਤ ਨਾ ਕੀਤੀ। ਉਹ ਟਰੈਕਟਰ ਉਤੇ ਸਰਘੀ ਨੂੰ ਬਿਠਾਉਂਦੇ ਉਹਦੇ ਨਾਲ ਗੱਲੀਂ ਪੈ ਗਏ, "ਮੇਰਾ ਪੁਤ ਟਰੈਕਟਰ ਚਲਾਊਗਾ ਹੈਂ ਪਈ? ਥੁਹਾਡੇ ਘਰ ਹੈਨੀ ਨਾ ਏਦਾਂ ਦਾ ਟਰੈਕਟਰ। ਥੁਹਾਡੇ ਘਰ ਤਾਂ ਟੂਬੈਲ ਵੀ ਹੈਨੀ। ਹੈਂ ਪਈ ਸਰਘੀ, ਥੁਹਾਡੇ ਘਰ ਐਨੀਆ ਮਹੀਆਂ ਹੈਗੀਆਂ? ਪਤਾ ਐਨਾ ਦੁਧ ਹੁੰਦਾ ਸਾਡੇ। ਤੁਸੀਂ ਤਾਂ ਦੋਧੀ ਕੋਲੋਂ ਲੈਂਦੇ ਹੋਵੋਗੇ, ਕਿਲੋ ਦੋ ਕਿਲੋ।" ਗੱਲਾਂ ਕਰਦੇ ਉਹ ਸਰਘੀ ਨੂੰ ਚੁਕੀ ਮੋਟਰ ਕੋਲ ਜਾ ਖੜ੍ਹੇ, "ਪੁਤ ਉਹ ਆਪਣੇ ਖੇਤ ਆ ਦੇਖ ਕਿੰਨਾ ਝੋਨਾ ਆ, ਚੌਲ ਆ ਚੌਲ। ਓਹ ਕਮਾਦੀ ਆ, ਗੰਨੇ। ਛੱਲੀਆਂ ਆਪਾਂ ਵਢ ਲਈਆਂ।" ਵਿਚੋਂ ਹੀ ਗੱਲ ਤੋੜ ਕੇ ਉਹ ਮੇਰੇ ਵਲ ਹੋ ਗਏ, "ਗੁਰਬਖਸ਼ ਅਹੁ ਚਾਰੇ ਖੇਤ, ਓ ਜਿਥੇ ਕਿੱਕਰ ਖੜ੍ਹੀ ਆ, ਪਰੂੰ ਮੈਂ ਲਏ। ਨੇਕ ਤਾਂ ਕਹਿੰਦਾ ਸੀ ਡੈਡੀ ਛਡੋ ਪਰ੍ਹਾਂ ਪਰ ਸਸਤੇ ਮਿਲਦੇ ਸੀ, ਨਾਲੇ ਸੂਏ ਦਾ ਪਾਣੀ ਖੁਲ੍ਹਾ। ਮਿੱਟੀ ਰਤਾ ਕੈੜੀ ਆ, ਪਰ ਚੌਲੀਂ ਸਰ ਗਿਆ। ਜਿਹਦੇ ਕੋਲ ਸੀ ਅਮਲ ਖਾਂਦਾ ਸੀ, ਵੇਚ ਕੇ ਵਿਹਲਾ ਹੋਇਆ। ਪਹਿਲਾਂ ਚਾਰ ਖੇਤ ਉਹਨੇ ਆਦਧਰਮੀਆਂ ਨੂੰ ਵੇਚ'ਤੇ, ਸਾਨੂੰ ਖਬਰ ਈ ਬਾਦ ਵਿਚ ਹੋਈ। ਸਾਡੇ ਏਥੇ ਆਦਧਰਮੀ ਤਕੜੇ ਆ। ਕਈਆਂ ਕੋਲ ਖੇਤ ਹੈਗੇ ਆ।"

"ਚੱਲੀਏ ਬੇਟਾ ਸਰਘੀ ਆ ਚਲੀਏ।" ਮੈਂ ਚਲ੍ਹੇ ਵਿਚ ਪਾਣੀ ਨਾਲ ਖੇਲਦੀ ਨੂੰ ਚੁਕਿਆ ਤਾਂ ਗੱਲਾਂ ਬੰਦ ਹੋਈਆਂ। ਆਲਾ-ਦੁਆਲਾ ਬਹੁਤ ਖੁੱਲ੍ਹਾ ਸੀ ਪਰ ਮੇਰਾ ਤਾਂ ਸਾਹ ਘੁਟਿਆ ਗਿਆ ਸੀ, ਜਿੱਦਾਂ ਕੱਚਾ ਧੂੰਆਂ ਨੱਕ ਨੂੰ ਚੜ੍ਹ ਗਿਆ ਹੋਵੇ।

ਘਰ ਪਹੁੰਚੇ ਤਾਂ ਹਰਪ੍ਰੀਤ ਦੀ ਵਡੀ ਭੈਣ ਗੁਰਪ੍ਰੀਤ ਤੇ ਉਹਦਾ ਪਤੀ ਕਾਮਰੇਡ ਆਏ ਬੈਠੇ ਸੀ। ਹਰਨੇਕ ਵੀ ਮਠਿਆਈ ਵਗੈਰਾ ਲੈ ਆਇਆ ਸੀ। ਉਹ ਸਰਘੀ ਨੂੰ ਚੁਕਣ ਲੱਗਾ ਤਾਂ ਮੈਂ ਉਹਨੂੰ ਮੰਗਣੇ ਦੀ ਵਧਾਈ ਦਿਤੀ। ਉਹ ਸ਼ਰਮਾ ਜਿਹਾ ਗਿਆ।

ਮੈਂ ਪਲੰਘ ਉਤੇ ਬੈਠਦਿਆਂ ਸਰਘੀ ਦੇ ਮੱਥੇ ਉਤੇ ਫੈਲੇ ਵਾਲਾਂ ਨੂੰ ਛੁਹਿਆ। ਚਿਤ ਕੀਤਾ ਇਹਨੂੰ ਜਗਾ ਕੇ ਇਹਦੇ ਨਾਲ ਗੱਲਾਂ ਕਰਾਂ। ਇਹਨੂੰ ਕਹਾਂ, ਮੈਨੂੰ 'ਲਵ ਸਟੋਰੀ' ਸੁਣਾਵੇ। ਇਹ ਕਹਿਣਾ ਸ਼ੁਰੂ ਕਰੇਗੀ "ਇਕ ਸੀ ਗੁਰ ਇਕ ਸੀ ਪ੍ਰੀਤੀ ਹੈਂ, ਦੋਹਾਂ ਦਾ ਬਹੁਤ-ਤ-ਲਵ ਸੀ ਹੈਂ, ਫੇ ਦੋਹਾਂ ਦਾ ਵਿਆਹ ਹੋ ਗਿਆ। ਪ੍ਰੀਤੀ ਦਾ ਡੈਡੀ ਕਹਿੰਦਾ, ਨਈਂ ਨਈਂ...ਫੇ ਪਤਾ ਕੀ ਹੋਇਆ...ਫੇ ਹਨਾ...ਸਰਘੀ ਆ ਗਈ...ਫੇ ਲਵ ਜਿਤ ਗਿਆ...ਨਾਨਾ ਹਾਰ ਗਿਆ। ਮੇਰੀ ਸਟੋਰੀ ਖਤਮ ਪੈਸਾ ਹਜ਼ਮ।" ਤੇ ਇਹ ਸਿਰ ਇਧਰ ਉਧਰ ਘੁੰਮਾਏਗੀ। ਮੈਨੂੰ ਇਹ ਗੱਲ ਖੂਹ ਉਤੇ ਕਿਉਂ ਨਾ ਯਾਦ ਆਈ ਮੈਂ ਮਨ ਹੀ ਮਨ ਪਛਤਾਇਆ।

ਮੈਂ ਲੰਮਾ ਪੈ ਗਿਆ। ਛਤ ਦੀਆਂ ਟਾਇਲਾਂ ਗਿਣਨ ਲੱਗਾ। ਪੂਰੀ ਪਾਲ ਵਿਚ ਪੈਂਤੀ ਇਟਾਂ ਸਨ। ਫਿਰ ਬਾਲਿਆਂ ਦਾ ਹਿਸਾਬ ਲਾਇਆ। ਮਨ ਹੀ ਮਨ ਮੈਂ ਕਮਰੇ ਗਿਣੇ, ਫਿਰ ਬਾਲੇ ਤੇ ਫਿਰ ਟਾਇਲਾਂ।

"ਬਖਸ਼ਿਆ, ਤੂੰ ਗੁਣੀ ਗਿਆਨੀ ਆਂ, ਮੈਂ ਖਾਲੀ ਭਾਂਡਾ ਤੈਨੂੰ ਮੱਤਾਂ ਦਿੰਦਾ ਸੋਭਦਾ ਨਈਂ। ਬਸ ਇਹ ਵਿਚਾਰ ਲਈਂ ਪਈ ਜੁਆਨਾ ਤੂੰ 'ਲਾਂਘ ਲੰਮੀ ਭਰਨ ਲੱਗੈਂ, ਇਹ ਜ਼ਮਾਨਾ ਅਜੇ ਵੀ ਤੁਰਨ ਨ੍ਹੀਂ ਲੱਗਾ, ਜਾਤ ਬਰਾਦਰੀ ਆਪਣੀ ਈ ਮਾਫਕ ਬੈਠਦੀ ਆ, ਜਿਥੇ ਬੰਦਾ ਧੌਣ ਉਚੀ ਕਰਕੇ ਤਾਂ ਤੁਰਦਾ ਪੁੱਤਰਾ। ਹਾਲੇ ਤਾਂ ਅਗਲਿਆਂ ਨੂੰ ਸਾਡਾ ਪਹਿਨਿਆ ਪਚਰਿਆ ਈ ਨਈਂ ਸੁਖਾਉਂਦਾ। ਵਿਆਹ ਵਾਲੀ ਤਾਂ ਗੱਲ ਛਡ, ਬਹੁਤ ਸਿਰੇ ਦੀ ਗੱਲ ਆ ਇਹ ਤਾਂ ਸਾਰੀ ਉਮਰ ਮਨ ਦੇ ਟੋਏ ਪੂਰਦਾ ਈ ਰਹੇਂਗਾ। ਨਾਲ ਜਾਨ ਦਾ ਖੌ ਵਾਧੂ। ਜਿਥੇ ਬੰਦੇ ਕੋਲ ਪੇਸ਼ ਕਰਨ ਲਈ ਤਰਕ ਜਾਂ ਦਲੀਲ ਨਾ ਹੋਵੇ, ਉਥੇ ਫੇ ਠਾਹ ਸੋਟਾ ਮਾਰਨ ਉਤੇ ਉਤਰ ਆਉਂਦਾ। ਬਾਕੀ ਮਿੱਤਰਾ ਅਸੀਂ ਤੇਰੇ ਨਾਲ ਆਂ...ਜੇ ਦਬ ਗਿਆ ਤਾਂ ਫੇ ਜਾਣੀ ਕਬਰ ਵਿਚ ਪੈ ਕੇ ਆਪਣੇ ਆਪ ਤੂੰ ਆਪੂੰ ਹੀ ਇੱਟਾਂ ਚਿਣਨ ਵਾਲੀ ਗੱਲ ਕਰ ਬਹੇਂਗਾ।" ਜਦੋਂ ਘਰ ਵਿਚ ਮੈਂ ਵਿਆਹ ਦੀ ਗੱਲ ਚਲਾ ਦਿਤੀ ਸੀ ਤਾਂ ਭਾਈਏ ਨੇ ਮਨ ਦੀਆਂ ਕਹੀਆਂ ਸਨ। ਇਹ ਭਾਈਆ ਕਿਧਰ ਆ ਵੜਿਆ?

ਜਦੋਂ ਕੋਈ ਸੋਚ, ਕੋਈ ਤਣਾਅ ਮੇਰੇ ਜ਼ਿਹਨ ਉਤੇ ਭਾਰੂ ਹੋ ਜਾਂਦਾ ਹੈ ਤਾਂ ਇਹ ਭਾਈਆ ਜ਼ਰੂਰ ਆ ਪ੍ਰਗਟ ਹੁੰਦਾ ਹੈ। ਮੈਂ ਤਾਂ ਬਾਲੇ ਤੇ ਟਾਇਲਾਂ ਦਾ ਹਿਸਾਬ ਲਾ ਰਿਹਾ ਸੀ, ਨਈਂ ਕਿਧਰੇ ਅੰਦਰੋਂ ਮੈਂ ਤਿੜਕ ਰਿਹਾ ਸੀ, ਸਾਹ ਵੀ ਔਖਾ ਜਿਹਾ ਆਉਣ ਲੱਗਾ ਸੀ। ਮੈਂ ਤਿੰਨ ਚਾਰ ਟੁਕੜਿਆਂ ਵਿਚ ਹਵਾ ਅੰਦਰ ਉਡ ਰਿਹਾ ਸੀ, ਇਕ ਟੁਕੜਾ ਅਜੇ ਵੀ ਮੋਟਰ ਉਤੇ ਘੁੰਮ ਰਿਹਾ ਸੀ ਤੇ ਦੂਸਰਾ ਅਜੇ ਵੀ ਕਾਮਰੇਡ ਦੇ ਸਾਹਮਣੇ ਕੁਰਸੀ ਉਪਰ ਬੈਠਾ ਉਹਦੇ ਹਥ ਵਿਚ ਲਹਿਰਾ ਰਹੀ ਕਾਰ ਦੀ ਚਾਬੀ ਨੂੰ ਦੇਖ ਰਿਹਾ ਸੀ।

ਜਦੋਂ ਅਜੇ ਵਿਆਹ ਨਈਂ ਸੀ ਹੋਇਆ, ਪ੍ਰੀਤੀ ਦੇ ਜ਼ੋਰ ਪਾਉਣ ਉਤੇ ਅਸੀਂ ਵਿਆਹ ਵਾਲੇ ਕਾਗਜ਼ ਕਚਹਿਰੀ ਦੇ ਆਏ ਸੀ। ਅਗਲੇ ਦਿਨ ਇਹ ਗੱਲ ਆਪਣੀ ਮੰਮੀ ਨੂੰ ਦਸ ਕੇ ਪ੍ਰੀਤੀ ਪਿੰਡੋਂ ਮੁੜੀ ਤਾਂ ਉਹਨੇ ਕੰਟੀਨ ਨੂੰ ਜਾਂਦਿਆਂ ਪਰਸ ਵਿਚੋਂ ਚਿਠੀ ਕਢ ਕੇ ਮੈਨੂੰ ਦਿਤੀ, "ਡੈਡੀ ਦੀ ਆ ਪੜ੍ਹ ਲੈਣੀ ਏਥੇ ਨਈਂ ਘਰ ਜਾ ਕੇ।"

ਮੈਂ ਘਰ ਆ ਕੇ ਚਿਠੀ ਪੜ੍ਹੀ ਸੀ। ਹਰਪ੍ਰੀਤ ਦੇ ਡੈਡੀ ਨੇ ਉਹਦੀ ਮੰਮੀ ਨੂੰ ਲਿਖਿਆ ਸੀ, "ਇਹ ਵਿਆਹ ਕਿਸੇ ਵੀ ਸੂਰਤ ਵਿਚ ਨਹੀਂ ਹੋਣਾ ਚਾਹੀਦਾ। ਓਸ ਮੁੰਡੇ ਨੂੰ ਸ਼ੂਟ ਕਰ ਦਿਓ। ਕਿਸੇ ਨੂੰ ਵੀਹ ਪੰਜਾਹ ਹਜ਼ਾਰ ਦੇ-ਦੁਆ ਕੇ ਫਸਤਾ ਵਢ ਦਿਓ। ਲਾਂਬੜੇ ਵਾਲੇ ਭਜੀ ਨੂੰ ਗੰਢ ਲਓ। ਤੁਸੀਂ ਮਰ ਗਏ ਸਾਰੇ? ਪੈਸੇ ਦੀ ਪ੍ਰਵਾਹ ਨਾ ਕਰੋ। ਦੋ ਲਖ ਤੁਹਾਨੂੰ ਪਹੁੰਚ ਗਿਆ ਹੋਣੈ, ਨੌਂ ਦਸ ਦਿਨਾਂ ਤਕ ਹੋਰ ਅਪੜ ਜਾਊ ਮੇਰੀ ਗੱਲ ਉਤੇ ਗੌਰ ਕਰਿਓ।"

ਦੂਜੇ ਦਿਨ ਵਿਹਲੇ ਸਮੇਂ ਬੈਠੇ ਅਸੀਂ ਫੋਕੀਆਂ ਜਿਹੀਆਂ ਗੱਲਾਂ ਕਰਦੇ ਰਹੇ। ਪੀਰਡ ਖਤਮ ਕਰਕੇ ਜਦੋਂ ਮੈਂ ਉਹਨੂੰ ਹੋਸਟਲ ਵਲ ਛਡਣ ਗਿਆ ਸੀ ਤਾਂ ਰਸਤੇ ਵਿਚ ਉਹਨੇ ਆਪਣੇ ਡੈਡੀ ਦੀ ਇਕ ਗੱਲ ਦਸੀ। ਇਹ ਗੱਲ ਉਹਨੂੰ ਕਿਸੇ ਟਾਈਮ ਉਹਦੀ ਮੰਮੀ ਨੇ ਦਸੀ ਸੀ। ਮੰਮੀ ਨੂੰ ਬਹੁਤ ਚਿਰ ਪਹਿਲਾਂ ਪ੍ਰੀਤੀ ਦੀ ਕਰਤਾਰਪੁਰ ਵਾਲੀ ਭੂਆ ਨੇ ਦਸੀ ਸੀ।

ਗੱਲ ਹੈ ਤਾਂ ਆਮ ਜਿਹੀ ਸੀ ਪਰ ਉਹ ਪ੍ਰੀਤੀ ਦੇ ਅੰਦਰ ਕਿਤੇ ਪਾਰੇ ਵਾਂਗ ਬਹਿ ਗਏ ਸੀ। ਵਿਆਹ ਹੋਣ ਤੋਂ ਪਹਿਲਾਂ ਪ੍ਰੀਤੀ ਦੇ ਡੈਡੀ ਨਾਲ ਵਾਲੇ ਪਿੰਡ ਦੇ ਆਪਣੇ ਰਹਿ ਚੁਕੇ ਰਮਦਾਸੀਏ ਮਾਸਟਰ ਦੀ ਕੁੜੀ ਨਾਲ ਬਹੁਤ ਪਿਆਰ ਕਰਦੇ ਸੀ। ਕੁੜੀ ਏਥੇ ਤਕ ਤੁਲ ਗਈ ਕਿ ਉਹਨੇ ਪਹਿਲਾਂ ਤਾਂ ਆਪਣੇ ਪਿਓ ਨੂੰ ਨਿਸ਼ੰਗ ਕਹਿ ਦਿਤਾ ਕਿ ਮੈਂ ਤਾਂ ਜਗਤੇ ਨਾਲ ਵਿਆਹ ਕਰਾਉਣਾ, ਨਈਂ ਮਹੁਰਾ ਖਾ ਲਊਂ। ਫਿਰ ਆ ਕੇ ਇਹੋ ਗੱਲ ਪ੍ਰੀਤੀ ਦੇ ਦਾਦੇ ਮੂਹਰੇ ਆ ਕਹੀ। ਉਹ ਕੁੜੀ ਭੂਆ ਦੀ ਸਹੇਲੀ ਵੀ ਸੀ, ਘਰ ਆਉਂਦੀ ਜਾਂਦੀ ਸੀ। ਭੂਆ ਨੂੰ ਸਾਰੀ ਗੱਲ ਦਾ ਭੇਤ ਸੀ। ਅਗਲੇ ਦਿਨ ਜਗਤਾ ਉਹਨੂੰ ਮਿਲਿਆ ਤੇ ਲੜ ਪਿਆ। ਕਹਿਣ ਲੱਗਾ ਵਿਆਹ ਦੀ ਗੱਲ ਤੂੰ ਸੋਚ ਕਿਦਾਂ ਲਈ? ਮੇਰਾ ਪਿਆਰ ਤਾਂ ਹੈ ਪਰ ਵਿਆਹ ਵਾਲੀ ਗੱਲ ਨ੍ਹੀਂ ਹੋ ਸਕਦੀ। ਕੁੜੀ ਅੜ ਗਈ। ਕਹਿੰਦੀ, ਮੈਂ ਢੇਰ ਉਤੇ ਨ੍ਹੀਂ ਸੁਟੀ ਹੋਈ! ਤੂੰ ਮੇਰੀ ਇਜ਼ਤ ਖੇਹ ਰੋਲੀ ਆ, ਮੈਂ ਪਿੰਡ ਵਿਚ ਤੇਰੀ ਮਿੱਟੀ ਰੋਲ ਕੇ ਛਡੂੰ।

ਉਹ ਤਾਂ ਜੀ ਖੂਹ ਤੇ ਆ ਕੇ ਬਹਿ ਗਈ, ਜਾਵੇ ਨਾ। ਫੇਰ ਉਹਦਾ ਕੋਈ ਪਤਾ ਨਾ ਲੱਗਾ ਕਿ ਕਿਥੇ ਚਲੀ ਗਈ। ਉਹਦਾ ਪੇ ਪੁਲਿਸ ਲੈ ਆਇਆ। ਆਦਧਰਮੀ ਵੀ ਕਠੇ ਹੋ ਗਏ ਡੈਡੀ ਹੁਣਾਂ ਪੁਲਿਸ ਕੋਲ ਪੈਸੇ ਚਾੜ੍ਹ 'ਤੇ। ਪੁਲਿਸ ਉਲਟਾ ਮਾਸਟਰ ਨੂੰ ਫੜ ਕੇ ਲੈ ਗਈ ਤੇ ਗੱਲ ਦਬਾ ਦਿਤੀ ਗਈ। ਜਦੋਂ ਮੁਰਬਾਬੰਦੀ ਹੋਈ ਤਾਂ ਨਿਆਈਆਂ ਵਾਲੀ ਝਿੜੀ ਕਲੇਰਾਂ ਵਾਲਿਆਂ ਦੇ ਹਿੱਸੇ ਆ ਗਈ ਤੇ ਉਨ੍ਹਾਂ ਨੇ ਵਾਹ ਦਿਤੀ, ਸੂਏ ਤੋਂ ਪਾਰ ਆੜ ਕਢਦੇ ਕਲੇਰਾਂ ਵਾਲਿਆਂ ਦੇ ਬੁੜ੍ਹੇ ਨੇ ਹਡੀਆਂ ਦੇਖ ਕੇ ਕਹੀ ਰੋਕ ਦਿਤੀ। ਉਥੇ ਲੋਕ ਸੁਣ ਕੇ ਮੈਂ ਹਉਕਾ ਭਰਿਆ ਸੀ। ਚਾਹ ਨਈਂ ਪੀਤੀ ਗਈ। ਪਰ ਹਰਪ੍ਰੀਤ ਨੇ ਚਾਹ ਵੀ ਪੀਤੀ ਤੇ ਬਰੈਡ ਪਕੌੜੇ ਦੋਨੋਂ ਖਾ ਗਈ।

"ਗੁਰ ਕਚਹਿਰੀਆਂ ਵਿਚ ਕਿਸੇ ਨੂੰ ਸੌ ਪੰਜਾਹ ਦੇ ਕੇ ਕਾਗਜ਼ ਦੋ-ਚਾਰ ਦਿਨਾਂ ਵਿਚ ਕਢਾ ਲਓ ਛੇਤੀ। ਮੈਰਿਜ਼ ਹੋ ਜਾਏ ਇਹ ਪੈਹੇ...ਇਹ ਹੈਂਕੜ...ਹਰ ਥਾਂ ਨਈਂ ਚਲ ਸਕਦੇ।" ਪ੍ਰੀਤੀ ਨੇ ਦੰਦ ਕਰੀਚੇ ਸਨ। ਇਕ ਦਮ ਉਹਦਾ ਚਿਹਰਾ ਤਣ ਗਿਆ ਸੀ। ਅਜੀਬ ਸੁਭਾਅ ਦੀ ਕੁੜੀ ਸੀ।



ਮੇਰੀ ਨਿਗ੍ਹਾ ਪਖੇ 'ਤੇ ਅਟਕ ਗਈ। ਫਿਰ ਨਿਗ੍ਹਾ ਪਖੇ ਦੇ ਤੇਜ਼ ਘੁੰਮਦੇ ਫਰਾਂ ਨੂੰ ਫੜਨ ਲੱਗੀ ਪਰ ਕੋਈ ਪੇਸ਼ ਨਈਂ ਸੀ ਜਾ ਰਹੀ। ਫਿਰ ਨਿਗ੍ਹਾ ਵਿਚਕਾਰ ਮੋਟਰ ਉਤੇ ਟਿਕ ਗਈ, ਗੋਲ ਗੁੰਬਦ ਜਿਹੇ ਉਤੇ। ਕਿਵੇਂ ਗਰੀਸ ਨਿਕਲ ਕੇ ਬਾਹਰਲਾ ਪਾਸਾ ਕਾਲਾ ਹੋ ਗਿਆ ਸੀ। ਮਾੜੀ ਕੰਪਨੀ ਦਾ ਪਖਾ ਲਗਦਾ ਸੀ, ਚੰਗੀ ਕੰਪਨੀ ਦੀ ਚੀਜ਼ ਤਾਂ ਘਰ ਦੀ ਸ਼ੋਭਾ ਵਧਾ ਦਿੰਦੀ ਹੈ।

"ਪੁੱਤ, ਇਹ ਠੀਕ ਆ ਪਈ ਬਖਸ਼ਾ ਚੰਗੀ ਨੌਕਰੀ ਉਤੇ ਆ, ਸੋਹਣਾ-ਸੁਨੱਖਾ ਤੇ ਛੇ ਫੁੱਟ ਤੋਂ ਉਚਾ ਪਰ ਪੁਤ ਹੈ ਤਾਂ..." ਭਾਈਆ ਗੱਲ ਕਰਦਾ ਕਰਦਾ ਰੁਕ ਗਿਆ ਸੀ। ਫਿਰ ਗੱਲ ਪਲਟ ਕੇ ਕਹਿਣ ਲੱਗਾ, "ਬਸ ਧੀਏ ਤੂੰ ਐਂ ਸੋਚ ਲੈ ਜਿਦਾਂ ਬਈ ਸਾਰਾ ਕੁਛ ਈ ਵਧੀਆ ਹੋਵੇ ਪਰ ਕੰਪਨੀ ਮਾੜੀ ਹੋਵੇ। ਪਹਿਲਾਂ ਤਾਂ ਕਹਿਣਗੇ ਨੀਂਵੀਂ ਜਾਤ ਆ, ਯਾਨਿ ਮਾੜ੍ਹੀ ਕੰਪਨੀ ਆ ਤੇ ਆਪਣੇ ਆਪ ਨੂੰ ਸਮਝਣਗੇ ਟਾਪ ਦੀ ਕੰਪਨੀ, ਅਸਲੀ ਮਾਲ ਜਿੱਦਾਂ ਰੈਲੇ ਕੰਪਨੀ ਸੀ, ਊਸ਼ਾ, ਬਜਾਜ ਜਾਂ ਫਿਲਪ ਤੇ ਪ੍ਰੀਤ ਪੁੱਤ ਇਹ ਦੇਖ ਲਾ ਕੰਪਨੀ ਤਾਂ ਪਈ ਐਸੀ ਵੈਸੀ ਈ ਆ।" ਭਾਈਆ ਕਹਿ ਕੇ ਹੱਸਿਆ ਸੀ।

"ਕਿਆ ਕਮਾਲ ਆ ਭਾਈਆ ਜੀ, ਗੱਲ ਦਾ ਸੁਆਦ ਲਿਆ 'ਤਾ। ਦੇਖੋ ਗੁਰ, ਭਾਈਆ ਜੀ ਦੀ ਗੱਲ... ਭਾਈਆ ਜੀ...ਮੈਂ ਕਹਾਂ...ਆਈ ਐਮ ਪਰੌਡ ਆਫ ਯੂ ਭਾਈਆ ਜੀ।" ਭਾਵੁਕ ਹੋਈ ਪ੍ਰੀਤੀ ਨੇ ਹੁੱਕਾ ਪੀ ਰਹੇ ਭਾਈਏ ਨੂੰ ਜੱਫੀ ਜਾ ਪਾਈ ਸੀ।

ਇਹ ਭਾਈਆ ਫਿਰ ਪਤਾ ਨਈਂ ਕਿਧਰੋਂ ਆ ਦਾਖਲ ਹੋਇਆ। ਮੈਂ ਤਾਂ ਪਖੇ ਬਾਰੇ ਸੋਚ ਰਿਹਾ ਸੀ। ਸਰਘੀ ਉਠ ਕੇ ਬਹਿ ਗਈ। ਇਧਰ ਉਧਰ ਦੇਖਣ ਲੱਗੀ।

"ਉਠ ਗਿਆ ਮੇਰਾ ਰਾਜਾ ਬੇਟਾ!" ਹਰਪ੍ਰੀਤ ਅੰਦਰ ਦਾਖਲ ਹੋਈ ਤੇ ਮੇਰੇ ਕੋਲ ਬੈਠ ਗਈ। ਉਹਦੇ ਹੱਥ ਵਿਚ ਪੈਪਸੀ ਦੀ ਬੋਤਲ ਸੀ। "ਲੈ ਮੇਰਾ ਰਾਜਾ ਕੋਲਡ ਡਰਿੰਕ ਪੀਓ, ਸੋ ਸਵੀਟ।" ਉਹਨੇ ਬੋਤਲ ਸਰਘੀ ਨੂੰ ਫੜਾ ਕੇ ਮੇਰੀਆਂ ਅੱਖਾਂ ਵਿਚ ਝਾਕਿਆ। ਉਹ ਸਹਿਮੀ ਹੋਈ ਸੀ।

"ਤੁਸੀਂ ਕੜਾ ਤੇ ਮੁੰਦੀਆਂ ਵਗੈਰਾ ਨਈਂ ਨਾ ਲੈਣ ਦਿੱਤੇ ਡੈਡੀ ਬੜੇ ਖੁਸ਼ ਆ।" ਹਰਪ੍ਰੀਤ ਗੱਲ ਕਰਦੀ ਮੇਰੇ ਉਪਰ ਝੁਕ ਗਈ, ਮੇਰੇ ਵਾਲਾਂ ਉਤੇ ਹੱਥ ਫੇਰਨ ਲਗੀ।

"ਹੇਠਾਂ ਕਾਹਦਾ ਰੌਲਾ ਪੈ ਰਿਹਾ?" ਕਾਮਰੇਡ ਬੋਲਦਾ ਸੀ।

"ਤੁਹਾਨੂੰ ਸੁਣ ਗਿਆ? ਗੁਰਪ੍ਰੀਤ ਝੇੜਾ ਪਾਈ ਬੈਠੀ ਆ। ਕਹਿੰਦੀ ਆ, ਮੈਨੂੰ ਜਿਪਸੀ ਲੈ ਕੇ ਦਿਓ। ਕਾਮਰੇਡ ਕਹਿੰਦਾ, ਮੇਰੇ ਮੁੰਡੇ ਨੂੰ ਤੁਸੀਂ ਕੀ ਪਾਇਆ? ਦੋ ਮੁੰਡੇ ਹੋਏ ਪੰਜਾਹ ਪੰਜਾਹ ਛਿਲੜਾਂ ਨਾਲ ਸਾਰ 'ਤਾ। ਡੈਡੀ ਨੂੰ ਕਹਿੰਦਾ, ਵੀਹ ਲੱਖ ਜਮਾ ਕਰਕੇ ਰੱਖਿਆ, ਉਹਨੂੰ ਅੱਗ ਲਾਉਣੀ ਆ, ਨਾਲੇ ਮੈਨੂੰ ਜਿਪਸੀ ਲੈ ਦਿਓ...ਨਾਲੇ ਨੇਕ ਨੂੰ...ਬੇਵਕੂਫ ਨੇਕ ਨੂੰ ਭੜਕਾਉਂਦਾ।" ਗੱਲ ਕਰਦੀ ਕਰਦੀ ਹਰਪ੍ਰੀਤ ਸਿੱਧੀ ਹੋ ਗਈ। "ਚਲੋ ਛੱਡੋ ਇਹ ਗੱਲਾਂ ਚਾਚਾ ਤੇ ਚਾਚੀ ਵੀ ਬੜੇ ਖੁਸ਼ ਆ ਤੁਹਾਨੂੰ ਦੇਖ ਕੇ। ਮੰਮੀ ਹੁਣੀਂ ਉਨ੍ਹਾਂ ਕੋਲ ਝੂਠ ਬੋਲਿਆ ਹੋਣੈ ਤੁਹਾਡੇ ਬਾਰੇ, ਪਰ ਗੱਲ ਦਬ ਗਈ। ਭੂਆ ਕਹਿੰਦੀ ਸੀ, ਦੋਨੋਂ ਜਣੇ ਜ਼ਰੂਰ ਪਿੰਡ ਗੇੜੀ ਮਾਰਿਓ। ਜਦੋਂ ਤੁਸੀਂ ਖੂਹ ਵੱਲ ਗਏ ਆਂ...ਜਿਹਨੇ ਜਿਹਨੇ ਵੀ ਦੇਖਿਆ...ਕਈ ਜਣੀਆਂ ਆਈਆਂ ਗੁਣ ਗਾ ਕੇ ਗਈਆਂ।"

ਕੋਈ ਪਉੜੀਆਂ 'ਚ ਆ ਰਿਹਾ ਸੀ। ਹਰਪ੍ਰੀਤ ਉਠ ਕੇ ਕੁਰਸੀ ਉਤੇ ਬਹਿ ਗਈ।

"ਉਠ ਗਈ ਬਈ ਸਰਘੀ ਆ ਜਾ ਮੇਰੇ ਕੋਲ।" ਹਰਪ੍ਰੀਤ ਦੇ ਡੈਡੀ ਨੇ ਉਹਨੂੰ ਚੁਕ ਲਿਆ ਤੇ ਮੇਰੇ ਕੋਲ ਪਲੰਘ ਉਤੇ ਹੀ ਬਹਿ ਗਏ।

"ਪੁੱਤ, ਮੇਰੇ ਸ਼ਿੰਦੇ, ਕੋਈ ਗੱਲ ਮਨ ਉਤੇ ਨ੍ਹੀਂ ਲਾਉਣੀ, ਆਪਣੇ ਘਰ ਸੁਖੀ ਵਸੋ। ਕੋਈ ਔਖ ਸੌਖ ਹੋਵੇ ਅਸੀਂ ਹੈਗੇ ਆ। ਸਾਰਾ ਪਿੰਡ ਸੋਭਾ ਕਰਦੈ ਜਿਹੜਾ ਵੀ ਸੁਣਦਾ ਪ੍ਰਾਹੁਣਾ ਪ੍ਰੋਫੈਸਰ ਆ, ਮੂੰਹ ਅੱਡਿਆ ਰਹਿ ਜਾਂਦਾ।"

"ਪ੍ਰੀਤੀ ਵੀ ਤਾਂ ਪ੍ਰੋਫੈਸਰ ਆ!" ਮੈਂ ਕਹਿ ਕੇ ਹੱਸਿਆ।

"ਉਹ ਤਾਂ ਹੈ", ਪ੍ਰੀਤੀ ਦੇ ਡੈਡੀ ਬੋਲੇ।

"ਮੰਮੀ ਜੀ, ਸਾਡੇ ਬਾਰੇ ਤੁਸੀਂ ਕਦੇ ਚਿੰਤਾ ਨਈਂ ਕਰਨੀ। ਖਾਸ ਕਰਕੇ ਹਰਪ੍ਰੀਤ ਬਾਰੇ...ਸਾਡੇ ਬਾਰੇ ਕੋਈ ਕੀ ਸੋਚਦਾ ਜਾਂ ਕਹਿੰਦਾ, ਇਹਦੇ ਬਾਰੇ ਅਸੀਂ ਨ੍ਹੀਂ ਸੋਚਦੇ, ਨਾ ਸਾਡੇ ਕੋਲ ਵਿਹਲ ਹੀ ਹੈ ਇਨ੍ਹਾਂ ਦੀਆਂ ਗੱਲਾਂ ਬਾਰੇ ਸੋਚਣ ਦੀ। ਸਾਨੂੰ ਕੋਈ ਮੱਥੇ ਵਟ ਪਾਵੇ, ਕੋਈ ਹੱਸ ਕੇ ਬੁਲਾਵੇ, ਇਹ ਗੱਲਾਂ ਕੋਈ ਮਾਅਨੇ ਨਈਂ ਰੱਖਦੀਆਂ।"

"ਸ਼ਾਬਾਸ਼ੇ ਬਰਖੁਰਦਾਰ! ਨਈਂ ਰੀਸਾਂ ਤੇਰੀਆਂ। ਤੇਰੇ ਬਾਰੇ ਸੁਣਿਆ ਬਥੇਰਾ ਕੁਛ ਸੀ, ਪਈ ਐਸ ਖਿਆਲਾਂ ਦਾ ਮੁੰਡਾ ਬਈ...ਮਿਲ ਕੇ ਦੇਖ ਵੀ ਲਿਆ। ਵਾਹਿਗੁਰੂ ਲੰਮੀਆਂ ਉਮਰਾਂ ਕਰੇ।" ਪ੍ਰੀਤੀ ਦੇ ਡੈਡੀ ਜਜ਼ਬਾਤ ਵਿਚ ਘਿਰ ਗਏ, ਉਨ੍ਹਾਂ ਦਾ ਹੱਥ ਮੇਰੇ ਮੋਢੇ ਉਤੇ ਆ ਟਿਕਿਆ ਤੇ ਫਿਰ ਪਿੱਠ ਉਤੇ ਫਿਰ ਗਿਆ, "ਜੀਂਦਾ ਵਸਦਾ ਰਹਿ ਸੋਹਣਿਆ।" ਬੋਲਦਿਆਂ ਉਨ੍ਹਾਂ ਆਪਣਾ ਮੂੰਹ ਸਰਘੀ ਦੇ ਸਿਰ 'ਤੇ ਰੱਖ ਦਿੱਤਾ।

*(ਬਾਕੀ ਅਗਲੇ ਸਫੇ 'ਤੇ)*

ਹਰਪ੍ਰੀਤ ਦੀ ਮੰਮੀ ਨੇ ਲੀੜਾ ਸੁਆਰਿਆ ਤੇ ਹੇਠੋਂ ਇਕ ਪਾਲਿਥੀਨ ਦਾ ਲਿਫਾਫਾ ਕਢ ਕੇ ਪ੍ਰੀਤੀ ਦੇ ਡੈਡੀ ਨੂੰ ਫੜਾਇਆ। ਮੈਂ ਤੇ ਪ੍ਰੀਤੀ ਨੇ ਇਕ ਦੂਜੇ ਵਲ ਦੇਖਿਆ।

"ਦੇਖ ਬਈ ਗੁਰਬਖਸ਼ ਇਹ ਕੁਛ ਨ੍ਹੀਂ ਆ...ਤੁਸੀਂ ਦੋਹਾਂ ਨੇ ਵਿਆਹ ਕਰ ਲਿਆ...ਧੀ ਵੀ ਜੰਮ ਪਈ... ਤੁਸੀਂ ਮੌਜਾਂ ਕਰਦੇ ਆਂ ਫੇਰ ਵੀ ਧੀ ਵਾਲੇ ਤਾਂ ਸਦਾ ਦੇਣਦਾਰ ਰਹਿੰਦੇ ਆ। ਅਸੀਂ ਤੇਰੀ ਲਿਆਕਤ, ਤੇਰੀ ਸ਼ਰਾਫਤ ਅੱਗੇ ਕੱਖ ਨਈਂ। ਆਹ ਤਿਲ-ਫੁੱਲ ਆ...ਬਸ ਤੇਰੇ ਤੇ ਮੇਰੀਆਂ ਇਨ੍ਹਾਂ ਧੀਆਂ ਦੇ ਕੱਪੜੇ-ਲਤੇ ਲਈ ਪੰਜਾਹ ਹਜ਼ਾਰ ਆ...ਇਹ ਕਈ ਚਿਰ ਦੇ ਤੁਹਾਡੇ ਨਾਂ ਦੇ ਈ ਪਏ ਆ...ਸਾਂਭ ਲਓ।"

ਪੰਜਾਹ ਹਜ਼ਾਰ ਸੁਣ ਕੇ ਮੈਨੂੰ ਜਿਵੇਂ ਝਟਕਾ ਲੱਗਾ। ਇਹ ਕੰਧ ਉਸਾਰਨ ਦਾ ਵਿਚੋਂ ਕਾਰਨ ਕੀ ਹੈ? ਜੇ ਇਹ ਰਿਸ਼ਤਾ ਹੁਣ ਸਵੀਕਾਰ ਈ ਕੀਤਾ ਹੈ ਤਾਂ ਇਹ ਠੁੰਮਣਾ ਕਾਹਦੇ ਲਈ? ਇੰਨੇ ਸਾਲਾਂ ਤੋਂ ਸਾਨੂੰ ਪੈਸੇ ਦੀ ਲੋੜ ਤਾਂ ਪਈ ਨਈਂ ਅਸੀਂ ਘਰ ਵੀ ਬਣਾਉਂਦੇ ਰਹੇ, ਨੇਕ ਤਿੰਨ ਚਾਰ ਵਾਰ ਰੇਤਾ ਦੀਆਂ ਟਰਾਲੀਆਂ ਵੀ ਸੁਟ ਕੇ ਆਇਆ...ਹੁਣ ਅਚਾਨਕ ਏਨਾ ਮੋਹ ਕਾਹਦੇ ਲਈ? ਪੰਜ ਸਾਲ ਤੋਂ ਤੁਰ ਹੀ ਰਹੇ ਆਂ।

ਹਫਤਾ ਕੁ ਪਹਿਲਾਂ ਹਰਨੇਕ ਆਇਆ। ਕਹਿਣ ਲੱਗਾ, "ਭਾ ਜੀ, ਐਤਵਾਰ ਨੂੰ ਮੇਰਾ ਮੰਗਣਾ, ਤੁਸੀਂ ਜ਼ਰੂਰ ਪਹੁੰਚਣਾ।" ਹਰਨੇਕ ਨੇ ਆਉਣ-ਜਾਣ ਕਰਕੇ ਸਾਡੇ ਨਾਲ ਇੰਨੀ ਕੁ ਸਾਂਝ ਬਣਾ ਲਈ ਸੀ ਕਿ ਮੈਂ ਕੁਛ ਨਾ ਬੋਲਿਆ।

"ਡੈਡੀ ਨਾਲ ਸਲਾਹ ਕੀਤੀ ਆ? ਭਰਾਵਾ ਸਾਡੇ ਆਉਣ ਨਾਲ ਤੇਰੇ ਕੰਮ 'ਚ ਕੋਈ ਵਿਘਨ ਨਾ ਪੈ ਜਾਏ", ਹਰਪ੍ਰੀਤ ਹੱਸ ਕੇ ਕਹਿਣ ਲੱਗੀ।

"ਕਿਹੜਾ ਵਿਘਨ ਪਾਉਣ ਆਲਾ ਜੰਮਿਆ? ਤੁਸੀਂ ਹਾਜ਼ਰ ਹੋਊਂਗੇ ਤਾਂ ਇਹ ਕੰਮ ਸਿਰੇ ਲੱਗੂ...ਨਈਂ ਬੈਠੇ ਰਹਿਣ।" ਉਹ ਆਕੜ ਗਿਆ।

"ਛੋਟੇ ਭਾ ਜੀ ਐਂ ਕਰੀਂ..." ਡੈਡੀ ਦਾ ਫੋਨ ਆ ਗਿਆ। ਮੈਂ ਪਹਿਲੀ ਵਾਰੀ ਉਨ੍ਹਾਂ ਦੀ ਆਵਾਜ਼ ਸੁਣੀ ਸੀ, ਬੜੀ ਠਰੰਮੇ ਵਾਲੀ, ਸਹਿਜ। ਹੁਣ ਤਕ ਤਾਂ ਮੈਂ ਉਨ੍ਹਾਂ ਦੀਆਂ ਫੋਟੋਆਂ ਹੀ ਦੇਖੀਆਂ ਸੀ, ਕਿਸੇ ਪੱਬ ਵਿਚ, ਕਿਸੇ ਲੰਮੀ ਕਾਰ ਕੋਲ ਕਿਤੇ ਫੁੱਲਾਂ ਵਿਚ। ਜਦੋਂ ਅਜੇ ਅਸੀਂ ਵਿਆਹ ਦੀ ਗੱਲ ਨਈਂ ਸੀ ਤੋਰੀ, ਉਦੋਂ ਪ੍ਰੀਤੀ ਮੈਨੂੰ ਪਿੰਡ ਲੈ ਕੇ ਗਈ। ਖੁੱਲ੍ਹਾ-ਡੁੱਲ੍ਹਾ ਘਰ ਸੀ। ਘਰ ਵਿਚ ਪ੍ਰੀਤੀ ਦੀ ਮੰਮੀ ਸੀ, ਵੱਡੀ ਭੈਣ ਗੁਰਪ੍ਰੀਤ ਸੀ ਜਿਹੜੀ ਲਾਗਲੇ ਪਿੰਡ ਵਿਚ ਪੜ੍ਹਾਉਂਦੀ ਸੀ, ਨੌਵੀਂ ਵਿਚ ਪੜ੍ਹਦਾ ਹਰਨੇਕ ਸੀ, ਅਲੂੰਆਂ ਜਿਹਾ। ਹਰਪ੍ਰੀਤ ਆਪ ਤਾਂ ਕਾਲਜ ਦੇ ਹੋਸਟਲ ਵਿਚ ਰਹਿੰਦੀ ਸੀ, ਹੋਸਟਲ ਵਾਰਡਨ ਜੁ ਸੀ। ਬੈਠਕ ਵਿਚ ਕੰਧ ਉਪਰ ਵੱਡੀ ਸਾਰੀ ਰੰਗੀਨ ਫੋਟੋ ਲੱਗੀ ਹੋਈ ਸੀ, ਕੁੰਢੀਆਂ ਮੁੱਛਾਂ, ਤੇੜ ਚਾਦਰਾ ਤੇ ਕਲੀਆਂ ਵਾਲਾ ਕੁੜਤਾ।

"ਇਹ ਮੇਰੇ ਡੈਡੀ ਆ...ਫਾਰਨ 'ਚ ਆ। ਪਹਿਲਾ ਕੈਨੇਡਾ ਗਏ ਸੀ ਟਰਾਂਟੋ, ਉਥੋਂ ਅਮਰੀਕਾ ਚਲੇ ਗਏ, ਕੈਲੇਫੋਰਨੀਆ।" ਪ੍ਰੀਤੀ ਨੇ ਬੜੇ ਚਾਅ ਨਾਲ ਦੱਸਿਆ ਸੀ। ਫੇਰ ਜਦੋਂ ਵਿਆਹ ਦੀ ਗੱਲ ਚੱਲੀ ਤਾਂ ਘਰ ਅਮਰੀਕਾ ਤੋਂ ਫੋਨ 'ਤੇ ਫੋਨ ਆਉਣ ਲੱਗਾ। ਹਰਪ੍ਰੀਤ ਦਾ ਉਦੋਂ ਮੋਹ ਭੰਗ ਹੋ ਗਿਆ।

"ਪਈ ਗੁਰਬਖਸ਼ ਬੋਲ ਰਿਹਾ?" ਹਰਪ੍ਰੀਤ ਦਾ ਡੈਡੀ ਪੁੱਛ ਰਿਹਾ ਸੀ।

"ਜੀ ਹਾਂ, ਤੁਸੀਂ ਕੌਣ?" ਮੈਂ ਸ਼ਸ਼ੋਪੰਜ ਵਿਚ ਪਏ ਨੇ ਪੁੱਛਿਆ ਸੀ।

"ਮੈਂ ਹਰਪ੍ਰੀਤ ਦਾ ਫਾਦਰ ਬੋਲਦਾਂ ਪਈ ਤੁਸੀਂ ਐਤਵਾਰੀਂ ਨੇਕ ਦੇ ਮੰਗਣੇ ਉਤੇ ਪਹੁੰਚਣਾ...ਜ਼ਰੂਰੀ ਤਾਗੀਦ ਆ...ਅਸੀਂ 'ਡੀਕਾਂਗੇ...ਦੇਖਿਓ, ਐਂਵੇਂ ਟਾਲਾ ਨਾ ਮਾਰਿਓ...ਇਹ ਰਕੁਐਸਟ ਈ ਆ।"

"ਆਹ ਹਰਪ੍ਰੀਤ ਨਾਲ ਵੀ ਗੱਲ ਕਰ ਲਓ।" ਮੈਂ ਕੋਲ ਖੜ੍ਹੀ ਹਰਪ੍ਰੀਤ ਨੂੰ ਫੋਨ ਫੜਾ ਦਿਤਾ ਸੀ ਤੇ ਆਪ ਬਾਹਰ ਘਾਹ ਉਤੇ ਲੰਮਾ ਸਾਹ ਲਿਆ ਸੀ। ਉਪਰ ਦੇਖਿਆ, ਹਨੇਰੇ ਵਿਚ ਕਿੰਨਾ ਚਾਨਣ ਘੁਲਦਾ ਜਾ ਰਿਹਾ ਸੀ, ਸ਼ਾਇਦ ਚੰਦ ਨਿਕਲਣ ਵਾਲਾ ਸੀ।

ਉਹ ਤਾਂ ਇਕ ਆਵਾਜ਼ ਸੀ, ਇਕ ਵਿਸ਼ਵਾਸ ਜਿਸ ਕਰਕੇ ਸਾਰੇ ਰਿਸ਼ਤੇ ਜਿਹੜੇ ਅਜੇ ਤਕ ਜੁੜੇ ਨਈਂ ਸਨ, ਜੁੜ ਗਏ ਸੀ। ਬਿਨਾਂ ਕਿਸੇ ਉਚੇਚ ਦੇ, ਬਿਨਾ ਕਿਸੇ ਉਪਰਾਲੇ ਦੇ। -ਪਰ ਹੁਣ ਇਹ ਨ੍ਹੀਂ? ਪੰਜਾਹ ਹਜ਼ਾਰ ਦੇ ਨੋਟਾਂ ਨਾਲ ਕੀ ਜੋੜਿਆ ਜਾਂ ਤੋੜਿਆ ਜਾ ਰਿਹਾ ਸੀ। ਬਹੁਤੀ ਵਾਰੀ ਇਉਂ ਹੁੰਦਾ ਹੈ ਕਿ ਦੁਨਿਆਵੀ ਰਿਸ਼ਤਿਆਂ ਦੇ ਜੋੜ-ਤੋੜ ਤੇ ਉਸਰਨ ਬਾਰੇ ਬੰਦੇ ਨੂੰ ਕਖ ਪਤਾ ਨਈਂ ਲਗਦਾ। ਇਸੇ ਉਲਝੀ ਸੋਚ ਦਾ ਸਿਰਾ ਲਭਣ ਦੀ ਕੋਸ਼ਿਸ਼ ਵਿਚ ਮੈਂ ਪ੍ਰੀਤੀ ਦੇ ਡੈਡੀ ਦੇ ਹਥਾਂ ਵਿਚ ਫੜੇ ਲਿਫਾਫੇ ਨੂੰ ਘੂਰ ਰਿਹਾ ਸੀ।

"ਡੈਡੀ! ਤੁਹਾਡਾ ਫੋਨ ਇੰਗਲੈਂਡ ਤੋਂ ਤੇਜੀ ਭੂਆ ਦਾ।" ਥੱਲੇ ਵਿਹੜੇ ਵਿਚੋਂ ਹਰਨੇਕ ਨੇ ਵਾਜ਼ ਮਾਰੀ ਤਾਂ ਪ੍ਰੀਤੀ ਦਾ ਡੈਡੀ ਕਾਹਲੀ ਨਾਲ ਉਠਿਆ ਤੇ ਲਿਫਾਫਾ ਮੇਰੇ ਪਟਾਂ ਉਤੇ ਰੱਖ ਕੇ ਪਉੜੀਆਂ ਉਤਰ ਗਿਆ।

"ਦੇਖੋ ਮੰਮੀ, ਸਾਨੂੰ ਪੈਹਿਆਂ ਦੀ ਕਿਤੇ ਲੋੜ ਨਈਂ ਸਾਡੀ ਕੋਈ ਇਹੋ ਜਿਹੀ ਜ਼ਰੂਰਤ ਵੀ ਹੈਨੀ ਜਿਥੇ ਐਡੀ ਰਕਮ ਖਰਚੀ ਜਾਵੇ। ਅਸੀਂ ਇਹ ਪੈਹੇ ਨ੍ਹੀਂ ਲੈਣੇ।" ਮੈਂ ਲਿਫਾਫਾ ਪ੍ਰੀਤੀ ਦੀ ਮੰਮੀ ਵੱਲ ਵਧਾਇਆ। ਮੰਮੀ ਨੇ ਲਿਫਾਫਾ ਨਈਂ ਫੜਿਆ ਤਾਂ ਪ੍ਰੀਤੀ ਨੇ ਹੱਥ ਵਧਾ ਕੇ ਫੜ ਲਿਆ।

"ਤੁਸੀਂ ਇਹ ਪੈਹੇ ਸਾਨੂੰ ਕਿਉਂ ਦਿੰਦੇ ਆਂ ਦੱਸੋ?" ਬਿਲਕੁਲ ਇਹੋ ਸ਼ਬਦ ਮੈਂ ਕਹਿਣਾ ਚਾਹੁੰਦਾ ਸੀ ਜਿਹੜੇ ਪ੍ਰੀਤੀ ਨੇ ਆਪਣੀ ਮੰਮੀ ਨੂੰ ਕਹੇ। ਪਰ ਮੇਰੇ ਕਹਿਣੇ ਬਣਦੇ ਨਹੀਂ ਸਨ।

"ਓਹ ਵੱਡਾ ਆ...ਦੇਖ ਕਿੱਦਾਂ ਸਾਡੀ ਜਾਨ ਲੈਣੀ ਕੀਤੀ ਆ। ਗਲ ਵਿਚ ਗੂਠਾ ਦੇ ਕੇ ਲੈਂਦਾ...ਮੈਂ ਤੁਹਾਡੇ ਲਈ ਐਨਾ ਵੀ ਨ੍ਹੀਂ ਕਰ ਸਕਦੀ? ਮੈਂ ਨ੍ਹੀਂ ਤੁਹਾਡੀ ਕੁਛ ਲਗਦੀ? ਕੀ ਆ ਇਹ ਝੂੰਗੇ 'ਚੋਂ ਚਾਰ ਕੌਡਾਂ ਪਰਮਾਤਮਾ ਨੇ। ਵਥੇਰਾ ਕੁਛ ਦਿਤਾ ਆ ਨੇਕ ਨੂੰ...ਰਬ ਤੰਦਰੁਸਤੀ ਬਖਸ਼ੇ...ਖਨੀ ਅਗਲਿਆਂ ਨੇ 'ਮਰੀਕਾ 'ਚ ਸੱਦ ਲੈਣਾ!"

ਹੇਠੋਂ ਭੂਆ ਦੀ ਵਾਜ਼ ਆਈ, ਰੋਟੀ ਖਾਣ ਲਈ। ਹਰਪ੍ਰੀਤ ਉਠ ਕੇ ਚਲੀ ਗਈ। ਜਾਂਦੀ ਹੋਈ ਲਿਫਾਫਾ ਕੁਰਸੀ ਉਤੇ ਰਖ ਗਈ।

"ਦੇਖ ਪੁੱਤ, ਇਹ ਪੈਸੇ ਤੁਸੀਂ ਰੱਖ ਲਓ," ਲਿਫਾਫਾ ਲੈ ਕੇ ਪ੍ਰੀਤੀ ਦੀ ਮੰਮੀ ਮੇਰੇ ਕੋਲ ਪਲੰਘ ਉਤੇ ਆ ਬੈਠੀ।

"ਮੇਰੀ ਧੀ ਸਰਘੀ ਦੇ ਨਾਂ ਬੈਂਕ ਵਿਚ ਜਮ੍ਹਾਂ ਕਰਾ ਦਿਓ...ਟੈਮ ਆਉਣ ਉਤੇ ਇਹਨੂੰ ਚੰਗੀਆਂ ਪੜ੍ਹਾਈਆਂ ਕਰਾਇਓ।" ਬੋਲਦੀ ਬੋਲਦੀ ਉਹ ਸਰਘੀ ਨਾਲ ਲਾਡ ਕਰਨ ਲਗੀ।

"ਮੰਮੀ ਜੀ, ਸਾਡੇ ਕੋਲ ਇਹਦੇ ਜੋਗੇ ਬਹੁਤ ਪੈਸੇ ਆ...ਹਰ ਮਹੀਨੇ ਵਥੇਰੇ ਪੈਹੇ ਮਿਲਦੇ ਆ।"

"ਸ਼ਾਬਾਸ਼ੇ ਪੁੱਤਾ, ਨਈਂ ਰੀਸਾਂ ਤੇਰੀਆਂ" ਕਹਿ ਕੇ ਪ੍ਰੀਤੀ ਦੀ ਮੰਮੀ ਨੇ ਮੇਰਾ ਹੱਥ ਪਲੋਸਿਆ।

"ਦੇਖੋ ਮੰਮੀ ਏਸ ਬੰਦੇ ਨੇ ਈ ਸਭ ਕੁਛ ਬਣਾਉਣਾ ਤੇ ਢਾਹੁਣਾ ਹੁੰਦਾ...ਜਿਹੜੇ ਸਮਾਜ ਦੇ ਗਰਕਣ ਦੀ ਅਸੀਂ ਦਿਨ ਰਾਤ ਦੁਹਾਈ ਪਾਉਂਦੇ ਆਂ...ਇਹਦਾ ਸਤਿਆਨਾਸ ਕਰਨ ਵਿਚ ਸਾਡਾ ਵੀ ਤਾਂ ਹੱਥ ਹੈਗਾ। ਅਸੀਂ ਜੇ ਕੋਈ ਨਵਾਂ ਰਾਹ ਉਲੀਕਦੇ ਆਂ, ਕੁਛ ਨਵਾਂ ਸਿਰਜਦੇ ਆਂ ਤਾਂ ਉਹਦੀ ਸੁਰੱਖਿਆ ਵੀ ਤਾਂ ਅਸੀਂ ਈ ਕਰਨੀ ਆ। ਸਾਡਾ ਤਾਂ ਵਿਰਸਾ ਈ ਬਹੁਤ ਮਹਾਨ ਆ...ਚੰਗੀਆਂ ਗਿਆਨ ਭਰਪੂਰ ਗੱਲਾਂ ਨਾਲ ਭਰਿਆ ਪਰ ਅਸੀਂ ਅਮਲ ਨ੍ਹੀਂ ਕਰਦੇ ਉਨ੍ਹਾਂ ਗੱਲਾਂ ਉਤੇ। ਅਸੀਂ ਸਿਰਫ ਗੱਲਾਂ ਕਰਦੇ ਆਂ, ਦਿਖਾਵਾ ਕਰਦੇ ਆਂ। ਗੁਰਦੁਆਰੇ ਦੀਆਂ ਸੰਗਮਰਮਰੀ ਕੰਧਾਂ ਨੇ ਕਿਸੇ ਨੂੰ ਕੱਖ ਨਈਂ ਦੇਣਾ।

ਹਰਪ੍ਰੀਤ ਵਿਚ ਹੀ ਆ ਟਪਕੀ।

"ਪੁੱਤ ਸਾਨੂੰ ਕਿਥੇ ਤੁਹਾਡੇ ਆਂਗ ਇਹ ਗਿਆਨ-ਧਿਆਨ ਦੀਆਂ ਗੱਲਾਂ ਆਉਂਦੀਆਂ।"

"ਲਾ 'ਤਾ ਅਜ ਮੰਮੀ ਉਤੇ ਈ ਪੀਰਡ? ਭੁੱਖ ਤਾਂ ਨ੍ਹੀਂ ਲੱਗੀ? ਹੇਠਾਂ ਤਾਂ ਡਰਿੰਕ ਚੱਲ ਰਹੀ ਆ, ਜੇ ਕਹੋ ਤਾਂ ਰੋਟੀ ਏਥੇ ਈ ਲੈ ਆਵਾਂ?"

"ਫੇ ਕੀ ਹੋਇਆ ਜੇ ਡਰਿੰਕ ਚਲਦੀ ਆ ਤਾਂ। ਹੇਠਾਂ ਈ ਚਲਦੇ ਆਂ।" ਮੈਂ ਉਠ ਪਿਆ।

"ਪ੍ਰੀਤੀ, ਕੁੜੀਏ ਆਹ ਚੁੱਕ ਰਕਮ ਸਾਂਭ ਲੈ ਆਪਣੇ ਬੈਗ ਵਿਚ...ਸਾਂਭ ਲੈ।"

ਮੈਂ ਪਉੜੀਆਂ ਵਿਚ ਆ ਗਿਆ। ਪ੍ਰੀਤੀ ਆਪਣੀ ਮੰਮੀ ਨਾਲ ਬਹਿਸਣ ਲੱਗੀ।

ਮਹਿਫਿਲ ਜੰਮੀ ਹੋਈ ਸੀ। ਹਰਨੇਕ, ਪ੍ਰੀਤੀ ਦਾ ਚਾਚਾ ਤੇ ਕਾਮਰੇਡ ਇਸ ਬਹਿਸ ਵਿਚ ਉਲਝੇ ਹੋਏ ਸੀ ਕਿ ਗੰਨਾ ਐਤਕੀਂ ਦਸੂਹਾ ਮਿਲ 'ਤੇ ਸੁਟਣ ਦਾ ਫਾਇਦਾ ਜਾਂ ਭੋਗਪੁਰ ਵਾਲੀ 'ਤੇ ਸੁਟਣ ਵਿਚ। ਇਕ ਜਣਾ ਨਵਾਂ ਸ਼ਹਿਰ ਦੀ ਮਿਲ ਦੇ ਗੁਣ ਗਾ ਰਿਹਾ ਸੀ। ਹਰਪ੍ਰੀਤ ਦਾ ਡੈਡੀ ਤੇ ਫੁਫੜ ਆਪਸ ਵਿਚ ਹੌਲੀ ਹੌਲੀ ਕੋਈ ਗੱਲ ਕਰ ਰਹੇ ਸੀ।

"ਆਓ ਪੈਸ-ਸਾਬ੍ਹ ਆਓ ਆਓ ਬੈਠੋ।" ਪ੍ਰੀਤ ਦੇ ਫੁੱਫੜ ਨੇ ਰਤਾ ਉਚੀ 'ਵਾਜ਼ ਵਿਚ ਸ਼ਾਇਦ ਕਹਿ ਦਿੱਤਾ। ਕਾਮਰੇਡ ਨੇ ਗੱਲ ਰੋਕ ਦਿੱਤੀ।

"ਚਾਚਾ ਪੈਗ ਪਾਓ ਬਈ...ਆਪਣਾ ਭਾ ਆ। ਪਾ ਓਏ ਨੇਕ।" ਕਾਮਰੇਡ ਨੇ ਹਰਨੇਕ ਦੀ ਬਾਂਹ ਫੜ ਕੇ ਝੰਜੋੜੀ।

"ਨਈਂ ਨਈਂ ਜੀ ਛਕੀ ਚਲੋ ਤੁਸੀਂ, ਮੈਂ ਲੈਂਦਾ ਨਈਂ।" ਮੈਂ ਵਿਚਾਰਗੀ ਨਾਲ ਕਿਹਾ।

"ਗੁਰਬਖਸ਼ ਇਕ ਪੈਗ ਲੈ ਲਾ...ਪਾਵਾਂ?" ਪ੍ਰੀਤੀ ਦੇ ਡੈਡੀ ਨੇ ਆਖਿਆ।

"ਨਈਂ ਡੈਡੀ ਜੀ, ਮੈਂ ਨ੍ਹੀਂ ਕਦੀ ਪੀਤੀ ਥੈਂਕਸ।"

"ਭਾ ਸ਼ਰਾਬ...ਸ਼ਰਾਬ ਪੀਣ ਲਈ ਵੀ ਜਿਗਰਾ...ਹੂੰ ਕੀ..." ਕਾਮਰੇਡ ਕੋਲੋਂ ਗੱਲ ਪੂਰੀ ਨਾ ਹੋਈ ਤਾਂ ਉਹਨੇ ਹੂੰਗਰ ਮਾਰੀ।

ਮੈਂ ਉਹਦੇ ਬਹੁਤ ਗਰੀਬ ਜਿਹੇ, ਸੂਤੇ ਹੋਏ ਚਿਹਰੇ ਵਲ ਦੇਖਿਆ ਉਹ ਕਿੰਨਾ ਕਮਜ਼ੋਰ ਜਿਹਾ ਸੀ, ਭੁਖੇ ਬੋਟ ਵਰਗਾ।

"ਗੁਰਬਖਸ਼ ਇਹ ਮੇਰੇ ਜੀਜਾ ਜੀ ਨੇ ਕਾਮਰੇਡ ਜਗਬੀਰ ਸਿੰਘ...ਭੈਣ ਦੇ ਨਾਲ ਈ ਟੀਚਰ ਆ।" ਇਕ ਵਾਰੀ ਕਾਲਜ ਹੀ ਹਰਪ੍ਰੀਤ ਨੂੰ ਕੋਈ ਸੁਨੇਹਾ ਦੇਣ ਆਏ ਕਾਮਰੇਡ ਨਾਲ ਹਰਪ੍ਰੀਤ ਨੇ ਮਿਲਾਇਆ ਸੀ। ਵਿਚਾਰੇ ਦੇ ਹੱਥ ਕਾਲੇ ਹੋਏ ਪਏ। ਕਹਿਣ ਲੱਗਾ, ਮੋਪਿਡ ਦੀ ਚੇਨ ਉਤਰ ਗਈ, ਇਹਨੇ ਬੜਾ ਖਰਾਬ ਕੀਤਾ।

"ਅੱਛਾ ਲਵ ਮੈਰਿਜ਼ ਕੇਸ...ਬੜੀ ਖੁਸ਼ੀ ਹੋਈ ਜੀ ਮਿਲ ਕੇ।" ਮੈਂ ਇੰਨਾ ਹੀ ਕਿਹਾ ਸੀ।

ਮੈਨੂੰ ਪਤਾ ਸੀ ਉਹ ਜੰਡੂ ਸਿੰਘੀਏ ਕਾਮਰੇਡ ਧੰਨਾ ਸਿੰਘ ਦਾ ਮੁੰਡਾ ਸੀ-ਉਹੀ ਧੰਨਾ ਸਿੰਘ ਜਿਹੜਾ ਪਾਰਟੀ ਛਡ ਕੇ ਕਾਂਗਰਸ ਟਿਕਟ ਉਤੇ ਖੜ੍ਹਾ ਹੋ ਗਿਆ ਸੀ, ਆਪ ਤਾਂ ਹਾਰ ਗਿਆ ਪਰ ਹੁਸ਼ਿਆਰਪੁਰੀਏ ਚੌਧਰੀ ਨਾਲ ਪੱਕਾ ਜੁੜ ਗਿਆ। ਉਹ ਤਾਂ ਕਾਮਰੇਡ ਰਿਹਾ ਨਈਂ ਸੀ, ਉਹਦਾ ਮੁੰਡਾ ਇਹ ਜਗਬੀਰ ਸਿੰਘ ਪਤਾ ਨਈਂ ਕਿਹੜੀ ਪਾਰਟੀ ਵਿਚ ਬਹਿੰਦਾ-ਉਠਦਾ ਸੀ। ਊਂ ਤਾਂ ਗੁਰਪ੍ਰੀਤ ਨਾਲ ਲਵ ਮੈਰਿਜ਼ ਕੀਤੀ ਸੀ, ਪਰ ਸੁਣਿਆ ਸੀ ਵਿਆਹ ਪਰ ਧੂਮ-ਧੜੱਕੇ ਨਾਲ ਹੋਇਆ...ਸੁਖ ਨਾਲ ਹਰਪ੍ਰੀਤ ਦੀ ਮੰਮੀ ਨੇ ਪਤੀ ਦੀ ਗੈਰਹਾਜ਼ਰੀ ਵਿਚ ਵੀ ਲਖਾਂ ਲਾ ਦਿਤਾ ਸੀ। ਮੈਂ ਤਾਂ ਉਸ ਗੱਲ ਵਿਚੋਂ ਖੈਰ ਕੀ ਕਢਣਾ ਪਾਉਣਾ ਸੀ ਪਰ ਕਾਮਰੇਡ ਦੀਆਂ 'ਖੇਲਾਂ' ਵਲ ਦੇਖ ਕੇ ਸੋਚ ਰੁਕ ਜਾਂਦੀ ਸੀ।

ਉਸ ਦਿਨ ਹਰਪ੍ਰੀਤ ਪਿੰਡੋਂ ਮੁੜੀ ਸੀ, ਬੜੀ ਉਦਾਸ ਤੇ ਬੁਝੀ ਜਿਹੀ। ਛੁਟੀ ਲੈ ਕੇ ਹੋਸਟਲ ਚਲੀ ਗਈ। ਰਿਸੈਸ ਵੇਲੇ ਮੇਰੇ ਕੋਲੋਂ ਰਿਹਾ ਨਾ ਗਿਆ ਤੇ ਮੈਂ ਹੋਸਟਲ ਹੀ ਪਹੁੰਚ ਗਿਆ। ਅਸੀਂ ਫੁਲਾਂ ਦੀ ਕਿਆਰੀ ਕੋਲ ਬਹਿ ਗਏ।

"ਗੁਰਬਖਸ਼ ਮੈਨੂੰ ਨਈਂ ਪਤਾ ਤੂੰ ਮੈਨੂੰ ਪਿਆਰ ਕਰਦਾ ਜਾਂ ਸਿਰਫ ਦੋਸਤੀ ਹੀ ਪਰ ਹੁਣ ਮੇਰੇ ਵੱਸ ਵਿਚ ਗੱਲ ਨ੍ਹੀਂ ਰਹੀ। ਮੈਂ ਤੇਰੇ ਨਾਲ ਮੈਰਿਜ ਕਰੂੰਗੀ।" ਕਹਿ ਕੇ ਹਰਪ੍ਰੀਤ ਖੁਸ਼ ਨਹੀਂ ਹੋਈ, ਫਿਸ ਜਿਹੀ ਪਈ।

"ਮੈਰਿਜ਼ !" ਮੇਰਾ ਮੂੰਹ ਅਡਿਆ ਰਹਿ ਗਿਆ। ਦਿਮਾਗ ਦੀਆਂ ਤਾਰਾਂ ਤੜ-ਤੜ ਕੇ ਚੰਗਿਆੜੇ ਛੱਡਣ ਲੱਗੀਆਂ...ਮਾਰ-ਧਾੜ, ਖੂਨ-ਖਰਾਬਾ, ਗੋਲੀ, ਤਲਵਾਰਾਂ...ਮੈਨੂੰ ਇਉਂ ਲੱਗਾ ਜਿਵੇਂ ਮੇਰੀ ਦੇਹ ਦਾ ਕਚਰਾ ਜਿਹਾ ਬਣਾ ਕੇ ਬਹੁਤ ਹੇਠਾਂ, ਪਤਾਲ ਵਿਚ ਵਹਿ ਰਹੇ ਲਾਵੇ ਵਿਚ ਰੇੜ੍ਹ ਦਿੱਤਾ ਹੋਵੇ। ਮੈਂ ਅੱਖਾਂ ਮੀਟੀ ਰੱਖੀਆਂ, ਸ਼ਾਂਤ ਹੋਣ ਲੱਗਾ। ਇਹ ਖਿਆਲ, ਇਹ ਸੋਚ, ਹਰਪ੍ਰੀਤ ਦੇ ਦਿਮਾਗ ਵਿਚ ਕਿਹੜੀ ਵਜ੍ਹਾ ਕਰਕੇ ਆਈ? ਕੀ ਇਹ ਘਰ ਕਿਸੇ ਗੱਲ ਤੋਂ ਝਗੜਾ ਕਰਕੇ ਆਈ ਹੈ? ਕੀ ਕਾਲਜ ਜਾਂ ਘਰ ਵਿਚ ਮੇਰੇ ਕਰਕੇ ਕੋਈ ਉਂਗਲ ਉਠੀ ਹੈ?

"ਅਜ ਤਕਾਲੀਂ ਗਰੀਨ ਵਿਚ ਰੋਟੀ ਖਾਵਾਂਗੇ। ਏਸ ਟਾਪਿਕ ਉਤੇ ਉਥੇ ਡਿਸਕਸ ਕਰਾਂਗੇ। ਤੂੰ ਨਾਰਮਲ ਹੋ, ਜਾ ਕੇ ਅਰਾਮ ਕਰ।" ਕਹਿ ਕੇ ਮੈਂ ਕਾਲਜ ਵਾਪਸ ਆ ਗਿਆ ਸੀ।

ਪੂਰਾ ਇਕ ਮਹੀਨਾ ਵਿਚਾਰ ਹੁੰਦੀ ਰਹੀ। ਮੈਂ ਆਪਣੇ ਮੂੰਹੋਂ ਕੋਈ ਗੱਲ ਨਹੀਂ ਸੀ ਕਹਿ ਰਿਹਾ, ਮੈਂ ਭਾਈਏ ਦੀਆਂ ਕਹੀਆਂ ਗੱਲਾਂ ਹੀ ਦੁਹਰਾਉਂਦਾ ਰਿਹਾ, "ਹਰਪ੍ਰੀਤ, ਮੇਰੇ ਭਾਈਆ ਜੀ ਕਹਿੰਦੇ ਹੁੰਦੇ ਆ, ਇਹ ਅਖੌਤੀ ਉਚੀਆਂ ਜਾਤਾਂ ਆਲੇ ਜਾਤ ਦੇ ਕੋਹੜ ਨੂੰ ਨਾਲ ਲੈ ਕੇ ਨ੍ਹੀਂ ਜੰਮਦੇ। ਇਹ ਬਾਅਦ ਵਿਚ ਪੁਰਖੇ ਦਿੰਦੇ ਆ...ਇਹ ਪਲੇਗ ਅੰਦਰੇ-ਅੰਦਰ ਫੈਲਦੀ ਚਲੀ ਜਾਂਦੀ ਆ। ਜਿਹੜਾ ਕੋਈ ਬਚ ਜਾਂਦੈ ਉਹੀ ਛੇਕਿਆ ਜਾਂਦਾ। ਇਨ੍ਹਾਂ ਵਿਚੋਂ ਉਹਦੇ ਕਰਮ ਚੰਗੇ ਹੁੰਦੇ ਆ। ਇਹ ਉਚੇ ਹੋਣ ਦਾ ਦੰਭੀ ਫੁੰਕਾਰਾ ਈ ਆ ਹੋਰ ਕੁਝ ਨ੍ਹੀਂ ਇਹ ਫੁੰਕਾਰਾ ਮਰਦੇ ਦਮ ਤਕ ਸਪ ਵੀ ਨ੍ਹੀਂ ਛਡਦਾ।" ਪਰ ਹਰਪ੍ਰੀਤ ਉਤੇ ਮੇਰੀਆਂ ਜਾਂ ਕਹਿ ਲਓ ਭਾਈਏ ਦੀਆਂ ਕਹੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ। ਉਸ ਦੇ ਪਿਆਰ-ਪ੍ਰਗਟਾਵੇ ਵਿਚ ਸਗੋਂ ਖੁਲ੍ਹ ਆ ਗਈ।

ਅਖੀਰ ਮੈਂ ਭਾਈਏ ਤੇ ਬੀਬੀ ਨੂੰ ਦਸ ਦਿਤਾ ਕਿ ਹਰਪ੍ਰੀਤ ਮੇਰੇ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ। ਭਾਈਏ ਨੇ ਇਕ ਦਮ ਮੈਨੂੰ ਰੋਕ ਦਿਤਾ। ਰਾਤ ਨੂੰ ਵਡੇ ਭਰਾਵਾਂ ਨਾਲ ਵੀ ਗੱਲ ਹੋਈ, ਉਹ ਵੀ ਹਾਮੀ ਨਈਂ ਸੀ ਭਰ ਰਹੇ। ਸਾਰੇ ਇਕੋ ਗੱਲ ਤੋਂ ਡਰਦੇ ਸੀ ਕਿ ਇਹ ਬਰਬਾਦੀ ਤੇ ਦੁਸ਼ਮਣੀ ਸਹੇੜਨ ਵਾਲਾ ਰਾਹ ਹੈ।

ਅਖੀਰ ਮੇਰੇ ਸਮਝਾਉਣ ਨਾਲ ਪਰਿਵਾਰ ਵਿਚ ਇਕ ਛੋਟੇ ਮੁੰਡੇ ਦੇ ਹੋਣ ਤੇ ਹਰਪ੍ਰੀਤ ਦੇ ਡੈਡੀ ਦੇ ਅਮਰੀਕਾ ਵਿਚ ਬੈਠੇ ਹੋਣ ਬਾਰੇ ਸੁਣ ਕੇ ਭਾਈਆ ਰਾਜ਼ੀ ਹੋ ਗਿਆ।

"ਵੇਖ ਏ ਕੁੜੀਏ ਮੇਰੀ ਗੱਲ ਧਿਆਨ ਨਾਲ ਸੁਣੀਂ ਦੇਖ ਪੁੱਤ, ਤੂੰ ਆਪਣੀ ਹਉਮੈ ਨੂੰ ਤਿਆਗਿਆ ਤੇ ਸਾਡੇ ਨਾਲ ਖੜ੍ਹੀ ਹੋਣ ਬਾਰੇ ਸੋਚਿਆ...ਚਾਹੇ ਹੈਗਾ ਬਖਸ਼ਾ, ਚਾਹੇ ਮੈਂ ਆ ਤੇ ਚਾਹੇ ਬਖਸ਼ੇ ਦੀ ਬੀਬੀ ਆ...ਤੂੰ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੋਣ ਬਾਰੇ ਜੇ ਪੱਕੀ ਧਾਰ ਈ ਲਈ ਆ ਤਾਂ ਹੁਣ ਪੱਕੇ ਪੈਰੀਂ ਰਹੀਂ...ਅਡੋਲ ਖੜ੍ਹੀ ਰਹੇਂਗੀ ਤਾਂ ਤੇਰੀ ਹਵਾ ਵਲ ਨ੍ਹੀਂ ਕੋਈ ਦੇਖੂ। ਜਾਓ ਹੁਣ ਤੁਸੀਂ ਜੋ ਕਰਨਾ ਕਰ ਲਓ ਜਾ ਕੇ, ਜੋ ਅਸੀਂ ਕਰਨਾ ਉਹ ਸਾਨੂੰ ਦੱਸ ਦਿਓ।" ਭਾਈਏ ਨੇ ਹਰਪ੍ਰੀਤ ਦੇ ਸਿਰ ਉਤੇ ਪਿਆਰ ਦਿੰਦਿਆਂ ਕਿਹਾ ਸੀ।

"ਕਿਹੜਾ ਪਿੰਡ ਆ ਆਪਣੇ ਪ੍ਰਾਹੁਣੇ ਦਾ?" ਪ੍ਰੀਤੀ ਦਾ ਚਾਚਾ ਕੁੱਕੜ ਦੀ ਲੱਤ ਚਰੂੰਡਦਾ ਬੋਲਿਆ।

"ਇਹ ਤਾਂ ਸ਼ਹਿਰ ਵਿਚ ਰਹਿੰਦੇ ਆ, ਭਜਨ ਸਿਆਂ...ਓਥੇ ਈ ਕੋਠੀ ਪਾਈ ਆ।" ਹਰਪ੍ਰੀਤ ਦਾ ਡੈਡੀ ਵਿਚੋਂ ਹੀ ਬੋਲ ਪਿਆ।

"ਕੋਠੀ ਤਾਂ ਹੋਈ ਉਦਾਂ ਪਿੰਡ ਕਿਹੜਾ?" ਚਾਚੇ ਨੇ ਜ਼ਰਾ ਬੋਲਾਂ ਨੂੰ ਚਿੱਥ ਕੇ ਕਿਹਾ।

"ਢਿਲਵਾਂ ਚਾਚਾ ਜੀ...ਸ਼ਹਿਰ ਦੇ ਬਾਹਰ ਨਿਕਲ ਕੇ।" ਮੈਂ ਹੌਲੀ ਜਿਹੇ ਦੱਸਿਆ।

"ਅੱਛਾ ਢਿੱਲਵਾਂ ਆਹ ਕਾਕੀ ਪਿੰਡ ਲੰਘ ਕੇ...ਭਲਾ ਤੇਰੇ ਵਡੇਰੇ।"

"ਚਾਚਾ ਜੀ, ਮੇਰੇ ਪਿਤਾ ਜੀ ਵਪਾਰ ਕਰਦੇ ਹੁੰਦੇ ਸੀ ਲੱਕੜ ਦਾ...ਕਾਕੀ ਪਿੰਡ ਵਿਚ ਸੜਕ ਉਤਲਾ ਟਾਲ ਸਾਡਾ ਈ ਆ...ਭਰਾ ਮੇਰੇ ਸ਼ਹਿਰ ਦਾਣਾ ਮੰਡੀ ਆੜ੍ਹਤ ਕਰਦੇ ਆ...ਭਾਈਏ ਹੁਣੀਂ ਗੁਜ਼ਰ ਗਏ ਦੋ ਸਾਲ ਹੋਏ। ਸੁਣਿਆ ਹੋਊ ਨਾ ਚੌਧਰੀ ਮਿਲਖੀ ਰਾਮ ਦਾ?" ਮੈਂ ਜੋ ਵੀ ਕਿਹਾ ਥੋੜ੍ਹਾ ਤਲਖੀ ਵਿਚ ਹੀ ਕਿਹਾ, ਜਾਂ ਮੈਨੂੰ ਲੱਗਾ।

"ਪ੍ਰੀਤੀ ਲਿਆਓ ਕੁੜੇ ਰੋਟੀ।" ਪ੍ਰੀਤੀ ਦਾ ਡੈਡੀ ਕੁਛ ਇਸ ਤਰ੍ਹਾਂ ਬੋਲਿਆ ਕਿ ਰੌਲਾ ਜਿਹਾ ਪੈ ਗਿਆ। "ਪਾਣੀ ਲਿਆਓ ਬਈ...ਬਰਫ ਪਾਓ ਵਿਚ...ਸਬਜ਼ੀ ਲਿਆਓ...ਬਈ ਹੋਰ ਕੌਲੀਆਂ ਹੋਰ ਲਿਆਓ...ਫੁਲਕੇ ਚੁੱਕ ਲਿਆਓ।"

"ਚਾਚਾ-ਭਾ ਜੀ ਪ੍ਰੋਫੈ...ਪ੍ਰੋ...ਐਸਰ ਸਾਬ੍ਹ ਆ ਆਪਣੇ...ਆਪਣੇ।" ਕਾਮਰੇਡ ਤੋਂ ਬੋਲ ਨਹੀਂ ਸੀ ਹੋ ਰਿਹਾ।

ਮੈਂ ਵਿਚੋਂ ਉਠ ਜਾਣਾ ਚਾਹਿਆ। ਇਸੇ ਪਲ ਹਰਪ੍ਰੀਤ ਆ ਗਈ:

"ਗੁਰ, ਆਓ ਉਠ ਕੇ ਏਧਰ...ਉਠੋ ਜ਼ਰਾ।" ਪ੍ਰੀਤੀ ਨੇ ਜਿਵੇਂ ਮੈਨੂੰ ਡੂੰਮ੍ਹ 'ਚ ਗੋਤੇ ਖਾਂਦੇ ਨੂੰ ਆ ਫੜਿਆ।

ਹਰਨੇਕ ਤੇ ਪ੍ਰੀਤੀ ਦੇ ਡੈਡੀ ਨੇ ਰੋਕਣਾ ਚਾਹਿਆ।

"ਅਸੀਂ ਨ੍ਹੀਂ ਖਾਣੀ ਰੋਟੀ...ਪਤਾ ਨ੍ਹੀਂ ਕੀ ਕੀ ਬਕਵਾਸ ਕਰੀ ਜਾਂਦੇ ਆ...ਮੈਂ ਜਾਣਦੀ ਆਂ ਸਾਰਿਆਂ ਨੂੰ।" ਗੁੱਸੇ ਵਿਚ ਮਚਦੀ, ਪਰ ਰੋਣ-ਹਾਕੀ ਹੋਈ ਪ੍ਰੀਤੀ ਕੋਲੋਂ ਹੋਰ ਨਈਂ ਬੋਲਿਆ ਗਿਆ।

"ਨਈਂ ਗੁਰ, ਮੈਂ ਅੰਦਰ ਖੜ੍ਹੀ ਸਭ ਦੇਖਦੀ-ਸੁਣਦੀ ਸੀ...ਕੀ ਬਣੇ ਫਿਰਦੇ ਆ...ਇਹ ਥੋਥੇ ਦਿਮਾਗ...ਚੁੱਕੀ ਫਿਰਦੇ ਆ ਟਰੈਕਟਰ ਤੇ ਜ਼ਮੀਨਾਂ। ਕੋਈ ਕਾਰਾਂ ਦੱਸਦਾ, ਕੋਈ ਪੈਹੇ ਦੱਸਦਾ...ਏਸ ਤੋਂ ਵੱਧ ਵੀ ਕੁਛ ਹੈਗਾ ਕੋਲ!" ਹਰਪ੍ਰੀਤ ਗੁੱਸੇ ਵਿਚ ਈ ਸੀ ਅਜੇ ਵੀ। "ਚੁਕੋ ਮੋਟਰ ਸਾਈਕਲ...ਤੁਰੋ ਆਪਣੇ ਘਰ ਨੂੰ।"

ਹਰਪ੍ਰੀਤ ਦੇ ਮੰਮੀ ਡੈਡੀ ਤੇ ਭੂਆ ਉਹਨੂੰ ਚੁਪ ਕਰਾਉਣ ਪਰ ਉਹ ਬੋਲੀ ਗਈ।

"ਕੋਈ ਗੱਲ ਨਈਂ...ਮੈਂ ਫੇ ਗੇੜਾ ਮਾਰੂੰ...ਹੁਣ ਨਾ ਇਹਨੂੰ ਕੁਛ ਕਹੋ।" ਕਹਿ ਕੇ ਮੈਂ ਮੋਟਰ ਸਾਈਕਲ ਬਾਹਰ ਕੱਢਣ ਲੱਗਾ।

ਮੋਟਰ ਸਾਈਕਲ ਪਿਛੇ ਬੈਠੀ ਸਾਰਾ ਰਾਹ ਹਰਪ੍ਰੀਤ ਬੋਲੀ ਗਈ। ਬੈਗ ਰਖ ਕੇ ਉਹ ਸਰਘੀ ਨੂੰ ਲੈ ਕੇ ਬਾਥਰੂਮ ਵਿਚ ਨਹਾਉਣ ਜਾ ਵੜੀ। ਬਾਹਰ ਆਉਂਦੀ ਹੀ ਫਿਰ ਸ਼ੁਰੂ ਹੋ ਗਈ। ਨਾਲੇ ਸਰਘੀ ਦੇ ਕਪੜੇ ਪਾਈ ਜਾਵੇ, ਨਾਲੇ ਬੋਲੀ ਜਾਵੇ, ਉਹਦਾ ਗੁੱਸਾ ਅਜੇ ਠੰਢਾ ਨਈਂ ਸੀ ਹੋਇਆ।

"ਪੈਹਿਆਂ ਲਈ ਜ਼ੋਰ ਪਾਉਂਦੀ ਮੰਮੀ ਕੋਠੇ ਉਤੇ ਆ ਕੇ ਕਹਿਣ ਲੱਗੀ, ਠਹਿਰ ਕੇ ਦੋਂਹ ਕੁ ਮਹੀਨੀਂ ਹੋਰ ਦਊਂਗੀ...ਫੇ ਕਾਰ ਲੈ ਲਿਓ...ਕਾਮਰੇਡ ਅਰਗੀ, ਚਾਹੇ ਪੁਰਾਣੀ ਈ ਲੈ ਲਿਓ। ਫੇ ਕਹਿੰਦੀ ਗੁਰਬਖਸ਼ ਨੂੰ ਕਹੀਂ ਪੱਗ ਬੰਨ੍ਹ ਲਿਆ ਕਰੇ। ਮੈਂ ਪੈਹੇ ਵਗਾਹ ਕੇ ਮਾਰੇ...ਮੈਂ ਕਿਹਾ ਮੰਮੀ ਮੁੜ ਕੇ ਨਾ ਇਹ ਗੱਲ ਕਿਹੋ। ਮੈਂ ਪੱਗ ਜਾਂ ਬੋਦੀ ਨਾਲ ਵਿਆਹ ਨਹੀਂ ਕਰਾਇਆ, ਇਨਸਾਨ ਨਾਲ ਕਰਾਇਆ ਹੈ।"

ਮੈਂ ਹਰਪ੍ਰੀਤ ਦੇ ਲਾਲ ਹੋਏ ਚਿਹਰੇ ਵਲ ਦੇਖਦਾ ਅਗੇ ਵਧਿਆ, ਉਹਦਾ ਸਿਰ ਫੜ ਕੇ ਆਪਣੀ ਛਾਤੀ ਨਾਲ ਘੁਟ ਲਿਆ। ਬਸ ਇੰਨੀ ਗੱਲ ਸੀ ਕਿ ਉਹ ਮੈਨੂੰ ਬਾਹਾਂ ਵਿਚ ਘੁਟ ਕੇ ਉਚੀ-ਉਚੀ ਰੋਣ ਲਗ ਪਈ।

# ਅੱਜ ਵੀ ਯਮਲਿਆ ਜੱਟਾ ਖਲਕਤ 'ਵਾਜਾਂ ਮਾਰਦੀ !

*(ਸਫਾ 25 ਦੀ ਬਾਕੀ)*

ਨਾਲ ਫੇਰ ਮੇਰਾ ਮੇਲ ਨਾ ਹੋਇਆ ਤੇ ਫਿਰ ਉਦੋਂ ਹੀ ਖਬਰ ਮੇਰੇ ਤੱਕ ਪੁੱਜੀ ਜਦੋਂ ਉਹ ਡੇਰੇ ਨੂੰ ਛੱਡ ਕੇ ਸਭ ਕੁਝ ਸੁੰਨਾ ਕਰ ਗਿਆ ਸੀ।

ਇਹ ਗੱਲ ਕਹਿਣ 'ਚ ਮੈਂ ਬੁਰਾ ਵੀ ਨਹੀਂ ਮੰਨਦਾ ਕਿ ਲਾਲ ਚੰਦ ਯਮਲੇ ਜੱਟ ਦੇ ਗਾਣੇ ਵੀ ਬਹੁਤ ਸਨ ਤੇ ਨਿਆਣੇ ਵੀ। ਪਰ ਜਿਸ ਗੱਲ ਨੂੰ ਉਹ ਝੂਰਦਾ ਰਿਹਾ ਉਹ ਇਹ ਸੀ ਕਿ ਇਨ੍ਹਾਂ ਪੰਜਾਂ ਛੇਆਂ 'ਚੋਂ ਕਿਸੇ ਨੇ ਵੀ ਯਮਲਾ ਜੱਟ ਨਹੀਂ ਬਣਨਾ। ਹਾਂ, ਇਹ ਵੱਖਰੀ ਗੱਲ ਹੈ ਕਿ ਇਸ ਦਰਖਤ ਦੇ ਫਲ ਬਹੁਤ ਛੇਤੀ ਝੜ ਗਏ। ਜਸਦੇਵ ਯਮਲਾ 'ਛੱਲਾ' ਗਾ ਕੇ ਮਾੜਾ ਮੋਟਾ ਨਹੀਂ ਚੰਗਾ ਭਲਾ ਯਮਲੇ ਦੇ ਨਾਂ ਨੂੰ ਧੂਫ ਬੱਤੀ ਕਰ ਰਿਹਾ ਹੈ। ਯਮਲੇ ਦੇ ਨਾਂ ਦੀ ਪੂਜਾ ਕਰਨ ਦੇ ਇਵਜ਼ਾਨੇ 'ਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਉਹਦੇ ਪੋਤਰੇ ਵਿਜੇ ਯਮਲੇ ਨੂੰ ਨੌਕਰੀ ਦੇ ਦਿੱਤੀ ਹੈ ਅਤੇ ਦਿੱਤੀ ਭਾਵੇਂ ਦਰਜਾ ਚਾਰ ਦੀ ਹੀ ਹੈ ਕਿਉਂਕਿ ਇਹ ਪਰਿਵਾਰ ਤੂੰਬੀਆਂ ਬਣਾਉਣ ਤੇ ਵਜਾਉਣ ਵਿਚ ਤਾਂ ਮਾਹਿਰ ਰਿਹਾ ਪਰ ਅੱਖਰ ਗਿਆਨ ਵਿਚ ਅਧੂਰਾ ਹੀ ਰਹਿ ਗਿਆ।

ਸ਼ੌਕੀ ਮੇਲੇ ਦੀਆਂ ਦੋ ਘਟਨਾਵਾਂ ਇਹ ਜੁੜੀਆਂ ਹੋਈਆਂ ਹਨ ਕਿ ਮੇਰੇ ਕਹੇ ਤੇ ਢਾਡੀ ਸੋਹਣ ਸਿੰਘ ਸੀਤਲ ਨੇ ਸ਼ੌਕੀ ਐਵਾਰਡ ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਮੈਂ ਗੁਰੂਘਰ ਦਾ ਸਿੱਖ, ਪੰਥ ਦਾ ਢਾਡੀ ਹਾਂ ਤੇ ਸ਼ਰਾਬ ਪੀਣ ਵਾਲੇ ਸ਼ੌਂਕੀ ਤੇ ਮਿਰਜ਼ਾ ਗਾਉਣ ਵਾਲੇ ਅਮਰ ਸਿੰਘ ਦਾ ਐਵਾਰਡ ਲੈਣ 'ਚ ਆਪਣੀ ਹੱਤਕ ਸਮਝਦਾ ਹਾਂ। ਯਮਲੇ ਜੱਟ ਨੇ ਮੇਰੀ ਬੇਨਤੀ ਨੂੰ ਇਹ ਕਹਿ ਕੇ ਠੁਕਰਾ ਦਿੱਤਾ ਸੀ, 'ਉਹ ਜੁਆਨਾ ਛੱਡ ਪਰ੍ਹੇ, ਸ਼ੌਂਕੀ ਮੇਰੇ ਨਾਲੋਂ ਵੱਡਾ ਗਵੱਈਆ ਸੀ ਕਿਤੇ? ਮੈਂ ਉਹਦੇ ਨਾਂ 'ਤੇ ਦਿੱਤਾ ਜਾਣ ਵਾਲਾ ਸਨਮਾਨ ਤੇਰੇ ਕਹੇ ਤਾਂ ਕੀ ਕਿਸੇ ਸਰਕਾਰ ਦੇ ਕਹੇ ਵੀ ਲੈਣ ਨਹੀਂ ਜਾਵਾਂਗਾ।' ਸੱਚ ਇਹ ਹੈ ਕਿ ਇਹ ਗੱਲ ਮੈਨੂੰ ਚੁਭਦੀ ਬਹੁਤ ਦੇਰ ਰਹੀ। ਪਰ ਹੁਣ ਆ ਕੇ ਮੈਨੂੰ ਲੱਗਦਾ ਕਿ ਅਸੂਲ ਜ਼ਿੰਦਗੀ ਤੋਂ ਪਿਆਰੇ ਕਿਉਂ ਹੁੰਦੇ ਹਨ?

ਅਸਲ 'ਚ ਕਈ ਵਾਰ ਕੱਚੀਆਂ ਕੰਧਾਂ 'ਤੇ ਉਹ ਮਾਟੋ ਲਿਖ ਦਿੱਤੇ ਗਏ ਹੁੰਦੇ ਹਨ ਜਿਨ੍ਹਾਂ ਦਾ ਸਬੰਧ ਕਈ ਆਉਣ ਵਾਲੀਆਂ ਨਸਲਾਂ ਨਾਲ ਹੁੰਦਾ ਹੈ, ਲਿਖਣ ਵਾਲਿਆਂ ਨੂੰ ਨਹੀਂ ਪਤਾ ਹੁੰਦਾ ਕਿ ਕੱਚੀਆਂ ਕੰਧਾਂ ਦੀ ਉਮਰ ਅਕਸਰ ਜ਼ਿੰਦਗੀ ਵਰਗੀ ਹੀ ਹੁੰਦੀ ਹੈ।

ਮੈਂ ਯਮਲੇ ਨੂੰ ਜਾਣਦਾ ਹਾਂ ਇਸ ਕਰਕੇ ਵੀ ਕਿ ਉਹਦੀ ਸਾਥਣ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਉਹਦੀ ਰੱਜ ਕੇ ਸੇਵਾ ਤਾਂ ਕਰਦੀ ਸੀ ਪਰ ਏਨੀ ਕਿਉਂ? ਪਤਾ ਨਹੀਂ।

ਮੈਨੂੰ ਇਹ ਵੀ ਦੱਸਣ ਦੀ ਲੋੜ ਨਹੀਂ ਕਿ ਯਮਲੇ ਜੱਟ ਦਾ ਘੋੜਾਗਾੜੀ ਬੀੜੀਆਂ ਦੇ ਬੰਡਲ ਨਾਲ ਕੀ ਸਬੰਧ ਸੀ?

ਇਹ ਵੀ ਸੱਚ ਹੈ ਕਿ ਮੈਂ ਜਸਦੇਵ ਯਮਲੇ ਨਾਲ ਯਮਲੇ ਦੇ ਡੇਰੇ 'ਤੇ ਪੈਗ ਤਾਂ ਪੀਤਾ ਪਰ ਮੈਂ ਉਸ ਉਸਤਾਦ ਲਾਲ ਚੰਦ ਯਮਲੇ ਜੱਟ ਨੂੰ ਕਦੇ ਘੁੱਟ ਲਾਉਂਦਿਆਂ ਨਹੀਂ ਵੇਖਿਆ। ਵਿਸਕੀ, ਬੋਤਲ ਜਾਂ ਨਸ਼ੇ ਨਾਲ ਉਹਦਾ ਪਟਵਾਰੀ, ਕਨੂੰਨਗੋ ਤੇ ਜ਼ਮੀਨ ਵਾਂਗ ਕਿੰਨਾ ਕੁ ਤਾਲੁਕਾਤ ਸੀ ਇਹ ਵੀ ਮੈਨੂੰ ਨਹੀਂ ਪਤਾ। ਪਰ ਮੈਂ ਇਹ ਕਹਿਣ ਵਿਚ ਮਾਣ ਮਹਿਸੂਸ ਕਰਦਾ ਹਾਂ ਕਿ ਮੈਂ ਵੀ ਉਸੇ ਯੁੱਗ ਵਿਚ ਵਿਚਰਿਆ ਹਾਂ ਜਿਹੜਾ ਯਮਲੇ ਜੱਟ ਦਾ ਸੀ। ਤੇ ਜਿਸ ਯਮਲੇ ਜੱਟ ਨੂੰ ਤੇ ਉਹਦੀ ਗਾਇਕੀ ਨੂੰ ਆਉਣ ਵਾਲੀਆਂ ਨਸਲਾਂ ਕਦੇ ਵੀ ਨਹੀਂ ਵਿਸਾਰਨਗੀਆਂ। ਭਾਵੇਂ ਖੂਹ ਤੇ ਖੂਹੇ ਨਹੀਂ ਰਹੇ ਪਰ;

ਜੰਗਲ ਦੇ ਵਿਚ ਖੂਹਾ ਲੁਆ ਦੇ,<br>
ਉਤੇ ਪੁਆ ਦੇ ਡੋਲ<br>
ਸਖੀਆ ਨਾਮ ਸਾਈਂ ਦਾ ਬੋਲ,<br>
ਓਹ ਸਖੀਆ।

ਅਮਰ ਰਹਿਣਗੇ ਉਦੋਂ ਤੱਕ ਜਦੋਂ ਤੱਕ ਚੰਦ ਤੇ ਸੂਰਜ ਇਕ ਦੂਜੇ ਨਾਲ ਹੱਥ ਮਿਲਾਉਂਦੇ ਰਹਿਣਗੇ।

...ਇਸੇ ਲਈ ਯਮਲਾ ਜੱਟ ਜਿਊਂਦਾ ਹੈ, ਜਿਊਂਦਾ ਰਹੇਗਾ ਅਤੇ ਇਸੇ ਨੂੰ ਅਮਰ ਹੋਣਾ ਕਹਿੰਦੇ ਨੇ।

# ਮੈਂ ਬਾਗ਼ੀ ਮੈਂ ਬਾਗ਼ੀ...

## ਸੰਤੋਸ਼ ਸੀਵਾਨ, ਜਾਹਨੂ ਬਰੂਆ ਤੇ ਪੱਲਵੀ ਜੋਸ਼ੀ ਨੇ ਐਫ.ਟੀ.ਆਈ.ਆਈ. ਬੋਰਡ ਦੀ ਮੈਂਬਰੀ ਤੋਂ ਅਸਤੀਫਾ ਦੇ ਕੇ ਜੂਝ ਰਹੇ ਵਿਦਿਆਰਥੀਆਂ ਦਾ ਦਿੱਤਾ ਸਾਥ

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਭਗਵਾਕਰਨ ਦੀ ਮੁਹਿੰਮ ਖਿਲਾਫ ਆਵਾਜ਼ ਬੁਲੰਦ ਕਰਨ ਵਾਲਿਆਂ ਵਿਚ ਸੰਤੋਸ਼ ਸੀਵਾਨ, ਜਾਹਨੂ ਬਰੂਆ ਤੇ ਪੱਲਵੀ ਜੋਸ਼ੀ ਵਰਗੇ ਕੱਦਾਵਰ ਕਲਾਕਾਰਾਂ ਦਾ ਨਾਂ ਵੀ ਜੁੜ ਗਿਆ ਹੈ। ਯਾਦ ਰਹੇ ਕਿ ਪੁਣੇ (ਮਹਾਰਾਸ਼ਟਰ) ਦੀ ਵੱਕਾਰੀ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਆਫ ਇੰਡੀਆ (ਐਫ.ਟੀ.ਆਈ.ਆਈ.) ਦੇ ਵਿਦਿਆਰਥੀ ਭਾਜਪਾ ਆਗੂ ਤੇ ਟੀ.ਵੀ. ਕਲਾਕਾਰ ਗਜੇਂਦਰ ਚੌਹਾਨ ਨੂੰ ਸੰਸਥਾ ਦਾ ਮੁਖੀ ਥਾਪਣ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਵਿਦਿਆਰਥੀਆਂ ਦੀ ਦਲੀਲ ਹੈ ਕਿ ਗਜੇਂਦਰ ਚੌਹਾਨ ਵਿਚ ਭਾਵੇਂ ਸੌ

**ਜਗਜੀਤ ਸਿੰਘ ਸੇਖੋਂ**

ਗੁਣ ਹੋਣ, ਪਰ ਉਹ ਇਸ ਵੱਕਾਰੀ ਸੰਸਥਾ ਦੇ ਮੁਖੀ ਦੇ ਇਸ ਅਹੁਦੇ ਦੇ ਯੋਗ ਨਹੀਂ ਹਨ। ਇਸ ਮਾਮਲੇ 'ਤੇ ਵਿਦਿਆਰਥੀਆਂ ਨੂੰ ਕਹਿੰਦੇ-ਕਹਾਉਂਦੇ ਕਲਾਕਾਰਾਂ ਅਤੇ ਫਿਲਮ ਜਗਤ ਨਾਲ ਜੁੜੀਆਂ ਸ਼ਖਸੀਅਤਾਂ ਦਾ ਭਰਪੂਰ ਸਾਥ ਮਿਲਿਆ ਹੈ, ਮੀਡੀਆ ਨੇ ਵੀ ਵਿਦਿਆਰਥੀਆਂ ਦੇ ਇਸ ਮੁੱਦੇ ਨੂੰ ਭਖਾਉਣ ਵਿਚ ਬਣਦਾ ਯੋਗਦਾਨ ਪਾਇਆ ਹੈ, ਪਰ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਪਣੇ ਫੈਸਲੇ ਉਤੇ ਅੜੀ ਹੋਈ ਹੈ।

ਇਸ ਮਾਮਲੇ ਵਿਚ ਸੰਸਥਾ ਦੇ ਬੋਰਡ ਦੇ ਤਿੰਨ ਅਹਿਮ ਮੈਂਬਰਾਂ- ਸੰਤੋਸ਼ ਸੀਵਾਨ, ਜਾਹਨੂ ਬਰੂਆ ਤੇ ਪੱਲਵੀ ਜੋਸ਼ੀ, ਨੇ ਬਹੁਤ ਵੱਡੀ ਸਟੇਟਮੈਂਟ ਦਿੱਤੀ ਹੈ। ਇਹ ਸਟੇਟਮੈਂਟ ਉਨ੍ਹਾਂ ਬੋਰਡ ਦੀ ਮੈਂਬਰੀ ਤੋਂ ਅਸਤੀਫੇ ਦੇ ਕੇ ਦਿੱਤੀ ਹੈ ਅਤੇ ਕਿਹਾ ਹੈ ਕਿ ਉਹ ਕਲਾ ਨੂੰ ਪ੍ਰਨਾਏ ਹੋਏ ਹਨ ਤੇ ਇਸ ਵੇਲੇ ਸੰਘਰਸ਼ ਦੇ ਰਾਹ ਪਏ ਹੋਏ ਵਿਦਿਆਰਥੀਆਂ ਦੇ ਹੱਕ ਵਿਚ ਹਨ। ਉਨ੍ਹਾਂ



ਸੰਤੋਸ਼ ਸੀਵਾਨ



ਪੱਲਵੀ ਜੋਸ਼ੀ



ਜਾਹਨੂ ਬਰੂਆ

ਮੁਤਾਬਕ ਵਿਦਿਆਥੀਆਂ ਦਾ ਪੈਂਤੜਾ ਐਨ ਸਹੀ ਹੈ ਅਤੇ ਉਹ ਵਿਦਿਆਰਥੀਆਂ ਦੇ ਇਸ ਸੰਘਰਸ਼ ਵਿਚ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਸਪਸ਼ਟ ਆਖਿਆ ਹੈ ਕਿ ਸਿਆਸਤ ਦੇ ਨਾਂ ਉਤੇ ਕਲਾ ਦੀ ਕੁਰਬਾਨੀ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਇਹ ਵੀ ਆਖਿਆ ਹੈ ਕਿ ਮੌਕੇ ਦੀਆਂ ਸਰਕਾਰਾਂ ਭਾਵੇਂ ਐਫ.ਟੀ.ਆਈ.ਆਈ. ਦੀ ਨਿਯੁਕਤੀ ਆਪਣੀ ਮਰਜ਼ੀ ਅਨੁਸਾਰ ਕਰਦੀਆਂ ਰਹੀਆਂ ਹਨ, ਪਰ ਇਸ ਤੋਂ ਪਹਿਲਾਂ ਥਾਪੇ ਜਾ ਰਹੇ ਮੁਖੀਆਂ ਦੇ ਕੱਦ ਅਤੇ ਰੁਤਬੇ ਬਾਰੇ ਕਦੀ ਵੀ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਇਆ ਹੈ। ਹੁਣ ਸਰਕਾਰ ਨੇ ਗਜੇਂਦਰ ਚੌਹਾਨ ਵਰਗੇ ਬੰਦੇ ਨੂੰ ਮੁਖੀ ਥਾਪ ਕੇ ਸਗੋਂ ਇਸ ਸੰਸਥਾ ਦੇ ਮਾਣ-ਸਨਮਾਨ ਨੂੰ ਢਾਹ ਲਾਈ ਹੈ।

ਸੰਤੋਸ਼ ਸੀਵਾਨ, ਜਾਹਨੂ ਬਰੂਆ ਅਤੇ ਪੱਲਵੀ ਜੋਸ਼ੀ ਫਿਲਮ ਜਗਤ ਵਿਚ ਕਿਸੇ ਵੀ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਸੰਤੋਸ਼ ਸੀਵਾਨ ਅਤੇ ਜਾਹਨੂ ਬਰੂਆ ਨੇ ਫਿਲਮਸਾਜ਼ੀ ਦੇ ਖੇਤਰ ਵਿਚ ਅਤੇ ਪੱਲਵੀ ਜੋਸ਼ੀ ਨੇ ਅਦਾਕਾਰੀ ਦੇ ਖੇਤਰ ਵਿਚ ਮੱਲ੍ਹਾਂ ਮਾਰੀਆਂ ਹਨ। ਤਿੰਨਾਂ ਦਾ ਆਖਣਾ ਹੈ ਕਿ ਸਰਕਾਰ ਨੂੰ ਸੰਘਰਸ਼ ਦੇ ਰਾਹ ਪਏ ਹੋਏ ਵਿਦਿਆਰਥੀਆਂ ਨੂੰ ਡਰਾਉਣ-ਧਮਕਾਉਣ ਦੀ ਥਾਂ ਉਨ੍ਹਾਂ ਦੀ ਮੰਗ ਬਾਰੇ ਠੰਢੇ ਦਿਲ ਨਾਲ ਵਿਚਾਰ ਕਰ ਕੇ ਆਪਣੇ ਫੈਸਲੇ ਉਤੇ ਮੁੜ ਵਿਚਾਰ ਕਰਨੀ ਚਾਹੀਦੀ ਹੈ। ਉਧਰ, ਸਰਕਾਰ ਨੇ ਉਨ੍ਹਾਂ ਦੀ ਕਿਸੇ ਵੀ ਦਲੀਲ ਵੱਲ ਕੰਨ ਨਹੀਂ ਧਰਿਆ ਹੈ, ਸਗੋਂ ਤੁਰੰਤ ਇਨ੍ਹਾਂ ਤਿੰਨਾਂ ਕਲਾਕਾਰਾਂ ਦਾ ਅਸਤੀਫਾ ਵੀ ਪ੍ਰਵਾਨ ਕਰ ਲਿਆ ਹੈ। ਫਿਰ ਵੀ ਇਨ੍ਹਾਂ ਕਲਾਕਾਰਾਂ ਅਤੇ ਇਹਦੇ ਵਰਗੇ ਹੋਰ ਜਿਉੜਿਆਂ ਨੇ ਹਿੰਮਤ ਨਹੀਂ ਹਾਰੀ ਹੈ ਅਤੇ ਕਿਹਾ ਹੈ ਕਿ ਵਿਦਿਆਰਥੀਆਂ ਦੀ ਲੜਾਈ ਕਿਸੇ ਦੀ ਕੋਈ ਨਿੱਜੀ ਲੜਾਈ ਨਹੀਂ ਹੈ ਅਤੇ ਨਾ ਹੀ ਇਹ ਲੜਾਈ ਕਿਸੇ ਇਕ ਬੰਦੇ ਦੇ ਖਿਲਾਫ ਹੈ। ਇਹ ਤਾਂ ਸਿਧਾਂਤਾਂ ਦੀ ਲੜਾਈ ਹੈ ਜੋ ਹਰ ਹਾਲ ਜਾਰੀ ਰਹਿਣੀ ਚਾਹੀਦੀ ਹੈ। ਇਸ ਉਤੇ ਕੋਈ ਸਿਆਸਤ ਨਹੀਂ ਹੋਣੀ ਚਾਹੀਦੀ।

# ਵਿਦਿਆ ਦਾ ਵਿਤਕਰੇ ਖਿਲਾਫ਼ ਗੜ੍ਹਕਾ



ਅਦਾਕਾਰਾ ਵਿਦਿਆ ਬਾਲਨ ਆਪਣੀਆਂ ਨਾਇਕਾ ਪ੍ਰਧਾਨ ਫਿਲਮਾਂ ਕਰ ਕੇ ਅਕਸਰ ਚਰਚਾ ਵਿਚ ਰਹੀ ਹੈ। ਉਸ ਨੇ ਫਿਲਮੀ ਦੁਨੀਆਂ ਵਿਚ ਸਾਬਤ ਕਰ ਦਿੱਤਾ ਹੈ ਕਿ ਹਿੰਦੀ ਫਿਲਮ ਜਗਤ ਵਿਚ ਨਾਇਕਾ ਦੇ ਦਮ ਉਤੇ ਵੀ ਫਿਲਮਾਂ ਚੱਲ ਸਕਦੀਆਂ ਹਨ। ਹੁਣ ਉਸ ਨੇ ਫਿਲਮਾਂ ਵਿਚ ਕੰਮ ਕਰਨ ਵਾਲੀਆਂ ਅਦਾਕਾਰਾਵਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਉਸ ਨੇ ਦਲੀਲ ਦਿੱਤੀ ਹੈ ਕਿ ਔਰਤ ਕਲਾਕਾਰਾਂ/ਨਾਇਕਾਵਾਂ ਨੂੰ ਮਰਦਾਂ ਦੇ ਮੁਕਾਬਲੇ ਮਿਹਨਤਾਨਾ ਬਹੁਤ ਘੱਟ ਦਿੱਤਾ ਜਾਂਦਾ ਹੈ; ਇਹ ਸਰਾਸਰ ਵਿਤਕਰਾ ਹੈ ਅਤੇ ਇਹ ਹਰ ਹਾਲ ਖਤਮ ਹੋਣਾ ਚਾਹੀਦਾ ਹੈ। ਉਸ ਨੇ ਅਦਾਕਾਰਾਵਾਂ ਨੂੰ ਵੀ ਕਿਹਾ ਹੈ ਕਿ ਉਹ ਆਪਣੇ ਇਸ ਹੱਕ ਲਈ ਪੈਰ ਅੜਾਇਆ ਕਰਨ। ਪਹਿਲਾਂ-ਪਹਿਲ ਔਖ ਤਾਂ ਝੱਲਣੀ ਹੀ ਪਵੇਗੀ, ਪਰ ਹੁਣ ਕੀਤਾ ਸੰਘਰਸ਼ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਮੋਕਲਾ ਕਰੇਗਾ। ਉਸ ਮੁਤਾਬਕ ਜੇ ਅਸੀਂ ਆਪਣੀ ਗੱਲ ਕਿਸੇ ਅੱਗੇ ਰੱਖੀ ਹੀ ਨਾ, ਤਾਂ ਕਿਸੇ ਵੀ ਮਾਮਲੇ ਵਿਚ ਸ਼ੋਸ਼ਣ ਜਾਰੀ ਹੀ ਰਹੇਗਾ।

# ਉਮੀਦਾਂ ਵਾਲਾ ਖਵਾਜਾ ਅਹਿਮਦ ਅੱਬਾਸ

**ਆਵਾਜ਼ ਦੇ ਕਹਾਂ ਹੈ... -12-**




**ਕੁਲਦੀਪ ਕੌਰ**
ਫੋਨ: +91-98554-04330

ਖਵਾਜਾ ਅਹਿਮਦ ਅੱਬਾਸ ਭਾਰਤੀ ਸਿਨੇਮਾ ਵਿਚ ਅਜਿਹੇ ਪਹਿਲੇ ਪੱਤਰਕਾਰ ਸਨ ਜਿਸ ਵੱਲੋਂ ਪੱਤਰਕਾਰੀ ਦੇ ਖੇਤਰ ਵਾਲੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਲਿਖੀਆਂ ਕਹਾਣੀਆਂ 'ਤੇ ਫਿਲਮਾਂ ਬਣੀਆਂ। ਫਿਲਮ ਨਿਰਦੇਸ਼ਕ ਤੋਂ ਬਿਨਾਂ ਉਹ ਵਧੀਆ ਸਕਰੀਨ-ਪਲੇਅ ਲੇਖਕ ਸੀ, ਤਤਕਾਲੀ ਸਿਆਸਤ 'ਤੇ ਤਿੱਖੀਆਂ ਟਿੱਪਣੀਆਂ ਕਰਦੀਆਂ ਕਹਾਣੀਆਂ ਲਿਖਦਾ ਸੀ। ਇਸ ਤੋਂ ਵੀ ਦਿਲਚਸਪ ਤੱਥ ਇਹ ਹੈ ਕਿ ਜਿਥੇ ਖੱਬੇ-ਪੱਖੀ ਸਿਆਸਤ ਵਿਚ ਉਹਨੂੰ ਬੁਰਜੂਆ ਗਿਣਿਆ ਜਾਂਦਾ ਸੀ, ਉਥੇ ਲੱਖਾਂ-ਕਰੋੜਾਂ ਵਿਚ ਖੇਡਣ ਵਾਲਾ ਤਬਕਾ ਉਹਨੂੰ ਕਮਿਊਨਿਸਟ ਵਿਚਾਰਧਾਰਕ ਪ੍ਰਚਾਰਕ ਦੇ ਤੌਰ 'ਤੇ ਪਛਾਣਦਾ ਸੀ।


ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਤੋਂ ਵਕਾਲਤ ਦੀ ਡਿਗਰੀ ਲੈਣ ਪਿਛੋਂ ਅੱਬਾਸ (7 ਜੂਨ 1914- 1 ਜੂਨ 1987) ਮੁੰਬਈ ਆ ਗਿਆ ਜਿਥੇ ਉਹਨੇ 'ਬੰਬੇ ਕਰਾਨੀਕਲ' ਅਖਬਾਰ ਵਿਚ ਨੌਕਰੀ ਕਰ ਲਈ। ਬੰਗਾਲ ਦੇ ਆਕਾਲ ਬਾਰੇ ਮਾਰਮਿਕ ਫਿਲਮ 'ਧਰਤੀ ਕੇ ਲਾਲ' ਉਹਨੇ 1945 ਵਿਚ ਨਿਰਦੇਸ਼ਿਤ ਕੀਤੀ। ਇਸ ਫਿਲਮ ਦਾ ਨਿਰਮਾਣ 'ਇਪਟਾ' ਨੇ ਕੀਤਾ ਸੀ। ਫਿਰ 1947 ਵਿਚ 'ਆਜ ਔਰ ਕੱਲ' ਬਣਾਈ ਪਰ ਫਿਲਮ ਫਲਾਪ ਰਹੀ। 1951 ਵਿਚ ਅੱਬਾਸ ਨੇ 'ਨਯਾ ਸੰਸਾਰ' ਦੇ ਬੈਨਰ ਹੇਠ ਆਪਣੀ ਪ੍ਰੋਡਕਸ਼ਨ ਕੰਪਨੀ ਸ਼ੁਰੂ ਕੀਤੀ। ਕੰਪਨੀ ਦੀ ਪਹਿਲੀ ਫਿਲਮ ਰਿਲੀਜ਼ ਹੋਈ 'ਅਨਹੋਨੀ' ਜਿਸ ਵਿਚ ਮੁੱਖ ਅਦਾਕਾਰ ਸਨ ਰਾਜਕਪੂਰ। ਜਿਵੇਂ ਗੁਰੂ ਦੱਤ ਦੀਆਂ ਫਿਲਮਾਂ ਦੀ ਸਫਲਤਾ ਅਬਰਾਰ ਅਲਵੀ ਦੇ ਦਮ 'ਤੇ ਟਿਕੀ ਹੋਈ ਸੀ, ਰਾਜ ਕਪੂਰ ਦੀਆਂ ਫਿਲਮਾਂ ਦਾ ਵਿਚਾਰਧਾਰਕ ਚੌਖਟਾ ਅੱਬਾਸ ਦੀ ਸਿਆਸੀ ਸਮਝ 'ਤੇ ਖੜ੍ਹਾ ਸੀ। ਆਪਣੀ ਇਸ ਫਿਲਮ ਤੋਂ ਪਹਿਲਾਂ ਉਹ ਵੀ. ਸ਼ਾਂਤਾਰਾਮ ਦੀ ਸਫਲ ਫਿਲਮ 'ਡਾ. ਕੋਟਿਨਸ ਕੀ ਅਮਰ ਕਹਾਨੀ' ਅਤੇ ਚੇਤਨ ਆਨੰਦ ਦੀ 'ਨੀਚਾ ਨਗਰ' ਦੀ ਪਟਕਥਾ ਲਿਖ ਚੁੱਕੇ ਸਨ।

ਅੱਬਾਸ ਦੀ ਫਿਲਮ 'ਨਯਾ ਸੰਸਾਰ' ਨੂੰ ਪੱਤਰਕਾਰੀ ਬਾਰੇ ਬਣੀ ਪਹਿਲੀ ਫਿਲਮ ਹੋਣ ਦਾ ਮਾਣ ਪ੍ਰਾਪਤ ਹੈ। ਇਸ ਦੀ ਪਟਕਥਾ ਤੇ ਕੇਂਦਰੀ ਨੁਕਤਾ ਅੱਬਾਸ ਦੇ ਹੱਡੀਂ ਹੰਢਾਏ ਤਜਰਬਿਆਂ 'ਤੇ ਆਧਾਰਿਤ ਸੀ। ਇਹ ਭਾਰਤੀ ਸਿਨੇਮਾ ਦੀ ਪਹਿਲੀ ਅਜਿਹੀ ਫਿਲਮ ਸੀ ਜਿਸ ਵਿਚ ਕਿਰਦਾਰਾਂ ਨੂੰ ਡਬਲ ਰੋਲ ਵਿਚ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਉਹਨੇ ਪ੍ਰਭਾਤ ਤੇ ਨਵਯੁਗ ਚਿਤਰਪਟ ਦੀਆਂ ਕਈ ਫਿਲਮਾਂ ਦੀਆਂ ਪਟਕਥਾਵਾਂ ਲਿਖੀਆਂ ਪਰ ਇਹ ਪਟਕਥਾਵਾਂ ਜਦੋਂ ਫਿਲਮਾਂ ਦੇ ਰੂਪ ਵਿਚ ਸਾਹਮਣੇ ਆਈਆਂ ਤਾਂ ਇਨ੍ਹਾਂ ਦੇ ਵਿਗਾੜੇ ਰੂਪ ਲਈ ਉਹਨੇ ਨਿਰਦੇਸ਼ਕਾਂ ਦੀ ਤਿੱਖੀ ਆਲੋਚਨਾ ਕੀਤੀ। 1954 ਵਿਚ ਉਹਨੇ ਫਿਲਮ ਨਿਰਦੇਸ਼ਿਤ ਕੀਤੀ 'ਮੁੰਨਾ'। ਫਿਲਮ ਦੇ ਮੁੱਖ ਅਦਾਕਾਰ ਸਨ ਡੇਵਿਡ, ਜਗਦੀਪ ਅਤੇ ਮਨਮੋਹਨ ਕ੍ਰਿਸ਼ਨ। ਇਹ ਫਿਲਮ ਅੱਬਾਸ ਦੀਆਂ ਪਹਿਲੀਆਂ ਫਿਲਮਾਂ ਨਾਲੋਂ ਵੱਖਰੀ ਸੀ। ਇਹ ਅਜਿਹੇ ਬੱਚੇ ਦੀ ਕਹਾਣੀ ਸੀ ਜਿਹੜਾ ਮਾਂ ਨਾਲੋਂ ਵਿਛੜ ਜਾਂਦੀ ਹੈ ਤੇ ਉਹਦੀ ਤਲਾਸ਼ ਵਿਚ ਘਰੋਂ ਨਿਕਲਦਾ ਹੈ। ਇਸ ਫਿਲਮ ਦੇ ਨਿਰਮਾਣ ਤੋਂ ਅਗਲੇ ਦੋ ਸਾਲਾਂ ਤੱਕ ਅੱਬਾਸ ਸੋਵੀਅਤ ਯੂਨੀਅਨ ਨਾਲ ਸਾਂਝੇ ਤੌਰ 'ਤੇ ਬਣ ਰਹੀ ਫਿਲਮ 'ਪਰਦੇਸੀ' ਲਈ ਕੰਮ ਕਰਦੇ ਰਹੇ। ਇਸ ਵਿਚ ਨਰਗਿਸ, ਬਲਰਾਜ ਸਾਹਨੀ, ਪਦਮਿਨੀ ਅਤੇ ਡੇਵਿਡ ਵਰਗੇ ਅਦਾਕਾਰ ਸ਼ਾਮਿਲ ਸਨ। ਸੋਵੀਅਤ ਯੂਨੀਅਨ ਦੀਆਂ ਉਚ-ਪੱਧਰੀ ਸਿਨੇਮਾ ਤਕਨੀਕਾਂ ਅਤੇ ਸੁਹਜਾਤਮਕ ਹੁਨਰ ਨੇ 'ਪਰਦੇਸੀ' ਨੂੰ ਨਿਖਾਰ ਦਿੱਤਾ, ਪਰ ਜਿਸ ਫਿਲਮ ਨੂੰ ਅੱਬਾਸ ਦੀ ਸ਼ਾਹਕਾਰ ਫਿਲਮ ਗਿਣਿਆ ਜਾਂਦਾ ਹੈ, ਉਹ ਸੀ 1963 ਵਿਚ ਰਿਲੀਜ਼ ਹੋਈ 'ਸ਼ਹਿਰ ਔਰ ਸਪਨਾ'। ਇਹ ਫਿਲਮ ਉਦਯੋਗੀਕਰਨ ਅਤੇ ਸ਼ਹਿਰੀਕਰਨ ਦੀ ਜ਼ੱਦ ਵਿਚ ਆਏ ਫੁੱਟਪਾਥ 'ਤੇ ਰਹਿਣ ਵਾਲੇ ਅਜਿਹੇ ਜੋੜੇ ਦੀ ਕਹਾਣੀ ਸੀ ਜਿਨ੍ਹਾਂ ਤੋਂ ਉਨ੍ਹਾਂ ਦਾ ਇੱਕਲੌਤਾ ਰੈਣ-ਬਸੇਰਾ (ਪਾਣੀ ਦੀ ਪੁਰਾਣੀ ਪਾਈਪ ਜਿਸ ਨੂੰ ਉਹ ਘਰ ਦੇ ਤੌਰ 'ਤੇ ਵਰਤਦੇ ਹਨ) ਵੀ ਖੋਹ ਲਿਆ ਜਾਂਦਾ ਹੈ। ਰੋਜ਼ਗਾਰ ਦੀ ਤਲਾਸ਼ ਵਿਚ ਪਿੰਡਾਂ ਤੋਂ ਸ਼ਹਿਰਾਂ ਵੱਲ ਧੱਕੇ ਗਏ ਬੇਵਸ ਲੋਕਾਂ ਨਾਲ ਸ਼ਹਿਰਾਂ ਦਾ 'ਸੂਝਵਾਨ' ਵਰਗ ਕਿਵੇਂ ਵਰਤਦਾ ਹੈ, ਇਸ ਨੂੰ ਸ਼ੰਵੇਦਨਸ਼ੀਲ ਢੰਗ ਨਾਲ ਪਰਦੇ 'ਤੇ ਉਤਾਰਿਆ ਗਿਆ। ਫਿਲਮ ਨੂੰ ਉਸ ਸਾਲ ਦਾ ਸਰਵੋਤਮ ਕੌਮੀ ਪੁਰਸਕਾਰ ਪ੍ਰਾਪਤ ਹੋਇਆ। ਅੱਬਾਸ ਦੀਆਂ ਸਾਰੀਆਂ ਫਿਲਮਾਂ ਹੀ ਨਵੀਂ ਉਮੀਦ ਅਤੇ ਸੰਭਾਵਨਾਵਾਂ ਦੀਆਂ ਫਿਲਮਾਂ ਸਨ।









ਖਵਾਜਾ ਅਹਿਮਦ ਅੱਬਾਸ (ਐਨ ਸੱਜੇ) ਅਤੇ ਉਨ੍ਹਾਂ ਦੀਆਂ ਦੋ ਅਹਿਮ ਫਿਲਮਾਂ ਦੇ ਪੋਸਟਰ।

ਅੱਬਾਸ ਦੀ ਅਗਲੀ ਫਿਲਮ 'ਹਮਾਰਾ ਘਰ' ਬੱਚਿਆਂ ਬਾਰੇ ਸੀ। 1966 ਵਿਚ ਦੁਬਾਰਾ ਮੁੰਬਈ ਸ਼ਹਿਰ ਨੂੰ ਆਪਣੀ ਪਟਕਥਾ ਦਾ ਆਧਾਰ ਬਣਾਉਂਦਿਆਂ ਅੱਬਾਸ ਨੇ ਫਿਲਮ ਬਣਾਈ 'ਬੰਬਈ ਰਾਤ ਕੀ ਬਾਹੋਂ ਮੇਂ'। ਇਸ ਵਿਚ ਦੋ ਨੌਜਵਾਨ ਮੁੰਡਿਆਂ ਅਤੇ ਤਿੰਨ ਕੁੜੀਆਂ ਦੀ ਜ਼ਿੰਦਗੀ ਦੀ ਇਕ ਰਾਤ ਦੇ ਸਫਰ ਰਾਹੀ ਉਨ੍ਹਾਂ ਦੇ ਸੁਪਨਿਆਂ, ਉਮੀਦਾਂ ਅਤੇ ਭਟਕਾਉ ਨੂੰ ਪਰਦੇ 'ਤੇ ਉਤਾਰਿਆ ਗਿਆ ਸੀ। 1967 ਵਿਚ ਗੋਆ ਦੇ ਆਜ਼ਾਦੀ ਸੰਗਰਾਮ ਵਿਚ ਸ਼ਾਮਿਲ ਛੇ ਨੌਜਵਾਨਾਂ ਅਤੇ ਇਕ ਕੁੜੀ ਦੇ ਸੰਘਰਸ਼ 'ਤੇ ਕੇਂਦਿਰਤ ਫਿਲਮ 'ਸਾਤ ਹਿੰਦੋਸਤਾਨੀ' ਅੱਬਾਸ ਦੁਆਰਾ ਬਣਾਈ ਅਗਲੀ ਫਿਲਮ 'ਦੋ ਬੂੰਦ ਪਾਨੀ' ਲਈ ਅੱਬਾਸ ਆਪਣੀ ਟੀਮ ਨੂੰ ਲੈ ਕੇ ਰਾਜਸਥਾਨ ਦੇ ਮਾਰੂਥਲੀ ਇਲਾਕੇ ਵਿਚ ਗਏ ਜਿਥੇ ਅਸਲ ਵਿਚ ਹੀ ਪਾਣੀ ਲੋਕਾਂ ਲਈ ਜਿਉਣ-ਮਰਨ ਦਾ ਮਸਲਾ ਸੀ। ਇਸ ਫਿਲਮ ਨੂੰ ਵੀ ਸਦਭਾਵਨਾ ਲਈ ਸਰਵੋਤਮ ਫਿਲਮ ਦਾ ਇਨਾਮ ਮਿਲਿਆ। ਅੱਬਾਸ ਜਾਗਰੂਕ ਨਿਰਦੇਸ਼ਕ ਸੀ ਤੇ ਆਪਣੇ ਸਮੇਂ ਦੀਆਂ ਅਗਾਂਹਵਧੂ ਲਹਿਰਾਂ ਨਾਲ ਜੁੜਿਆ ਲੇਖਕ ਵੀ ਸੀ।

(ਚਲਦਾ)



STM INTERNATIONAL
presents
A DANCE - MUSIC - COMEDY CONCERT
Co-presented by
FOG
AUG. 7-16
WWW.FOGSV.ORG
Managed by:
INDI FILM STARS INT.
Buy 4 Tickets and get a complimentary Solar System Degin for their home.
Bollywood Diva
Esha Deol
Bollywood Diva
NEHA DHUPIA
Pop & Sufi Singer
RINCY SINGH
Comedy King
One and Only....VIP
Singer & Anchor
LUCKYSTRING
BOLLYWOOD GRIND
with SuperStar
GOVINDA
Sunday - August 9, 2015 - SAN JOSE
Center for Performing Arts, 255 Almaden Blvd.
For more Show Tickets and Sponsorship:
Jayant Mehta 408 - 475 - 1510
Nilaysh Shah 510 - 648 - 0596
Anita Amin 510-480-8900
Online tickets
www.sulekha.com
www.tickethungama.com
Exclusive Pakistan Media Partner
ARY NEWS
ARY DIGITAL
Radio partner
Desi 1170AM
Show Sponsor
23 Solar
Pre-Show Starts at 5:00pm
Main Event Starts at 7:30pm
Media Partners
ZEE TV
B4U movies
B4U Music
Show locations...
New York - New Jersey - Houston - Dallas - San Antonio - San Jose
SHOW DIRECTOR - ASHOK NANDA
https://www.facebook.com/pages/Bollywood-Grind-With-Superstar-Govinda

# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ

## Current Parbandhak Committee Candidates for the San Jose Gurdwara Sahib Elections on August 30, 2015



*ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖ਼ੂਬਸੂਰਤ ਇਮਾਰਤ* *Gurdwara Photo*



ਹਰਦੇਵ ਸਿੰਘ ਤੱਖਰ
Hardev Singh Takhar



ਭੁਪਿੰਦਰ (ਬਾਬ) ਸਿੰਘ ਢਿੱਲੋਂ
Bhupindar (Bob) Singh Dhillon



ਪ੍ਰੀਤਮ ਸਿੰਘ ਗਰੇਵਾਲ
Pritam Singh Grewal



ਸੁਖਦੇਵ ਸਿੰਘ ਬੈਣੀਵਾਲ
Sukhdev Singh Bainiwal



ਰਾਜਿੰਦਰ ਸਿੰਘ ਮੰਗਰ
Rajinder Singh Mangar



ਡਾ. ਗੁਰਿੰਦਰਪਾਲ ਸਿੰਘ
Dr. Gurinderpal Singh



ਸੁਰਜੀਤ ਸਿੰਘ ਬੈਂਸ
Surjit Singh Bains



ਸਰਬਜੋਤ ਸਿੰਘ ਸਵੱਦੀ
Sarbjot Singh Sawaddi



ਕਿਰਪਾਲ ਸਿੰਘ ਅਟਵਾਲ
Kirpal Singh Atwal



ਭਾਈ ਧਰਮ ਸਿੰਘ
Bhai Dharam Singh




ਬਲਬੀਰ ਸਿੰਘ ਜੌਹਲ
Balbir Singh Johal



ਗੁਰਬਖਸ਼ ਸਿੰਘ ਢਿੱਲੋਂ
Gurbax Singh Dhillon



ਨਰਿੰਦਰਪਾਲ ਸਿੰਘ
Narinderpal Singh




ਸੋਹਣ ਸਿੰਘ ਧਨੋਤਾ
Sohan Singh Dhanota



ਨੀਟੂ ਸਿੰਘ ਕਾਹਲੋਂ
Neetu Singh Kahlon



ਨਰਿੰਦਰ ਕੌਰ ਮਹੇੜੂ
Narinder Kaur Maheru



ਪ੍ਰਿਤਪਾਲ ਕੌਰ
Pritpal Kaur



ਡਾ. ਬਲਬੀਰ ਸਿੰਘ ਬੈਂਸ
Dr. Balbir Singh Bains



ਬਲਜੀਤ (ਇਕਬਾਲਜੀਤ) ਕੌਰ ਹੰਸਰਾ
Baljit (Iqbaljit) Kaur Hansara



ਗੁਰਪ੍ਰੀਤ ਸਿੰਘ ਸੇਠੀ
Gurpreet Singh Sethi



ਬਹਾਦਰ ਸਿੰਘ ਦਿਉਲ
Bahadur Singh Deol